Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 20, May 14, 2011
20451 N Plum Grove Rd. Palatine, IL 60074
Ph:847-359-0746, Fax:847-705-9388

# ਭ੍ਰਿਸ਼ਟਾਚਾਰ:ਅਕਾਲੀ-ਭਾਜਪਾ ਸਰਕਾਰ ਦੇ 'ਕਾਰਨਾਮੇ' ਸਾਹਮਣੇ ਆਉਣੇ ਸ਼ੁਰੂ

## ਹਫ਼ਤੇ 'ਚ ਦੋ ਮੁੱਖ ਸੰਸਦੀ ਸਕੱਤਰ 'ਆਊਟ'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ-ਭਾਜਪਾ ਸਰਕਾਰ ਦੇ ਆਖ਼ਰੀ ਵਰ੍ਹੇ 'ਕਾਰਨਾਮੇ' ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਹਫ਼ਤੇ ਦੇ ਅੰਦਰ-ਅੰਦਰ ਦੋ ਮੁੱਖ ਸੰਸਦੀ ਸਕੱਤਰਾਂ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰਨ ਤੋਂ ਬਾਅਦ ਅਸਤੀਫਾ ਦੇ ਦਿੱਤਾ ਹੈ ਤੇ ਕਈ ਹੋਰ ਮੰਤਰੀਆਂ ਤੇ ਆਗੂਆਂ ਦੀ ਜਾਨ ਸੀ.ਬੀ.ਆਈ. ਦੀ ਕੁੜਿੱਕੀ 'ਚ ਫਸੀ ਹੋਈ ਹੈ। ਜਿਥੇ ਅਕਾਲੀ-ਭਾਜਪਾ ਸਰਕਾਰ ਆਪਣੇ-ਆਪ ਨੂੰ ਬੁਰੀ ਤਰ੍ਹਾਂ ਘਿਰੀ ਮਹਿਸੂਸ ਕਰ ਰਹੀ ਹੈ ਉਥੇ ਕਾਂਗਰਸ ਨੇ ਇਸ ਮੌਕੇ ਦਾ ਲਾਹਾ ਲੈਂਦਿਆਂ ਤਾਬੜਤੋੜ ਹਮਲੇ ਸ਼ੁਰੂ ਕਰ ਦਿੱਤੇ ਹਨ ਤੇ ਸਰਕਾਰ ਨੂੰ ਬਰਖਾਸਤ ਕਰਕੇ ਮੁੜ ਚੋਣਾਂ ਕਰਾਉਣ ਦੀ ਮੰਗ ਕੀਤੀ ਹੈ।




ਅਸਲ 'ਚ ਭ੍ਰਿਸ਼ਟਾਚਾਰ ਦੇ ਨਾਂ 'ਤੇ ਕੇਂਦਰ ਵਿਚਲੀ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੂੰ ਭੰਡ ਕੇ ਵਿਧਾਨ ਸਭਾ ਚੋਣਾਂ 'ਚ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੀ ਪੰਜਾਬ ਵਿਚਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਖ਼ੁਦ ਹੀ ਭ੍ਰਿਸ਼ਟਾਚਾਰ ਦੇ ਚੱਕਰਵਿਊ 'ਚ ਘਿਰ ਗਈ ਹੈ। ਭਾਵੇਂ ਪੰਜ ਵਰ੍ਹੇ ਬਾਦਲ ਸਰਕਾਰ ਬੜਾ ਬੋਚ-ਬੋਚ ਕੇ ਆਪਣਾ ਦਾਮਨ ਬਚਾਉਂਦੀ ਰਹੀ ਪਰ ਆਖਰੀ ਵਰ੍ਹੇ ਸਭ ਕੁਝ ਬੇਨਕਾਬ ਹੋ ਗਿਆ। ਪਿਛਲੇ ਹਫ਼ਤੇ ਅਕਾਲੀ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਸੋਹਣ ਸਿੰਘ ਠੰਡਲ ਨੂੰ ਭ੍ਰਿਸ਼ਟਾਚਾਰ ਦੇ ਦੋਸ਼ 'ਚ ਤਿੰਨ ਸਾਲ ਦੀ ਕੈਦ ਹੋਣ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਰਬਜੀਤ ਸਿੰਘ ਮੱਕੜ ਦੇ ਭਤੀਜੇ ਵੱਲੋਂ ਜਲੰਧਰ 'ਚ ਇਕ ਹੋਟਲ ਦੇ ਮਾਲਕ ਦੀ ਹੱਤਿਆ ਕਰ ਦਿੱਤੀ ਗਈ ਸੀ। ਸਰਕਾਰ ਇਨ੍ਹਾਂ ਮਾਮਲਿਆਂ ਦੇ ਮਾੜੇ ਪ੍ਰਭਾਵ ਨੂੰ ਘੱਟ ਕਰਨ ਲਈ ਅੰਨ੍ਹੇਵਾਹ ਗ੍ਰਾਂਟਾਂ ਵੰਡ ਕੇ ਲੋਕ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਹੀ ਰਹੀ ਸੀ ਕਿ ਭਾਜਪਾ ਦੇ ਕਈ ਮੰਤਰੀ ਤੇ ਵਿਧਾਇਕ ਬੇਨਕਾਬ ਹੋ ਗਏ।

ਸਭ ਤੋਂ ਪਹਿਲਾਂ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਮੁੱਖ ਪਾਰਲੀਮਾਨੀ ਸਕੱਤਰ ਰਾਜ ਖੁਰਾਣਾ ਨੂੰ ਰਿਸ਼ਵਤਖੋਰੀ ਦੇ ਮਾਮਲੇ 'ਚ ਗ੍ਰਿਫਤਾਰ ਕਰ ਲਿਆ ਗਿਆ ਜਿਸ ਤੋਂ ਬਾਅਦ ਉਸ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਸ੍ਰੀ ਖੁਰਾਣਾ ਦੂਜੇ ਮੁੱਖ ਸੰਸਦੀ ਸਕੱਤਰ

*(ਬਾਕੀ ਸਫਾ 6 'ਤੇ)*



*1992 'ਚ ਬਾਬਰੀ ਮਸਜਿਦ ਢਾਹ ਰਹੇ ਹਿੰਦੂ ਕਾਰ ਸੇਵਕ*

### -ਬਾਬਰੀ ਮਸਜਿਦ ਵਿਵਾਦ-

# ਸੁਪਰੀਮ ਕੋਰਟ ਵੱਲੋਂ ਸੰਘ ਪਰਿਵਾਰ ਨੂੰ ਝਟਕਾ

## ਜਗ੍ਹਾ 3 ਹਿੱਸਿਆਂ 'ਚ ਵੰਡਣ ਦਾ ਫੈਸਲਾ ਗਲਤ ਕਰਾਰ

ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ): ਪਿਛਲੇ ਸਾਲ 13 ਸਤੰਬਰ ਨੂੰ ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਵੱਲੋਂ ਅਯੁੱਧਿਆ 'ਚ ਝਗੜੇ ਵਾਲੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਸਥਾਨ ਨੂੰ ਤਿੰਨ ਹਿੱਸਿਆਂ ਵਿਚ ਵੰਡਣ ਬਾਰੇ ਦਿੱਤੇ ਫੈਸਲੇ ਨੂੰ 'ਹੈਰਾਨੀਕੁਨ' ਦੱਸਦਿਆਂ ਸੁਪਰੀਮ ਕੋਰਟ ਨੇ ਉਸ ਫੈਸਲੇ ਦੇ ਅਮਲ 'ਤੇ ਰੋਕ ਲਾ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਵਿਵਾਦਗ੍ਰਸਤ ਧਾਰਮਿਕ ਜਗ੍ਹਾ ਨੂੰ ਵੰਡਣਾ ਬੜਾ ਹੀ ਅਦਭੁੱਤ ਫ਼ੈਸਲਾ ਹੈ ਕਿਉਂਕਿ ਇਸ ਫ਼ੈਸਲੇ ਦਾ ਕੋਈ ਆਧਾਰ ਨਹੀਂ ਹੈ। ਜਿਨ੍ਹਾਂ ਤਿੰਨਾਂ ਪਾਰਟੀਆਂ ਨੂੰ 2.77 ਏਕੜ ਜ਼ਮੀਨ ਵੰਡ ਕੇ ਦਿੱਤੀ ਹੈ, ਉਨ੍ਹਾਂ 'ਚੋਂ ਕਿਸੇ ਇਕ ਨੇ ਵੀ ਵੰਡ ਕਰਨ ਜਾਂ ਵੰਡ ਉਪਰੰਤ ਹਿੱਸਾ ਪ੍ਰਾਪਤ ਕਰਨ ਦੀ ਦਰਖਾਸਤ ਨਹੀਂ ਦਿੱਤੀ ਸੀ।

ਸੁਪਰੀਮ ਕੋਰਟ ਦੇ ਦੋ ਜੱਜਾਂ-ਜਸਟਿਸ ਅਫਤਾਬ ਆਲਮ ਤੇ ਆਰ. ਐਮ. ਲੋਧਾ ਨੇ ਹਾਈ ਕੋਰਟ ਦੇ ਫੈਸਲੇ ਦੀ ਨਜ਼ਰਸਾਨੀ ਕਰਦਿਆਂ ਇਹ ਆਦੇਸ਼ ਵੀ ਦਿੱਤੇ ਕਿ ਇਸ ਝਗੜੇ ਵਾਲੀ ਧਾਰਮਿਕ ਥਾਂ ਦੇ ਨਾਲ ਲਗਦੀ 67 ਏਕੜ ਜ਼ਮੀਨ ਜਿਸ ਨੂੰ ਪਹਿਲਾਂ ਹੀ ਕੇਂਦਰੀ

*(ਬਾਕੀ ਸਫਾ 6 'ਤੇ)*

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale
AMAN HUNDAL
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Pacific Coast Law Firm P.C.

Lance V Friel, Attorney at Law    Kirandeep K Sihota, Attorney at Law

## Over 10 Years of experience

## ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ



Kirandeep K Sihota and Lance V Friel

- Personal Injury/Car Accident ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
- Bankruptcy (Ch 7) ਬੈਂਕਰਪਸੀ (ਚੈਪਟਰ 7)
- Family Law (Divorce, Custody) ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ
Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)

Business Formation and Tax (installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**

**2351 W. March Lane Suite A, Stockton, CA 95207**



# ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ




**ਸਟਾਕਟਨ, ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜੇ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਊਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਦੌੜਦਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸਭ ਕੁਝ ਅਜ਼ਮਾ ਚੁਕੇ ਹੋ ਤੇ ਕਾਸੇ ਨਾਲ ਵੀ ਫਰਕ ਨਹੀਂ ਪਿਆ!



ਮੈਨੂੰ 2007 ਤੋਂ ਜਾਨ ਕੱਢਦੀ ਕਮਰ ਦਰਦ ਰਹਿੰਦੀ ਸੀ। ਕਾਇਜ਼ਰ ਹਸਪਤਾਲ ਵਿਚ ਇਲਾਜ ਦੌਰਾਨ ਬਹੁਤ ਸਾਰੀਆਂ ਦਵਾਈਆਂ ਦਿੱਤੀਆਂ ਗਈਆਂ, ਐਪੀਡਿਊਰਲ ਟੀਕੇ ਲਾਏ ਗਏ, ਕੋਈ ਆਰਾਮ ਨਾਂ ਆਇਆ। ਫਿਰ ਮੈਂ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ। ਮੈਂ ਕਾਇਜ਼ਰ ਵਾਲੇ ਡਾਕਟਰ ਨਾਲ ਰੀਡ ਦੀ ਹੱਡੀ ਦੇ ਇਲਾਜ ਬਾਰੇ ਗੱਲ ਕੀਤੀ ਤਾਂ ਉਸ ਦਾ ਕਹਿਣਾ ਸੀ, ਮੇਰੇ ਲਈ ਇਹ ਢੁਕਵੀਂ ਨਹੀਂ। ਮੈਂ ਆਪਣੀ ਸਿਹਤ ਦੀ ਆਪ ਵਕੀਲ ਬਣਨ ਦਾ ਫੈਸਲਾ ਕੀਤਾ, ਡਾ. ਸਿਹੋਤਾ ਡੀ. ਸੀ. ਨੂੰ ਮਿਲੀ। ਜਦੋਂ ਮੈਂ ਇਸ ਕਲੀਨਿਕ 'ਚ ਆਈ ਤਾਂ ਖੂੰਡੀ ਫੜ ਕੇ ਚਲਦੀ ਸੀ, ਦਰਦ ਦਾ ਪੱਧਰ 10/10 ਸੀ।

ਦੋ ਹਫਤਿਆਂ ਦੇ ਇਲਾਜ ਉਪਰੰਤ ਮੇਰੇ ਲਈ ਆਪਣੀ ਖੂੰਡੀ ਦੀ ਕੋਈ ਲੋੜ ਨਹੀਂ ਸੀ ਰਹਿ ਗਈ। ਹੁਣ ਤਕ ਮੇਰੀ 70% ਦਰਦ ਜਾਂਦੀ ਰਹੀ ਹੈ ਅਤੇ ਮੇਰੀ ਹਿਲਜੁਲ ਕਾਫੀ ਹੱਦ ਤਕ ਪਰਤ ਆਈ ਹੈ। ਕਮਰ ਦਰਦ ਸਹਿ ਰਹੇ ਸਭ ਮਰੀਜ਼ਾਂ ਨੂੰ ਮੇਰੀ ਸਲਾਹ ਹੈ ਕਿ ਢੇਰੀ ਨਾ ਢਾਓ ਅਤੇ ਹਿੰਮਤ ਰਖੋ। ਬਿਨਾ ਦਵਾਈਆਂ ਅਤੇ ਸਰਜਰੀ ਦੇ ਕਮਰ ਦਰਦ ਤੋਂ ਛੁਟਕਾਰਾ ਪਾ ਕੇ ਆਪਣੀ ਜਿੰਦਗੀ ਨੂੰ ਬਿਹਤਰ ਬਣਾਉਣ ਲਈ ਡਾ. ਸਿਹੋਤਾ ਨਾਲ ਸਲਾਹ ਕਰੋ। ਮੈਂ ਮਹਿਸੂਸ ਕਰਦਾ ਹਾਂ ਕਿ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦੀ ਪੇਸ਼ੇਵਾਰਾਨਾ ਪਹੁੰਚ ਅਤੇ ਵਿਹਾਰ ਉਨ੍ਹਾਂ ਦੀ ਕਲੀਨਿਕ ਦੇ ਇਲਾਜ ਦਾ ਹੀ ਇਕ ਹਿੱਸਾ ਹੈ। ***-ਈਸਾ ਐਸ. ਡਿਟੈਨਸ਼ਨ ਅਫਸਰ, ਉਮਰ 61 ਸਾਲ***

---



ਮੈਨੂੰ ਪਿਛਲੇ ਕਈ ਸਾਲਾਂ ਤੋਂ ਕਮਰ ਦਰਦ ਸੀ। ਮੈਂ ਐਕਿਊਪੰਕਚਰ ਅਜਮਾਇਆ, ਤਿੰਨ ਵਾਰ ਐਪੀਡਿਊਰਲ ਟੀਕੇ ਲਵਾਏ ਪਰ ਕੋਈ ਲਾਭ ਨਾ ਹੋਇਆ। ਮੈਨੂੰ ਕੋਈ ਨਵਾਂ ਇਲਾਜ ਅਜਮਾਉਣ ਤੋਂ ਝਿਜਕ ਹੁੰਦੀ ਸੀ ਪਰ ਮੈਂ ਖੁਸ਼ ਹਾਂ ਕਿ ਮੈਂ ਅਜਮਾਇਆ। ਮੈਂ 50 ਗਜ ਵੀ ਨਹੀਂ ਚਲ ਸਕਦਾ ਸਾਂ ਕਿਉਂਕਿ ਕਮਰ ਦਰਦ ਹੀ ਇਨੀ ਹੁੰਦੀ ਸੀ। ਮੈਨੂੰ ਸਾਹ ਲੈਣ ਲਈ ਬਹਿਣਾ ਪੈਂਦਾ। ਜਦੋਂ ਦਾ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਹੈ, ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਤੁਰ ਸਕਦਾ ਹਾਂ ਅਤੇ ਕੋਈ ਦਰਦ ਵੀ ਨਹੀਂ ਹੁੰਦੀ। ਆਪਣੇ-ਆਪ ਵਿਚ ਇਹ ਵੀ ਕੋਈ ਘੱਟ ਆਰਾਮ ਨਹੀਂ। ਜਦੋਂ ਕਦੀ ਮੈਨੂੰ ਲੰਬਾ ਸਮਾਂ ਖੜੇ ਹੋਣਾ ਪੈਂਦਾ ਹੈ ਤਾਂ ਅਜੇ ਵੀ ਦਰਦ ਹੁੰਦੀ ਹੈ ਪਰ ਬਿਸਤਰੇ ਵਿਚੋਂ ਮੈਂ ਬਿਨਾ ਮੁਸ਼ਕਿਲ ਉਠ ਸਕਦਾ ਹਾਂ। ਸਮੁਚੇ ਤੌਰ 'ਤੇ ਇਸ ਇਲਾਜ ਦਾ ਮੈਨੂੰ ਕਾਫੀ ਲਾਭ ਹੋਇਆ ਹੈ ਅਤੇ ਮੈਂ ਪਹਿਲਾਂ ਦੇ ਮੁਕਾਬਲੇ ਕਾਫੀ ਚੜ੍ਹਦੀ ਕਲਾ ਵਿਚ ਹਾਂ, ਢੇਰੀ ਢਾਊ ਨਹੀਂ ਰਿਹਾ। ***-ਗੈਰਾਲਡ ਪੀ., ਰਿਟਾਇਰਡ, ਉਮਰ 70 ਸਾਲ।***

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਲਕ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਕਿਤਾਬਾਂ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਆਪਣਾ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਇਸ ਡਾਕਟਰ ਵਲੋਂ ਕਮਰ, ਡਿਸਕ ਅਤੇ ਗਰਦਨ ਦੇ ਦਰਦ ਦੇ ਕੀਤੇ ਜਾਂਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ।

ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਦਿੱਤੇ ਜਾਣ ਵਾਲੇ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। **ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ** ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

**209 464 7738**

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 20 ਮਈ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright © 2009 CMC, LLC

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਪਿਛਲੇ 24 ਸਾਲ ਵਿਚ ਮਿਲੇ ਭਰਵੇਂ ਸਹਿਯੋਗ ਲਈ ਸਭਨਾਂ ਦਾ ਧੰਨਵਾਦ

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586



**Jaswinder Gill** M.Sc (PAU)
CA DRE# 00966763
Broker/Owner/Notary

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings

# Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### JUST SOLD

1. 3648 Kirk Rd. San Jose CA 95124
2. 2101 Cezanne In. Stockton CA 95206
3. 3340 Ripplerock In. Stockton CA 95206
4. 30664 Granger Ave Union City CA 94587
5. 3308 Landess Ave #A San Jose CA 95133
6. 304 Pennyhill Dr., San Jose, CA 95127
7. 234 Pamela Ave 6plex San Jose CA 95116
8. 2530 Sierra Meadow Ct. San Jose CA 95116
9. 6400 Christie Ave #5322 Emeryville, CA 94608
10. 2728 Jackson Ave Tracy CA 95377
11. 1027 Boardwalk Dr Stockton CA 95206
12. 2975 Winwood Way San jose CA 95148

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.



Sam Chahal
916-612-5773



Ginni Jaspal
510-579-6259



Kamaljit Sidhu
510-541-2253



Rakesh Pabla
408-531-5464

# ਲੋਗਨ ਹਾਈ ਸਕੂਲ ਵਿਚ ਪੰਜਾਬੀ ਕਲਾਸ ਦਾ ਭਵਿਖ ਡਾਂਵਾਂਡੋਲ

**ਯੂਨੀਅਨ ਸਿਟੀ (ਬਿਊਰੋ):** ਅਮਰੀਕਾ ਵਸਦੇ ਪਰਵਾਸੀ ਪੰਜਾਬੀ ਸਭਿਆਚਾਰ ਦੀਆਂ ਡੀਂਗਾਂ ਤਾਂ ਬਥੇਰੀਆਂ ਮਰਦੇ ਹਨ ਪਰ ਪੰਜਾਬੀ ਸਭਿਆਚਾਰ ਦੇ ਮੂਲ ਅੰਗ ਆਪਣੀ ਪੰਜਾਬੀ ਜ਼ੁਬਾਨ ਪ੍ਰਤੀ ਉਹ ਕਿੰਨੇ ਕੁ ਗੰਭੀਰ ਹਨ, ਇਸ ਦਾ ਅੰਦਾਜ਼ਾ ਇਥੇ ਯੂਨੀਅਨ ਸਿਟੀ ਹਾਈ ਸਕੂਲ ਵਿਚ ਪੰਜਾਬੀ ਕਲਾਸ ਵਿਚ ਦਾਖਲ ਹੋਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੀ ਲੱਗ ਸਕਦਾ ਹੈ। ਇਸ ਸਾਲ ਪੰਜਾਬੀ ਦੀ ਮੁਢਲੀ ਕਲਾਸ ਪੰਜਾਬੀ ਵਿਚ ਕੇਵਲ 19 ਬੱਚੇ ਦਾਖਲ ਹੋਏ ਹਨ ਜਦ ਕਿ ਘਟੋ ਘਟ 33 ਬੱਚੇ ਲੋੜੀਂਦੇ ਹਨ।

ਦੋ ਸਾਲ ਪਹਿਲਾਂ ਵੀ ਮਿਡਲ ਸਕੂਲ ਤੋਂ ਲੋਗਨ ਦੀ ਨੌਂਵੀਂ ਜਮਾਤ ਵਿਚ ਆਉਣ ਵਾਲੇ ਤਕਰੀਬਨ ਇੰਨੇ ਹੀ ਬਚਿਆਂ ਨੇ ਦਾਖਲੇ ਦੇ ਫਾਰਮ ਭਰੇ ਸਨ ਜਿਸ ਕਰਕੇ ਸਕੂਲ ਨੇ ਇਹ ਕਲਾਸ ਬੰਦ ਕਰ ਦਿੱਤੀ ਸੀ। ਉਸ ਵਕਤ ਪੰਜਾਬੀ ਭਾਈਚਾਰੇ ਨੇ ਸਕੂਲ ਬੋਰਡ ਵਿਚ ਜਾ ਕੇ ਰੌਲਾ ਰੱਪਾ ਪਾਇਆ ਸੀ ਪਰ ਇਕ ਤਾਂ ਬਜਟ ਦੀ ਘਾਟ ਤੇ ਦੂਜਾ ਦਾਖਲੇ ਘਟ ਹੋਣ ਕਰਕੇ ਬੋਰਡ ਕੋਲ ਬਹੁਤੀ ਸੁਣਵਾਈ ਨਹੀਂ ਸੀ ਹੋਈ।

ਲੋਕਾਂ ਦੀ ਮੰਗ ਨੂੰ ਮੁਖ ਰਖਦਿਆਂ ਸਕੂਲ ਦੀ ਪ੍ਰਿੰਸੀਪਲ ਨੇ ਖੁਦ ਦੋ ਵੇਰਾਂ ਫਰੀਮਾਂਟ ਗੁਰਦੁਆਰੇ ਆ ਕੇ ਪੰਜਾਬੀ ਭਾਈਚਾਰੇ ਨੂੰ ਆਪਣੇ ਬੱਚੇ ਪੰਜਾਬੀ ਕਲਾਸ ਵਿਚ ਦਾਖਲ ਕਰਵਾਉਣ ਲਈ ਬੇਨਤੀ ਕੀਤੀ। ਇਸ ਦੇ ਬਾਵਜੂਦ ਮੁਢਲੀ ਪਹਿਲੀ ਕਲਾਸ ਲਈ ਬੱਚਿਆਂ ਦੀ ਗਿਣਤੀ ਪੂਰੀ ਨਹੀਂ ਹੋਈ। ਸਕੂਲ ਪਹਿਲਾਂ ਹੀ ਬਜਟ ਦੀ ਘਾਟ ਹੋਣ ਕਰਕੇ ਦਬਾਅ ਹੇਠ ਹੈ ਤੇ ਕਈ ਪ੍ਰੋਗਰਾਮ ਕਟ ਕਰ ਰਿਹਾ ਹੈ। ਬੱਚਿਆਂ ਦੀ ਗਿਣਤੀ ਪੂਰੀ ਨਾ ਹੋਈ ਤਾਂ ਇਸ ਸਾਲ ਪੰਜਾਬੀ ਪ੍ਰੋਗਰਾਮ ਵੀ ਕਟ ਹੋ ਜਾਣ ਦੇ ਆਸਾਰ ਹਨ।

ਇਸ ਤੋਂ ਇਲਾਵਾ ਪੰਜਾਬੀ ਕਲਾਸ 3 ਅਤੇ 4 ਦੀ ਵੀ ਭਰਤੀ ਘਟ ਹੈ। ਇਸ ਦੇ ਨਾਲ ਨਾਲ ਪੂਰੇ ਪ੍ਰੋਗਰਾਮ ਵਿਚ (ਪੰਜਾਬੀ 1 ਤੋਂ ਪੰਜਾਬੀ ਆਨਰਜ਼ ਤਕ) ਵੀ ਘਟ ਤੋਂ ਘਟ 120 ਵਿਦਿਆਰਥੀਆਂ ਦਾ ਹੋਣਾ ਜ਼ਰੂਰੀ ਹੈ।

ਯਾਦ ਰਹੇ ਪੰਜਾਬੀ ਪਹਿਲਾਂ ਹੀ ਸੈਨ ਹੋਜ਼ੇ ਯੂਨੀਵਰਸਿਟੀ ਵਿਚ "ਪੰਜਾਬੀ ਪ੍ਰੋਗਰਾਮ" ਗਵਾ ਚੁਕੇ ਹਨ। ਸੈਨ ਹੋਜ਼ੇ ਯੂਨੀਵਰਸਿਟੀ ਵਿਚ ਪ੍ਰੋਗਰਾਮ ਨੂੰ ਜਾਰੀ ਰਖਣ ਲਈ ਵਿਦਿਆਰਥੀਆਂ ਦੀ ਗਿਣਤੀ ਤੋਂ ਇਲਾਵਾ ਹਰ ਸਾਲ ਮਾਇਆ ਵੀ ਦੇਣੀ ਪੈਂਦੀ ਸੀ। ਗੁਰਦੁਆਰੇ ਵਿਚ ਵੀ ਆਪਣੇ ਬਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਸਾਲ ਦੀ ਤਕਰੀਬਨ 100 ਡਾਲਰ ਫੀਸ ਦੇਣੀ ਪੈਂਦੀ ਹੈ ਜਦਕਿ ਲੋਗਨ ਵਿਚ ਇਹ ਸਹੂਲਤ ਬਿਲਕੁਲ ਮੁਫ਼ਤ ਹੈ।

# ਹਰਜੀਤ ਸਿੰਘ ਸਾਹੀ ਨੂੰ ਸਦਮਾ, ਮਾਤਾ ਸੁਰਗਵਾਸ

**ਕਰਾਊਨ ਪੁਆਇੰਟ (ਇੰਡੀਆਨਾ):** ਇੰਡੀਆਨਾ ਦੇ ਇਕ ਉਘੇ ਸਿੱਖ ਪਤਵੰਤੇ ਅਤੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਸ. ਹਰਜੀਤ ਸਿੰਘ ਸਾਹੀ ਨੂੰ ਉਦੋਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਦਲੀਪ ਕੌਰ ਸਾਹੀ 4 ਮਈ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ 88 ਵਰ੍ਹਿਆਂ ਦੇ ਸਨ। ਮਾਤਾ ਦਲੀਪ ਕੌਰ ਕੁਝ ਦਿਨ ਪਹਿਲਾਂ ਆਪਣੇ ਘਰ ਅੰਦਰ ਹੀ ਅਚਾਨਕ ਪੌੜੀਆਂ ਵਿਚੋਂ ਡਿੱਗ ਪਏ ਸਨ ਅਤੇ ਇਸ ਦੌਰਾਨ ਹੀ ਉਨ੍ਹਾਂ ਨੂੰ ਸਟਰੋਕ ਹੋ ਗਿਆ। ਉਨ੍ਹਾਂ ਨੂੰ ਤੁਰੰਤ ਹਸਪਤਾਲ ਪੁਚਾਇਆ ਗਿਆ ਪਰ ਉਹ ਠੀਕ ਨਾ ਹੋ ਸਕੇ ਅਤੇ 4 ਮਈ ਨੂੰ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦਾ ਅੰਤਿਮ ਸਸਕਾਰ ਸ਼ੁੱਕਰਵਾਰ ਨੂੰ ਕਰ ਦਿੱਤਾ ਗਿਆ। ਉਸੇ ਦਿਨ ਉਨ੍ਹਾਂ ਦੀ ਅੰਤਿਮ ਅਰਦਾਸ ਸਮੇਂ ਵੱਡੀ ਗਿਣਤੀ ਵਿਚ ਇਲੀਨਾਏ, ਵਿਸਕਾਨਸਿਨ, ਇੰਡੀਆਨਾ ਅਤੇ ਮਿਸ਼ੀਗਨ ਦੇ ਪਤਵੰਤੇ ਸੱਜਣ ਪਹੁੰਚੇ ਹੋਏ ਸਨ।

ਮਾਤਾ ਦਲੀਪ ਕੌਰ ਆਪਣੇ ਪਿਛੇ ਦੋ ਪੁੱਤਰ-ਸ. ਹਰਜੀਤ ਸਿੰਘ ਸਾਹੀ ਅਤੇ ਸ. ਜਤਿੰਦਰ ਸਿੰਘ ਸਾਹੀ, ਇਕ ਧੀ ਰੁਪਿੰਦਰ ਕੌਰ ਤੋਂ ਇਲਾਵਾ 9 ਪੋਤਰਿਆਂ-ਦੋਹਤਰਿਆਂ ਅਤੇ 14 ਪੜਪੋਤਰਿਆਂ-ਪੜਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਇਕ ਪੁੱਤਰ ਭੁਪਿੰਦਰ ਸਿੰਘ ਕੁਝ ਸਾਲ ਪਹਿਲਾਂ ਚਲਾਣਾ ਕਰ



ਬੀਬੀ ਦਲੀਪ ਕੌਰ ਸਾਹੀ

ਗਿਆ ਸੀ। ਮਾਤਾ ਦਲੀਪ ਕੌਰ ਦਾ ਜਨਮ ਪਹਿਲੀ ਜੂਨ 1923 ਨੂੰ ਜ਼ਿਲਾ ਸਿਆਲਕੋਟ (ਹੁਣ ਪਾਕਿਸਤਾਨ) ਦੇ ਪਿੰਡ ਭੁਬਾਂਗੀ ਵਿਚ ਹੋਇਆ ਅਤੇ ਉਨ੍ਹਾਂ ਦਾ ਵਿਆਹ ਸਵਰਗੀ ਸ. ਗੁਰਬਖਸ਼ ਸਿੰਘ ਸਾਹੀ ਨਾਲ ਹੋਇਆ ਜੋ ਪੁਲਿਸ ਤੋਂ ਡੀ ਐਸ ਪੀ ਵਜੋਂ ਰਿਟਾਇਰ ਹੋਏ। ਪਾਕਿਸਤਾਨ ਬਣਨ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਜ਼ਿਲਾ ਪਟਿਆਲਾ ਦੇ ਕਸਬਾ ਨਾਭਾ ਵਿਚ ਆ ਵੱਸਿਆ। ਉਨ੍ਹਾਂ ਦਾ ਸਪੁੱਤਰ ਜਤਿੰਦਰ ਸਿੰਘ ਭਾਰਤੀ ਫੌਜ ਤੋਂ ਕਰਨਲ ਵਜੋਂ ਰਿਟਾਇਰ ਹੋਇਆ ਜਦੋਂਕਿ ਇਕ ਪੁੱਤਰ ਸਵਰਗੀ ਭੁਪਿੰਦਰ ਸਿੰਘ ਖੇਤੀ ਕਰਦਾ ਸੀ। ਤੀਜਾ ਪੁੱਤਰ ਸ. ਹਰਜੀਤ ਸਿੰਘ ਸਾਹੀ ਇੰਡੀਆਨਾ ਵਿਚ ਉਘਾ ਬਿਜ਼ਨਸਮੈਨ ਹੈ। ਉਨ੍ਹਾਂ ਦੀ ਧੀ ਕੈਨੇਡਾ ਵਸਦੀ ਹੈ। ਮਾਤਾ ਦਲੀਪ ਕੌਰ 1984 ਵਿਚ ਅਮਰੀਕਾ ਆ ਗਏ ਅਤੇ ਉਸ ਉਪਰੰਤ ਉਹ ਕਦੇ ਆਪਣੀ ਧੀ ਪਾਸ ਕੈਨੇਡਾ ਚਲੇ ਜਾਂਦੇ ਅਤੇ ਕਦੇ ਪੁੱਤਰ ਹਰਜੀਤ ਸਿੰਘ ਪਾਸ ਰਹਿੰਦੇ। 88 ਸਾਲ ਦੀ ਉਮਰ ਹੋਣ ਦੇ ਬਾਵਜੂਦ ਉਨ੍ਹਾਂ ਦੀ ਸਿਹਤ ਅਜੇ ਕਾਫੀ ਅੱਛੀ ਸੀ ਅਤੇ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਉਹ ਇਸ ਤਰ੍ਹਾਂ ਅਚਾਨਕ ਵਿਛੋੜਾ ਦੇ ਜਾਣਗੇ। ਪੰਜਾਬ ਟਾਈਮਜ਼ ਸਾਹੀ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੈ ਅਤੇ ਪਰਮਾਤਮਾ ਅੱਗੇ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਪਰਿਵਾਰ ਨਾਲ ਸੰਪਰਕ ਫੋਨ 219-746-3840 ਰਾਹੀਂ ਕੀਤਾ ਜਾ ਸਕਦਾ ਹੈ।

# ਡਾ. ਆਤਮਜੀਤ ਸਿੰਘ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ

**ਨਿਊ ਵਾਰਕ (ਕੈਲੀਫੋਰਨੀਆ):** ਪਾਕਿਸਤਾਨ ਅਮਰੀਕਨ ਡੈਮੋਕ੍ਰੇਟਿਕ ਫੋਰਮ ਅਤੇ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਸਾਂਝੇ ਉਦਮ ਨਾਲ ਡਾ. ਆਤਮਜੀਤ ਸਿੰਘ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਇਥੇ ਚਾਂਦੀ ਰੈਸਤੋਰਾਂ ਵਿਚ ਕਰਵਾਇਆ ਗਿਆ। ਸਮਾਗਮ ਵਿਚ ਡਾ. ਆਤਮਜੀਤ ਸਿੰਘ ਦੇ ਅਕਾਦਮਿਕ ਸਫ਼ਰ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨ ਦੇ ਸਫਰ ਬਾਰੇ ਵੀ ਵਿਸਥਾਰ ਸਹਿਤ ਚਰਚਾ ਕੀਤੀ ਗਈ।

ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਡਾ. ਆਤਮਜੀਤ ਸਿੰਘ ਨੇ ਭਾਰਤ ਵਿਚ ਕੀਤੀ ਪੜ੍ਹਾਈ ਅਤੇ ਉਚ ਅਹੁਦਿਆਂ 'ਤੇ ਕੰਮ ਕੀਤਾ। ਉਹ ਉਸਾਰੂ ਸਾਹਿਤ ਪ੍ਰੇਮੀ, ਸਾਹਿਤਕਾਰ, ਭਾਸ਼ਾ ਵਿਗਿਆਨੀ, ਕਈ ਭਾਸ਼ਾਵਾਂ ਦੇ ਗਿਆਤਾ ਸਨ। ਉਨ੍ਹਾਂ ਅਣਗਿਣਤ ਬੱਚਿਆਂ ਨੂੰ ਵਿਰਸੇ ਨਾਲ ਜੋੜਿਆ, ਪੰਜਾਬੀ ਮਾਂ ਬੋਲੀ, ਸਭਿਆਚਾਰ ਤੇ ਧਾਰਮਿਕ ਉਨਤੀ ਲਈ ਬਹੁਤ ਸਾਰੇ ਕੰਮਾਂ ਵਿਚ ਯੋਗਦਾਨ ਪਾਇਆ। ਉਨ੍ਹਾਂ ਆਪਣੀ ਜੀਵਨ ਸਾਥਣ ਦੀ ਘੋਰ ਬਿਮਾਰੀ ਦੀ ਹਾਲਤ ਵਿਚ ਵੀ, ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਇਨ੍ਹਾਂ ਗਤੀਵਿਧੀਆਂ ਦਾ ਪੱਲਾ ਨਹੀਂ ਛੱਡਿਆ। ਹਰ ਪ੍ਰੋਗਰਾਮ ਵਿਚ ਉਹ ਮੁਸ਼ਕਿਲਾਂ ਦੇ ਬਾਵਜੂਦ ਪੁੱਜ ਜਾਂਦੇ। ਉਨ੍ਹਾਂ ਕਿਹਾ ਕਿ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦਾ ਯੋਗਦਾਨ ਵਡਮੁੱਲਾ ਹੈ। ਇਸੇ ਕਰਕੇ ਹੀ ਸਾਰੇ ਇਸ ਸਮਾਗਮ ਵਿਚ ਸ਼ਿਰਕਤ ਕਰ ਰਹੇ ਹਨ।

ਇਸ ਸਮਾਗਮ ਵਿਚ ਡਾ. ਕੁਲਬੀਰ ਸਿੰਘ ਥਿੰਦ, ਡਾ. ਮਹਿੰਦਰ ਸਿੰਘ ਮਦਾਨ, ਡਾ. ਜੈਦੀਪ ਸਿੰਘ, ਡਾ. ਮੁਹੰਮਦ ਸਲੀਮ, ਡਾ. ਸਤਿੰਦਰ ਪਾਲ ਸਿੰਘ, ਡਾ. ਅਵਤਾਰ ਸਿੰਘ, ਡਾ. ਮੁਹੰਮਦ ਅਸ਼ਰਫ਼ ਤੂਰ (ਸ਼ਿਕਾਗੋ), ਡਾ. ਸੁਖਮਿੰਦਰ ਸਿੰਘ, ਡਾ. ਆਗਾ ਸਈਦ, ਮੁੱਖ ਮਹਿਮਾਨ ਸੈਨੇਟਰ ਮਾਈਕ ਗਰੈਵਲ, ਕਰਮਤ ਉੱਲਾ ਗੌਰੀ (ਕੈਨੇਡਾ) ਆਦਿ ਸ਼ਾਮਲ ਹੋਏ।

# ਨਿਊ ਯਾਰਕ ਦੀਆਂ ਚਾਰ ਸਭਾਵਾਂ ਮਨਪ੍ਰੀਤ ਸਿੰਘ ਬਾਦਲ ਦੇ ਹੱਕ ਵਿਚ ਨਿੱਤਰੀਆਂ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਇਲਾਕੇ ਦੀਆਂ 4 ਸਭਿਆਚਾਰਕ ਅਤੇ ਸਮਾਜਿਕ ਸੰਸਥਾਵਾਂ ਨੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਬਾਨੀ ਸ. ਮਨਪ੍ਰੀਤ ਸਿੰਘ ਬਾਦਲ ਦੇ ਹੱਕ ਵਿਚ ਨਿੱਤਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਫੈਸਲਾ ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ ਦੇ ਪ੍ਰਧਾਨ ਸ. ਜਸਵੰਤ ਸਿੰਘ ਜੱਸਾ ਵਲੋਂ ਪੰਜਾਬ ਦੇ ਹਿਤੈਸ਼ੀ ਅਤੇ ਅਗਾਂਹਵਧੂ ਸਭਾ ਸੁਸਾਇਟੀਆਂ ਦੀ ਇਥੇ ਗੁਰਦੁਆਰਾ ਸਿੱਖ ਸੈਂਟਰ ਖਾਲਸਾ ਸਕੂਲ, ਕੁਈਨਜ਼ ਵਿਚ ਲੰਘੇ ਐਤਵਾਰ ਬੁਲਾਈ ਗਈ ਇਕ ਮੀਟਿੰਗ ਦੌਰਾਨ ਲਿਆ ਗਿਆ। ਇਸ ਮੀਟਿੰਗ ਵਿਚ ਸ਼ਹੀਦ ਊਧਮ ਸਿੰਘ ਸੁਸਾਇਟੀ ਤੋਂ ਇਲਾਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਸੁਸਾਇਟੀ, ਨਿਊ ਯਾਰਕ, ਕਪੂਰਥਲਾ ਸੁਸਾਇਟੀ ਅਤੇ ਪੰਥਕ ਸੁਸਾਇਟੀ, ਨਿਊ ਯਾਰਕ ਦੇ ਨੁਮਾਇੰਦੇ ਸ਼ਾਮਲ ਹੋਏ।



ਇਸ ਮੀਟਿੰਗ ਵਿਚ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਵਿਚ ਰਿਸ਼ਵਤਖੋਰੀ ਦੀ ਹੱਦ ਹੋ ਚੁਕੀ ਹੈ, ਸਿੱਖਿਆ ਤੇ ਸਿਹਤ ਸੇਵਾਵਾਂ ਦਾ ਬੁਰਾ ਹਾਲ ਹੈ ਅਤੇ ਅਮਨ ਕਾਨੂੰਨ ਦੀ ਹਾਲਤ ਇੰਨੀ ਨਿੱਘਰ ਚੁਕੀ ਹੈ ਕਿ ਕੋਈ ਵੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦਾ। ਅਜਿਹੇ ਕੁਰਪਟ ਸਿਸਟਮ ਦੀ ਦਲਦਲ ਵਿਚੋਂ ਇਸ ਸਮੇਂ ਪੰਜਾਬ ਨੂੰ ਜੇ ਕੋਈ ਬਚਾਅ ਸਕਦਾ ਹੈ ਤਾਂ ਉਹ ਸਿਰਫ ਮਨਪ੍ਰੀਤ ਸਿੰਘ ਬਾਦਲ ਹੀ ਹੈ। ਮਨਪ੍ਰੀਤ ਸਿੰਘ ਬਾਦਲ ਵਲੋਂ ਉਲੀਕੇ ਪ੍ਰੋਗਰਾਮ ਰਾਹੀਂ ਸ਼ਹੀਦਾਂ ਅਤੇ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਹੀ ਲੋਕਰਾਜ ਕਾਇਮ ਹੋਣ ਦੀ ਆਸ ਨਜ਼ਰ ਆਉਂਦੀ ਹੈ। ਬੁਲਾਰਿਆਂ ਨੇ ਵਤਨਪ੍ਰਸਤ ਅਤੇ ਸ਼ਹੀਦਾਂ ਦੀ ਯਾਦ ਵਿਚ ਬਣੀਆਂ ਸਭ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਮਨਪ੍ਰੀਤ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਨੂੰ ਸਮਰਥਨ ਦੇਣ ਤਾਂ ਜੋ ਪੰਜਾਬ ਨੂੰ ਵਿਕਾਸ ਦੇ ਇਕ ਨਵੇਂ ਪੰਧ 'ਤੇ ਪਾਉਣ ਲਈ ਰਾਹ ਖੋਲ੍ਹਿਆ ਜਾਵੇ। ਹੋਰ ਜਾਣਕਾਰੀ ਲਈ ਜਸਵੰਤ ਸਿੰਘ ਜੱਸਾ ਨਾਲ ਫੋਨ 347-249-2473 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਾਤਾ ਗੁਰਮੇਜ ਕੌਰ ਜੌਹਲ ਸੁਰਗਵਾਸ

**ਫਰਿਜ਼ਨੋ (ਬਿਊਰੋ):** ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਆਗੂ ਭਾਈ ਸੁਰਿੰਦਰ ਸਿੰਘ ਸਰਪੰਚ ਦੇ ਮਾਤਾ ਅਤੇ ਪ੍ਰਸਿਧ ਢਾਡੀ ਸਵਰਗਵਾਸੀ ਗਿਆਨੀ ਗੁਰਬਚਨ ਸਿੰਘ ਦੇ ਧਰਮ ਪਤਨੀ ਮਾਤਾ ਗੁਰਮੇਜ ਕੌਰ ਜੌਹਲ ਲੰਘੀ 2 ਮਈ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 82 ਵਰ੍ਹਿਆਂ ਦੇ ਸਨ। ਗਿਆਨੀ ਗੁਰਬਚਨ ਸਿੰਘ ਪੰਜਾਬ ਦੇ ਸਿਰਮੌਰ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਦੇ ਸਾਥੀ ਸਨ। ਧਰਮ ਸਿੰਘ (ਫਰਿਜ਼ਨੋ) ਅਤੇ ਪੰਜਾਬ ਦੇ ਮਸ਼ਹੂਰ ਢਾਡੀ ਭਾਈ ਅਮਰਜੀਤ ਸਿੰਘ ਜੌਹਲ, ਜਿਨ੍ਹਾਂ ਨੇ ਪੰਜਾਬੀ ਫਿਲਮ "ਬਾਗੀ ਸੂਰਮੇ" ਵਿਚ ਬਹੁਤ ਹੀ ਮਕਬੂਲ ਗੀਤ "ਪੱਤਾ ਪੱਤਾ ਸਿੰਘਾਂ ਦਾ ਵੈਰੀ" ਲਿਖਿਆ ਹੈ, ਵੀ ਉਨ੍ਹਾਂ ਦੇ ਪੁੱਤਰ ਹਨ।



ਮਾਤਾ ਗੁਰਮੇਜ ਕੌਰ ਜੌਹਲ

ਮਾਤਾ ਗੁਰਮੇਜ ਕੌਰ ਜੌਹਲ ਦਾ ਜਨਮ ਅਗਸਤ 1928 ਵਿਚ ਪਿੰਡ ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ ਸੀ। ਮਾਤਾ ਜੀ ਪੰਥ ਦੇ ਅਣਥੱਕ ਸੇਵਕ ਸਨ ਜਿਨ੍ਹਾਂ ਨੇ 1978 ਤੋਂ ਆਖਰੀ ਸਵਾਸਾਂ ਤੱਕ ਪੰਥ ਦੀ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਉਹ ਆਪਣੇ ਪਿਛੇ ਛੇ ਪੁੱਤਰ ਅਤੇ ਇਕ ਧੀ, 15 ਪੋਤੇ-ਪੋਤਰੀਆਂ, ਦੋਹਤੇ-ਦੋਹਤੀਆਂ ਅਤੇ ਪੜਪੋਤੇ-ਪੜਦੋਹਤੀਆਂ ਦਾ ਵੱਡਾ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਇਕ ਧੀ ਕੁਝ ਸਮਾਂ ਪਹਿਲਾਂ ਇੰਡੀਆ ਵਿਚ ਸੁਰਗਵਾਸ ਹੋ ਗਈ ਸੀ ਅਤੇ ਦੂਜੀ ਧੀ ਪਰਿਵਾਰ ਸਮੇਤ ਕੈਨੇਡਾ ਰਹਿੰਦੀ ਹੈ। ਮਾਤਾ ਜੀ ਦੀ ਅੰਤਿਮ ਅਰਦਾਸ 11 ਮਈ ਨੂੰ ਕਰਤਾਰਪੁਰ-ਕਪੂਰਥਲਾ ਰੋਡ 'ਤੇ ਜੌਹਲ ਫਾਰਮ ਹਾਊਸ (ਨਜ਼ਦੀਕ ਪਾੜ੍ਹਾ ਪਿੰਡ), ਪੰਜਾਬ ਵਿਚ ਹੋ ਗਈ। ਭਾਈ ਸੁਰਿੰਦਰ ਸਿੰਘ ਅਤੇ ਭਾਈ ਧਰਮ ਸਿੰਘ ਅੰਤਿਮ ਅਰਦਾਸ ਵਿਚ ਸ਼ਾਮਲ ਨਹੀਂ ਹੋ ਸਕੇ ਕਿਉਂਕਿ ਸਮੇਂ ਦੇ ਪੁਲਿਸ ਅਫਸਰ ਇਜ਼ਹਾਰ ਆਲਮ ਨੇ ਬਹੁਤ ਸਾਲ ਪਹਿਲਾਂ ਉਨ੍ਹਾਂ ਵਿਰੁਧ ਝੂਠਾ ਕੇਸ ਪਾਇਆ ਹੋਇਆ ਸੀ। ਭਾਈ ਸੁਰਿੰਦਰ ਸਿੰਘ ਜੌਹਲ ਨਾਲ ਫੋਨ (559) 352-8687 ਅਤੇ ਪੰਜਾਬ ਵਿਚ ਢਾਡੀ ਭਾਈ ਅਮਰਜੀਤ ਸਿੰਘ ਜੌਹਲ ਨਾਲ ਫੋਨ 91-98155-61057 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਰੇਡੀਓ ਚੜ੍ਹਦੀ ਕਲਾ ਦੇ ਪ੍ਰੋਗਰਾਮਾਂ ਨੂੰ ਚੰਗਾ ਹੁੰਗਾਰਾ

**ਫਰੀਮਾਂਟ (ਬਿਊਰੋ):** ਇਥੋਂ ਪ੍ਰਸਾਰਿਤ ਹੁੰਦੇ ਰੇਡੀਓ ਚੜ੍ਹਦੀ ਕਲਾ ਦੇ ਪ੍ਰੋਗਰਾਮਾਂ ਨੂੰ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਮਦਰ'ਜ਼ ਡੇ ਯਾਨਿ ਮਾਂ ਦਿਵਸ 'ਤੇ ਪ੍ਰਸਾਰਿਤ ਕੀਤੇ ਗਏ ਪ੍ਰੋਗਰਾਮਾਂ ਨੂੰ ਸੁਣ ਕੇ ਸਰੋਤਿਆਂ ਨੇ ਰੇਡੀਓ ਚੜ੍ਹਦੀ ਕਲਾ ਨੂੰ ਕਾਲਾਂ ਕਰ ਕੇ ਇਨ੍ਹਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਬੰਧੀ ਪ੍ਰੋਗਰਾਮਾਂ ਦੇ ਵੱਖ ਵੱਖ ਮੇਜ਼ਬਾਨਾਂ ਨੇ ਕਿਹਾ ਕਿ ਮਾਂ ਦਿਵਸ ਨੂੰ ਮਹਿਜ ਇਕ ਸਾਲਾਨਾ ਦਿਨ ਦਿਹਾਰ ਵਜੋਂ ਹੀ ਨਹੀਂ ਲੈਣਾ ਚਾਹੀਦਾ, ਸਗੋਂ ਮਾਂ ਪ੍ਰਤੀ ਸਨੇਹ ਅਤੇ ਸਤਿਕਾਰ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਸਾਨੂੰ ਹਮੇਸ਼ਾ ਗੀਤ ਦੇ ਬੋਲ ਯਾਦ ਰੱਖਣੇ ਚਾਹੀਦੇ ਹਨ, ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ।

ਰੇਡੀਓ ਮੇਜ਼ਬਾਨਾਂ ਨੇ ਸਰੋਤਿਆਂ ਨੂੰ ਸੁਨੇਹਾ ਦਿੱਤਾ ਕਿ ਸਾਨੂੰ ਮਾਂ ਅਤੇ ਸੱਸ ਵਿਚ ਕੋਈ ਫਰਕ ਨਹੀਂ ਕਰਨਾ ਚਾਹੀਦਾ। ਦੋਹਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਕਈ ਸਰੋਤਿਆਂ ਨੇ ਮਾਂ ਦੇ ਪਿਆਰ ਦੇ ਆਪਣੇ ਅਨੁਭਵ ਰੇਡੀਓ ਰਾਹੀਂ ਬਾਕੀ ਸਰੋਤਿਆਂ ਨਾਲ ਸਾਂਝੇ ਕੀਤੇ। ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਰੇਡੀਓ ਚੜ੍ਹਦੀ ਕਲਾ ਦਾ ਪਰਿਵਾਰ ਨਿਰੰਤਰ ਵਧਦਾ ਜਾ ਰਿਹਾ ਹੈ। ਇਹ ਰੇਡੀਓ ਇੰਟਰਨੈਟ ਜ਼ਰੀਏ www.radiock.com ਉਤੇ ਦੁਨੀਆਂ ਵਿਚ ਕਿਤੇ ਵੀ ਸੁਣਿਆ ਜਾ ਸਕਦਾ ਹੈ। ਰੇਡੀਓ ਚੜ੍ਹਦੀ ਕਲਾ ਬਾਰੇ ਕਿਸੇ ਵੀ ਜਾਣਕਾਰੀ ਲਈ ਗੁਰਚਰਨ ਸਿੰਘ ਮਾਨ 510-557-0061 ਜਾਂ ਲਖਵੀਰ ਸਿੰਘ 510-760-9882 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


# ਰੇਡੀਓ ਚੜ੍ਹਦੀ ਕਲਾ ਸੁਣੋ

**ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ ਪਏ ਪੁਰਾਣੇ ਰੇਡੀਓ ਸੈਟਾਂ ਉਪਰ**

**ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ**

**ਗੁਰਚਰਨ ਸਿੰਘ ਮਾਨ, 510-557-0061**
**ਲਖਵੀਰ ਸਿੰਘ, 510-768-9882**

ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ

> ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
> ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
> ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
> ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
> ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
**Radio CK, PO Box 296, Fremont, CA 94537**

**Purchase radio from:** *Royal Bazar Alum Rock Ave San Jose, Preet Fabrik and appliances Fremont, Kash Fabrik Hayward, Sidhartha International Fremont, Roshni Decoto Road Union City*

## ਯੂਬਾ ਸਿਟੀ 'ਚ ਮੇਲਾ 29 ਮਈ ਨੂੰ

**ਯੂਬਾ ਸਿਟੀ (ਬਿਊਰੋ):** ਪੰਜਾਬੀ ਅਮਰੀਕਨ ਵਿਰਾਸਤ ਸਭਾ ਦਾ 17ਵਾਂ ਸਭਿਆਚਾਰਕ ਮੇਲਾ ਇਸ ਵਾਰ ਮੈਮੋਰੀਅਲ ਡੇ 29 ਮਈ, ਐਤਵਾਰ ਨੂੰ ਇਥੇ ਯੂਬਾ-ਸਟਰ ਫੇਅਰ ਗਰਾਊਂਡ ਵਿਚ ਸਵੇਰੇ 11 ਵਜੇ ਤੋਂ ਸ਼ਾਮ 8 ਵਜੇ ਤੱਕ ਹੋਵੇਗਾ।

ਇਸ ਵਾਰ ਇੰਗਲੈਂਡ ਦੇ ਕਲਾਕਾਰ ਆਰ.ਡੀ.ਬੀ ਗਰੁਪ (ਨਿੰਦੀ ਕੌਰ ਅਤੇ ਮੰਜ) ਤਾਲ, ਢੋਲ ਅਤੇ ਧਮਾਲ ਨਾਲ ਸਟੇਜ ਲਾਉਣਗੇ। 'ਸਾ ਰੇ ਗਾ ਮਾ ਪਾ 2010' ਦੇ ਜੇਤੂ ਅਤੇ ਨੌਜਵਾਨ ਕਲਾਕਾਰ ਕਮਲ ਖ਼ਾਨ ਵੀ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਕੈਲੀਫੋਰਨੀਆ ਦੇ ਵੱਖੋ-ਵੱਖ ਇਲਾਕਿਆਂ ਤੋਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਗਿੱਧੇ ਅਤੇ ਭੰਗੜੇ ਦੀ ਧਮਾਲ ਪਾਉਣਗੀਆਂ।

ਕੁਝ ਚੋਣਵੀਆਂ ਇਨਾਮ ਜੇਤੂ ਲਘੂ-ਫਿਲਮਾਂ ਵੀ ਵਿਖਾਈਆਂ ਜਾਣਗੀਆਂ ਜਿਨ੍ਹਾਂ ਵਿਚ ਆਓ ਜੀ (ਸੰਗੀਤ ਵੀਡਿਓ), ਸ਼ੇਰ ਦੀ ਸਵਾਰੀ, ਮਿਲਾਪ, ਵਾਹਗਾ ਅਤੇ ਕੈਦੀਆਂ ਦਾ ਗੀਤ ਸ਼ਾਮਲ ਹਨ। ਇਸ ਤੋਂ ਇਲਾਵਾ ਕੱਪੜਿਆਂ, ਗਹਿਣਿਆਂ, ਖਿਡਾਉਣਿਆਂ, ਪੁਸਤਕਾਂ, ਕੈਸਿਟਾਂ, ਵੀਡੀਓ ਵਗੈਰਾ ਦੇ ਖਰੀਦੋ ਫਰੋਖਤ ਦੇ ਸਟਾਲਾਂ ਤੋਂ ਇਲਾਵਾ ਚਾਹ-ਕਾਫੀ, ਖਾਣਿਆਂ, ਜਲੇਬੀਆਂ ਅਤੇ ਆਈਸ-ਕਰੀਮ ਦੇ ਸਟਾਲ ਵੀ ਲੱਗਣਗੇ।

## ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਜਨਮ ਦਿਨ 'ਤੇ ਸਮਾਗਮ 22 ਨੂੰ

**ਫਰੀਮਾਂਟ (ਬਿਊਰੋ):** ਭਾਰਤ ਦੀ ਆਜ਼ਾਦੀ ਦੇ ਮਹਾਨ ਨਾਇਕ ਅਤੇ ਗਦਰ ਲਹਿਰ ਦੇ ਯੋਧੇ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ 115 ਵਾਂ ਜਨਮ ਦਿਨ ਆਉਂਦੀ 22 ਮਈ ਐਤਵਾਰ ਨੂੰ ਸਵੇਰੇ 11 ਵਜੋਂ ਤੋਂ ਸ਼ਾਮੀ ਪੰਜ ਵਜੇ ਤੱਕ ਗਦਰ ਸਮਾਰਕ ਸੈਨ ਫਰਾਂਸਿਸਕੋ ਵਿਖੇ ਮਨਾਇਆ ਜਾਵੇਗਾ। ਇਹ ਸਮਾਗਮ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਅਤੇ ਸੈਂਟਰ ਆਫ ਇੰਡੋ



ਯੂ ਐਸ ਡਾਇਲਾਗ ਅਮਰੀਕਾ ਵਲੋਂ ਸਾਂਝੇ ਤੌਰ ਤੇ ਕੀਤਾ ਜਾ ਰਿਹਾ ਹੈ।

ਅਕਾਦਮੀ ਦੇ ਚੈਅਰਮੈਨ ਸੁਖਵਿੰਦਰ ਕੰਬੋਜ ਅਤੇ ਜਨਰਲ ਸਕੱਤਰ ਗਜਲਗੋ ਕੁਲਵਿੰਦਰ ਅਤੇ ਸੈਂਟਰ ਦੇ ਪ੍ਰਧਾਨ ਕੁਲਦੀਪ ਧਾਲੀਵਾਲ ਤੇ ਮੁੱਖ ਸਲਾਹਕਾਰ ਗੁਲਿੰਦਰ ਗਿੱਲ ਨੇ ਦੱਸਿਆ ਕਿ ਪਹਿਲੀ ਵਾਰ ਸਰਾਭੇ ਦਾ ਜਨਮ ਦਿਨ ਉਸੇ ਜਗ੍ਹਾ ਤੇ ਮਨਾਇਆ ਜਾ ਰਿਹਾ ਹੈ ਜਿਥੋਂ ਕਰਤਾਰ ਸਿੰਘ ਸਰਾਭੇ ਤੇ ਉਸ ਦੇ ਸਾਥੀਆਂ ਨੇ ਗਦਰ ਅਖਬਾਰ ਸ਼ੁਰੂ ਕੀਤਾ ਅਤੇ ਗਦਰ ਲਹਿਰ ਦਾ ਪਹਿਲਾ ਹੈਡਕੁਵਾਟਰ ਯੁਗਾਂਤਰ ਆਸ਼ਰਮ ਬਣਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਭਾਰਤੀ ਭਾਸ਼ਾ ਕੇਂਦਰ ਦੇ ਸਾਬਕਾ ਮੁਖੀ ਪ੍ਰੋ. ਚਮਨ ਲਾਲ ਹੋਣਗੇ ਜਿਨ੍ਹਾਂ ਨੇ 2007 ਵਿੱਚ "ਗਦਰ ਪਾਰਟੀ ਨਾਇਕ ਕਰਤਾਰ ਸਿੰਘ ਸਰਾਭਾ" ਕਿਤਾਬ ਲਿਖੀ ਜੋ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਹੋਈ।

ਸਮਾਗਮ ਦੇ ਪਹਿਲੇ ਸੈਸ਼ਨ ਵਿੱਚ ਪ੍ਰੋ. ਚਮਨ ਲਾਲ ਕਰਤਾਰ ਸਿੰਘ ਸਰਾਭੇ ਦੀ ਜੀਵਨੀ 'ਤੇ ਪੇਪਰ ਪੜ੍ਹਨਗੇ ਜਦੋਂ ਕਿ ਦੂਸਰੇ ਸੈਸ਼ਨ ਵਿੱਚ ਕਵੀ ਦਰਬਾਰ ਹੋਵੇਗਾ ਜਿਸ ਵਿਚ ਕੈਲੀਫੋਰਨੀਆ ਦੇ ਨਾਮਵਰ ਕਵੀ ਹਿੱਸਾ ਲੈਣਗੇ। ਹੋਰ ਜਾਣਕਾਰੀ ਲਈ ਕੁਲਵਿੰਦਰ ਫੋਨ: 510-367-2090 ਅਤੇ ਕੁਲਦੀਪ ਧਾਲੀਵਾਲ ਫੋਨ: 510-859-5964 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਅਕਾਲੀ ਦਲ ਅ (ਅਮਰੀਕਾ) ਦੀ ਕੇਂਦਰੀ ਕਮੇਟੀ ਦਾ ਗਠਨ

**ਨਿਊ ਯਾਰਕ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੀ 11 ਮੈਂਬਰੀ ਨੈਸ਼ਨਲ ਕਮੇਟੀ ਦਾ ਗਠਨ ਪਾਰਟੀ ਦੇ ਕੌਮੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਅਤੇ ਅਮਰੀਕਾ ਇਕਾਈ ਦੀ ਕੌਮੀ ਕਾਰਜਕਾਰਨੀ ਕਮੇਟੀ ਦੀ ਸਹਿਮਤੀ ਨਾਲ ਕਰ ਦਿੱਤਾ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਇਕਾਈ ਦੇ ਕਨਵੀਨਰ ਸ. ਬੂਟਾ ਸਿੰਘ ਖੜੌਂਦ ਨੇ ਦੱਸਿਆ ਕਿ 11 ਮੈਂਬਰੀ ਕੇਂਦਰੀ ਕਮੇਟੀ ਵਿਚ ਸ. ਸੁਰਜੀਤ ਸਿੰਘ ਕੁਲਾਰ ਪ੍ਰਧਾਨ ਅਮਰੀਕਾ ਇਕਾਈ, ਸ. ਰੇਸ਼ਮ ਸਿੰਘ ਕੈਲੀਫੋਰਨੀਆ ਸੀਨੀਅਰ ਮੀਤ ਪ੍ਰਧਾਨ, ਸ. ਪ੍ਰੀਤਮ ਸਿੰਘ ਜੋਗਾ ਕੈਲੀਫੋਰਨੀਆ ਸਕੱਤਰ ਜਨਰਲ, ਸ. ਹਰਪਾਲ ਸਿੰਘ ਸੰਧਰ ਮੈਂਬਰ ਨਿਊ ਯਾਰਕ, ਸ. ਦੀਪਇੰਦਰ ਸਿੰਘ ਮਾਨ ਮੈਂਬਰ ਓਰੇਗਾਨ ਸਟੇਟ, ਸ. ਦਰਸ਼ਨ ਸਿੰਘ ਸੰਧੂ ਮੈਂਬਰ ਕੈਲੀਫੋਰਨੀਆ, ਸ. ਰਣਜੀਤ ਸਿੰਘ ਧਾਲੀਵਾਲ ਮੈਂਬਰ ਨਿਊ ਜਰਸੀ, ਸ. ਰਮਿੰਦਰਜੀਤ ਸਿੰਘ ਸੰਧੂ ਮੈਂਬਰ ਕੈਲੀਫੋਰਨੀਆ, ਸ. ਇੰਦਰਪਾਲ ਸਿੰਘ ਮੈਂਬਰ ਸਿਆਟਲ ਅਤੇ ਸ. ਬੂਟਾ ਸਿੰਘ ਖੜੌਂਦ ਨਿਊ ਜਰਸੀ ਸ਼ਾਮਲ ਹਨ। ਇਸ ਤੋਂ ਇਲਾਵਾ ਜੀਤ ਸਿੰਘ ਆਲੋਅਰਖ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਤੇ ਸਲਾਹਕਾਰ ਹੋਣਗੇ। ਪਾਰਟੀ ਵਲੋਂ ਛੇਤੀ ਹੀ ਮੈਂਬਰਸ਼ਿਪ ਸ਼ੁਰੂ ਕੀਤੀ ਜਾ ਰਹੀ ਹੈ। ਜੂਨ ਦੇ ਅਖੀਰ ਤੱਕ ਸਟੇਟਾਂ ਦੇ ਯੂਨਿਟ ਵੀ ਤਿਆਰ ਹੋ ਜਾਣਗੇ। ਹੋਰ ਜਾਣਕਾਰੀ ਲਈ ਬੂਟਾ ਸਿੰਘ ਖੜੌਂਦ ਨਾਲ ਫੋਨ 609-351-0321 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬਾਬਾ ਜਵਾਹਰ ਦਾਸ ਦੀ ਯਾਦ 'ਚ 8ਵਾਂ ਜੋੜ ਮੇਲਾ 13 ਤੋਂ

**ਲਿਵਿੰਗਸਟਨ (ਹਰਜਿੰਦਰ ਹੈਪੀ):** ਇਥੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸਿੱਖ ਟੈਂਪਲ (884 ਬੀ ਸਟਰੀਟ) ਵਿਖੇ ਸੰਤ ਬਾਬਾ ਜਵਾਹਰ ਦਾਸ ਪਿੰਡ ਸੂਸ, ਜ਼ਿਲਾ ਹੁਸ਼ਿਆਰਪੁਰ ਵਾਲਿਆਂ ਦੀ ਯਾਦ ਵਿਚ 8ਵਾਂ ਜੋੜ ਮੇਲਾ ਇਲਾਕੇ ਦੀਆਂ ਸੰਗਤਾਂ ਵਲੋਂ ਆਉਂਦੀ 13 ਤੋਂ 15 ਮਈ ਤੱਕ ਮਨਾਇਆ ਜਾ ਰਿਹਾ ਹੈ।

ਇਸ ਤਿੰਨ ਰੋਜ਼ਾ ਜੋੜ ਮੇਲੇ ਸਬੰਧੀ ਅਖੰਡ ਪਾਠ ਦੇ ਅਰੰਭ ਸ਼ੁੱਕਰਵਾਰ 13 ਮਈ ਨੂੰ ਹੋਣਗੇ ਅਤੇ ਭੋਗ 15 ਮਈ ਐਤਵਾਰ ਨੂੰ ਪੈਣਗੇ। ਉਪਰੰਤ ਭਾਰੀ ਦੀਵਾਨ ਸਜਣਗੇ ਜਿਨ੍ਹਾਂ ਵਿਚ ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਤਿੰਨੇ ਦਿਨ ਸ਼ਾਮ ਦੇ ਦੀਵਾਨ ਵੀ ਹੋਣਗੇ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਜੋੜ ਮੇਲੇ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ। ਹੋਰ ਜਾਣਕਾਰੀ ਫੋਨ 269-394-3160 ਤੋਂ ਲਈ ਜਾ ਸਕਦੀ ਹੈ।


# ਸ਼ੈਲ ਗੈਸ ਸਟੇਸ਼ਨ ਵਿਕਾਊ

**ਵਾਸ਼ਿੰਗਟਨ ਸਟੇਟ ਵਿਚ ਬਹੁਤ ਚੰਗਾ ਚਲਦਾ ਸ਼ੈਲ ਗੈਸ ਸਟੇਸ਼ਨ ਜਿਸ ਵਿਚ ਹਾਟ ਫੂਡ, ਡੈਲੀ ਅਤੇ ਬੀਅਰ/ਵਾਈਨ ਵੀ ਨਾਲ ਹੈ, ਪ੍ਰਾਪਰਟੀ ਸਮੇਤ ਵਿਕਾਊ ਹੈ**

# Shell Gas Station For Sale

**With Property**
**Golden Turn Key Business Opportunity in Pacific Northwest, Beautiful Town Cathlamet, On Scenic Highway Alongwith Columbia River**
**High Volume Traffic**
**With Hot Food, Deli and Beer/Wine.**
**Also Have A Good Rental Income**

***Please Serious Buyer Only***

***Call: 360-413-9277***





# Guaranteed Save $5,000!

**On Your Home Purchase or I will Pay You $1,000 Cash**

Call 24hr for free information 1-888-450-6603, ID 4008

Priority Access to Hot New Listing. Visit www.FreeHotListings.net

**Amardeep Singh, Realtor/Loan Broker (DRE # 01357217) Ph:(916) 712-2735**



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233



**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਪਰੀਮ ਕੋਰਟ ਵੱਲੋਂ ਸੰਘ ਪਰਿਵਾਰ ਨੂੰ ਝਟਕਾ

ਸਰਕਾਰ ਨੇ ਅਕਵਾਇਰ ਕੀਤਾ ਹੋਇਆ ਹੈ, ਦੇ ਉਪਰ ਵੀ ਕੋਈ ਵੀ ਧਾਰਮਿਕ ਕਾਰਵਾਈ ਨਾ ਕੀਤੀ ਜਾਵੇ। ਲਖਨਊ ਬੈਂਚ ਨੇ 2.77 ਏਕੜ ਜ਼ਮੀਨ ਦੇ ਟੁਕੜੇ ਜਿਸ 'ਤੇ 6 ਦਸੰਬਰ 1992 ਤੋਂ ਪਹਿਲਾਂ ਬਾਬਰੀ ਮਸਜਿਦ ਦੀ ਇਮਾਰਤ ਖੜ੍ਹੀ ਸੀ, ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਇਕ ਹਿੱਸਾ ਮੁਸਲਮਾਨ ਭਾਈਚਾਰੇ ਨੂੰ, ਦੂਜਾ ਹਿਸਾ ਹਿੰਦੂ ਸਮੂਹ ਨੂੰ ਤੇ ਤੀਜਾ ਹਿੱਸਾ ਨਿਰਮੋਹੀ ਅਖਾੜੇ ਨੂੰ ਦੇ ਦਿੱਤਾ ਸੀ। ਇਸ ਫੈਸਲੇ ਦਾ ਸੰਘ ਪਰਿਵਾਰ ਵੱਲੋਂ ਸਵਾਗਤ ਕੀਤਾ ਗਿਆ ਸੀ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾਵਾਂ ਨੇ ਕਿਹਾ ਸੀ ਕਿ ਅਦਾਲਤ ਨੇ ਉਨ੍ਹਾਂ ਦੇ ਦਾਅਵੇ ਕਿ 'ਮਸਜਿਦ' ਦੇ ਨਿਰਮਾਣ ਤੋਂ ਪਹਿਲਾਂ ਉਸ ਥਾਂ 'ਤੇ ਰਾਮ ਜਨਮ ਅਸਥਾਨ ਸੀ, ਨੂੰ ਸਿਧਾਂਤਕ ਤੌਰ 'ਤੇ ਮੰਨ ਲਿਆ ਹੈ।

ਪਿਛਲੇ 60 ਸਾਲਾਂ ਤੋਂ ਚੱਲਦੇ ਅਯੁੱਧਿਆ ਵਿਵਾਦ ਨੇ 6 ਦਸੰਬਰ 1992 ਨੂੰ ਵੱਖਰਾ ਰੂਪ ਧਾਰਨ ਕਰ ਲਿਆ ਸੀ ਜਦੋਂ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੀ ਰਾਮ ਜਨਮ ਭੂਮੀ ਨੂੰ 'ਮੁਕਤ' ਕਰਾਉਣ ਵਾਲੀ 'ਰੱਥ ਯਾਤਰਾ' ਅਯੁੱਧਿਆ 'ਚ ਪਹੁੰਚੀ ਸੀ ਤੇ 'ਕਾਰ ਸੇਵਕਾਂ' ਦੇ ਇਕ ਵੱਡੇ ਇਕੱਠ ਨੇ 15ਵੀਂ ਸਦੀ ਵਿਚ ਬਣੀ ਤਕਰੀਬਨ 500 ਸਾਲ ਪੁਰਾਣੀ ਬਾਬਰੀ ਮਸਜਿਦ ਨੂੰ ਢਾਹ ਦਿੱਤਾ ਸੀ। ਉਸ ਤੋਂ ਬਾਅਦ ਦੇਸ਼ ਦੇ ਕਈ ਹਿੱਸਿਆਂ 'ਚ ਫਿਰਕੂ ਦੰਗੇ ਤੇ ਤਣਾਅ ਦੀਆਂ ਘਟਨਾਵਾਂ ਵਾਪਰੀਆਂ ਤੇ ਬਾਬਰੀ ਮਸਜਿਦ ਨੂੰ ਢਾਹੁਣ ਦਾ ਮਸਲਾ ਅਦਾਲਤ 'ਚ ਚਲਾ ਗਿਆ। ਜ਼ਿਕਰਯੋਗ ਹੈ ਕਿ ਮਸਜਿਦ ਦੇ ਵਿਚਕਾਰਲੇ ਵੱਡੇ ਗੁੰਬਦ ਦੇ ਅੰਦਰ 60 ਕੁ ਸਾਲ ਪਹਿਲਾਂ 'ਰਾਮ ਲੱਲਾ' ਦੀਆਂ ਮੂਰਤੀਆਂ ਜ਼ਬਰਦਸਤੀ ਸਥਾਪਤ ਕਰ ਦਿੱਤੀਆਂ ਗਈਆਂ ਸਨ। ਕੁਝ ਚਿਰ ਮਸਜਿਦ ਨੂੰ ਤਾਲੇ ਵੀ ਲੱਗੇ ਰਹੇ ਪਰ ਇਹ ਵਿਵਾਦ ਦਿਨ-ਬ-ਦਿਨ ਗਹਿਰਾ ਹੀ ਹੁੰਦਾ ਗਿਆ। ਲਖਨਊ ਬੈਂਚ ਦੇ ਫੈਸਲੇ ਵਿਰੁਧ ਕਈ ਪਾਰਟੀਆਂ ਸੁਪਰੀਮ ਕੋਰਟ ਪਹੁੰਚੀਆਂ ਸਨ ਤੇ ਹਾਈ ਕੋਰਟ ਦੇ ਫੈਸਲੇ ਵਿਰੁਧ ਅਪੀਲ ਕਰਨ ਵਾਲਿਆਂ ਵਿਚ ਨਿਰਮੋਹੀ ਅਖਾੜਾ, ਅਖਿਲ ਭਾਰਤ ਹਿੰਦੂ ਮਹਾਂ ਸਭਾ, ਜਮਾਤ-ਏ-ਉਲਾਮਾ-ਏ-ਹਿੰਦ, ਸੁੰਨੀ ਸੈਂਟਰਲ ਵਕਫ਼ ਬੋਰਡ ਤੇ ਭਗਵਾਨ ਰਾਮ ਵਿਰਾਜਮਾਨ ਵੀ ਸ਼ਾਮਲ ਸਨ। ਇਨ੍ਹਾਂ ਸਾਰਿਆਂ ਦੀਆਂ ਅਪੀਲਾਂ 'ਤੇ 9 ਮਈ ਨੂੰ ਸੁਪਰੀਮ ਕੋਰਟ ਨੇ ਆਪਣਾ ਫ਼ੈਸਲਾ ਸੁਣਾਇਆ।

ਮੁਸਲਿਮ ਭਾਈਚਾਰੇ ਦੀ ਤਰਫੋਂ ਵਕਫ਼ ਬੋਰਡ ਤੇ ਜਮਾਤ-ਏ-ਉਲਾਮਾ ਹਿੰਦ ਨੇ ਹਾਈ ਕੋਰਟ ਦੇ 'ਵੰਡ ਵਾਲੇ ਫੈਸਲੇ' ਦਾ ਵਿਰੋਧ ਕਰਦਿਆਂ ਆਪਣੀ ਅਪੀਲ ਵਿਚ ਕਿਹਾ ਸੀ ਕਿ ਇਹ ਫ਼ੈਸਲਾ ਸਬੂਤਾਂ ਤੇ ਜ਼ਮੀਨੀ ਸੱਚਾਈ ਸਮੇਂ ਆਸਥਾ ਦੇ ਆਧਾਰ 'ਤੇ ਕੀਤਾ ਗਿਆ ਹੈ ਤੇ ਉਨ੍ਹਾਂ ਦੀ ਦਲੀਲ ਸੀ ਕਿ ਹਾਈ ਕੋਰਟ ਨੇ 'ਧਾਰਮਿਕ ਵਿਸ਼ਵਾਸ' ਨੂੰ ਗਲਤ ਆਧਾਰ ਬਣਾਇਆ ਹੈ ਕਿ ਮਸਜਿਦ ਦੀ ਥਾਂ 'ਤੇ ਹੀ ਭਗਵਾਨ ਰਾਮ ਦਾ ਜਨਮ ਹੋਇਆ।

ਇਸ ਕੇਸ ਵਿਚ ਅਪੀਲ ਕਰਨ ਵਾਲੀਆਂ ਵੱਖ-ਵੱਖ ਪਾਰਟੀਆਂ ਨੇ ਦਾਅਵਾ ਕੀਤਾ ਕਿ ਧਾਰਮਿਕ ਥਾਂ ਨੂੰ ਵੰਡਣ ਨਾਲ ਅਯੁੱਧਿਆ ਝਗੜੇ ਦਾ ਹੱਲ ਨਹੀਂ ਹੋਣਾ ਕਿਉਂਕਿ ਤਿੰਨੇ ਦਾਅਵੇਦਾਰ-ਮੁਸਲਿਮ ਭਾਈਚਾਰਾ, ਹਿੰਦੂ ਬਰਾਦਰੀ ਤੇ ਨਿਰਮੋਹੀ ਅਖਾੜਾ ਆਪੋ-ਆਪਣੇ ਤੌਰ 'ਤੇ ਉਸ 2.77 ਏਕੜ ਧਾਰਮਿਕ ਸਥਾਨ 'ਤੇ ਪੂਰਨ ਕਬਜ਼ੇ ਦੀ ਮੰਗ ਕਰਦੇ ਹਨ।

ਹਾਈ ਕੋਰਟ ਦੇ ਵੰਡ ਵਾਲੇ ਫੈਸਲੇ ਨੇ ਤਾਂ ਮਸਲੇ ਨੂੰ ਹੋਰ ਉਲਝਾ ਦਿੱਤਾ ਹੈ। ਸੁਪਰੀਮ ਕੋਰਟ ਨੇ ਅਗਲੀ ਸੁਣਵਾਈ ਲਈ ਅਜੇ ਕੋਈ ਤਾਰੀਖ ਨਹੀਂ ਮਿਥੀ। ਉਧਰ ਰਾਮ ਜਨਮ ਭੂਮੀ-ਬਾਬਰੀ ਮਸਜਿਦ ਜ਼ਮੀਨ 'ਤੇ ਮਾਲਕੀ ਹੱਕ ਦਾ ਦਾਅਵਾ ਕਰਨ ਵਾਲੀਆਂ ਵੱਖ-ਵੱਖ ਪਾਰਟੀਆਂ ਰਾਮ ਲੱਲਾ ਵਿਰਾਜਮਾਨ, ਹਿੰਦੂ ਮਹਾਸਭਾ ਤੇ ਸੁੰਨੀ ਵਕਫ ਬੋਰਡ ਸਮੇਤ ਉਨ੍ਹਾਂ ਦੇ ਵਕੀਲਾਂ ਨੇ ਸੁਪਰੀਮ ਕੋਰਟ ਦੇ ਇਸ ਹੁਕਮ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ ਕਿ ਕਿਸੇ ਵੀ ਪਾਰਟੀ ਨੇ 2.77 ਏਕੜ ਜ਼ਮੀਨ ਦੀ ਵੰਡ ਕਰਨ ਦੀ ਮੰਗ ਨਹੀਂ ਕੀਤੀ।

## ਭ੍ਰਿਸ਼ਟਾਚਾਰ:ਅਕਾਲੀ-ਭਾਜਪਾ ਸਰਕਾਰ ਦੇ 'ਕਾਰਨਾਮੇ' ਸਾਹਮਣੇ ਆਉਣੇ ਸ਼ੁਰੂ

ਹਨ ਜਿਨ੍ਹਾਂ ਨੇ ਪਿਛਲੇ ਹਫ਼ਤੇ ਦੌਰਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਅਸਤੀਫਾ ਦਿੱਤਾ ਹੈ। ਇਹ ਮਾਮਲਾ ਉਸ ਵੇਲੇ ਹੋਰ ਗੰਭੀਰ ਬਣ ਗਿਆ ਜਦੋਂ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਦਲ ਦੇ ਨੇਤਾ ਮਨੋਰੰਜਨ ਕਾਲੀਆ ਤੇ ਭਲਾਈ ਮੰਤਰੀ ਚੌਧਰੀ ਸਵਰਨਾ ਰਾਮ ਦੇ ਨਾਂ ਵੀ ਇਸ ਕੇਸ ਨਾਲ ਜੁੜ ਗਏ। ਉਂਜ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ 'ਤੇ ਵੀ ਇਸ ਤੋਂ ਪਹਿਲਾਂ ਪਾਰਟੀ ਦੇ ਹੀ ਸਾਬਕਾ ਵਿਧਾਇਕ ਜਗਦੀਸ਼ ਰਾਜ ਸਾਹਨੀ ਨੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਸਨ।

ਰਾਜਪੁਰਾ ਤੋਂ ਭਾਰਤੀ ਭਾਜਪਾ ਵਿਧਾਇਕ ਖੁਰਾਣਾ ਨੂੰ 1.5 ਕਰੋੜ ਰੁਪਏ ਰਿਸ਼ਵਤ ਮੰਗਣ ਮਨਪ੍ਰੀਤ ਸਿੰਘ ਵਿਚਕਾਰ ਮੋਬਾਈਲ ਫੋਨਾਂ 'ਤੇ ਹੋਈ ਗੱਲਬਾਤ ਦੀ ਰਿਕਾਰਡਿੰਗ ਤੇ ਛਾਪਾ ਮਾਰਨ ਵੇਲੇ ਬਣਾਈ ਵੀਡੀਓ ਵੀ ਦਿਖਾਈ।

ਉਂਜ ਹਾਸੋਹੀਣੀ ਹਾਲਤ ਉਸ ਵੇਲੇ ਬਣ ਗਈ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤਾਂ ਖੁੱਲ੍ਹ ਕੇ ਖੁਰਾਣਾ ਦੀ ਹਮਆਇਤ 'ਤੇ ਆ ਗਏ ਪਰ ਭਾਜਪਾ ਆਗੂ ਆਪਣੇ ਵਿਧਾਇਕ ਤੋਂ ਪਾਸਾ ਵੱਟਣ ਲੱਗ ਪਏ। ਸ. ਬਾਦਲ ਨੇ ਸੀ.ਬੀ.ਆਈ. ਨੂੰ ਕੇਂਦਰ ਦੀ ਕਠਪੁਤਲੀ ਕਰਾਰ ਦਿੰਦਿਆਂ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਬਦਨਾਮ ਕਰਨ ਦੀ ਇਹ ਸਿਆਸੀ ਸਾਜ਼ਿਸ਼ ਵੀ



ਰਾਜ ਖੁਰਾਣਾ



ਮਨੋਰੰਜਨ ਕਾਲੀਆ



ਸਵਰਨਾ ਰਾਮ

ਦੇ ਦੋਸ਼ ਹੇਠ ਦਲਾਲ ਦਵਿੰਦਰ ਸਿੰਘ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਸੀ.ਬੀ.ਆਈ. ਅਨੁਸਾਰ ਦਵਿੰਦਰ ਸਿੰਘ ਨੇ ਸ਼ਿਕਾਇਤਕਰਤਾ ਨੂੰ ਦੱਸਿਆ ਸੀ ਕਿ ਉਸ ਨੇ ਮੁੱਖ ਪਾਰਲੀਮਾਨੀ ਸਕੱਤਰ ਰਾਜ ਖੁਰਾਣਾ ਰਾਹੀਂ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਨਾਲ ਗੱਲ ਕਰ ਲਈ ਹੈ ਤੇ ਦੋ ਕਰੋੜ ਰੁਪਏ ਰਿਸ਼ਵਤ ਦੇਣ ਦੀ ਸੂਰਤ ਵਿਚ ਮੰਤਰੀ ਉਸ ਵਿਰੁਧ ਚੱਲ ਰਹੀ ਸ਼ਿਕਾਇਤ ਨੂੰ ਠੱਪ ਕਰਵਾ ਦੇਵੇਗਾ। ਸੀ.ਬੀ.ਆਈ. ਨੇ ਇਸ ਮਾਮਲੇ 'ਚ ਮਨੋਰੰਜਨ ਕਾਲੀਆ ਤੇ ਚੌਧਰੀ ਸਵਰਨਾ ਰਾਮ ਤੋਂ ਵੀ ਪੁੱਛਗਿੱਛ ਕੀਤੀ ਹੈ। ਸੀ.ਬੀ.ਆਈ. ਨੇ ਸ੍ਰੀ ਕਾਲੀਆ ਕੋਲੋਂ ਸਵਾ ਘੰਟਾ ਤੇ ਸਵਰਨਾ ਰਾਮ ਕੋਲੋਂ ਤਕਰੀਬਨ ਦੋ ਘੰਟੇ ਪੁੱਛਗਿੱਛ ਕੀਤੀ। ਇਸ ਦੌਰਾਨ ਤਫਤੀਸ਼ੀ ਟੀਮ ਨੇ ਦੋਵਾਂ ਮੰਤਰੀਆਂ ਨੂੰ ਇਸ ਮਾਮਲੇ ਵਿਚ ਪਹਿਲਾਂ ਗ੍ਰਿਫ਼ਤਾਰ ਕੀਤੇ ਮੁੱਖ ਪਾਰਲੀਮਾਨੀ ਸਕੱਤਰ ਖੁਰਾਣਾ, ਉਦਯੋਗ ਵਿਭਾਗ ਦੇ ਮੁਲਾਜ਼ਮ ਤੇ ਪ੍ਰਾਪਰਟੀ ਡੀਲਰ ਦਵਿੰਦਰ ਅਤੇ ਸ਼ਿਕਾਇਤਕਰਤਾ ਮਨਪ੍ਰੀਤ... ਹੋ ਸਕਦੀ ਹੈ।

ਉਧਰ ਅੰਮ੍ਰਿਤਸਰ ਤੋਂ ਭਾਜਪਾ ਵਿਧਾਇਕ ਅਨਿਲ ਜੋਸ਼ੀ ਦਾ ਕਹਿਣਾ ਹੈ ਕਰਨ ਵਾਲੇ ਆਪੇ ਭੁਗਤਣਗੇ ਕਿਉਂਕਿ ਆਖਿਰ ਵੋਟਾਂ ਉਮੀਦਵਾਰ ਦੇ ਅਕਸ ਨੂੰ ਵੀ ਪੈਂਦੀਆਂ ਹਨ। ਗੁਰਦਾਸਪੁਰ ਤੋਂ ਵਿਧਾਇਕ ਜਗਦੀਸ਼ ਸਾਹਨੀ ਦਾ ਕਹਿਣਾ ਹੈ ਕਿ ਖੁਰਾਣਾ ਦੇ ਬਿਆਨਾਂ ਦੀ ਅਦਾਲਤ ਵਿਚ ਪੇਸ਼ ਕੀਤੀ ਸੀ.ਡੀ. ਵਿਚ ਸੱਚਾਈ ਜਾਪਦੀ ਹੈ। ਉਨ੍ਹਾਂ ਕਿਹਾ ਕਿ ਸੁਸਾਇਟੀਆਂ ਨੂੰ "ਚੇਂਜ ਆਫ ਲੈਂਡ ਯੂਜ਼" ਦੇਣ ਦਾ ਹੱਕ ਮੰਤਰੀ ਮਨੋਰੰਜਨ ਕਾਲੀਆ ਕੋਲ ਹੈ, ਇਸ ਕਰਕੇ ਇਨ੍ਹਾਂ ਬਿਆਨਾਂ ਵਿਚ ਸੱਚਾਈ ਹੈ। ਉਧਰ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜਦੋਂ ਸੀ.ਬੀ.ਆਈ. ਕੇਂਦਰੀ ਆਗੂਆਂ ਖ਼ਿਲਾਫ਼ ਕਾਰਵਾਈ ਕਰਦੀ ਹੈ ਤਾਂ ਉਦੋਂ ਇਹ ਅਕਾਲੀਆਂ ਲਈ ਚੰਗੀ ਹੈ ਪਰ ਜਦੋਂ ਖ਼ੁਦ 'ਤੇ ਸ਼ਿਕੰਜਾ ਕੱਸਿਆ ਜਾਂਦਾ ਹੈ ਤਾਂ ਇਸ ਨੂੰ ਸਾਜ਼ਿਸ਼ ਕਾਂਗਰਸ ਦਿੱਤਾ ਜਾਂਦਾ ਹੈ।

## ਸਰਕਾਰ ਦੀ ਬਰਖਾਸਤਗੀ ਲਈ ਕਾਂਗਰਸੀ ਸਰਗਰਮ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਵਫ਼ਦ ਨੇ ਪੰਜਾਬ ਰਾਜ ਭਵਨ 'ਚ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਨੂੰ ਬਰਖਾਸਤ ਕੀਤਾ ਜਾਵੇ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ, ਵਿਧਾਇਕਾਂ ਤੇ ਹੋਰ ਸੀਨੀਅਰ ਪਾਰਟੀ ਆਗੂਆਂ ਦੇ ਆਧਾਰਤ ਵਫਦ ਨੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮੰਗ ਪੱਤਰ ਸੌਂਪ ਕੇ ਕਿਹਾ ਕਿ ਰਾਜ ਵਿਚ ਭ੍ਰਿਸ਼ਟਾਚਾਰ ਖਤਰਨਾਕ ਮੋੜ 'ਤੇ ਪੁੱਜ ਚੁੱਕਾ ਹੈ ਤੇ ਕਾਨੂੰਨ ਵਿਵਸਥਾ ਵੀ ਲੀਹੋਂ ਲਹਿ ਗਈ ਹੈ ਜਿਸ ਕਾਰਨ ਸੰਵਿਧਾਨ ਦੀ ਧਾਰਾ 356 ਤਹਿਤ ਇਸ ਸਰਕਾਰ ਨੂੰ ਬਰਖਾਸਤ ਕੀਤਾ ਜਾਵੇ।

ਕੈਪਟਨ ਨੇ ਕਿਹਾ ਕਿ ਪੰਜਾਬ 'ਚ ਭ੍ਰਿਸ਼ਟਾਚਾਰ ਆਪਣੇ ਖਤਰਨਾਕ ਪੜਾਅ 'ਤੇ ਪਹੁੰਚ ਚੁੱਕਾ ਹੈ ਤੇ ਸੂਬੇ 'ਚ ਅਮਨ-ਕਾਨੂੰਨ ਦੀ ਹਾਲਤ ਬਦਤਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਕ ਮੁੱਖ ਪਾਰਲੀਮਾਨੀ ਸਕੱਤਰ ਸੋਹਨ ਸਿੰਘ ਠੰਡਲ ਨੂੰ ਭ੍ਰਿਸ਼ਟਾਚਾਰ 'ਚ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਤੇ ਦੂਜੇ ਨੂੰ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕੀਤਾ ਹੈ। ਚਾਰ ਮੰਤਰੀਆਂ ਮਨੋਰੰਜਨ ਕਾਲੀਆ, ਸਵਰਨਾ ਰਾਮ, ਗੁਲਜ਼ਾਰ ਸਿੰਘ ਰਣੀਕੇ ਤੇ ਅਜੀਤ ਸਿੰਘ ਕੋਹਾੜ ਦੇ ਨਾਂ ਭ੍ਰਿਸ਼ਟਾਚਾਰ ਦੇ ਮਾਮਲਿਆਂ ਨਾਲ ਜੁੜ ਰਹੇ ਹਨ। ਬੰਗਾ ਹਲਕੇ ਤੋਂ ਵਿਧਾਇਕ ਮੋਹਨ ਲਾਲ ਨੂੰ ਉਸ ਦੇ ਭਤੀਜੇ ਦੇ ਕਤਲ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ ਜਦਕਿ ਆਦਮਪੁਰ ਤੋਂ ਵਿਧਾਇਕ ਸਰਬਜੀਤ ਸਿੰਘ ਮੱਕੜ ਦਾ ਭਤੀਜਾ ਕਤਲ ਦੇ ਮਾਮਲੇ ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਅਜਿਹਾ ਮਾਹੌਲ ਪੰਜਾਬ ਵਿਚ ਪਹਿਲੀ ਵਾਰ ਬਣਿਆ ਹੈ। ਕੈਪਟਨ ਨੇ ਕਿਹਾ ਕਿ ਸੂਬੇ 'ਚ ਕਾਨੂੰਨ ਤੇ ਵਿਵਸਥਾ ਦੀ ਹਾਲਤ ਇੰਨੀ ਗੰਭੀਰ ਹੋ ਚੁੱਕੀ ਹੈ ਕਿ ਇਥੋਂ ਮਾਓਵਾਦੀਆਂ ਨੂੰ ਹਥਿਆਰ ਸਪਲਾਈ ਹੋਣ ਲੱਗੇ ਹਨ। ਅਕਾਲੀ ਸਰਕਾਰ ਦੇ ਚਾਰ ਸਾਲਾਂ ਦੇ ਸ਼ਾਸਨ ਕਾਲ 'ਚ ਅਪਰਾਧਿਕ ਮਾਮਲਿਆਂ 'ਚ 65 ਪ੍ਰਤੀਸ਼ਤ ਵਾਧਾ ਹੋਇਆ ਹੈ ਜਿਸ ਨਾਲ ਸੂਬੇ 'ਚ ਕੋਈ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਸਿਰ ਚੜ੍ਹੇ ਕਰਜ਼ੇ ਦਾ ਬੋਝ ਹੱਦ ਪਾਰ ਕਰ ਚੁੱਕਾ ਹੈ ਤੇ ਸਰਕਾਰ ਲਗਾਤਾਰ ਕਰਜ਼ਾ ਲੈ ਕੇ ਸੂਬੇ ਨੂੰ ਦੀਵਾਲੀਏਪਣ ਵੱਲ ਧੱਕ ਰਹੀ ਹੈ। ਸਿੱਟੇ ਵਜੋਂ ਸੂਬਾ ਵਿੱਤੀ ਐਮਰਜੈਂਸੀ ਦੀ ਸਥਿਤੀ 'ਤੇ ਪਹੁੰਚ ਗਿਆ ਹੈ।

## ਆਗਾਮੀ ਚੋਣਾਂ 'ਚ ਮੁੱਖ ਮੁੱਦਾ ਭ੍ਰਿਸ਼ਟਾਚਾਰ ਦਾ ਹੋਵੇਗਾ:ਮਨਪ੍ਰੀਤ ਬਾਦਲ

**ਜਲੰਧਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਭ੍ਰਿਸ਼ਟਾਚਾਰ ਨੂੰ ਮੁੱਖ ਚੋਣ ਮੁੱਦਾ ਬਣਾਇਆ ਜਾਵੇਗਾ ਤੇ ਭ੍ਰਿਸ਼ਟਾਚਾਰ ਨੂੰ ਸੂਬੇ ਵਿਚ ਰਤੀ ਭਰ ਵੀ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਮੁੱਖ ਮੰਤਰੀ ਤੇ ਸਾਬਕਾ ਮੁੱਖ ਮੰਤਰੀ ਦੋਵੇਂ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਇਕ-ਦੂਜੇ 'ਤੇ ਚਿੱਕੜ ਸੁੱਟ ਰਹੇ ਹਨ ਤੇ ਇਕ-ਦੂਜੇ ਨੂੰ ਵੱਧ ਭ੍ਰਿਸ਼ਟਾਚਾਰੀ ਸਾਬਤ ਕਰਨ ਦਾ ਜ਼ੋਰ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਤ 'ਚ ਪੰਜਾਬ ਸਰਕਾਰ ਨੂੰ ਭ੍ਰਿਸ਼ਟਾਚਾਰ ਬਾਰੇ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਬਿਆਨ ਦੇਣਾ ਚਾਹੀਦਾ ਹੈ।

ਮਨਪ੍ਰੀਤ ਬਾਦਲ ਨੇ ਭ੍ਰਿਸ਼ਟਾਚਾਰ ਬਾਰੇ ਜਾਰੀ ਬਿਆਨ ਵਿਚ ਵੀ ਕਿਸੇ ਆਗੂ ਦਾ ਨਾਂ ਨਹੀਂ ਲਿਆ ਸਗੋਂ ਉਨ੍ਹਾਂ ਦੇ ਅਹੁਦਿਆਂ ਨਾਲ ਮੁਖਾਤਬ ਹੋ ਕੇ ਹੀ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਿੱਖਿਆ ਮੰਤਰੀ, ਖੇਤੀਬਾੜੀ ਮੰਤਰੀ, ਸਾਬਕਾ ਸਿੱਖਿਆ ਮੰਤਰੀ ਤੇ ਸਾਬਕਾ ਖੇਤੀਬਾੜੀ ਮੰਤਰੀ, ਸਾਬਕਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਤੇ ਮੌਜੂਦਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਤੇ ਹੋਰ ਬਹੁਤ ਸਾਰੇ ਵਿਧਾਇਕ ਤੇ ਮੁੱਖ ਸੰਸਦੀ ਸਕੱਤਰਾਂ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲੱਗੇ ਹੋਏ ਹਨ। ਭ੍ਰਿਸ਼ਟਾਚਾਰ ਰੋਕਣ ਲਈ ਬਣਿਆ ਸੰਗਠਨ ਭ੍ਰਿਸ਼ਟਾਚਾਰੀਆਂ ਵਿਰੁਧ ਕੋਈ ਕਾਰਵਾਈ ਨਹੀਂ ਕਰ ਰਿਹਾ। ਮਨਪ੍ਰੀਤ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਕਜੁੱਟਤਾ ਨਾਲ ਕਥਿਤ ਤਾਕਤਵਰ ਅਖਵਾਉਣ ਵਾਲੇ ਲੋਕਾਂ ਵਿਰੁਧ ਆਵਾਜ਼ ਉਠਾਉਣ ਤਾਂ ਜੋ ਸੂਬੇ ਨੂੰ ਭ੍ਰਿਸ਼ਟਾਚਾਰ ਦੀ ਚੁੰਗਲ 'ਚੋਂ ਮੁਕਤ ਕਰਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅੰਨ੍ਹੀ ਲੁੱਟ ਵਾਲਾ ਰਾਜ ਜਲਦੀ ਹੀ ਅੱਖੋਂ ਓਹਲੇ ਹੋ ਜਾਵੇਗਾ ਕਿਉਂਕਿ ਪੰਜਾਬ ਦੀ ਧਰਤੀ 'ਤੇ ਗੁਰੂਆਂ, ਪੀਰਾਂ ਦੇ ਆਉਣ ਦੀ ਵੱਡੀ ਮਹਾਨਤਾ ਨੂੰ ਇਥੋਂ ਦੇ ਸੂਝਵਾਨ ਲੋਕ ਜਾਣ ਚੁੱਕੇ ਹਨ ਜੋ ਭ੍ਰਿਸ਼ਟਾਚਾਰ ਦੀ ਚੱਲ ਰਹੀ ਵੱਡੀ ਚੱਕੀ ਵਿਚ ਹੁਣ ਨਹੀਂ ਪਿਸਣਾ ਚਾਹੁੰਦੇ। ਉਨ੍ਹਾਂ ਦੀ ਪਾਰਟੀ ਪੰਜਾਬ ਦੇ ਭਲੇ ਲਈ ਅਜਿਹੇ ਅਣਗਿਣਤ ਪ੍ਰੋਗਰਾਮਾਂ ਦਾ ਏਜੰਡਾ ਤਿਆਰ ਕਰ ਚੁੱਕੀ ਹੈ ਜਿਸ ਵਿਚ ਹਰ ਵਰਗ ਦੀ ਭਲਾਈ ਅਤੇ ਮਾਣ ਸਤਿਕਾਰ ਬਰਕਰਾਰ ਰੱਖਿਆ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਸਿੱਖ ਪੰਥ ਤੇ ਪੰਜਾਬ ਸਰਕਾਰ ਨੂੰ ਵਿਸਰੇ ਭਾਈ ਘਨੱਈਆ

**ਸ੍ਰੀ ਆਨੰਦਪੁਰ ਸਾਹਿਬ:** ਅੱਠ ਮਈ ਨੂੰ ਵਿਸ਼ਵ ਰੈਡ ਕਰਾਸ ਦਿਵਸ ਤਹਿਤ ਹਰੇਕ ਇਨਸਾਨ ਨੂੰ ਆਪਣੇ ਅੰਦਰਲੇ ਸਵੈ-ਸੇਵਕ ਨੂੰ ਜਾਣਨ ਲਈ ਪ੍ਰੇਰਿਆ ਗਿਆ ਪਰ ਦੂਜੇ ਪਾਸੇ ਇਤਿਹਾਸ ਦਾ ਅਣਗੌਲਿਆ ਪੱਖ ਇਹ ਵੀ ਹੈ ਕਿ ਸਰ ਹੈਨਰੀ ਡੁਨਾਂਟ ਵੱਲੋਂ ਸ਼ੁਰੂ ਕੀਤੀ ਗਈ ਰੈਡ ਕਰਾਸ ਦੀ ਸੇਵਾ ਤੋਂ 200 ਸਾਲ ਤੋਂ ਵੀ ਪਹਿਲਾਂ ਇਹੋ ਸੇਵਾ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੋਂ ਸ਼ੁਰੂ ਕਰਨ ਵਾਲੇ 'ਭਾਈ ਘਨੱਈਆ' ਦੀ ਯਾਦ ਵਿਚ ਕੁਝ ਕਰਨਾ ਤਾਂ ਦੂਰ ਦੀ ਗੱਲ ਹੈ ਬਲਕਿ ਕਿਸੇ ਨੇ ਉਨ੍ਹਾਂ ਨੂੰ ਯਾਦ ਤੱਕ ਵੀ ਨਹੀਂ ਕੀਤਾ। ਇਹੀ ਕਾਰਨ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਤੋਂ ਕੁਝ ਦੂਰੀ 'ਤੇ ਪਿੰਡ ਮੋਹੀਵਾਲ 'ਚ ਭਾਈ ਘਨੱਈਆ ਦੇ ਵੇਲੇ ਦੀਆਂ ਸੱਤ ਬਾਉਲੀਆਂ ਬਹੁਤ ਹੀ ਖਸਤਾ ਹਾਲ ਹਨ। ਪੰਜਾਬ ਸਰਕਾਰ ਨੇ ਇਸ ਅਣਗੌਲੇ ਪੱਖ ਵੱਲ ਨਹੀਂ ਤੱਕਿਆ ਹੈ ਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਭਾਈ ਘਨੱਈਆ ਦੀ ਯਾਦ ਵਿਚ ਬਣੇ ਸਥਾਨ ਦੀ ਸਾਰ ਲਈ ਹੈ।

ਜਿਸ ਵੇਲੇ ਗੁਰੂ ਗੋਬਿੰਦ ਸਿੰਘ ਦੀਆਂ ਫੌਜਾਂ ਦਾ ਮੁਕਾਬਲਾ ਪਹਾੜੀ ਰਾਜਿਆਂ ਨਾਲ ਸ੍ਰੀ ਆਨੰਦਪੁਰ ਸਾਹਿਬ ਦੇ ਨਾਲ ਲੱਗਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਹੁੰਦਾ ਸੀ ਤਾਂ ਉਸ ਦੌਰਾਨ ਜ਼ਖ਼ਮੀ ਹੋਣ ਵਾਲੇ ਫੌਜੀਆਂ ਨੂੰ ਭਾਈ ਘਨੱਈਆ ਪਾਣੀ ਪਿਲਾਉਣ ਦੀ ਸੇਵਾ ਕਰਦੇ ਸਨ ਤੇ ਮੱਲ੍ਹਮ-ਪੱਟੀ ਵੀ ਕਰਦੇ ਸਨ। ਭਾਈ ਘਨੱਈਆ ਪਿੰਡ ਮੋਹੀਵਾਲ 'ਚ ਇਤਿਹਾਸਕ ਬਾਉਲੀਆਂ ਤੇ ਸ੍ਰੀ ਆਨੰਦਪੁਰ ਸਾਹਿਬ 'ਚ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਬਾਉਲੀ ਸਹਿਤ ਹੋਰ ਸਥਾਨਕ ਖੂਹਾਂ ਤੋਂ ਪਾਣੀ ਭਰ ਕੇ ਲਿਆਉਂਦੇ ਸਨ। ਉਕਤ ਬਾਉਲੀਆਂ ਤੋਂ ਇਲਾਵਾ ਆਸ-ਪਾਸ ਦੇ ਕਿਸੇ ਵੀ ਹਿੱਸੇ ਵਿਚ ਪਾਣੀ ਨਹੀਂ ਮਿਲਦਾ ਸੀ। ਪਿੰਡ ਮੋਹੀਵਾਲ 'ਚ ਬਣੀਆਂ ਸੱਤ ਬਾਉਲੀਆਂ ਵਿਚੋਂ ਕੁਦਰਤੀ ਤੌਰ 'ਤੇ ਹੀ ਪਾਣੀ ਨਿਕਲਦਾ ਹੁੰਦਾ ਸੀ ਤੇ ਭਾਈ ਘਨੱਈਆ ਆਪਣੀ ਮਸ਼ਕ ਵਿਚ ਪਾਣੀ ਭਰ ਕੇ ਜਲ ਦੀ ਸੇਵਾ ਕਰਦੇ ਹੁੰਦੇ ਸਨ।

ਉਕਤ ਸਥਾਨ ਜਿੱਥੇ ਅੱਜ-ਕੱਲ੍ਹ ਭਾਈ ਘਨੱਈਆ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਦਾ ਨਿਰਮਾਣ ਸੰਤ ਬਾਬਾ ਲਾਭ ਸਿੰਘ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਦੀ ਅਗਵਾਈ ਵਿਚ ਬਾਬਾ ਮਹਿੰਦਰ ਸਿੰਘ ਯੂ.ਕੇ. ਵਾਲਿਆਂ ਵੱਲੋਂ ਕਰਵਾਈ ਗਈ ਹੈ, ਵਿਖੇ ਅੱਜ ਕੱਲ੍ਹ ਚਾਰ ਹੀ ਬਾਉਲੀਆਂ ਬਾਕੀ ਰਹਿ ਗਈਆਂ ਹਨ। ਇੱਥੋਂ ਕੁਝ ਦੂਰੀ 'ਤੇ ਸਥਿਤ ਕਿਲ੍ਹਾ ਤਾਰਾਗੜ੍ਹ 'ਚ 500 ਬ੍ਰਹਮਗਿਆਨੀ ਰਹਿੰਦੇ ਸਨ। ਇਨ੍ਹਾਂ ਬਾਉਲੀਆਂ ਤੋਂ ਭਾਈ ਘਨੱਈਆ ਜ਼ਖ਼ਮੀ ਤੇ ਥੱਕੇ-ਟੁੱਟੇ ਬ੍ਰਹਮਗਿਆਨੀਆਂ ਨੂੰ ਵੀ ਆਪਣੀ ਮਸ਼ਕ ਰਾਹੀਂ ਪਾਣੀ ਪਿਲਾਉਂਦੇ ਸਨ। ਇਸੇ ਤਰ੍ਹਾਂ ਹੀ ਸੇਵਾ ਦੇ ਪੁੰਜ ਭਾਈ ਘਨੱਈਆ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਸਾਹਿਬ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਦਰਮਿਆਨ ਜੰਗ 'ਚ ਜ਼ਖ਼ਮੀ ਹੋਣ ਵਾਲੇ ਸੈਨਿਕਾਂ ਨੂੰ ਪਾਣੀ ਵੀ ਪਿਲਾਉਂਦੇ ਸਨ ਤੇ ਉਨ੍ਹਾਂ ਦੀ ਮੱਲ੍ਹਮ-ਪੱਟੀ ਵੀ ਕਰਦੇ ਹੁੰਦੇ ਸਨ।

## ਮਨੀਲਾ 'ਚ ਫਿਰੌਤੀ ਲਈ ਪੰਜਾਬਣ ਅਗਵਾ

**ਚੰਡੀਗੜ੍ਹ:** ਮਨੀਲਾ 'ਚ ਫਿਰੌਤੀ ਲਈ ਪੰਜਾਬਣ ਨੂੰ ਅਗਵਾ ਕਰ ਲਿਆ ਗਿਆ। ਬਾਅਦ 'ਚ ਅਗਵਾ ਕੀਤੀ ਪੰਜਾਬਣ ਨੂੰ ਅਗਵਾਕਾਰਾਂ ਨੇ 21 ਲੱਖ ਰੁਪਏ ਦੀ ਫਿਰੌਤੀ ਲੈਣ ਤੋਂ ਬਾਅਦ ਰਿਹਾ ਕਰ ਦਿੱਤਾ। ਇਹ ਮੁਟਿਆਰ ਜਲੰਧਰ ਨੇੜਲੇ ਪਿੰਡ ਸਿੱਧਵਾਂ ਦੋਨਾ ਦੀ ਰਹਿਣ ਵਾਲੀ ਹੈ। ਉਸ ਨੂੰ ਅਗਵਾਕਾਰਾਂ ਨੇ ਮਨੀਲਾ ਦੇ ਨੇੜਲੇ ਸ਼ਹਿਰ ਮੀਕਵਾਈਨ ਤੋਂ ਅਗਵਾ ਕੀਤਾ ਸੀ ਤੇ ਛੱਡਣ ਬਦਲੇ 50 ਲੱਖ ਰੁਪਏ ਦੀ ਮੰਗ ਕੀਤੀ ਸੀ। ਆਖਰ 21 ਲੱਖ ਰੁਪਏ ਵਿਚ ਸੌਦਾ ਤੈਅ ਹੋ ਗਿਆ।

ਇਸ ਤੋਂ ਪਹਿਲਾਂ ਪਿਛਲੇ ਸਾਲ ਇਸ ਦੇ ਪਤੀ ਤੇ ਦਿਓਰ ਨੂੰ ਵੀ ਅਗਵਾਕਾਰਾਂ ਨੇ ਅਗਵਾ ਕਰ ਲਿਆ ਸੀ। ਦੋਵਾਂ ਭਰਾਵਾਂ ਨੂੰ ਛੱਡਣ ਬਦਲੇ ਅਗਵਾਕਾਰਾਂ ਨੇ ਦੋ ਕਰੋੜ ਰੁਪਏ ਦੀ ਮੰਗ ਕੀਤੀ ਸੀ। ਇਨ੍ਹਾਂ ਦੋ ਭਰਾਵਾਂ ਨੂੰ ਅਗਵਾ ਕਰਨ ਦੇ ਕੁਝ ਦਿਨ ਬਾਅਦ ਹੀ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਸੱਤ ਅਗਵਾਕਾਰਾਂ ਵਿਚੋਂ 6 ਅਗਵਾਕਾਰ ਮਾਰੇ ਗਏ ਸਨ। ਮਨੀਲਾ ਵਿਚ ਇਹ ਪਹਿਲੀ ਘਟਨਾ ਸੀ ਜਦੋਂ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਅਗਵਾਕਾਰ ਮਾਰੇ ਗਏ ਹੋਣ। ਉਕਤ ਪੰਜਾਬਣ ਨੂੰ ਅਗਵਾ ਕਰਨ ਦੀ ਘਟਨਾ ਨਾਲ ਉਥੇ ਵਸਦੇ ਪੰਜਾਬੀਆਂ ਦੇ ਮਨਾਂ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।










# ਮਜੀਠੀਆ ਪਰਿਵਾਰ ਦੀਆਂ ਮਨਮਰਜ਼ੀਆਂ ਅੱਗੇ ਸਾਰੇ ਬੇਵਸ

**ਚੰਡੀਗੜ੍ਹ:** ਪੰਜਾਬ ਦੀਆਂ ਅੱਠ ਸਹਿਕਾਰੀ ਖੰਡ ਮਿੱਲਾਂ ਵਿਚ ਬਿਜਲੀ ਉਤਪਾਦਨ ਦੇ ਕੋ-ਜੈਨਰੇਸ਼ਨ ਪਲਾਂਟ ਕਾਇਮ ਕਰਨ ਦਾ ਕੰਮ ਲਮਕ ਜਾਣ ਕਾਰਨ ਘਾਟੇ ਵਿਚ ਚੱਲ ਰਹੀਆਂ ਖੰਡ ਮਿੱਲਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਇਨ੍ਹਾਂ ਪਲਾਂਟਾਂ ਦੇ ਚੱਲਣ ਵਿਚ ਦੇਰੀ ਦੀ ਮੁੱਖ ਵਜ੍ਹਾ ਠੇਕੇਦਾਰਾਂ ਵੱਲੋਂ ਸ਼ਰਤਾਂ ਮੁਤਾਬਕ ਰਕਮ ਜਮ੍ਹਾਂ ਨਾ ਕਰਾਉਣਾ ਹੈ। ਖੰਡ ਮਿੱਲਾਂ ਵਿਚ ਚਾਰ ਖੰਡ ਮਿੱਲਾਂ ਵਿਚ ਪਲਾਂਟ ਲਾਉਣ ਦਾ ਠੇਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕੁੜਮਾਂ-ਮਜੀਠੀਆ ਪਰਿਵਾਰ ਨਾਲ ਸਬੰਧਤ ਕੰਪਨੀ 'ਸਰਾਯਾਜ ਇੰਡਸਟਰੀਜ਼ ਲਿਮਟਿਡ ਨਵੀਂ ਦਿੱਲੀ' ਨੂੰ ਦਿੱਤਾ ਗਿਆ ਸੀ।

ਮਜੀਠੀਆ ਪਰਿਵਾਰ ਦੀ ਸਰਾਯਾਜ ਇੰਡਸਟਰੀਜ਼ ਵੱਲੋਂ ਹੁਣ ਤੱਕ ਕਿਸੇ ਵੀ ਖੰਡ ਮਿੱਲ ਵਿਚ ਕੋਈ ਪ੍ਰਗਤੀ ਨਹੀਂ ਕੀਤੀ ਗਈ। ਸ਼ੂਗਰਫੈੱਡ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੇ ਰਿਸ਼ਤੇਦਾਰਾਂ ਦੀ ਕੰਪਨੀ ਵੱਲੋਂ ਕੋਈ ਕੰਮ ਨਾ ਕੀਤੇ ਜਾਣ ਕਾਰਨ ਬਾਕੀ ਦੇ ਠੇਕੇਦਾਰਾਂ ਨੇ ਵੀ ਢਿੱਲ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਨਤੀਜਾ ਇਹ ਨਿਕਲਿਆ ਹੈ ਕਿ ਖੰਡ ਮਿੱਲਾਂ 'ਚੋਂ ਬਿਜਲੀ ਦਾ ਉਤਪਾਦਨ ਹੁਣ ਦੂਰ ਹੈ। ਸੀ। ਉਧਰ ਸ਼ੂਗਰਫੈੱਡ ਦੇ ਅਧਿਕਾਰੀ ਨੇ ਕਿਹਾ ਹੈ ਕਿ ਚਾਰ ਖੰਡ ਮਿੱਲਾਂ ਦਾ ਠੇਕਾ ਮਜੀਠੀਆ ਪਰਿਵਾਰ ਨਾਲ ਸਬੰਧਤ ਕੰਪਨੀ ਕੋਲ ਹੋਣ ਕਾਰਨ ਵਿਭਾਗ ਦੂਜੇ ਠੇਕੇਦਾਰਾਂ ਖਿਲਾਫ਼ ਵੀ ਕੋਈ ਕਾਰਵਾਈ ਨਹੀਂ ਕਰ ਸਕਦਾ। ਕੈਪਟਨ ਕੰਵਲਜੀਤ ਸਿੰਘ ਦੀ ਮੌਤ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਹਿਕਾਰਤਾ ਵਿਭਾਗ ਆਪਣੇ ਕੋਲ ਹੀ ਰੱਖਿਆ ਹੋਇਆ ਹੈ।

ਪੰਜਾਬ ਸਰਕਾਰ ਵੱਲੋਂ 12 ਜਨਵਰੀ 2009 ਨੂੰ ਕੀਤੇ ਸਮਝੌਤੇ ਤਹਿਤ ਸਰਾਯਾਜ ਇੰਡਸਟਰੀਜ਼ ਨਵੀਂ ਦਿੱਲੀ ਨੂੰ ਅਜਨਾਲਾ, ਗੁਰਦਾਸਪੁਰ, ਨਵਾਂਸ਼ਹਿਰ ਤੇ ਬਟਾਲਾ ਦੀਆਂ

## ਖੰਡ ਮਿੱਲਾਂ ਵਿਚ ਬਿਜਲੀ ਪਲਾਂਟ ਨਾ ਲਾਏ

ਸਹਿਕਾਰੀ ਖੰਡ ਮਿੱਲਾਂ ਲਈ ਠੇਕਾ ਦਿੱਤਾ ਗਿਆ ਸੀ। ਇਸੇ ਤਰ੍ਹਾਂ ਏ.ਟੂ ਜ਼ੈਡ ਇਨਫਰਾਸਟ੍ਰਕਚਰ ਪ੍ਰਾਈਵੇਟ ਲਿਮਟਿਡ ਗੁੜਗਾਉਂ ਨੂੰ ਫਾਜ਼ਿਲਕਾ, ਮੋਰਿੰਡਾ ਤੇ ਨਕੋਦਰ ਦੀਆਂ ਖੰਡ ਮਿੱਲਾਂ ਦਾ ਠੇਕਾ ਦਿੱਤਾ ਗਿਆ ਸੀ। ਲੁਧਿਆਣਾ ਜ਼ਿਲ੍ਹੇ ਵਿਚਲੀ ਬੁੱਢੇਵਾਲ ਖੰਡ ਮਿੱਲ ਦਾ ਠੇਕਾ ਪੂਰਵ ਇਨਫਰਾਸਟ੍ਰਕਚਰ ਪ੍ਰਾਜੈਕਟਸ ਲਿਮਟਿਡ ਅੰਮ੍ਰਿਤਸਰ ਨੂੰ ਦਿੱਤਾ ਗਿਆ ਸੀ। ਸਰਕਾਰ ਨਾਲ ਕੰਪਨੀਆਂ ਦੇ ਹੋਏ ਇਸ ਸਮਝੌਤੇ ਤਹਿਤ ਕੋ-ਜੈਨਰੇਸ਼ਨ ਪਲਾਂਟ 31 ਅਗਸਤ 2010 ਤੱਕ ਮੁਕੰਮਲ ਹੋਣੇ ਸਨ। ਠੇਕੇ ਦੀਆਂ ਸ਼ਰਤਾਂ ਮੁਤਾਬਕ ਤੈਅ ਤਾਰੀਖ਼ ਤੋਂ 6 ਮਹੀਨੇ ਦਾ ਸਮਾਂ ਲੰਘ ਗਿਆ ਹੈ ਪਰ ਠੇਕੇਦਾਰਾਂ ਨੇ ਅਜੇ ਤੱਕ ਵੀ ਕੋਈ ਵੱਡੀ ਸ਼ੁਰੂਆਤ ਨਹੀਂ ਕੀਤੀ।

ਠੇਕੇਦਾਰਾਂ ਨੇ ਦੇਰੀ ਦਾ ਕਾਰਨ ਵਾਤਾਵਰਨ ਮੰਤਰਾਲੇ, ਪ੍ਰਦੂਸ਼ਣ ਰੋਕਥਾਮ ਬੋਰਡ ਤੇ ਹੋਰ ਸਰਕਾਰੀ ਵਿਭਾਗਾਂ ਤੋਂ ਮਨਜ਼ੂਰੀਆਂ ਦਾ ਨਾ ਮਿਲਣਾ ਦੱਸਿਆ ਹੈ ਪਰ ਇੱਕੋ ਹੀ ਕੰਪਨੀ ਵੱਲੋਂ ਚਾਰ ਖੰਡ ਮਿੱਲਾਂ ਵਿਚ ਕੁਝ ਵੀ ਨਾ ਕਰਨਾ, ਠੇਕੇਦਾਰਾਂ ਦੇ ਦਾਅਵਿਆਂ 'ਤੇ ਸਵਾਲ ਖੜ੍ਹਾ ਕਰਦਾ ਹੈ। ਵਿਭਾਗ ਨੇ ਵੀ ਠੇਕੇਦਾਰਾਂ ਵਿਰੁੱਧ ਕਾਰਵਾਈ ਬਾਰੇ ਚੁੱਪ ਧਾਰੀ ਹੋਈ ਹੈ।

ਮਾਮਲਾ ਮਜੀਠੀਆ ਪਰਿਵਾਰ ਨਾਲ ਜੁੜਿਆ ਹੋਣ ਕਾਰਨ ਕੋਈ ਅਧਿਕਾਰੀ ਖੁੱਲ੍ਹ ਕੇ ਕੁਝ ਨਹੀਂ ਕਹਿ ਰਿਹਾ ਤੇ ਨਾ ਹੀ ਕਾਰਵਾਈ ਕਰਨ ਦੀ ਹਿੰਮਤ ਕਰ ਰਿਹਾ ਹੈ। ਠੇਕੇ ਦੀਆਂ ਸ਼ਰਤਾਂ ਮੁਤਾਬਕ ਛੋਟ ਦਾ ਸਮਾਂ ਜੋ ਕਿ 15 ਸਾਲ ਦਿੱਤਾ ਗਿਆ ਹੈ।ਜਿਸ ਦਾ ਸਮਾਂ 1 ਸਤੰਬਰ 2010 ਤੋਂ ਸ਼ੁਰੂ ਹੋਣਾ ਸੀ। ਸ਼ੂਗਰਫੈੱਡ ਦੇ ਸੂਤਰਾਂ ਮੁਤਾਬਕ ਨਕੋਦਰ, ਮੋਰਿੰਡਾ, ਬੁੱਢੇਵਾਲ ਤੇ ਫਾਜ਼ਿਲਕਾ ਦੀਆਂ ਖੰਡ ਮਿੱਲਾਂ ਵਿਚ ਜਿਨ੍ਹਾਂ ਕੰਪਨੀਆਂ ਨੇ ਕੋ-ਜੈਨਰੇਸ਼ਨ ਪਲਾਂਟਾਂ ਦੀ ਸਥਾਪਨਾ ਕਰਨੀ ਹੈ, ਨੇ ਕਾਫੀ ਹੱਦ ਤੱਕ ਕੰਮ ਕਰ ਲਿਆ ਇਸ ਕੰਮ ਵਿਚ ਉਸਾਰੀ, ਮਕੈਨੀਕਲ ਤੇ ਇਲੈਕਟ੍ਰੀਕਲ ਦਾ ਕੰਮ ਸ਼ਾਮਲ ਹੈ। । ਸੂਤਰਾਂ ਦਾ ਦੱਸਣਾ ਹੈ ਕਿ ਹਰ ਇਕ ਕੰਪਨੀ ਨੇ ਪ੍ਰਤੀ ਖੰਡ ਮਿੱਲ 50 ਲੱਖ ਰੁਪਏ ਜਮ੍ਹਾਂ ਕਰਾਉਣੇ ਸਨ। ਇਹ ਰਾਸ਼ੀ 11 ਅਪਰੈਲ 2009 ਤੱਕ ਜਮ੍ਹਾਂ ਕਰਾਉਣੀ ਸੀ। ਇਸ ਤਾਰੀਖ਼ ਤੱਕ ਕੁੱਲ 16 ਕਰੋੜ ਰੁਪਏ ਜਮ੍ਹਾਂ ਕਰਾਏ ਜਾਣੇ ਸਨ। ਸਰਾਯਾਜ ਇੰਡਸਟਰੀਜ਼ ਲਿਮਟਿਡ ਨੇ ਆਪਣੇ ਹਿੱਸੇ ਦੀ ਰਾਸ਼ੀ ਜਮ੍ਹਾਂ ਨਹੀਂ ਕਰਾਈ। ਇਸ ਕੰਪਨੀ ਦਾ ਰੁਖ਼ ਦੇਖਦਿਆਂ ਦੂਜੀਆਂ ਕੰਪਨੀਆਂ ਨੇ ਵੀ ਨਖਰੇ ਕਰਨੇ ਸ਼ੁਰੂ ਕਰ ਦਿੱਤੇ।

ਠੇਕੇ ਦੀਆਂ ਹੋਰ ਸ਼ਰਤਾਂ ਮੁਤਾਬਕ ਕੋ-ਜੈਨਰੇਸ਼ਨ ਤੋਂ ਪੈਦਾ ਹੋਣ ਵਾਲੀ ਬਿਜਲੀ ਜੋ ਠੇਕੇਦਾਰਾਂ ਨੇ ਮਾਰਕੀਟ ਵਿਚ ਵੇਚਣੀ ਸੀ, ਦਾ 5.50 ਤੋਂ 10.25 ਫੀਸਦੀ ਤੱਕ ਹਿੱਸਾ ਮਿੱਲ ਨੂੰ ਦੇਣਾ ਹੈ। ਸਹਿਮਤੀ ਪੱਤਰ ਮੁਤਾਬਕ ਮੋਰਿੰਡਾ ਖੰਡ ਮਿੱਲ ਵਿਚ 25 ਤੇ ਬਾਕੀ ਖੰਡ ਮਿੱਲਾਂ ਵਿੱਚ 20 ਮੈਗਾਵਾਟ ਤੱਕ ਦੀ ਬਿਜਲੀ ਉਤਪਾਦਨ ਦੇ ਯੂਨਿਟ ਲਗਾਏ ਜਾਣੇ ਹਨ। ਜ਼ਮੀਨ 'ਤੇ ਗੰਨੇ ਦੀ ਖੋਈ ਖੰਡ ਮਿੱਲਾਂ ਨੇ ਮੁਫ਼ਤ ਦੇਣੀ ਹੈ। ਅਜਨਾਲਾ, ਗੁਰਦਾਸਪੁਰ, ਨਵਾਂਸ਼ਹਿਰ ਤੇ ਮੋਰਿੰਡਾ ਤੋਂ 50 ਲੱਖ ਰੁਪਏ ਦੀ ਸਾਲਾਨਾ ਆਮਦਨ ਖੰਡ ਮਿੱਲਾਂ ਨੂੰ ਹੋਣੀ ਹੈ। ਫਾਜ਼ਿਲਕਾ, ਬਟਾਲਾ, ਬੁੱਢੇਵਾਲ ਤੇ ਨਕੋਦਰ ਤੋਂ 25 -25 ਲੱਖ ਰੁਏ ਦੀ ਆਮਦਨ ਹੋਣੀ ਹੈ।

## ਭ੍ਰਿਸ਼ਟ ਜੱਜਾਂ ਦੀ ਛੁੱਟੀ ਦੀ ਕਰੋ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਹੇਠਲੀਆਂ ਅਦਾਲਤਾਂ ਦੇ ਭ੍ਰਿਸ਼ਟ ਜੱਜਾਂ 'ਤੇ ਵਰ੍ਹਦਿਆਂ ਕਿਹਾ ਹੈ ਕਿ ਅਜਿਹੇ ਜੱਜਾਂ ਦੀ ਅਦਾਲਤਾਂ ਵਿਚ ਕੋਈ ਥਾਂ ਨਹੀਂ ਹੈ ਤੇ ਉਨ੍ਹਾਂ ਨੂੰ ਘਰ ਭੇਜ ਦੇਣਾ ਚਾਹੀਦਾ ਹੈ। ਦੇਸ਼ ਦੀ ਸਰਬਉਚ ਅਦਾਲਤ ਨੇ ਹੁਕਮ-ਅਦੂਲੀ ਕਰਨ ਦੇ ਮਾਮਲੇ ਵਿਚ ਇਕ ਔਰਤ ਜੱਜ ਦੀ ਖਿਚਾਈ ਕਰਦਿਆਂ ਉਸ ਨੂੰ 'ਸੁਪਰ ਸੁਪਰੀਮ ਕੋਰਟ' ਕਰਾਰ ਦਿੱਤਾ।

ਜਸਟਿਸ ਮਾਰਕੰਡੇ ਕਟਜੂ ਤੇ ਗਿਆਨ ਸੁਧਾ ਮਿਸਰਾ 'ਤੇ ਆਧਾਰਿਤ ਜੱਜਾਂ ਦੇ ਬੈਂਚ ਨੇ ਕਿਹਾ ਕਿ ਤੁਸੀਂ ਸੁਪਰੀਮ ਕੋਰਟ ਨੂੰ ਇਕ ਮਖੌਲ ਸਮਝਿਆ ਹੈ। ਅੱਜ ਲੋਕ ਜੱਜਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ। ਹਰ ਕਿਸਮ ਦੀਆਂ ਗੱਲਾਂ ਜਿਵੇਂ ਹੇਠਲੀਆਂ ਅਦਾਲਤਾਂ ਦੇ 80 ਫੀਸਦੀ ਜੱਜ ਭ੍ਰਿਸ਼ਟ ਹਨ, ਸੁਣਨ ਨੂੰ ਮਿਲ ਰਹੀਆਂ ਹਨ।ਜੋ ਕਿ ਬੁਹਤ ਹੀ ਸ਼ਰਮਨਾਕ ਹੈ।

## ਮਜੀਠੀਆ ਪਰਿਵਾਰ ਨੇ ਕਰੋੜਾਂ ਦਾ ਚੂਨਾ ਲਾਇਆ:ਪੰਚ ਪ੍ਰਧਾਨੀ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਿਨ੍ਹਾਂ ਕੋਲ ਸਹਿਕਾਰਤਾ ਵਿਭਾਗ ਵੀ ਹੈ, ਉਪਰ ਦੋਸ਼ ਲਾਇਆ ਹੈ ਕਿ ਉਨ੍ਹਾਂ ਆਪਣੇ ਪੁੱਤਰ ਤੇ ਉੱਪ ਮੁਖ ਮੰਤਰੀ ਸੁਖਬੀਰ ਬਾਦਲ ਦੇ ਸਹੁਰਾ ਮਜੀਠੀਆ ਪਰਿਵਾਰ ਨੂੰ ਆਰਥਿਕ ਲਾਭ ਪਹੁੰਚਾਉਣ ਲਈ ਸਰਕਾਰ ਦੇ ਸਹਿਕਾਰੀ ਵਿਭਾਗ ਅਧੀਨ ਚੱਲ ਰਹੀਆਂ ਖੰਡ ਮਿੱਲਾਂ ਵਿਚ ਬਿਜਲੀ ਪਲਾਂਟ ਲਾਉਣ ਦੇ ਠੇਕੇ ਦੇਣ ਤੇ ਇਸ ਕੰਮ ਨੂੰ ਪੂਰਾ ਕਰਨ ਸਮੇਂ ਪੱਖਪਾਤ ਤੇ ਭਾਈ-ਭਤੀਜਾਵਾਦ ਦਾ ਸਹਾਰਾ ਲੈਂਦੇ ਹੋਏ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਹੈ।

ਪਾਰਟੀ ਦੇ ਕੌਮੀ ਪੰਚ ਕਮਿੱਕਰ ਸਿੰਘ ਮੁਕੰਦਪੁਰ, ਕੁਲਬੀਰ ਸਿੰਘ ਬੜ੍ਹਾ ਪਿੰਡ, ਜਨਰਲ ਸਕੱਤਰ ਅਮਰੀਕ ਸਿੰਘ ਈਸੜੂ ਤੇ ਜਥੇਬੰਧਕ ਸਕੱਤਰ ਜਸਵੀਰ ਸਿੰਘ ਖੰਡੂਰ ਨੇ ਕਿਹਾ ਹੈ ਕਿ ਪੰਜਾਬ ਦੀਆਂ ਅੱਠ ਸਹਿਕਾਰੀ ਖੰਡ ਮਿੱਲਾਂ ਵਿਚ ਬਿਜਲੀ ਉਤਪਾਦਨ ਦੇ ਕੋ-ਜਨਰੇਸ਼ਨ ਪਲਾਂਟ ਸਥਾਪਤ ਕਰਨ ਲਈ ਅਜਨਾਲਾ, ਗੁਰਦਾਸਪੁਰ, ਨਵਾਂ ਸ਼ਹਿਰ ਤੇ ਬਟਾਲਾ ਸਥਿਤ ਚਾਰ ਦਾ ਠੇਕਾ ਬਿਕਰਮ ਮਜੀਠੀਆ ਦੀ ਮਲਕੀਅਤ ਵਾਲੀ ਨਵੀਂ ਦਿੱਲੀ ਦੀ ਕੰਪਨੀ ਸਰਾਯਾਜ਼ ਨੂੰ 12 ਜਨਵਰੀ 2009 ਨੂੰ ਦਿੱਤਾ ਗਿਆ। ਸਰਕਾਰ ਨਾਲ ਹੋਏ ਸਮਝੌਤੇ ਤਹਿਤ ਇਨ੍ਹਾਂ ਕੰਪਨੀਆਂ ਨੇ ਇਹ ਕੰਮ 31 ਅਗਸਤ 2010 ਤਕ ਪੂਰਾ ਕਰਨਾ ਸੀ ਤੇ ਹਰ ਕੰਪਨੀ ਨੇ ਪ੍ਰਤੀ ਮਿੱਲ 50 ਲੱਖ ਰੁਪਏ ਸਰਕਾਰ ਕੋਲ ਜਮ੍ਹਾਂ ਕਰਵਾਉਣੇ ਸੀ। ਭਾਵੇਂਕਿ ਦੂਜੀਆਂ ਮਿੱਲਾਂ ਵਿਚ ਇਸ ਅਧੀਨ ਕੰਮ ਚੱਲ ਰਿਹਾ ਹੈ ਤੇ ਇਹ ਪੂਰੀ ਹੋਣ ਦੀ ਸਟੇਜ ਤਕ ਪਹੁੰਚ ਚੁੱਕਾ ਹੈ। ਪਰ ਮਜੀਠੀਆ ਪਰਿਵਾਰ ਨੇ ਨਾ ਹੀ ਸਰਕਾਰ ਕੋਲ ਕੋਈ ਪੈਸਾ ਜਮ੍ਹਾਂ ਕਰਵਾਇਆ ਹੈ ਤੇ ਨਾ ਹੀ ਇਨ੍ਹਾਂ ਪ੍ਰਾਜੈਕਟਾਂ ਉਪਰ ਕੰਮ ਸ਼ੁਰੂ ਕੀਤਾ ਹੈ।

ਇਸ ਨਾਲ ਜਿਥੇ ਪੰਜਾਬ ਸਰਕਾਰ ਨੂੰ ਕਰੋੜਾਂ ਦਾ ਘਾਟਾ ਪਿਆ ਹੈ ਉਥੇ ਸਰਕਾਰ ਦੀ ਇਸ ਕੁੜਮਾਚਾਰੀ ਕਾਰਨ ਪੰਜਾਬ ਵਿਚ ਬਿਜਲੀ ਉਤਪਾਦਨ ਵਿਚ ਅੜਿੱਕਾ ਵੀ ਖੜ੍ਹਾ ਹੋ ਗਿਆ ਹੈ।

## ਪਾਕਿ 'ਚ ਘੱਟ ਗਿਣਤੀ ਭਾਈਚਾਰੇ ਅਸੁਰੱਖਿਅਤ

**ਇਸਲਾਮਾਬਾਦ:** ਪਾਕਿਸਤਾਨ ਵਿਚਲੇ ਹਿੰਦੂ ਤੇ ਸਿੱਖਾਂ ਨੇ ਅਸੁਰੱਖਿਆ ਦੀ ਭਾਵਨਾ ਹੇਠ ਰਹਿ ਰਹੇ ਘੱਟ ਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਉਨ੍ਹਾਂ ਪੰਜਾਬ ਸੂਬੇ ਦੇ ਹਸਨ ਅਬਦਾਲ ਸ਼ਹਿਰ 'ਚ ਭਾਈਚਾਰੇ ਦੇ ਦੁਕਾਨਦਾਰ ਦੀ ਹੱਤਿਆ ਕਾਰਨ ਰੋਸ ਪ੍ਰਦਰਸ਼ਨ ਕੀਤਾ।

ਇਸ ਦੁਕਾਨਦਾਰ ਦੀ 4 ਮਈ ਨੂੰ ਦੁਕਾਨ ਤੋਂ ਘਰ ਪਰਤਦੇ ਹੋਏ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਹਿੰਦੂਆਂ ਤੇ ਸਿੱਖਾਂ ਨੇ ਉਸ ਹਸਪਤਾਲ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਜਿੱਥੇ ਲਾਸ਼ ਪੋਸਟਮਾਰਟਮ ਲਈ ਲਿਆਂਦੀ ਹੋਈ ਸੀ।

Rising Sun Transport Roanoke,VA



ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਈਸਟ ਕੋਸਟ ਤੋਂ ਵੈਸਟ ਕੋਸਟ

*ਡਰਾਈ ਅਤੇ ਰੀਫਰ ਲੋਡ *ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ
*ਕਾਗਜ਼ ਪੂਰੇ ਕਰਨ 'ਤੇ ਤੁਰਤ ਭੁਗਤਾਨ

ਕਾਲ ਕਰੋ:ਹਰਮੀਤ ਸਿੰਘ ਮਥੌਂਡਾ, ਫੋਨ:540-632-3671

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

Akal Immigration

In Association with

Max Berger Law Corporation



Canadian Immigration





Max Berger B.F.A. LL.B.
Immigration Lawyer since 1983

Narinder Paul Singh B.Sc.
(Kashmir University -1971)

ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ ਕੈਨੇਡਾ ਦੀ ਇਮੀਗਰੇਸ਼ਨ ਮਿਲ ਸਕਦੀ ਹੈ

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas, Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

ਫੋਨ:(905) 795-1516

Need Agents in the USA

Nanak Plaza 1380- Cardiff Blvd. #: 2 Mississauga (On.) L5S1P9 Canada
E-mail: info@akalimmigration.com Website: www.akalimmigration.com

FARMERS INSURANCE GROUP
Symbol of Superior Service

# FARMERS®

**181 Metro Drive, Suite 290, San Jose, CA 95110**

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

***"Call for a review of any of your insurance policies or to get a quote"***
***Totally Free and No Obligation to buy from us!!***



**Satwant Singh**
**Insurance Agent**
**License # OH11256**

***Auto *Home *Life *Business *Workers Compensation**

**Call for consultation**

# Ph: 408-771-2438

***408-580-6063, 408-687-7566***

**Fax: 408-573-3829**

**ssingh6@farmeragent.com**

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**
**Fax: 209-836-0706**
**www.gotracy.com**

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

REALTY WORLD®
Millennium

# Gurbans Gill 209-815-1869

# ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ

## 15 ਮਈ 2011 ਦਿਨ ਐਤਵਾਰ

**ਗੁਰਦੁਆਰਾ ਸਾਹਿਬ, ਫਰੀਮਾਂਟ**
**ਗੁਰਦੁਆਰਾ ਸਾਹਿਬ, ਫੇਅਰਫੀਲਡ**
**ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਟਰੇਸੀ**

ਪੰਜਾਬੀ ਰੇਡੀਓ ਯੂਐਸਏ
ON THE AIR
# Punjabi RADIO USA
*Uniting Punjabi's All Over*

## ਇੰਟਰਨੈਟ ਰੇਡੀਓ $ 140 ਵਾਲਾ ਹੁਣ $ 99 ਨੂੰ

(ਇਸ ਉਪਰ 15000 ਤੋਂ ਵੱਧ ਤੇ ਸਾਰੀ ਦੁਨੀਆਂ ਦੇ ਪੰਜਾਬੀ ਸਟੇਸ਼ਨ ਸੁਣ ਸਕਦੇ ਹੋ)

## ਛੋਟੇ ਰੇਡੀਓ ਦੀ ਕੀਮਤ $ 25 ਵੱਡੇ ਰੇਡੀਓ ਦੀ ਕੀਮਤ $ 35

# PUNJABI RADIO USA

**ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ**
**I-Phone ਤੇ Android Application**
**ਤੁਸੀਂ ਕਿਸੇ ਸਮੇਂ ਵੀ**
**ਮੁਫ਼ਤ ਡਾਊਨਲੋਡ**
**ਕਰ ਸਕਦੇ ਹੋ।**



## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : ਅੰਮ੍ਰਿਤ ਵੇਲਾ ਸਚ ਨਾਉ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ ਖ਼ਬਰਾਂ ਹਰ ਦੋ ਘੰਟੇ ਬਾਅਦ
- ਸਵੇਰੇ 10 ਤੋਂ 11 ਵਜੇ : ਆਤਮਿਕ ਆਨੰਦ ਪ੍ਰੋਗਰਾਮ – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : ਕੁਝ ਗੱਲਾਂ ਕੁਝ ਗੀਤ (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7 ਵਜੇ : ਸਰਬ ਸਾਂਝੀ ਗੁਰਬਾਣੀ – ਰਹਿਰਾਸ ਸਾਹਿਬ ਤੇ ਕੀਰਤਨ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ
- ਰਾਤ 7 ਤੋਂ 8 ਵਜੇ ਤੱਕ : ਕਥਾ ਭਾਈ ਪਿੰਦਰਪਾਲ ਸਿੰਘ (Live Coverage)
- ਰਾਤ 8 ਤੋਂ 9 ਵਜੇ : ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ - ਗੁਰਪ੍ਰੀਤ ਸਿੰਘ ਤੇ ਸਿਮਰਨ, ਲਹਿੰਦੇ ਪੰਜਾਬ ਦੀਆਂ ਬਾਂਗਾਂ - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : ਦੇਸੋਂ ਪਰਦੇਸ – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : ਸ਼ਾਨ ਪੰਜਾਬ ਦੀ – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : ਝਿਲਮਿਲ ਤਾਰੇ – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : ਇਕ ਖ਼ਾਸ ਮੁਲਾਕਾਤ – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**
Listen LIVE **www.punjabiradiousa.com**
**Email: info@punjabiradiousa.com**
**3750 McKee Road, # B, San Jose CA 95127**

## ਤਨਮਨਜੀਤ ਢੇਸੀ ਬਣੇ ਗਰੇਵਸ਼ਮ ਦੇ ਮੇਅਰ

**ਲੰਡਨ:** ਇੰਗਲੈਂਡ ਦੀ ਲੇਬਰ ਪਾਰਟੀ ਦੇ ਨਵੇਂ ਚੁਣੇ ਗਏ ਗਰੇਵਸ਼ਮ ਸ਼ਹਿਰ ਦੇ 25 ਕੌਂਸਲਰਾਂ ਨੇ ਸਰਬਸੰਮਤੀ ਨਾਲ ਪਰਵਾਸੀ ਪੰਜਾਬੀ ਸਿੱਖ ਨੌਜਵਾਨ ਤਨਮਨਜੀਤ ਸਿੰਘ ਢੇਸੀ (32) ਨੂੰ ਆਪਣਾ ਆਗੂ ਚੁਣ ਲਿਆ ਹੈ। ਤਨਮਨਜੀਤ ਢੇਸੀ 17 ਮਈ ਨੂੰ ਮੇਅਰ ਦਾ ਅਹੁਦਾ ਸੰਭਾਲਣਗੇ। ਜ਼ਿਕਰਯੋਗ ਹੈ ਕਿ 5 ਮਈ ਨੂੰ ਗਰੇਵਸ਼ਮ ਕੌਂਸਲ ਦੀਆਂ 44 ਸੀਟਾਂ ਲਈ ਹੋਈਆਂ ਚੋਣਾਂ ਦੌਰਾਨ 25 ਸੀਟਾਂ 'ਤੇ ਲੇਬਰ ਪਾਰਟੀ ਨੇ ਕਬਜ਼ਾ ਕਰ ਲਿਆ ਸੀ ਜਦਕਿ 19 ਸੀਟਾਂ ਟੋਰੀ ਪਾਰਟੀ ਦੇ ਹਿੱਸੇ ਆਈਆਂ ਸਨ। ਲੇਬਰ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਹੀ ਸ. ਢੇਸੀ ਨੂੰ ਮੇਅਰ ਦਾ ਉਮੀਦਵਾਰ ਐਲਾਨ ਦਿੱਤਾ ਸੀ।

ਗਰੇਵਸ਼ਮ ਕੌਂਸਲ ਦੀਆਂ ਚੋਣਾਂ ਦੌਰਾਨ ਪਹਿਲੀ ਵਾਰ ਪੰਜ ਪੰਜਾਬੀ ਕੌਂਸਲਰ ਚੁਣੇ ਗਏ ਹਨ ਜਿਨ੍ਹਾਂ ਵਿਚ ਤਨਮਨਜੀਤ ਤੋਂ ਇਲਾਵਾ ਨਰਿੰਦਰਜੀਤ ਸਿੰਘ ਥਾਂਦੀ, ਮੱਖਣ ਸਿੰਘ, ਬਲਬੀਰ ਸਿੰਘ ਸੰਘਾ ਤੇ ਗੁਰਦੀਪ ਬੰਗੜ ਸ਼ਾਮਲ ਹਨ।

ਗਰੇਵਸ਼ਮ ਕੌਂਸਲ ਇੰਗਲੈਂਡ ਦੀਆਂ ਬਾਕੀ ਕੌਂਸਲਾਂ ਵਿਚੋਂ ਇਕੋ ਇਕ ਅਜਿਹੀ ਕੌਂਸਲ ਸੀ ਜਿਥੇ ਚੋਣ ਪ੍ਰਚਾਰ ਲਈ ਉਥੋਂ ਦੇ ਪ੍ਰਧਾਨ ਮੰਤਰੀ ਤੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਡੇਵਿਡ ਕੈਮਰੌਨ ਤੇ ਵਿਰੋਧੀ ਧਿਰ ਲੇਬਰ ਪਾਰਟੀ ਦੇ ਆਗੂ ਮੈਂਬਰ ਪਾਰਲੀਮੈਂਟ ਐਂਡ ਮਿਲੀਬੈਂਡ ਵੀ ਸਰਗਰਮ ਰਹੇ। ਦੱਸਣਯੋਗ ਹੈ ਕਿ ਤਨਮਨਜੀਤ ਸਿੰਘ ਦਾ ਪਿਛੋਕੜ ਮੂਲ ਰੂਪ ਵਿਚ ਜਲੰਧਰ ਜ਼ਿਲ੍ਹੇ ਦੇ ਪਿੰਡ ਰਾਏਪੁਰ ਨਾਲ ਹੈ। ਉਸ ਦਾ ਚਾਚਾ ਪਰਮਜੀਤ ਸਿੰਘ ਰਾਏਪੁਰ ਵੀ ਸ਼੍ਰੋਮਣੀ ਅਕਾਲੀ ਦਲ 'ਚ ਸਰਗਰਮ ਆਗੂ ਹੈ।

# ਪੰਜਾਬ ਪ੍ਰਦੇਸ਼ ਕਾਂਗਰਸ ਦੇ ਅਹੁਦੇਦਾਰਾਂ ਦਾ ਐਲਾਨ

## ਲਾਲ ਸਿੰਘ, ਕੇਵਲ ਢਿੱਲੋਂ ਤੇ ਰਾਣਾ ਸੋਢੀ ਮੀਤ ਪ੍ਰਧਾਨ ਬਣੇ

**ਚੰਡੀਗੜ੍ਹ:** ਲੰਮੀ ਉਡੀਕ ਤੋਂ ਬਾਅਦ ਆਖਰ ਆਲ ਇੰਡੀਆ ਕਾਂਗਰਸ ਕਮੇਟੀ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤਹਿਤ ਜ਼ਿਲ੍ਹਾ ਪ੍ਰਧਾਨਾਂ ਤੋਂ ਇਲਾਵਾ ਸੱਤ ਮੀਤ ਪ੍ਰਧਾਨ, ਅੱਠ ਜਨਰਲ ਸਕੱਤਰ, ਸੱਤ ਮੈਂਬਰੀ ਮੈਨੀਫੈਸਟੋ ਕਮੇਟੀ, 33 ਮੈਂਬਰੀ ਕਾਰਜਕਾਰਨੀ ਕਮੇਟੀ ਤੇ ਕਾਰਜਕਾਰਨੀ ਕਮੇਟੀ ਲਈ 17 ਪੱਕੇ ਇਨਵਾਇਟੀ ਨਿਯੁਕਤ ਕੀਤੇ ਗਏ ਹਨ।

ਪੰਜਾਬ ਕਾਂਗਰਸ ਦੇ ਇੰਚਾਰਜ ਗੁਲਚੈਨ ਸਿੰਘ ਚਰਕ ਵੱਲੋਂ ਜਾਰੀ ਸੂਚੀ ਤਹਿਤ ਲਾਲ ਸਿੰਘ, ਚੌਧਰੀ ਜਗਜੀਤ ਸਿੰਘ, ਰਾਣਾ ਕੰਵਰਪਾਲ ਸਿੰਘ, ਕੇਵਲ ਸਿੰਘ ਢਿੱਲੋਂ, ਅਸ਼ਵਨੀ ਸ਼ੇਖੜੀ, ਸੁਖਜਿੰਦਰ ਸਿੰਘ ਸਰਕਾਰੀਆ ਤੇ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਮੀਤ ਪ੍ਰਧਾਨ ਬਣਾਇਆ ਗਿਆ ਹੈ। ਇਸੇ ਤਰ੍ਹਾਂ ਓਮ ਪ੍ਰਕਾਸ਼ ਸੋਨੀ, ਗੁਰਜੀਤ ਸਿੰਘ ਰਾਣਾ, ਅਰਵਿੰਦ ਖੰਨਾ, ਹਰਮਿੰਦਰ ਜੱਸੀ, ਰਮੇਸ਼ ਡੋਗਰਾ, ਅਰੁਣਾ ਚੌਧਰੀ, ਵਿਕਰਮ ਸਿੰਘ ਬਾਜਵਾ ਤੇ ਫਤਿਹ ਜੰਗ ਸਿੰਘ ਬਾਜਵਾ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਹੈ।

ਜ਼ਿਲ੍ਹਾ ਪ੍ਰਧਾਨਾਂ ਵਿਚ ਜੁਗਲ ਕਿਸ਼ੋਰ ਸ਼ਰਮਾ ਨੂੰ ਅੰਮ੍ਰਿਤਸਰ (ਸ਼ਹਿਰੀ), ਹਰਪ੍ਰਤਾਪ ਸਿੰਘ ਅਜਨਾਲਾ ਨੂੰ ਅੰਮ੍ਰਿਤਸਰ (ਦਿਹਾਤੀ), ਸੁਖਜਿੰਦਰ ਸਿੰਘ ਰੰਧਾਵਾ ਨੂੰ ਗੁਰਦਾਸਪੁਰ, ਧਰਮ ਪਾਲ ਅਗਨੀਹੋਤਰੀ ਨੂੰ ਤਰਨਤਾਰਨ, ਅਰੁਣ ਵਾਲੀਆ ਨੂੰ ਜਲੰਧਰ (ਸ਼ਹਿਰੀ), ਚੌਧਰੀ ਸੰਤੋਖ ਸਿੰਘ ਨੂੰ ਜਲੰਧਰ (ਦਿਹਾਤੀ), ਹਰਜੀਤ ਸਿੰਘ ਪਰਮਾਰ ਨੂੰ ਕਪੂਰਥਲਾ, ਸੁੰਦਰ ਸ਼ਾਮ ਅਰੋੜਾ ਨੂੰ ਹੁਸ਼ਿਆਰਪੁਰ, ਸਤਬੀਰ ਸਿੰਘ ਨੂੰ ਨਵਾਂਸ਼ਹਿਰ, ਸੁਖਬਿੰਦਰ ਸੈਣੀ ਨੂੰ ਰੋਪੜ, ਗੁਰਦਾਸ ਗਿਰਧਰ ਨੂੰ ਮੁਕਤਸਰ, ਅਸ਼ੋਕ ਕੁਮਾਰ ਨੂੰ ਬਠਿੰਡਾ (ਸ਼ਹਿਰੀ), ਨਰਿੰਦਰ ਸਿੰਘ ਭਲਾਰੀਆ ਨੂੰ ਬਠਿੰਡਾ (ਦਿਹਾਤੀ), ਜਗਸੀਰ ਸਿੰਘ ਗੱਗੋਵਾਲ ਨੂੰ ਮਾਨਸਾ, ਜਗਦਰਸ਼ਨ ਕੌਰ ਨੂੰ ਮੋਗਾ, ਸੁਭਾਸ਼ ਗਰੋਵਰ ਨੂੰ ਸੰਗਰੂਰ, ਜਗਜੀਤ ਸਿੰਘ ਧੌਲਾ ਨੂੰ ਬਰਨਾਲਾ, ਅਨੂਪ ਸਿੰਘ ਨੂੰ ਫਿਰੋਜ਼ਪੁਰ, ਸੁਰਿੰਦਰ ਗੁਪਤਾ ਨੂੰ ਫਰੀਦਕੋਟ, ਪਵਨ ਦੀਵਾਨ ਨੂੰ ਲੁਧਿਆਣਾ (ਸ਼ਹਿਰੀ), ਮਲਕੀਤ ਸਿੰਘ ਦਾਖਾ



ਨੂੰ ਲੁਧਿਆਣਾ (ਦਿਹਾਤੀ), ਹਰਿੰਦਰ ਸਿੰਘ ਭਾਂਬਰੀ ਨੂੰ ਫਤਿਹਗੜ੍ਹ ਸਾਹਿਬ, ਰਾਜਿੰਦਰ ਸਿੰਘ ਨੂੰ ਮੁਹਾਲੀ, ਪ੍ਰੇਮ ਕੇ. ਪੁਰੀ ਨੂੰ ਪਟਿਆਲਾ (ਸ਼ਹਿਰੀ) ਤੇ ਹਰਦਿਆਲ ਸਿੰਘ ਕੰਬੋਜ ਨੂੰ ਪਟਿਆਲਾ (ਦਿਹਾਤੀ) ਜ਼ਿਲ੍ਹਿਆਂ ਦੇ ਪ੍ਰਧਾਨ ਨਿਯੁਕਤ ਕੀਤਾ ਹੈ।

ਮੈਨੀਫੈਸਟੋ ਕਮੇਟੀ ਵਿਚ ਸੂਬਾਈ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਵਿਧਾਇਕ ਦਲ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਸਮੇਤ ਮਨੀਸ਼ ਤਿਵਾੜੀ, ਅਸ਼ਵਨੀ ਕੁਮਾਰ, ਲਾਲ ਸਿੰਘ, ਅਰਵਿੰਦ ਖੰਨਾ ਤੇ ਕੇ.ਪੀ. ਸਿੰਘ ਰਾਣਾ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ 33 ਮੈਂਬਰੀ ਕਾਰਜਕਾਰਨੀ ਵਿਚ ਸਲਾਮਤ ਮਸੀਹ, ਸੁਨੀਲ ਦੱਤੀ, ਪ੍ਰਵੀਨ ਚੋਪੜਾ, ਦਵਿੰਦਰ ਸਿੰਘ ਦਰਸ਼ੀ, ਤ੍ਰਿਪਤ ਸਿੰਘ ਬਾਜਵਾ, ਰਾਜਬੀਰ ਸਿੰਘ, ਰਮਨ ਭੱਲਾ, ਕ੍ਰਿਸ਼ਨ ਚੰਦ ਬੈਂਸ, ਕੁਲਦੀਪ ਨੰਦਾ, ਪਵਨ ਅਦੀਆ, ਸੰਤੋਸ਼ ਕਟਾਰੀਆ, ਰਾਮ ਲੁਭਾਇਆ, ਤੇਜਿੰਦਰ ਬਿੱਟੂ, ਸੁਰਿੰਦਰ ਮਹੇ, ਰਾਕੇਸ਼ ਪਾਂਡੇ, ਹਰਬੰਸ ਕੌਰ ਢਿੱਲੋਂ, ਮੱਖਣ ਸਿੰਘ, ਹਰਚੰਦ ਕੌਰ, ਜੋਗਿੰਦਰ ਸਿੰਘ ਪੰਜਗਰਾਈਂ, ਮਾਈ ਰੂਪ ਕੌਰ, ਸੁਰਜੀਤ ਧੀਮਾਨ, ਸੁਰਿੰਦਰ ਕੌਰ ਬੱਲੀਆਂ, ਰਣਇੰਦਰ ਸਿੰਘ, ਗੁਰਵਿੰਦਰ ਸਿੰਘ ਲਾਲੀ, ਸਾਧੂ ਸਿੰਘ ਧਰਮਸੋਤ, ਰਜ਼ੀਆ ਸੁਲਤਾਨਾ, ਬ੍ਰਿਜ ਲਾਲ ਗੋਇਲ, ਸੁਨੀਲ ਜਾਖੜ, ਰਿਪਜੀਤ ਸਿੰਘ ਬਰਾੜ, ਲਖਬਿੰਦਰ ਸਿੰਘ ਗਰਚਾ, ਘਣਸ਼ਿਆਮ ਗੁਪਤਾ, ਵਿਜੇ ਸਾਥੀ ਤੇ ਈਸ਼ਵਰ ਸਿੰਘ ਨੂੰ ਮੈਂਬਰ ਲਿਆ ਗਿਆ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਕਾਰਜਕਾਰਨੀ ਕਮੇਟੀ ਵਿੱਚ ਪੱਕੇ ਇਨਵਾਇਟੀਜ਼ ਵਿਚ ਪ੍ਰੀਤਮ ਸਿੰਘ ਭਿੰਡਰ, ਅਵਤਾਰ ਹੈਨਰੀ, ਅਮਰਜੀਤ ਸਿੰਘ ਸਮਰਾ, ਗੁਰਜੀਤ ਕੌਰ, ਧਰਮਪਾਲ ਸੱਭਰਵਾਲ, ਐਮ.ਐਮ. ਕਚੀਮਾ, ਨਰੇਸ਼ ਠਾਕੁਰ, ਹੰਸ ਰਾਜ ਜੋਸਨ, ਕਬੀਰ ਦਾਸ, ਜਸਬੀਰ ਸਿੰਘ, ਅਸ਼ਵਨੀ ਕੁਮਾਰ ਪੱਪੂ, ਅਮਰਜੀਤ ਸਿੰਘ ਬਰਾੜ, ਹੰਸ ਰਾਜ ਗੁਪਤਾ, ਸਰਦੂਲ ਸਿੰਘ, ਵੀਨਾ ਸੋਬਤੀ, ਮਨਜੀਤ ਝੱਲਬੂਟੀ ਤੇ ਅਸ਼ੋਕ ਸ਼ਰਮਾ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਕਾਂਗਰਸ ਕਮੇਟੀ ਦੀ ਕੋਆਰਡੀਨੇਸ਼ਨ ਕਮੇਟੀ ਵਿੱਚ ਪੰਜਾਬ ਕਾਂਗਰਸ ਦੇ ਇੰਚਾਰਜ, ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ, ਪੰਜਾਬ ਦੇ ਪ੍ਰਧਾਨ ਤੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਤੋਂ ਇਲਾਵਾ ਕੇਂਦਰੀ ਮੰਤਰੀ ਅੰਬਿਕਾ ਸੋਨੀ ਤੇ ਅਸ਼ਵਨੀ ਕੁਮਾਰ, ਜਗਮੀਤ ਸਿੰਘ ਬਰਾੜ, ਪਰਵੀਨ ਰਾਸ਼ਟਰਪਾਲ, ਮੁਨੀਸ਼ ਤਿਵਾੜੀ ਤੇ ਮਹਿੰਦਰ ਸਿੰਘ ਕੇ.ਪੀ. ਨੂੰ ਸ਼ਾਮਲ ਕੀਤਾ ਗਿਆ ਹੈ।

# ਪੰਜਾਬੀਆਂ ਨੂੰ ਬਿਜਲੀ ਦਾ ਜਬਰਦਸਤ ਝਟਕਾ, ਲੋਕਾਂ 'ਤੇ ਸਵਾ ਅੱਠ ਕਰੋੜ ਦਾ ਨਵਾਂ ਬੋਝ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਸ਼ਾਸਨ ਦੇ ਆਖਰੀ ਵਰ੍ਹੇ ਪੰਜਾਬੀਆਂ ਨੂੰ ਬਿਜਲੀ ਦਾ ਜਬਰਦਸਤ ਝਟਕਾ ਦਿੱਤਾ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਚਲੰਤ ਮਾਲੀ ਸਾਲ ਲਈ ਬਿਜਲੀ ਦੀਆਂ ਦਰਾਂ ਦਾ ਐਲਾਨ ਕਰਦਿਆਂ ਖਪਤਕਾਰਾਂ 'ਤੇ ਸਿੱਧੇ 'ਤੇ ਤੌਰ ਸਾਲਾਨਾ ਸਵਾ ਅੱਠ ਕਰੋੜ ਰੁਪਏ ਤੋਂ ਵੱਧ ਦਾ ਬੋਝ ਪਾਇਆ ਹੈ। ਦਰਾਂ ਵਿਚ ਵਾਧੇ ਨਾਲ ਨਿਗਮਾਂ ਨੂੰ ਇਸ ਮਾਲੀ ਸਾਲ ਦੌਰਾਨ 1387.34 ਕਰੋੜ ਰੁਪਏ ਦਾ ਵਾਧੂ ਮਾਲੀਆ ਮਿਲੇਗਾ ਜਿਸ ਵਿਚੋਂ 557 ਕਰੋੜ ਰੁਪਏ ਦਾ ਬੋਝ ਸਰਕਾਰੀ ਖ਼ਜ਼ਾਨੇ 'ਤੇ ਵਧ ਗਿਆ ਹੈ ਤੇ 830 ਕਰੋੜ ਤੋਂ ਵੱਧ ਲੋਕਾਂ ਦੀਆਂ ਜੇਬਾਂ ਵਿਚੋਂ ਨਿਕਲਣਗੇ।

ਸਰਕਾਰੀ ਖਜਾਨੇ 'ਚੋਂ ਇਸ ਸਾਲ ਖੇਤੀ ਖੇਤਰ, ਦਲਿਤਾਂ ਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਦੀ ਸਹੂਲਤ ਦਾ ਭਾਰ ਵਧ ਕੇ 4257.87 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਰੈਗੂਲੇਟਰੀ ਕਮਿਸ਼ਨ ਵੱਲੋਂ ਬਿਜਲੀ ਦਰਾਂ ਦਾ ਵਾਧਾ 9.19 ਫੀਸਦੀ ਬਣਦਾ ਹੈ। ਬਿਜਲੀ ਦੀਆਂ ਦਰਾਂ ਦਾ ਸਭ ਤੋਂ ਜ਼ਿਆਦਾ ਭਾਰ ਗਰੀਬਾਂ 'ਤੇ ਪਿਆ ਹੈ ਕਿਉਂਕਿ ਕਮਿਸ਼ਨ ਨੇ 100 ਯੂਨਿਟ ਤੱਕ ਬਿਜਲੀ ਫੂਕਣ ਵਾਲੇ ਖ਼ਪਤਕਾਰਾਂ 'ਤੇ ਬਿਜਲੀ ਦਰਾਂ ਦਾ ਭਾਰ 11.90 ਫੀਸਦੀ ਤੱਕ ਵਧਾ ਦਿੱਤਾ ਹੈ। ਕਮਿਸ਼ਨ ਦੀ ਚੇਅਰਪਰਸਨ ਰੋਮਿਲਾ ਦੂਬੇ ਨੇ ਦੱਸਿਆ ਕਿ ਸੋਧੀਆਂ ਹੋਈਆਂ ਦਰਾਂ ਮੁਤਾਬਕ 100 ਯੂਨਿਟ ਤੱਕ ਬਿਜਲੀ ਦੀਆਂ ਦਰਾਂ 3 ਰੁਪਏ 11 ਪੈਸੇ ਤੋਂ ਵਧਾ ਕੇ 3 ਰੁਪਏ 48 ਪੈਸੇ ਪ੍ਰਤੀ ਯੂਨਿਟ, 101 ਤੋਂ 300 ਤੱਕ 4 ਰੁਪਏ 52 ਪੈਸੇ ਤੋਂ ਵਧਾ ਕੇ 4 ਰੁਪਏ 88 ਪੈਸੇ ਤੇ 300 ਤੋਂ ਵੱਧ ਪ੍ਰਤੀ ਮਹੀਨਾ ਖਪਤ ਵਾਲਿਆਂ ਲਈ ਪ੍ਰਤੀ ਯੂਨਿਟ 5 ਰੁਪਏ 19 ਪੈਸੇ ਤੋਂ ਵਧਾ ਕੇ 5 ਰੁਪਏ 56 ਪੈਸੇ ਕਰ ਦਿੱਤੀ ਹੈ।

ਗਰੀਬ ਖਪਤਕਾਰਾਂ 'ਤੇ ਜੇਕਰ 11.90 ਫੀਸਦੀ ਦਾ ਬੋਝ ਪਾਇਆ ਗਿਆ ਹੈ ਤਾਂ ਹੋਰਾਂ ਖ਼ਪਤਕਾਰਾਂ 'ਤੇ 7.13 ਫੀਸਦੀ ਤੋਂ ਲੈ ਕੇ 7.96 ਫੀਸਦੀ ਤੱਕ ਦਾ ਬੋਝ ਪਾਇਆ ਹੈ।

ਕਮਿਸ਼ਨ ਨੇ ਦੂਜੀ ਮਾਰ ਖੇਤੀ ਖੇਤਰ ਨੂੰ ਪਾਈ ਹੈ। ਔਸਤਨ 9.19 ਫੀਸਦੀ ਦੇ ਵਾਧੇ ਦੇ ਉਲਟ ਖੇਤੀ ਖੇਤਰ ਲਈ ਇਹ ਵਾਧਾ 11.56 ਫੀਸਦੀ ਕੀਤਾ ਗਿਆ ਹੈ। ਖੇਤੀ ਖੇਤਰ ਲਈ ਸਰਕਾਰ ਵੱਲੋਂ ਮੁਫ਼ਤ ਬਿਜਲੀ ਦਿੱਤੀ ਜਾਂਦੀ ਹੈ ਤੇ ਕਿਸਾਨਾਂ ਵੱਲੋਂ ਕੀਤੀ ਜਾਣ ਵਾਲੀ ਅਦਾਇਗੀ ਸਰਕਾਰ ਵੱਲੋਂ ਸਬਸਿਡੀ ਦੇ ਰੂਪ ਵਿਚ ਬਿਜਲੀ ਨਿਗਮ ਨੂੰ ਕੀਤੀ ਜਾਵੇਗੀ। ਇਸ ਵਾਰੀ ਖੇਤੀ ਖੇਤਰ ਲਈ ਸਬਸਿਡੀ ਦਾ ਭਾਰ ਵਧ ਕੇ 3879.86 ਕਰੋੜ ਰੁਪਏ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਸੁਖਬੀਰ-ਕਾਲੀਆ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਦਿਆਂ ਸਰਕਾਰ ਨੇ ਕਿਸਾਨਾਂ ਨੂੰ ਬਿਜਲੀ ਦੇ ਬਿਲ ਲਾਉਣ ਦਾ ਫੈਸਲਾ ਕੀਤਾ ਸੀ। ਇਸ ਲਈ 603 ਕਰੋੜ ਰੁਪਏ ਦੀ ਵਸੂਲੀ ਕਿਸਾਨਾਂ ਤੋਂ ਕੀਤੀ ਗਈ ਤੇ ਸਰਕਾਰ ਨੇ ਕੁੱਲ 3023 ਕਰੋੜ ਰੁਪਏ ਹੀ ਸਬਸਿਡੀ ਦੇ ਰੂਪ ਵਿਚ ਬਿਜਲੀ ਨਿਗਮਾਂ ਨੂੰ ਦਿੱਤੇ ਸਨ। ਚਲੰਤ ਮਾਲੀ ਸਾਲ ਦੌਰਾਨ ਸਬਸਿਡੀਆਂ ਦਾ ਕੁੱਲ ਭਾਰ 4257.86 ਕਰੋੜ ਰੁਪਏ ਹੋ ਗਿਆ ਹੈ। ਇਸ ਵਿਚ ਦਲਿਤਾਂ ਨੂੰ ਦਿੱਤੀ ਜਾਣ ਵਾਲੀ 365.90 ਕਰੋੜ ਰੁਪਏ ਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਨੂੰ 12.01 ਕਰੋੜ ਰੁਪਏ ਦੀ ਸਬਸਿਡੀ ਵੀ ਸ਼ਾਮਲ ਹੈ।

ਤੀਜੀ ਮਾਰ ਉਦਯੋਗਾਂ ਨੂੰ ਪਈ ਹੈ। ਛੋਟੇ ਉਦਯੋਗਾਂ ਲਈ ਬਿਜਲੀ ਦਾ ਭਾਅ 4 ਰੁਪਏ 14 ਪੈਸੇ ਪ੍ਰਤੀ ਯੂਨਿਟ ਤੋਂ ਵਧਾ ਕੇ 4 ਰੁਪਏ 47 ਪੈਸੇ ਪ੍ਰਤੀ ਯੂਨਿਟ ਕਰ ਦਿੱਤਾ ਹੈ। ਇਹ ਵਾਧਾ 7.97 ਫੀਸਦੀ ਬਣਦਾ ਹੈ। ਇਸੇ ਤਰ੍ਹਾਂ ਦਰਮਿਆਨੇ, ਵੱਡੇ, ਜਨਰਲ ਉਦਯੋਗਾਂ ਤੇ ਫਰਨੈਸ ਫੈਕਟਰੀਆਂ ਲਈ ਪ੍ਰਤੀ ਯੂਨਿਟ ਦਾ ਭਾਅ 4 ਰੁਪਏ 58 ਪੈਸੇ ਤੋਂ ਵਧਾ ਕੇ 4 ਰੁਪਏ 95 ਪੈਸੇ ਕਰ ਦਿੱਤਾ ਜੋ ਕਿ 8.08 ਫੀਸਦੀ ਬਣਦਾ ਹੈ। ਉਦਯੋਗਾਂ ਲਈ ਦਿੱਤੀ ਜਾਂਦੀ ਬਿਜਲੀ ਦਾ ਭਾਅ ਦੇਸ਼ ਵਿਚ ਸਭ ਤੋਂ ਜ਼ਿਆਦਾ ਮੰਨਿਆ ਜਾਂਦਾ ਹੈ ਕਿ ਤੇ ਇਹ ਉਦਯੋਗਾਂ ਲਈ ਵੀ ਮਾਰੂ ਸਾਬਤ ਹੋਣ ਵਾਲਾ ਹੈ। ਰੇਲਵੇ ਟਰੈਕ ਲਈ 5 ਰੁਪਏ 41 ਪੈਸੇ ਤੋਂ ਵਧਾ ਕੇ 5 ਰੁਪਏ 78 ਪੈਸੇ ਕੀਤੀ ਗਈ ਹੈ। ਇਹ ਵਾਧਾ ਸਭ ਨਾਲੋਂ ਘੱਟ ਹੈ ਜੋ ਕਿ 6.84 ਫੀਸਦੀ ਬਣਦਾ ਹੈ। ਦਰਬਾਰ ਸਾਹਿਬ ਤੇ ਦੁਰਗਿਆਣਾ ਮੰਦਿਰ ਅੰਮ੍ਰਿਤਸਰ ਲਈ 2000 ਯੂਨਿਟ ਤੱਕ ਤਾਂ ਮੁਫ਼ਤ ਬਿਜਲੀ ਦਿੱਤੀ ਜਾਣੀ ਹੈ। ਉਸ ਤੋਂ ਉਪਰਲੀ ਖਪਤ 'ਤੇ 10 ਫੀਸਦੀ ਵਾਧਾ ਕਰਦਿਆਂ ਪ੍ਰਤੀ ਯੂਨਿਟ 3 ਰੁਪਏ 69 ਪੈਸੇ ਤੋਂ ਵਧਾ ਕੇ 4 ਰੁਪਏ 6 ਪੈਸੇ ਕਰ ਦਿੱਤੀ ਹੈ। ਬਿਜਲੀ ਦਰਾਂ ਵਿੱਚ ਵਾਧਾ ਪਹਿਲੀ ਅਪਰੈਲ ਤੋਂ ਲਾਗੂ ਕੀਤਾ ਜਾਵੇਗਾ।

# ਕਨਿਸ਼ਕ ਦੁਖਾਂਤ:ਅਜੇ ਵੀ ਨਹੀਂ ਮਿਲਿਆ ਪੀੜਤਾਂ ਨੂੰ ਮੁਆਵਜ਼ਾ

## ਕੈਨੇਡਾ ਸਰਕਾਰ ਦੀ ਵਧੀਕੀ ਦਾ ਖੁੱਲ੍ਹਿਆ ਭੇਤ

**ਚੰਡੀਗੜ੍ਹ:** ਕਨਿਸ਼ਕ ਦੁਖਾਂਤ 'ਤੇ ਆਪਣੀ ਰਿਪੋਰਟ ਮੁਕੰਮਲ ਕਰਨ ਤੋਂ ਸਾਲ ਭਰ ਮਗਰੋਂ ਜਸਟਿਸ ਜੌਹਨ ਸੀ. ਮੇਜਰ ਤਸੱਲੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਅਗਵਾਈ ਵਿਚਲੇ ਜਾਂਚ ਕਮਿਸ਼ਨ ਨੇ ਕੈਨੇਡਾ 'ਸਰਕਾਰ ਦੀ ਵਧੀਕੀ' ਦਾ ਸੱਚ ਸਾਹਮਣੇ ਲਿਆਂਦਾ ਹੈ ਪਰ ਨਾਲ ਹੀ ਦੁੱਖ ਪ੍ਰਗਟ ਕੀਤਾ ਕਿ ਬੰਬ ਕਾਂਡ 'ਚ ਮਰਨ ਵਾਲਿਆਂ ਦੇ ਵਾਰਸਾਂ ਨੂੰ ਉਚਿਤ ਮੁਆਵਜ਼ੇ ਦੀ ਰਕਮ ਨਹੀਂ ਦਿੱਤੀ ਗਈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਸਰੀ ਖੇਤਰ ਹਾਲੇ ਵੀ ਮੂਲਪੰਥੀ ਸਿੱਖਾਂ ਦਾ ਗੜ੍ਹ ਹੈ।

ਉਨ੍ਹਾਂ ਦੱਸਿਆ ਕਿ ਗੁਪਤ ਸੁਰੱਖਿਆ ਉਪਰਾਲਿਆਂ ਸਮੇਤ ਉਨ੍ਹਾਂ ਦੀਆਂ ਕਈ ਸਿਫਾਰਸ਼ਾਂ ਲਾਗੂ ਨਹੀਂ ਕੀਤੀਆਂ ਗਈਆਂ। ਉਨ੍ਹਾਂ ਨੇ ਭਾਰਤ ਤੇ ਕੈਨੇਡਾ ਸਰਕਾਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਦੇ ਸਰੀ ਖੇਤਰ 'ਚ ਮੂਲਪ੍ਰਸਤ ਸਿੱਖ, ਭਾਰਤ ਨਾਲੋਂ ਕਿਤੇ ਜ਼ਿਆਦਾ ਹਨ। ਉਨ੍ਹਾਂ ਦਾ ਆਪਣਾ ਨੈਟਵਰਕ ਹੈ ਤੇ ਉਹ ਕਿਸੇ 'ਚ ਬਹੁਤਾ ਰਲਦੇ ਮਿਲਦੇ ਨਹੀਂ।

ਕੈਨੇਡਾ ਸਰਕਾਰ ਵਾਂਗ ਕਮਿਸ਼ਨ ਨੂੰ ਵੀ ਇਹ ਹੀ ਜਾਪਦਾ ਹੈ ਕਿ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੇ 23 ਜੂਨ 1985 ਨੂੰ ਕਨਿਸ਼ਕ ਜਹਾਜ਼ ਉਡਾਉਣ ਦੀਆਂ ਘਟਨਾਵਾਂ, ਜੂਨ 1984 'ਚ ਭਾਰਤੀ ਫੌਜ ਵੱਲੋਂ ਹਰਮੰਦਿਰ ਸਾਹਿਬ ਅੰਮ੍ਰਿਤਸਰ 'ਚ ਕੀਤੇ ਹਮਲੇ ਕਾਰਨ ਵਾਪਰੀਆਂ। ਉਨ੍ਹਾਂ ਦਾਅਵਾ ਕੀਤਾ ਕਿ ਕਈ ਗਵਾਹਾਂ ਨੇ ਵੀ ਸਮੇਤ ਮਰਨ ਵਾਲਿਆਂ ਦੇ ਵਾਰਸਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਜਸਟਿਸ ਮੇਜਰ ਅਨੁਸਾਰ ਉਨ੍ਹਾਂ ਦੀ ਰਿਪੋਰਟ 'ਤੇ ਇਕ ਬੋਰਡ ਕਾਇਮ ਕੀਤਾ ਜਾ ਸਕਦਾ ਸੀ ਜੋ ਮ੍ਰਿਤਕਾਂ ਦੇ ਵਾਰਸਾਂ ਲਈ ਮੁਆਵਜ਼ੇ ਦੀਆਂ ਸਲੈਬਾਂ ਤੈਅ ਕਰਦਾ। ਉਨ੍ਹਾਂ ਦੱਸਿਆ ਕਿ ਕੈਨੇਡਾ ਸਰਕਾਰ ਨੂੰ ਇਸ ਦੁਖਾਂਤ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ 10 ਵਰ੍ਹੇ ਲੱਗੇ। ਜਦੋਂਕਿ 9/11 ਦੇ ਪੀੜਤਾਂ ਦੇ ਵਾਰਸਾਂ ਨੂੰ ਸਾਲ ਦੇ ਅੰਦਰ-ਅੰਦਰ ਮੁਆਵਜ਼ਾ ਦੇ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਨਿਸ਼ਕ ਕਾਂਡ ਪੀੜਤਾਂ ਦੇ ਕਈ ਵਾਰਸ ਮਰ ਵੀ ਚੁੱਕੇ ਹਨ ਪਰ ਕਮਿਸ਼ਨ ਵੱਲੋਂ ਸਿਫਾਰਸ਼ ਕੀਤੇ ਦੂਜੇ ਮੁਆਵਜ਼ੇ ਦਾ ਕੰਮ ਹਾਲੇ ਅਮਲ 'ਚ ਹੈ।

ਪਹਿਲੀ ਵਾਰ ਭਾਰਤ ਦੌਰੇ 'ਤੇ ਆਏ ਜਸਟਿਸ ਮੇਜਰ ਨੇ ਦੱਸਿਆ ਕਿ ਸੁਰੱਖਿਆ ਢਾਂਚੇ 'ਚ ਬਹੁਤ ਤਬਦੀਲੀਆਂ ਆਈਆਂ ਹਨ। ਫਿਰ ਵੀ ਹਵਾਈ ਅੱਡਿਆਂ ਦੇ ਹਾਲਾਤ ਹੋਰ ਹਨ। ਉਨ੍ਹਾਂ ਨੇ ਮਿਸਾਲ ਦਿੰਦਿਆਂ ਕਿਹਾ ਕਿ ਕੈਲਗਰੀ ਦੇ ਹਵਾਈ



ਜੌਹਨ ਸੀ. ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ

ਅੱਡੇ ਦੀ ਸੁਰੱਖਿਆ ਬਹੁਤੀ ਨਹੀਂ ਹੈ। ਭਾਵੇਂ ਉਨ੍ਹਾਂ ਨੂੰ ਕਨਿਸ਼ਕ ਕਾਂਡ ਦੇ ਦੁਹਰਾਅ ਦਾ ਖਦਸ਼ਾ ਨਹੀਂ ਹੈ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਸੰਭਾਵੀ ਅਤਿਵਾਦੀ ਹਮਲੇ ਟਾਲਣ ਲਈ ਸੁਰੱਖਿਆ ਤੇ ਖੁਫੀਆ ਏਜੰਸੀਆਂ ਨੂੰ ਰਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਕਨਿਸ਼ਕ ਬੰਬ ਕਾਂਡ 'ਚੋਂ ਰਿਹਾ ਹੋਏ ਰਿਪੁਦਮਨ ਸਿੰਘ ਮਲਿਕ ਵਿਰੁਧ ਵੱਖਰੇ ਦੋਸ਼ਾਂ ਤਹਿਤ ਮੁਕੱਦਮਾ ਚਲਾਇਆ ਗਿਆ ਸੀ। ਉਸ ਨੇ ਮੁਕੱਦਮੇ ਦੀ ਕਾਰਵਾਈ ਦੌਰਾਨ ਇਹ ਕਹਿ ਕੇ ਮੁਫ਼ਤ ਕਾਨੂੰਨੀ ਸਹਾਇਤਾ ਮੰਗੀ ਸੀ ਕਿ ਉਸ ਕੋਲ ਵਕੀਲ ਕਰਨ ਜੋਗੇ ਪੈਸੇ ਨਹੀਂ ਹਨ। ਮਗਰੋਂ ਪਤਾ ਲੱਗਾ ਕਿ ਉਸ ਕੋਲ ਕਾਫੀ ਪੈਸਾ ਸੀ। ਇਸ ਕਰਕੇ ਹੁਣ ਫਰਾਡ ਲਈ ਉਸ 'ਤੇ ਮੁਕੱਦਮਾ ਚੱਲ ਰਿਹਾ ਹੈ। ਉਨ੍ਹਾਂ ਮੰਨਿਆ ਕਿ ਜਾਂਚ ਕਮਿਸ਼ਨ ਕਾਇਮ ਕਰਨ 'ਚ ਦੇਰੀ ਵੱਡਾ ਅੜਿੱਕਾ ਰਹੀ। ਉਨ੍ਹਾਂ ਕਿਹਾ ਕਿ ਇਸ ਕੇਸ ਨੂੰ ਤਣ ਪੱਤਣ ਲੱਗਣ ਲਈ 20 ਸਾਲ ਲੱਗ ਗਏ। ਕੈਨੇਡਾ ਦੇ ਇਤਿਹਾਸ 'ਚ ਇਹ ਸਭ ਤੋਂ ਮਹਿੰਗਾ ਕੇਸ ਰਿਹਾ। ਜਸਟਿਸ ਜੌਹਨ ਸੀ. ਮੇਜਰ ਨੇ ਮੰਦਭਾਗੇ ਕਨਿਸ਼ਕ ਬੋਇੰਗ ਦੇ ਕਪਤਾਨ ਦੀ ਵਿਧਵਾ ਅਮਰਜੀਤ ਕੌਰ ਭਿੰਡਰ ਨਾਲ ਵੀ ਮੁਲਾਕਾਤ ਕੀਤੀ।

# ਰਜਿੰਦਰ ਸਿੰਘ ਦਾ ਡਿਪੋਰਟੇਸ਼ਨ ਕੇਸ ਅਟਾਰਨੀ ਪੰਨੂ ਨੇ ਮੁੜ ਖੁਲਾਇਆ

**ਨਿਊ ਯਾਰਕ:** ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਡਿਪੋਰਟੇਸ਼ਨ ਬਾਰੇ 9ਵੇਂ ਸਰਕਟ ਦੇ ਆਖਰੀ ਹੁਕਮਾਂ ਤੋਂ ਬਾਅਦ ਰਜਿੰਦਰ ਸਿੰਘ ਦਾ ਸਿਆਸੀ ਸ਼ਰਨ ਵਾਲਾ ਕੇਸ ਮੁੜ ਖੁਲਵਾਉਣ ਵਿਚ ਸਫਲਤਾ ਹਾਸਲ ਕੀਤੀ ਹੈ। ਰਜਿੰਦਰ ਸਿੰਘ (ਬਦਲਿਆ ਨਾਂ) ਖਿਲਾਫ ਡਿਪੋਰਟੇਸ਼ਨ ਦੇ ਹੁਕਮਾਂ ਦੀ ਅਪੀਲ ਕੋਰਟ ਨੇ ਲਗਭਗ ਪੁਸ਼ਟੀ ਕਰ ਦਿੱਤੀ ਸੀ ਜਦੋਂ ਉਸ ਨੇ ਅਟਾਰਨੀ ਪੰਨੂ ਤੱਕ ਪਹੁੰਚ ਕੀਤੀ।

ਅਟਾਰਨੀ ਪੰਨੂ ਦੇ ਦਫਤਰ ਵਲੋਂ ਜਾਰੀ ਇਕ ਬਿਆਨ ਅਨੁਸਾਰ ਭਾਰਤ ਵਿਚ ਪੁਲਿਸ ਨੇ ਹਾਲ ਵਿਚ ਹੀ ਰਜਿੰਦਰ ਸਿੰਘ ਦੇ ਪਿੰਡ ਵਿਚ ਉਸ ਦੀ ਭਾਲ ਵਿਚ ਛਾਪਾ ਮਾਰਿਆ ਤੇ ਉਸ ਦੀ ਮਾਂ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਜ਼ਿਆਦਤੀਆਂ ਦੇ ਡਰ ਕਾਰਨ ਰਜਿੰਦਰ ਸਿੰਘ ਦੇ ਭਰਾ ਨੂੰ ਦੇਸ਼ ਛੱਡਣਾ ਪਿਆ। ਇਮੀਗ੍ਰੇਸ਼ਨ ਅਥਾਰਟੀ ਰਜਿੰਦਰ ਸਿੰਘ ਨੂੰ ਡਿਪੋਰਟ ਕਰਨ ਲਈ ਤਿਆਰ ਸੀ। ਰਜਿੰਦਰ ਸਿੰਘ ਨੇ ਜਦੋਂ ਇਹ ਸਾਰਾ ਕੁਝ ਅਟਾਰਨੀ ਪੰਨੂ ਨੂੰ ਦੱਸਿਆ ਤਾਂ ਉਨ੍ਹਾਂ ਫੌਰੀ ਤੌਰ 'ਤੇ ਐਫ ਓ ਆਈ ਏ ਤਹਿਤ ਪਟੀਸ਼ਨ ਦਾਇਰ ਕੀਤੀ ਤੇ 6 ਹਫਤਿਆਂ ਵਿਚ ਉਸ ਦੀ ਮੁਕੰਮਲ ਇਮੀਗ੍ਰੇਸ਼ਨ ਫਾਇਲ ਹਾਸਿਲ ਕਰ ਲਈ ਜਿਸ ਦੀ ਨਜ਼ਰਸਾਨੀ ਤੋਂ ਬਾਅਦ ਅਟਾਰਨੀ ਪੰਨੂ ਨੇ ਰਜਿੰਦਰ ਸਿੰਘ ਨੂੰ ਦੱਸਿਆ ਕਿ ਬਦਲੇ ਹੋਏ ਹਾਲਾਤ ਦੇ ਆਧਾਰ 'ਤੇ ਉਸ ਦੇ ਕੇਸ ਨੂੰ ਦੁਬਾਰਾ ਖੋਲਿਆ ਜਾ ਸਕਦਾ ਹੈ।

ਰਜਿੰਦਰ ਸਿੰਘ ਦੀ ਜਾਨ ਨੂੰ ਭਾਰਤ ਵਿਚ ਖਤਰਾ ਹੋਣ ਕਾਰਨ ਉਹ ਬਿਨਾਂ ਪੜਤਾਲ ਦੇ ਅਮਰੀਕਾ ਵਿਚ ਦਾਖਲ ਹੋ ਗਿਆ ਸੀ। ਉਸ ਨੂੰ ਬਾਰਡਰ ਪੈਟਰੋਲ ਵਾਲਿਆਂ ਨੇ ਫੜ ਲਿਆ ਤੇ ਵਾਪਸ ਭੇਜਣ ਦੀ ਪ੍ਰਕ੍ਰਿਆ ਵਿਚ ਪਾ ਦਿੱਤਾ। ਰਜਿੰਦਰ ਸਿੰਘ ਨੇ ਸੀ ਏ ਟੀ ਤਹਿਤ ਡਿਪੋਰਟੇਸ਼ਨ 'ਤੇ ਰੋਕ ਲਾਉਣ ਲਈ ਸ਼ਰਨ ਵਾਸਤੇ ਅਰਜ਼ੀ ਦਾਇਰ ਕੀਤੀ ਜਿਸ ਨੂੰ ਇਮੀਗ੍ਰੇਸ਼ਨ ਜੱਜ ਨੇ ਰੱਦ ਕਰ ਦਿੱਤਾ ਤੇ ਉਸ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਬੋਰਡ ਆਫ ਇਮੀਗ੍ਰੇਸ਼ਨ ਅਪੀਲ ਨੇ ਉਸ ਦੀ ਅਪੀਲ ਨੂੰ ਠੁਕਰਾ ਦਿੱਤਾ। 9ਵੇਂ ਸਰਕਟ ਨੇ ਵੀ ਰਜਿੰਦਰ ਸਿੰਘ ਦੇ ਖਿਲਾਫ ਡਿਪੋਰਟੇਸ਼ਨ ਦੇ ਹੁਕਮ 'ਤੇ ਮੋਹਰ ਲਾ ਦਿੱਤੀ।

ਜਦੋਂ ਰਜਿੰਦਰ ਸਿੰਘ ਨੇ ਅਟਾਰਨੀ ਪੰਨੂ ਨੂੰ ਦਸਿਆ ਕਿ ਉਸ ਦੀ ਭਾਲ ਵਿਚ ਉਸ ਦੇ ਘਰ ਪੁਲਿਸ ਨੇ ਹਾਲ ਵਿਚ ਹੀ ਛਾਪਾ ਮਾਰਿਆ ਤੇ ਉਸ ਦੀ ਮਾਤਾ ਨੂੰ ਗ੍ਰਿਫਤਾਰ ਕੀਤਾ ਹੈ ਤਾਂ ਅਟਾਰਨੀ ਪੰਨੂ ਨੇ ਉਸ ਨੂੰ ਕਿਹਾ ਕਿ ਅਮਰੀਕੀ ਇਮੀਗ੍ਰੇਸ਼ਨ ਲਾਅ ਅਨੁਸਾਰ ਬਦਲੇ ਹੋਏ ਹਾਲਾਤ ਵਿਚ ਉਸ ਦੇ ਡਿਪੋਰਟੇਸ਼ਨ ਦੇ ਹੁਕਮ ਰੱਦ ਕਰਕੇ ਕੇਸ ਮੁੜ ਖੋਲਿਆ ਜਾ ਸਕਦਾ ਹੈ। ਰਜਿੰਦਰ ਸਿੰਘ ਵਲੋਂ ਅਟਾਰਨੀ ਪੰਨੂ ਨੇ ਬਦਲੇ ਹੋਏ ਹਾਲਾਤ ਦੇ ਆਧਾਰ ਉਤੇ ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਅੱਗੇ ਕੇਸ ਮੁੜ ਖੋਲਣ ਲਈ ਤੁਰੰਤ ਮੋਸ਼ਨ ਦਾਇਰ ਕਰ ਦਿੱਤਾ।

ਅਟਾਰਨੀ ਪੰਨੂ ਨੇ ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਨੂੰ ਬੇਨਤੀ ਕੀਤੀ ਕਿ ਡਿਪੋਰਟੇਸ਼ਨ 'ਤੇ ਸਟੇਅ ਜਾਰੀ ਕੀਤਾ ਜਾਵੇ। ਅਮਰੀਕੀ ਇਮੀਗ੍ਰੇਸ਼ਨ ਅਟਾਰਨੀ ਦਫਤਰ ਨੇ ਕੇਸ ਮੁੜ ਖੋਲਣ ਲਈ ਦਾਇਰ ਮੋਸ਼ਨ ਦਾ ਵਿਰੋਧ ਕੀਤਾ ਕਿਉਂਕਿ ਰਜਿੰਦਰ ਸਿੰਘ ਇਮੀਗ੍ਰੇਸ਼ਨ ਜੱਜ, ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਤੇ 9ਵੇਂ ਸਰਕਟ ਅੱਗੇ ਪਹਿਲਾਂ ਹੀ ਆਪਣੀ ਸ਼ਰਨ ਦਾ ਕੇਸ ਹਾਰ ਚੁਕਾ ਹੈ। ਬੋਰਡ ਨੇ ਕੇਸ ਮੁੜ ਖੋਲਣ ਦੀ ਮੋਸ਼ਨ ਰੱਦ ਕਰ ਦਿੱਤੀ।

ਇਸ 'ਤੇ ਅਟਾਰਨੀ ਪੰਨੂ ਨੇ ਕੇਸ ਮੁੜ ਖੋਲਣ ਦੀ ਮੋਸ਼ਨ ਰੱਦ ਕਰਨ ਬਾਰੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਬੋਰਡ ਅੱਗੇ ਮੋਸ਼ਨ ਟੂ ਰਿਕਨਸੀਡਰ ਦਾਇਰ ਕੀਤਾ। ਇਸ ਮੋਸ਼ਨ ਵਿਚ ਅਟਾਰਨੀ ਪੰਨੂ ਦੀਆਂ ਦਲੀਲਾਂ ਮੰਨਦਿਆਂ ਬੋਰਡ ਨੇ ਆਖਿਰ ਕੇਸ ਮੁੜ ਖੋਲਣ ਦੀ ਮਨਜ਼ੂਰੀ ਦੇ ਦਿੱਤੀ।

ਬੋਰਡ ਆਖਿਰ ਸਹਿਮਤ ਹੋ ਗਿਆ ਕਿ ਡਿਪੋਰਟ ਕੀਤੇ ਜਾਣ 'ਤੇ ਰਜਿੰਦਰ ਦੀ ਜਾਨ ਨੂੰ ਖਤਰਾ ਹੋਵੇਗਾ ਅਤੇ ਉਸ ਦੀ ਡਿਪੋਰਟੇਸ਼ਨ ਰੱਦ ਕੀਤੀ ਜਾਵੇ ਤੇ ਕੇਸ ਮੁੜ ਖੋਲਿਆ ਜਾਵੇ। ਅਮਰੀਕਾ ਵਿਚ ਸ਼ਰਨ ਲਈ ਮੁੜ ਅਪਲਾਈ ਕਰਨ ਲਈ ਉਸ ਨੂੰ ਦੋਬਾਰਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਸ ਨੂੰ ਹੁਣ ਵਰਕ ਪਰਮਿਟ ਵੀ ਮਿਲ ਸਕਦਾ ਹੈ ਤੇ ਇਮੀਗ੍ਰੇਸ਼ਨ ਤੋਂ ਡਰਦੇ ਮਾਰੇ ਛੁਪ ਕੇ ਰਹਿਣ ਦੀ ਲੋੜ ਨਹੀਂ ਹੈ।

ਅਟਾਰਨੀ ਪੰਨੂ ਨੇ ਅਜਿਹੇ ਕੇਸਾਂ ਵਿਚ ਸਭ ਨੂੰ ਸਲਾਹ ਦਿੱਤੀ ਹੈ ਕਿ ਉਹ ਸਹੀ ਕਾਨੂੰਨੀ ਸਹਾਇਤਾ ਲੈਣ ਤੇ ਇਮੀਗ੍ਰੇਸ਼ਨ ਕੇਸਾਂ ਬਾਰੇ ਦੂਜੀ ਰਾਏ ਜਰੂਰ ਲੈਣ। ਡਿਪੋਰਟੇਸ਼ਨ 'ਤੇ ਸਟੇਅ ਦੇ ਨਾਲ ਨਾਲ ਕੇਸ ਮੁੜ ਖੋਲਣ ਲਈ ਮੋਸ਼ਨ ਵਖ ਵਖ ਅਧਾਰ 'ਤੇ ਦਾਇਰ ਕੀਤਾ ਜਾ ਸਕਦਾ ਹੈ ਤੇ ਉਹ ਵੀ ਹਰ ਇਕ ਦੇ ਕੇਸ ਦੇ ਤਥਾਂ 'ਤੇ ਨਿਰਭਰ ਕਰਦਾ ਹੈ। ਕਮਜ਼ੋਰ ਕੌਂਸਲਿੰਗ ਦੇ ਕਾਰਨ ਜੇਕਰ ਕਿਸੇ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ ਤਾਂ ਵੀ ਇਹ ਕੇਸ ਮੁੜ ਖੋਲੇ ਜਾ ਸਕਦੇ ਹਨ। ਜੇਕਰ ਕਿਸੇ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ ਤੇ ਉਸ ਦੇ ਦੇਸ਼ ਵਿਚ ਹਾਲਾਤ ਬਦਲੇ ਹੋਏ ਹਨ ਤਾਂ ਵੀ ਇਨ੍ਹਾਂ ਕੇਸਾਂ ਨੂੰ ਦੋਬਾਰਾ ਖੋਲਿਆ ਜਾ ਸਕਦਾ ਹੈ।

## Matrimonials

### ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5'11", ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ 'ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Contact: Sikh5family@gmail.com

Self-employed, handsome Sikh Khatri 48/5'7", living In bay area California, never married, looking for a life-partner. Divorcee also be considered, caste no bar. Contact:408-712-3454.

Seeking Jatt Sikh alliance for 27/5'-6" B.E, M.S girl. Placed with Bank of America, Contact:704-930-1734, ppsd32@gmail.com.

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

### ਵਰ ਦੀ ਲੋੜ

ਖ਼ੂਬਸੂਰਤ ਕੰਬੋਜ਼ ਸਿੱਖ ਉਮਰ 24 ਸਾਲ ਕੱਦ 5'6" ਸਟੂਡੈਂਟ ਵੀਜ਼ੇ 'ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਫੋਨ: 780-200-8082, 91-98146-47417

Sikh match for Parjapat Sikh female, 30, 5'- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com


**Brand new convenience store for Sale/Lease in Indianapolis.**

**ਨਵਾਂ ਨਕੋਰ ਕਨਵੀਨੀਐਂਸ ਸਟੋਰ ਵਿਕਾਊ ਹੈ**

New convenience store having Walk in Cooler, Lottery, Money Order, ATM, Air machine and everything in place for the new owner. On one of the busiest streets in town, Corner lot, having good parking

**Store for sale with property $269000/-**
**For Lease $50000/- Rent $1200/-**
**CONTACT:Harry Singh**
**Ph:317-213-8408**






**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

**Surjit Singh or Satwant K. Takk Cell:**
**(416) 889-9886**
**Sukhpreet Kaur Indiana**
**Ph:317-884-3557**

*www.safeandeasyweightloss.com*
*e-mail:sstakk@hotmail.com*



**SUPER TRAVEL**

**847-676-9090, 773-465-5566**

*E-mail: supertravel2003@yahoo.com*

*Lowest Fares With Excellent Service*



AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250



**MRP TRAVEL**

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*



Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

**We Also Offer Notary Service**



FARMERS INSURANCE GROUP Symbol of Superior Service

**FARMERS®**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella *Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਚੋਣਾਂ ਵੇਲੇ ਭ੍ਰਿਸ਼ਟਾਚਾਰ ਦੇ ਬੱਦਲ ਵਰ੍ਹੇ

## ਆਖ਼ਰੀ ਵਰ੍ਹੇ ਅਕਾਲੀ-ਭਾਜਪਾ ਸਰਕਾਰ ਨੂੰ ਹਲੂਣਾ, ਕਾਂਗਰਸੀ ਕੈਂਪ ਖੁਸ਼

*ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਗੱਠਜੋੜ ਸਰਕਾਰ ਆਪਣੇ ਕਾਰਜਕਾਲ ਦੇ ਆਖਰੀ ਵਰ੍ਹੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਕਸੂਤੀ ਫਸ ਗਈ ਹੈ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਮੁੱਖ ਪਾਰਲੀਮਾਨੀ ਸਕੱਤਰ ਰਾਜ ਖੁਰਾਣਾ ਨੂੰ ਰਿਸ਼ਵਤਖੋਰੀ ਦੇ ਮਾਮਲੇ ਵਿਚ ਗ੍ਰਿਫਤਾਰੀ ਹੋਣ 'ਤੇ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਦਲ ਦੇ ਨੇਤਾ ਮਨੋਰੰਜਨ ਕਾਲੀਆ ਤੇ ਭਲਾਈ ਮੰਤਰੀ ਚੌਧਰੀ ਸਵਰਨਾ ਰਾਮ ਦੇ ਨਾਂ ਸਾਹਮਣੇ ਆਉਣ ਤੋਂ ਬਾਅਦ ਦੋਵੇਂ ਭਿਆਲ ਪਾਰਟੀਆਂ ਸੰਕਟ ਵਿਚ ਫਸੀਆਂ ਮਹਿਸੂਸ ਕਰ ਰਹੀਆਂ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਨੇਤਾ ਤੇ ਮੁੱਖ ਸੰਸਦੀ ਸਕੱਤਰ ਸੋਹਣ ਸਿੰਘ ਠੰਡਲ ਨੂੰ ਅਦਾਲਤ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ 3 ਸਾਲ ਦੀ ਸਜ਼ਾ ਸੁਣਾਈ ਕੀਤੀ ਸੀ।ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ 'ਤੇ ਵੀ ਇਸ ਤੋਂ ਪਹਿਲਾਂ ਪਾਰਟੀ ਦੇ ਹੀ ਸਾਬਕਾ ਵਿਧਾਇਕ ਜਗਦੀਸ਼ ਰਾਜ ਸਾਹਨੀ ਨੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਸਨ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਰਬਜੀਤ ਸਿੰਘ ਮੱਕੜ ਦੇ ਭਤੀਜੇ ਵੱਲੋਂ ਜਲੰਧਰ ਵਿਚ ਇਕ ਹੋਟਲ ਦੇ ਮਾਲਕ ਦੀ ਹੱਤਿਆ ਕਰਨ ਦੀ ਘਟਨਾ ਨੇ ਵੀ ਅਕਾਲੀ ਆਗੂਆਂ ਨੂੰ ਨਮੋਸ਼ੀ ਵਿਚ ਧੱਕ ਦਿੱਤਾ ਸੀ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਵਿਚ ਵੀ ਇਕ ਸਾਲ ਤੋਂ ਘੱਟ ਸਮਾਂ ਰਹਿ ਗਿਆ ਹੈ। ਭਾਜਪਾ ਦੀ ਪੰਜਾਬ ਇਕਾਈ ਦੇ ਨੇਤਾ ਜਿਥੇ ਇਸ ਨੂੰ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਚਿੰਤਤ ਲੱਗ ਰਹੇ ਹਨ, ਉੱਥੇ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੀ ਚੁੱਪ ਨੂੰ ਲੈ ਕੇ ਵੀ ਫਿਕਰਮੰਦ ਹਨ। ਭਾਜਪਾ ਦੀ ਪੰਜਾਬ ਇਕਾਈ ਦੇ ਇੰਚਾਰਜ ਤੇ ਹਿਮਾਚਲ ਪਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਾਂਤਾ ਕੁਮਾਰ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪਾਰਟੀ 'ਤੇ ਪਿਆ ਇਹ ਸੰਕਟ ਮੰਦਭਾਗਾ ਹੈ।*



*ਸੀ.ਬੀ.ਆਈ. ਦੀ ਗ੍ਰਿਫਤ ਵਿਚ ਰਾਜ ਖੁਰਾਣਾ*

### ਪੁਰਾਣੇ ਤੌਰ ਤਰੀਕਿਆਂ ਕਾਰਨ ਛੁਟ ਜਾਂਦੇ ਨੇ ਮੁਲਜ਼ਮ

**ਚੰਡੀਗੜ੍ਹ:** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਸਾਬਕਾ ਡਾਇਰੈਕਟਰ ਜੋਗਿੰਦਰ ਸਿੰਘ ਨੇ ਕਿਹਾ ਕਿ ਹੁਣ ਦੇਸ਼ ਦੀ ਪ੍ਰਮੁੱਖ ਏਜੰਸੀ ਸੀ.ਬੀ.ਆਈ. ਮਹਿਜ਼ ਫੋਨ ਟੈਪਿੰਗ 'ਤੇ ਟੇਕ ਰੱਖ ਕੇ ਭ੍ਰਿਸ਼ਟਾਚਾਰੀਆਂ ਉਪਰ ਸ਼ਿਕੰਜਾ ਨਹੀਂ ਕੱਸ ਸਕਦੀ ਕਿਉਂਕਿ ਫੋਨ ਟੈਪ ਕਰਨ ਦੇ ਸਬੂਤਾਂ ਦੀ ਅਦਾਲਤਾਂ ਵਿਚ ਕੋਈ ਪ੍ਰਮਾਣਿਕਤਾ ਨਹੀਂ ਹੈ ਤੇ ਅਕਸਰ ਮੁਲਜ਼ਮ ਇਸ ਕਾਰਨ ਅਦਾਲਤਾਂ ਵਿਚੋਂ ਬਰੀ ਹੋਣ 'ਚ ਕਾਮਯਾਬ ਹੋ ਜਾਂਦੇ ਹਨ। ਉਨ੍ਹਾਂ ਸੀ.ਬੀ.ਆਈ. ਚੰਡੀਗੜ੍ਹ ਵੱਲੋਂ ਪੰਜਾਬ ਸਰਕਾਰ ਦੇ ਮੁੱਖ ਸੰਸਦੀ ਸਕੱਤਰ (ਵਿੱਤ) ਰਾਜ ਖੁਰਾਣਾ ਨੂੰ ਇਕ ਹੋਰ ਵਿਅਕਤੀ ਸਮੇਤ ਡੇਢ ਕਰੋੜ ਰੁਪਏ ਰਿਸ਼ਵਤ ਮੰਗਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰਨ ਦੇ ਮੁੱਦੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅਜਿਹੇ ਮਾਮਲਿਆਂ ਵਿਚ ਸੀ.ਬੀ.ਆਈ. ਨੂੰ ਜਿਥੇ ਸ਼ਿਕਾਇਤਕਰਤਾ ਦੇ ਧਾਰਾ 164 ਦੇ ਬਿਆਨ ਕਲਮਬੰਦ ਕਰਵਾਉਣੇ ਚਾਹੀਦੇ ਹਨ। ਉਥੇ ਠੋਸ ਸਬੂਤਾਂ ਦਾ ਸਹਾਰਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਸੀ.ਬੀ.ਆਈ. ਕੇਵਲ ਫੋਨ ਟੈਪਿੰਗ ਉਪਰ ਟੇਕ ਨਹੀਂ ਰੱਖ ਸਕਦੀ। ਨਿਆਂਪਾਲਿਕਾ ਅਜਿਹੀ ਰਿਕਾਰਡਿੰਗ ਨੂੰ ਸਬੂਤ ਵਜੋਂ ਮਾਨਤਾ ਨਹੀਂ ਦਿੰਦੀ। ਅਜਿਹੀ ਰਿਕਾਰਡਿੰਗ ਕਰਨ ਵਿਚ ਮਾੜੀ-ਮੋਟੀ ਤਕਨੀਕੀ ਕੁਤਾਹੀ ਮੁਲਜ਼ਮ ਦੇ ਬਚਾਅ ਦਾ ਵਸੀਲਾ ਬਣ ਸਕਦੀ ਹੈ।

## ਭਾਜਪਾ ਵਿਧਾਇਕ ਰਾਜ ਖੁਰਾਣਾ ਆਇਆ ਅੜਿੱਕੇ

ਚੰਡੀਗੜ੍ਹ: ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਚੰਡੀਗੜ੍ਹ ਨੇ ਪੰਜਾਬ ਸਰਕਾਰ ਦੇ ਮੁੱਖ ਪਾਰਲੀਮਾਨੀ ਸਕੱਤਰ (ਵਿੱਤ) ਤੇ ਰਾਜਪੁਰਾ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਧਾਇਕ ਰਾਜ ਖੁਰਾਣਾ ਨੂੰ 1.5 ਕਰੋੜ ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਮੁਹਾਲੀ ਦੇ ਚਰਚਿਤ ਵਿਅਕਤੀ ਦਵਿੰਦਰ ਸਿੰਘ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ। ਸੀ.ਬੀ.ਆਈ. ਅਨੁਸਾਰ ਇਸ ਮਾਮਲੇ ਵਿਚ ਪੰਜਾਬ ਦੇ ਸਥਾਨਕ ਸਰਕਾਰ, ਉਦਯੋਗ ਤੇ ਵਣਜ ਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਤੇ ਮੰਤਰੀ ਸਵਰਨਾ ਰਾਮ ਦੇ ਨਾਂ ਵੀ ਬੋਲਦੇ ਹਨ। ਸੀ.ਬੀ.ਆਈ. ਅਨੁਸਾਰ ਉਨ੍ਹਾਂ ਨੂੰ ਪੰਜਾਬ ਆਟੋਮੋਬਾਈਲ ਮਕੈਨਿਕਸ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਨੇ ਸ਼ਿਕਾਇਤ ਕੀਤੀ ਸੀ ਕਿ ਰਜਿਸਟਰਾਰ, ਫਰਮਜ਼ ਐਂਡ ਸੁਸਾਇਟੀਜ਼ ਪੰਜਾਬ ਦਾ ਮੁਲਾਜ਼ਮ ਦਵਿੰਦਰ ਸਿੰਘ ਸ਼ਿਕਾਇਤਕਰਤਾ ਨੂੰ ਪਿਛਲੇ ਸਮੇਂ ਤੋਂ ਧਮਕਾ ਰਿਹਾ ਸੀ ਕਿ ਪਿੰਡ ਬਿਸ਼ਨਪੁਰਾ 'ਚ 14 ਏਕੜ ਜ਼ਮੀਨ ਵੇਚਣ ਦੇ ਮਾਮਲੇ ਵਿਚ ਉਸ ਦੀ ਉਚ ਪੱਧਰ 'ਤੇ ਸ਼ਿਕਾਇਤ ਹੋਈ ਹੈ ਤੇ ਸਰਕਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਦਰਜ ਕਰਕੇ ਐਸੋਸੀਏਸ਼ਨ ਦਾ ਕੰਟਰੋਲ ਆਪਣੇ ਹੱਥ ਵਿਚ ਲੈ ਰਹੀ ਹੈ। ਦਵਿੰਦਰ ਨੇ ਸ਼ਿਕਾਇਤਕਰਤਾ ਕੋਲੋਂ ਇਸ ਦੇ ਇਵਜ਼ ਵਜੋਂ ਦੋ ਕਰੋੜ ਰੁਪਏ ਰਿਸ਼ਵਤ ਮੰਗੀ ਸੀ।

ਸੀ.ਬੀ.ਆਈ. ਅਨੁਸਾਰ ਦਵਿੰਦਰ ਨੇ ਸ਼ਿਕਾਇਤਕਰਤਾ ਨੂੰ ਦੱਸਿਆ ਸੀ ਕਿ ਉਸ ਨੇ ਮੁੱਖ ਪਾਰਲੀਮਾਨੀ ਸਕੱਤਰ ਰਾਜ ਖੁਰਾਣਾ ਰਾਹੀਂ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਨਾਲ ਗੱਲ ਕਰ ਲਈ ਹੈ ਤੇ ਦੋ ਕਰੋੜ ਰੁਪਏ ਰਿਸ਼ਵਤ ਦੇਣ ਦੀ ਸੂਰਤ ਵਿਚ ਮੰਤਰੀ ਉਸ ਵਿਰੁੱਧ ਚੱਲ ਰਹੀ ਸ਼ਿਕਾਇਤ ਨੂੰ ਠੱਪ ਕਰਵਾ ਦੇਵੇਗਾ। ਦਵਿੰਦਰ ਨੇ ਸ਼ਿਕਾਇਤਕਰਤਾ ਨੂੰ ਡਰਾਉਣ ਲਈ ਉਸ ਵਿਰੁੱਧ ਕੀਤੀ ਸ਼ਿਕਾਇਤ ਦੀ ਇਕ ਕਾਪੀ ਵੀ ਦਿਖਾਈ ਸੀ। ਸ਼ਿਕਾਇਤਕਰਤਾ ਅਨੁਸਾਰ ਫਿਰ ਕਿਸੇ ਤਰ੍ਹਾਂ ਉਸ ਨੇ ਸੌਦਾ ਡੇਢ ਕਰੋੜ ਵਿਚ ਤੈਅ ਕੀਤਾ। ਦਵਿੰਦਰ ਨੇ ਸ਼ਿਕਾਇਤਕਰਤਾ ਨੂੰ ਰਿਸ਼ਵਤ ਦੀ ਰਾਸ਼ੀ ਰਾਜ ਖੁਰਾਣਾ ਦੀ ਇਥੇ ਸੈਕਟਰ-39 ਸਥਿਤ ਸਰਕਾਰੀ ਰਿਹਾਇਸ਼ (925) 'ਚ ਦੇਣ ਲਈ ਕਿਹਾ ਸੀ। ਰਾਜ ਖੁਰਾਣਾ ਨੇ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸਤਪਾਲ ਸਿੰਘ ਸੋਢੀ ਨਾਲ ਵੀ ਇਸ ਬਾਰੇ ਗੱਲਬਾਤ ਕੀਤੀ ਸੀ।

ਸੀ.ਬੀ.ਆਈ. ਨੇ ਇਸ ਸ਼ਿਕਾਇਤ ਦੇ ਆਧਾਰ 'ਤੇ ਦਵਿੰਦਰ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀ ਧਾਰਾ 8 ਤਹਿਤ ਮਾਮਲਾ ਦਰਜ ਕਰਕੇ ਇਹ ਕਾਰਵਾਈ ਕੀਤੀ ਹੈ। ਸੀ.ਬੀ.ਆਈ. ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਰਿਸ਼ਵਤ ਮੰਗਣ ਦੀ ਇਹ ਸਾਰੀ ਵਾਰਤਾਲਾਪ ਰਿਕਾਰਡ ਕੀਤੀ ਹੈ। ਸੂਤਰ ਦੱਸਦੇ ਹਨ ਕਿ ਜਦੋਂ ਸ਼ਿਕਾਇਤਕਰਤਾ ਸੀ.ਬੀ.ਆਈ. ਦੇ ਇਥੇ ਸੈਕਟਰ-30 ਸਥਿਤ ਦਫਤਰ ਆਪਣੀ ਸ਼ਿਕਾਇਤ ਲੈ ਕੇ ਗਿਆ ਤਾਂ ਸੀ.ਬੀ.ਆਈ. ਦੀ ਵਿਸ਼ੇਸ਼ ਟੀਮ ਨੇ ਸ਼ਿਕਾਇਤਕਰਤਾ ਤੇ ਦਵਿੰਦਰ ਦੀ ਮੋਬਾਈਲ ਫੋਨ 'ਤੇ ਹੋਈ ਪੂਰੀ ਗੱਲਬਾਤ ਟੇਪ ਕਰ ਲਈ ਸੀ। ਸੀ.ਬੀ.ਆਈ. ਅਨੁਸਾਰ ਦਵਿੰਦਰ ਨੇ ਫੋਨ ਰਾਹੀਂ ਸ਼ਿਕਾਇਤਕਰਤਾ ਨੂੰ ਰਾਜ ਖੁਰਾਣਾ ਦੀ ਸਰਕਾਰੀ ਰਿਹਾਇਸ਼ 'ਤੇ ਰਿਸ਼ਵਤ ਦੀ ਰਕਮ ਦੇਣ ਲਈ ਸੱਦਿਆ ਸੀ ਜਿਸ ਦੌਰਾਨ ਦਵਿੰਦਰ ਸਿੰਘ ਤੇ ਰਾਜ ਖੁਰਾਣਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੂਤਰ ਦੱਸਦੇ ਹਨ ਕਿ ਸੀ.ਬੀ.ਆਈ. ਨੇ ਰਾਜ ਖੁਰਾਣਾ ਕੋਲੋਂ ਰਿਸ਼ਵਤ ਦੀ ਰਾਸ਼ੀ ਦੀ ਕੋਈ ਬਰਾਮਦਗੀ ਨਹੀਂ ਪਾਈ ਹੈ ਜਦਕਿ ਰਿਸ਼ਵਤ ਦੀ ਸਮੁੱਚੀ ਰਾਸ਼ੀ ਦਵਿੰਦਰ ਕੋਲੋਂ ਬਰਾਮਦ ਕਰਨ ਦੀ ਗੱਲ ਕਹੀ ਗਈ ਹੈ। ਸੀ.ਬੀ.ਆਈ. ਅਨੁਸਾਰ ਉਸ ਨੇ ਇਸ ਮਾਮਲੇ ਵਿਚ ਮੌਕੇ 'ਤੇ ਹੀ 15 ਲੱਖ ਰੁਪਏ ਤੇ 9 ਬਲੈਂਕ ਚੈੱਕ (1.35 ਕਰੋੜ) ਬਰਾਮਦ ਕੀਤੇ ਹਨ ਜੋ ਰਿਸ਼ਵਤ ਵਜੋਂ ਹਾਸਲ ਕੀਤੇ ਗਏ ਸਨ। ਦਰਅਸਲ ਸੀ.ਬੀ.ਆਈ. ਨੇ ਇਹ ਦਵਿੰਦਰ ਦੀ ਕਾਲੇ ਰੰਗ ਦੀ ਲਗਜ਼ਰੀ ਪੋਰਸ਼ ਕਾਰ (ਸੀ.ਐਚ.-23ਟੀ-7032) ਵਿਚੋਂ ਬਰਾਮਦ ਕੀਤੇ ਹਨ। ਇਹ ਕਾਰ ਰਾਜ ਖੁਰਾਣਾ ਦੀ ਸਰਕਾਰੀ ਰਿਹਾਇਸ਼ 'ਤੇ ਖੜ੍ਹੀ ਸੀ।



*ਰਾਜ ਕੁਮਾਰ ਖੁਰਾਣਾ ਨੂੰ ਗ੍ਰਿਫਤਾਰ ਕਰਕੇ ਲਿਜਾ ਰਹੇ ਸੀ.ਬੀ.ਆਈ. ਅਧਿਕਾਰੀ*

## ਇੰਝ ਸਾਹਮਣੇ ਆਇਆ ਭ੍ਰਿਸਟਾਚਾਰ ਦਾ ਮਾਮਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਲਈ ਸਿਰਦਰਦੀ ਬਣਿਆ 1.50 ਕਰੋੜ ਰੁਪਏ ਰਿਸ਼ਵਤ ਲੈਣ ਦਾ ਮਾਮਲਾ ਪੰਜਾਬ ਆਟੋ-ਮੋਬਾਈਲ ਮਕੈਨਿਕਸ ਐਸੋਸੀਏਸ਼ਨ ਜ਼ੀਰਕਪੁਰ (ਮੁਹਾਲੀ) ਦੀ ਪਿੰਡ ਬਿਸ਼ਨਗੜ੍ਹ (ਡੇਰਾਬਸੀ) 'ਚ 14 ਏਕੜ ਜ਼ਮੀਨ ਨਾਲ ਜੁੜਿਆ ਹੈ।

ਇਹ ਮਾਮਲਾ ਐਸੋਸੀਏਸ਼ਨ ਦੇ ਦੁਫਾੜ ਹੋਣ ਕਾਰਨ ਸਾਹਮਣੇ ਆਇਆ। ਐਸੋਸੀਏਸ਼ਨ ਦੇ ਮੁੱਢਲੇ ਮੈਂਬਰ ਨੇ ਜਦੋਂ ਇਸ ਸੰਸਥਾ ਦੀ ਮੌਜੂਦਾ ਟੀਮ ਵਿਰੁੱਧ ਸਰਕਾਰੇ-ਦਰਬਾਰੇ ਸ਼ਿਕਾਇਤ ਕੀਤੀ ਤਾਂ ਮਾਮਲਾ 1.50 ਕਰੋੜ ਦੀ ਰਿਸ਼ਵਤ ਲੈਣ ਤੱਕ ਪੁੱਜ ਗਿਆ। ਸ਼ਿਕਾਇਤਕਰਤਾ ਮਨਪ੍ਰੀਤ ਸਿੰਘ ਅਨੁਸਾਰ ਐਸੋਸੀਏਸ਼ਨ ਦੇ 147 ਮੈਂਬਰਾਂ ਨੇ ਸਾਲ 1981 ਵਿਚ ਪਿੰਡ ਬਿਸ਼ਨਗੜ੍ਹ ਵਿਖੇ 14 ਏਕੜ ਜ਼ਮੀਨ ਖਰੀਦੀ ਸੀ। ਫਿਰ 135 ਮੈਂਬਰਾਂ ਨੇ ਜ਼ਮੀਨ ਵੇਚਣ ਦਾ ਫੈਸਲਾ ਕੀਤਾ ਪਰ ਸਾਲ 2007 ਦੌਰਾਨ ਵਿਵਾਦ ਖੜ੍ਹਾ ਹੋਣ ਕਾਰਨ ਮਾਮਲਾ ਅਦਾਲਤ ਵਿਚ ਚਲਾ ਗਿਆ। ਕੇਸ ਖਤਮ ਹੋਣ ਤੋਂ ਬਾਅਦ ਜ਼ਮੀਨ 130 ਕਰੋੜ ਰੁਪਏ ਦੀ ਵੇਚ ਕੇ ਮੈਂਬਰਾਂ ਵਿਚਕਾਰ ਇਹ ਰਾਸ਼ੀ ਵੰਡ ਦਿੱਤੀ। ਇਸੇ ਦੌਰਾਨ ਕੁਝ ਮੈਂਬਰਾਂ ਨੇ ਐਸੋਸੀਏਸ਼ਨ ਵਿਰੁੱਧ



*ਮਨੋਰੰਜਨ ਕਾਲੀਆ*



*ਸਵਰਨਾ ਰਾਮ*

ਸ਼ਿਕਾਇਤ ਕਰ ਦਿੱਤੀ। ਇਸੇ ਸ਼ਿਕਾਇਤ ਨੂੰ ਖੁਰਦ-ਬੁਰਦ ਕਰਨ ਲਈ ਦਵਿੰਦਰ ਸਿੰਘ ਡੇਢ ਕਰੋੜ ਰੁਪਏ ਰਿਸ਼ਵਤ ਮੰਗ ਰਿਹਾ ਸੀ। ਮਨਪ੍ਰੀਤ ਅਨੁਸਾਰ ਦਵਿੰਦਰ ਦਾ ਕਹਿਣਾ ਸੀ ਕਿ ਇਹ ਰਿਸ਼ਵਤ ਦੀ ਰਾਸ਼ੀ ਰਾਜ ਖੁਰਾਣਾ ਰਾਹੀਂ ਮਨੋਰੰਜਨ ਕਾਲੀਆ ਨੂੰ ਜਾਣੀ ਸੀ ਜਿਸ ਤੋਂ ਬਾਅਦ ਉਸ ਨੇ ਇਹ ਸ਼ਿਕਾਇਤ ਸੀ.ਬੀ.ਆਈ. ਨੂੰ ਕੀਤੀ ਅਤੇ ਅਖੀਰ 4-5 ਮਈ ਦੀ ਰਾਤ ਨੂੰ ਇਥੇ ਸੈਕਟਰ-39 ਵਿਖੇ ਖੁਰਾਣਾ ਦੇ ਘਰ ਇਸ ਮਾਮਲੇ ਵਿਚ ਰਿਸ਼ਵਤ ਲੈਣ ਦਾ ਖੁਲਾਸਾ ਹੋਇਆ। ਦੂਜੇ ਪਾਸੇ ਇਸ ਐਸੋਸੀਏਸ਼ਨ ਦੇ ਪਹਿਲੇ ਜਨਰਲ ਸਕੱਤਰ ਮਨਮੋਹਨ ਸਿੰਘ ਨੇ ਸ਼ਿਕਾਇਤ ਕੀਤੀ ਸੀ ਕਿ ਸਾਲ 2003-04 ਦੌਰਾਨ ਜ਼ਮੀਨਾਂ ਦੀਆਂ ਕੀਮਤਾਂ ਵਧਣ ਕਾਰਨ ਕੁਝ ਗਲਤ ਅਨਸਰਾਂ ਦੀ ਇਸ ਜ਼ਮੀਨ ਉਪਰ ਅੱਖ ਆ ਗਈ। ਕੁਝ ਵਿਅਕਤੀ ਇਥੇ ਪਲਾਟ ਖਰੀਦ ਕੇ ਆਪਣੇ-ਆਪ ਨੂੰ ਹਿੱਸੇਦਾਰ ਕਹਾਉਣ ਲੱਗ ਪਏ। ਮਨਮੋਹਨ ਸਿੰਘ ਦੀ ਸ਼ਿਕਾਇਤ ਅਨੁਸਾਰ ਕੁਝ ਵਿਅਕਤੀ ਪ੍ਰਧਾਨ ਤੇ ਜਨਰਲ ਸਕੱਤਰ ਦੀ ਮਨਜ਼ੂਰੀ ਬਿਨਾਂ ਖੁਦ ਹੀ ਐਸੋਸੀਏਸ਼ਨ ਉਪਰ ਕਾਬਜ਼ ਹੋ ਗਏ।

ਫਿਰ ਮਨਮੋਹਨ ਸਿੰਘ ਦੀ ਸ਼ਿਕਾਇਤ 'ਤੇ 1 ਮਾਰਚ, 2008 ਨੂੰ ਇਸ ਮਾਮਲੇ ਦੇ ਸ਼ਿਕਾਇਤਕਰਤਾ ਮਨਪ੍ਰੀਤ ਸਿੰਘ, ਸਤਪਾਲ ਸਿੰਘ ਸੋਢੀ, ਕੁਲਜੀਤ ਸਿੰਘ ਸੋਢੀ ਤੇ ਸੁਭਾਸ਼ ਚੰਦਰ ਸੈਣੀ ਖਿਲਾਫ ਇਥੇ ਮਨੀਮਾਜਰਾ ਥਾਣਾ ਵਿਖੇ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਹੋਇਆ। ਐਸੋਸੀਏਸ਼ਨ ਦੇ ਮੁੱਢਲੇ ਪ੍ਰਧਾਨ ਨਿਰਮਲ ਸਿੰਘ ਨੇ ਦੱਸਿਆ ਕਿ ਹੁਣ ਵੀ ਇਨ੍ਹਾਂ ਵਿਅਕਤੀਆਂ ਵੱਲੋਂ ਹੀ ਸੀ.ਬੀ.ਆਈ. ਵੱਲੋਂ ਫੜੇ ਦਵਿੰਦਰ ਸਿੰਘ ਨਾਲ ਕਥਿਤ ਮਿਲੀਭੁਗਤ ਕਰਕੇ ਜ਼ਮੀਨ ਦੇ ਮਾਮਲੇ 'ਚ ਗੜਬੜ ਕਰਨ ਦਾ ਯਤਨ ਕੀਤਾ ਜਾ ਰਿਹਾ ਸੀ। ਨਿਰਮਲ ਸਿੰਘ ਨੇ ਇਸ ਮੌਕੇ ਦੱਸਿਆ ਕਿ ਉਨ੍ਹਾਂ ਫਰਮਜ਼ ਐਂਡ ਸੁਸਾਇਟੀਜ਼ ਪੰਜਾਬ ਦੇ ਰਜਿਸਟਰਾਰ ਦੇ ਧਿਆਨ ਵਿਚ ਵੀ ਲਿਆਂਦਾ ਹੈ ਕਿ ਮਨਪ੍ਰੀਤ ਸਿੰਘ ਨੂੰ ਨਿਯਮਾਂ ਦੇ ਉਲਟ ਜਾ ਕੇ ਐਸੋਸੀਏਸ਼ਨ ਦਾ ਜਨਰਲ ਸਕੱਤਰ ਬਣਾਇਆ ਹੈ ਕਿਉਂਕਿ ਨਿਰਧਾਰਤ ਕਾਨੂੰਨ ਮੁਤਾਬਕ ਉਹ ਐਸੋਸੀਏਸ਼ਨ ਦਾ ਮੈਂਬਰ ਹੀ ਨਹੀਂ ਹੈ। ਉਨ੍ਹਾਂ ਨੇ ਇਸ ਸਮੁੱਚੇ ਘਪਲੇ ਦੀ ਕਿਸੇ ਉੱਚ ਏਜੰਸੀ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ।

### ਵਿਚੋਲੇ ਦਵਿੰਦਰ ਦੇ ਕਈ ਅਫਸਰਾਂ ਤੇ ਆਗੂਆਂ ਨਾਲ ਸਬੰਧ

ਸੀ.ਬੀ.ਆਈ. ਵੱਲੋਂ ਰਾਜ ਖੁਰਾਣਾ ਦੇ ਕੇਸ ਦੀ ਕੀਤੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਵਿਚੋਲੀਏ ਦਵਿੰਦਰ ਸਿੰਘ ਦੀ ਕਈ ਆਈ.ਪੀ.ਐਸ. ਤੇ ਆਈ.ਏ.ਐਸ. ਅਫਸਰਾਂ ਨਾਲ ਫੋਨ 'ਤੇ ਲੰਮੀ ਗੱਲਬਾਤ ਹੁੰਦੀ ਸੀ। ਜਾਂਚ ਏਜੰਸੀ ਨੂੰ ਸ਼ੱਕ ਹੈ ਕਿ ਇਹ ਸ਼ਖਸ ਕਈ ਸਿਆਸੀ ਆਗੂਆਂ ਦੇ ਸੰਪਰਕ ਵਿਚ ਵੀ ਸੀ।

ਸੀ.ਬੀ.ਆਈ. ਦੇ ਸੂਤਰਾਂ ਅਨੁਸਾਰ ਇਸ ਮਾਮਲੇ ਵਿਚ ਕੁਝ ਸੀਨੀਅਰ ਅਧਿਕਾਰੀਆਂ ਨੂੰ ਪੜਤਾਲ ਵਿਚ ਸ਼ਾਮਲ ਕੀਤਾ ਜਾਵੇਗਾ। ਇਸ ਬਾਰੇ ਇਕ ਅਧਿਕਾਰੀ ਨੂੰ ਸੰਮਨ ਜਾਰੀ ਕੀਤੇ ਜਾ ਚੁੱਕੇ ਹਨ।

# ਕਾਲਾ ਸੰਘਿਆ ਡਰੇਨ 'ਚੋਂ ਜ਼ਹਿਰਾਂ ਰੋਕਣ ਲਈ ਰਾਜਸਥਾਨ ਦੀ ਪਹਿਲ

## ਪਲੀਤ ਪਾਣੀ ਬਣ ਰਿਹਾ ਹੈ ਰੋਗਾਂ ਦਾ ਘਰ



ਜ਼ਹਿਰਾਂ ਨਾਲ ਭਰੀ ਕਾਲਾ ਸੰਘਿਆ ਡਰੇਨ।

**ਜਲੰਧਰ:** ਕਾਲਾ ਸੰਘਿਆ ਡਰੇਨ ਵਿਚ ਪੈ ਰਹੀਆਂ ਜ਼ਹਿਰਾਂ ਨੂੰ ਰੋਕਣ ਦੇ ਮਾਮਲੇ ਵਿਚ ਰਾਜਸਥਾਨ ਨੇ ਵੀ ਆਪਣੇ ਕਦਮ ਅੱਗੇ ਵਧਾਏ ਹਨ। ਇਸ ਦੇ 8 ਮੈਂਬਰੀ ਵਫ਼ਦ ਨੇ ਵੀ ਡਿਪਟੀ ਕਮਿਸ਼ਨਰ ਨੂੰ ਇਹ ਜ਼ਹਿਰਾਂ ਰੋਕਣ ਲਈ ਮੰਗ ਪੱਤਰ ਦਿੱਤਾ ਹੈ। ਵਫ਼ਦ ਨੇ ਮੰਗ ਕੀਤੀ ਕਿ ਕਾਲਾ ਸੰਘਿਆ ਡਰੇਨ ਤੇ ਚਿੱਟੀ ਵੇਈਂ ਰਾਹੀਂ ਪੈ ਰਹੀਆਂ ਜ਼ਹਿਰਾਂ ਆਖ਼ਰ ਨੂੰ ਸਤਲੁਜ ਦਰਿਆ 'ਚੋਂ ਹੋ ਕੇ ਨਹਿਰਾਂ ਰਾਹੀਂ ਰਾਜਸਥਾਨ ਦੇ ਚਾਰ ਜ਼ਿਲ੍ਹਿਆਂ ਵਿਚ ਕੈਂਸਰ ਪੈਦਾ ਕਰ ਰਹੀਆਂ ਹਨ। ਵਫ਼ਦ ਨੇ ਡਿਪਟੀ ਕਮਿਸ਼ਨਰ ਨੂੰ ਇਹ ਚਿਤਾਵਨੀ ਵੀ ਦਿੱਤੀ ਕਿ ਜੇਕਰ ਇਨ੍ਹਾਂ ਜ਼ਹਿਰਾਂ ਨੂੰ ਸਮੇਂ ਸਿਰ ਨਾ ਰੋਕਿਆ ਤਾਂ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ 18 ਮਈ ਨੂੰ ਕਾਲਾ ਸੰਘਿਆ ਡਰੇਨ ਬੰਦ ਕਰਨ ਬਾਰੇ ਕੀਤੇ ਜਾ ਰਹੇ ਅੰਦੋਲਨ ਵਿਚ ਰਾਜਸਥਾਨ ਦੇ ਲੋਕ ਵੀ ਸ਼ਾਮਲ ਹੋਣਗੇ।

ਇਸ ਵਫ਼ਦ ਵਿਚ ਗੰਗ ਕੈਨਾਲ ਸਿਸਟਮ ਦੇ ਚੇਅਰਮੈਨ ਸ਼ਮੀਰ ਸਿੰਘ ਬਰਾੜ, ਗੰਗ ਨਹਿਰ ਰੈਗੂਲੇਸ਼ਨ ਕਮੇਟੀ ਦੇ ਪ੍ਰਧਾਨ ਦਲਜੀਤ ਸਿੰਘ ਰੰਧਾਵਾ, ਕਿਸਾਨ ਸੰਘਰਸ਼ ਸੰਮਤੀ ਦੇ ਆਗੂ ਕੁਲਦੀਪ ਸਿੰਘ, ਸ਼ਿਵ ਲਾਲ, ਨੱਥਾ ਸਿੰਘ, ਇਕਬਾਲ ਸਿੰਘ ਤੇ ਗੁਰਮੇਜ ਸਿੰਘ ਸ਼ਾਮਲ ਸਨ। ਸ. ਬਰਾੜ ਨੇ ਦੱਸਿਆ ਕਿ ਸਤਲੁਜ ਦਰਿਆ ਦਾ ਪ੍ਰਦੂਸ਼ਤ ਪਾਣੀ ਹਰੀਕੇ ਪੱਤਣ ਤੋਂ ਨਿਕਲਦੀਆਂ ਦੋ ਨਹਿਰਾਂ ਵਿਚੋਂ ਜਿਹੜੀ ਰਾਜਸਥਾਨ ਨੂੰ ਜਾਂਦੀ ਹੈ, ਉਸ ਦਾ ਪਾਣੀ ਵੀ ਬਿਲਕੁਲ ਕਾਲੇ ਰੰਗ ਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਇਕ ਹਜ਼ਾਰ ਕਿਲੋਮੀਟਰ ਲੰਬੀ ਨੈੱਟਵਰਕ ਵਾਲੀ ਨਹਿਰ 'ਤੇ ਕਿਧਰੇ ਵੀ ਕੋਈ ਟਰੀਟਮੈਂਟ ਪਲਾਂਟ ਨਹੀਂ ਲੱਗਾ ਹੋਇਆ ਤੇ ਰਾਜਸਥਾਨ ਦੇ ਲੋਕ ਇਸ ਨਹਿਰ ਦਾ ਦੂਸ਼ਿਤ ਪਾਣੀ ਬਿਨਾਂ ਟਰੀਟ ਕੀਤਿਆਂ ਹੀ ਪੀਣ ਲਈ ਮਜਬੂਰ ਹਨ ਜਿਸ ਕਾਰਨ ਲੋਕ ਕੈਂਸਰ, ਕਾਲਾ ਪੀਲੀਆ, ਗੁਰਦਿਆਂ ਦੇ ਰੋਗ ਤੇ ਹੋਰ ਚਮੜੀ ਦੇ ਰੋਗਾਂ ਨਾਲ ਪੀੜਤ ਹੋ ਰਹੇ ਹਨ।

ਉਨ੍ਹਾਂ ਦੱਸਿਆ ਕਿ ਬੀਕਾਨੇਰ ਦੇ ਕੈਂਸਰ ਹਸਪਤਾਲ ਵਿਚ ਹਰ ਸਾਲ 6000 ਦੇ ਕਰੀਬ ਕੈਂਸਰ ਨਾਲ ਪੀੜਤ ਮਰੀਜ਼ ਦਾਖਲ ਹੁੰਦੇ ਹਨ।। ਇਨ੍ਹਾਂ ਵਿਚੋਂ 1500 ਮਰੀਜ਼ ਪੰਜਾਬ ਦੇ ਮਾਲਵਾ ਖਿੱਤੇ 'ਚੋਂ ਹੁੰਦੇ ਹਨ ਤੇ 4500 ਮਰੀਜ਼ ਰਾਜਸਥਾਨ ਦੇ ਚਾਰ ਜ਼ਿਲ੍ਹਿਆਂ 'ਚੋਂ ਹੁੰਦੇ ਹਨ ਜਿਥੇ ਇਸ ਨਹਿਰ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਹੈ। ਸੰਤ ਸੀਚੇਵਾਲ ਨੇ ਰਾਜਸਥਾਨ ਦੇ ਲੋਕਾਂ ਦੇ ਧਿਆਨ 'ਚ ਇਹ ਗੱਲ ਲਿਆਂਦੀ ਸੀ ਕਿ ਜਿਹੜਾ ਪਾਣੀ ਉਥੋਂ ਦੇ ਲੋਕ ਪੀਂਦੇ ਹਨ, ਉਸ ਵਿਚ ਜਲੰਧਰ ਸ਼ਹਿਰ ਤੇ ਲੁਧਿਆਣਾ ਦੀਆਂ ਕਾਰਪੋਰੇਸ਼ਨਾਂ ਤੇ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਮਿਲਿਆ ਹੁੰਦਾ ਹੈ। ਇਸ ਮੌਕੇ ਉਨ੍ਹਾਂ ਨਾਲ ਸੰਤ ਸੁਖਜੀਤ ਸਿੰਘ ਸੀਚੇਵਾਲ, ਸੰਤ ਬਲਦੇਵ ਕਿਸ਼ਨ ਸਿੰਘ, ਗਾਜੀਪੁਰ ਤੋਂ ਸੰਜੀਵ ਕੁਮਾਰ, ਤਲਵੰਡੀ ਮਾਧੋ ਤੋਂ ਰਘਬੀਰ ਸਿੰਘ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਮੰਗ ਪੱਤਰ ਲੈਣ ਮਗਰੋਂ ਲੈਦਰ ਇੰਡਸਟਰੀ ਵਾਲਿਆਂ 'ਤੇ ਦੋਸ਼ ਲਾਇਆ ਕਿ ਉਹ ਪ੍ਰਦੂਸ਼ਣ ਨੂੰ ਘਟਾਉਣ ਲਈ ਸਹਿਯੋਗ ਨਹੀਂ ਦੇ ਰਹੇ। ਜ਼ਹਿਰਾਂ ਨੂੰ ਰੋਕਣ ਤੋਂ ਜ਼ਿਲ੍ਹਾ ਪ੍ਰਸ਼ਾਸਨ ਨੇ ਇਕ ਤਰ੍ਹਾਂ ਨਾਲ ਹੱਥ ਖੜ੍ਹੇ ਕਰ ਦਿੱਤੇ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਇਨ੍ਹਾਂ ਫੈਕਟਰੀਆਂ ਵਿਰੁੱਧ ਕੋਈ ਕਾਰਵਾਈ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਜਲਦੀ ਹੀ ਮੀਟਿੰਗ ਕਰਕੇ ਇਸ ਦਾ ਕੋਈ ਹੱਲ ਕੱਢਣਗੇ। ਡਿਪਟੀ ਕਮਿਸ਼ਨਰ ਨੇ ਰਾਜਸਥਾਨ ਤੋਂ ਆਏ ਵਫਦ ਨੂੰ ਵੀ ਇਹ ਕੋਈ ਭਰੋਸਾ ਨਹੀਂ ਦਿੱਤਾ ਕਿ ਇਹ ਜ਼ਹਿਰਾਂ ਕਦੋਂ ਤੱਕ ਰੋਕ ਦਿੱਤੀਆਂ ਜਾਣਗੀਆਂ।

## ਰਣੀਕੇ ਦੀ ਭਰਜਾਈ ਤੇ ਭਤੀਜੇ ਸਣੇ 5 ਖ਼ਿਲਾਫ਼ ਕੇਸ

**ਜਲੰਧਰ:** ਪਸ਼ੂ ਪਾਲਣ ਵਿਭਾਗ ਦੇ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੀ ਭਰਜਾਈ ਰਾਜਪਿੰਦਰ ਕੌਰ ਤੇ ਭਤੀਜੇ ਸਤਿੰਦਰਪਾਲ ਸਿੰਘ ਸਮੇਤ ਪੰਜ ਵਿਅਕਤੀਆਂ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿਚ ਪੁਲੀਸ ਨੇ ਨਹਿਰੀ ਵਿਭਾਗ ਦੇ ਐਸ.ਡੀ.ਓ. ਨਰੇਸ਼ ਗਰਗ ਨੂੰ ਗ੍ਰਿਫਤਾਰ ਕਰਕੇ ਜਲੰਧਰ ਲਿਆਂਦਾ। ਇਥੋਂ ਦੇ ਰਹਿਣ ਵਾਲੇ ਅਲਫਾ ਰਬੜ ਫੈਕਟਰੀ ਦੇ ਮਾਲਕ ਗੁਰਪ੍ਰੀਤ ਸਿੰਘ ਨੇ ਜਲੰਧਰ ਦੇ ਪੁਲੀਸ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਨੇ 2000 ਵਿਚ ਚੰਡੀਗੜ੍ਹ ਦੇ ਸੈਕਟਰ 39 ਡੀ 'ਚ ਰਾਜਪਿੰਦਰ ਕੌਰ ਪਤਨੀ ਮਰਹੂਮ ਦਲਬੀਰ ਸਿੰਘ ਰਣੀਕੇ ਵਾਸੀ ਅੰਮ੍ਰਿਤਸਰ ਤੋਂ 29 ਲੱਖ 'ਚ ਪਲਾਟ ਦੀ ਜਨਰਲ ਪਾਵਰ ਅਟਾਰਨੀ ਲਈ ਸੀ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਜਦੋਂ ਉਹ ਆਪਣੇ ਖਰੀਦੇ ਹੋਏ ਪਲਾਟ 'ਚ 2008 ਵਿਚ ਉਸਾਰੀ ਕਰਾਉਣ ਲੱਗਾ ਤਾਂ ਉਸ ਨੂੰ ਨਹਿਰੀ ਵਿਭਾਗ ਦੇ ਐਸ.ਡੀ.ਓ. ਨਰੇਸ਼ ਗਰਗ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਇਹ ਪਲਾਟ ਉਸ ਨੇ ਖਰੀਦਿਆ ਹੋਇਆ ਹੈ। ਨਰੇਸ਼ ਗਰਗ ਨੇ ਕੁਝ ਦਸਤਾਵੇਜ਼ ਵੀ ਉਸ ਨੂੰ ਦਿਖਾਏ ਜਿਹੜੇ ਕਿ ਰਾਜਪਿੰਦਰ ਕੌਰ ਵੱਲੋਂ ਸਨ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਲਾਟ ਦੀ ਖਰੀਦੋ-ਫਰੋਖਤ ਸਮੇਂ ਸਾਰਾ ਲੈਣ-ਦੇਣ ਜਲੰਧਰ 'ਚ ਹੋਇਆ ਸੀ। ਉਸ ਨੇ ਦੋਸ਼ ਲਾਇਆ ਕਿ ਉਸ ਨਾਲ ਪਲਾਟ ਖਰੀਦਣ ਦੇ ਮਾਮਲੇ 'ਚ ਰਾਜਪਿੰਦਰ ਕੌਰ ਤੇ ਹੋਰਾਂ ਨੇ ਧੋਖਾ ਕੀਤਾ ਹੈ ਤੇ ਪਲਾਟ ਦੋ ਥਾਂ ਵੇਚ ਦਿੱਤਾ ਹੈ। ਸ਼ਿਕਾਇਤ ਦੀ ਜਾਂਚ ਤੋਂ ਬਾਅਦ ਪੁਲੀਸ ਨੇ ਰਾਜਪਿੰਦਰ ਕੌਰ, ਨਰੇਸ਼ ਗਰਗ ਤੇ ਉਸ ਦੀ ਪਤਨੀ ਨਿਰਮਲਾ ਤੇ ਚੰਡੀਗੜ੍ਹ ਦੇ ਰਹਿਣ ਵਾਲੇ ਅਮਰੀਕ ਸਿੰਘ ਤੇ ਸਤਿੰਦਰਪਾਲ ਸਿੰਘ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ।

# ਨਕਸਲੀ ਆਗੂ ਹਰਭਿੰਦਰ ਜਲਾਲ ਗ੍ਰਿਫ਼ਤਾਰ

**ਚੰਡੀਗੜ੍ਹ:** ਪੰਜਾਬ ਪੁਲੀਸ ਨੇ ਸੀ.ਪੀ. ਆਈ. ਮਾਓਵਾਦੀ ਦੀ ਪੰਜਾਬ ਯੂਨਿਟ ਦੇ ਸਕੱਤਰ ਹਰਭਿੰਦਰ ਸਿੰਘ ਜਲਾਲ ਨੂੰ ਗ੍ਰਿਫਤਾਰ ਕਰ ਲਿਆ ਹੈ। ਨਕਸਲੀ ਆਗੂ ਨੂੰ ਇੰਟੈਲੀਜੈਂਸ ਵਿੰਗ ਅਧੀਨ ਕੰਮ ਕਰਦੇ ਵਿਸ਼ੇਸ਼ ਸੈੱਲ ਨੇ ਮੰਗਲਵਾਰ ਲੁਧਿਆਣਾ-ਚੰਡੀਗੜ੍ਹ ਖਰੜ ਮਾਰਗ ਨੇੜਿਉਂ ਫੜ ਕੇ ਮੁਹਾਲੀ ਪੁਲੀਸ ਦੇ ਹਵਾਲੇ ਕਰ ਦਿੱਤਾ। ਸੂਤਰਾਂ ਦਾ ਕਹਿਣਾ ਹੈ ਕਿ ਨਕਸਲੀਆਂ ਵੱਲੋਂ ਪੰਜਾਬ ਵਿਚ ਗਤੀਵਿਧੀਆਂ ਚਲਾਉਣ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਹਰਭਿੰਦਰ ਜਲਾਲ ਹੀ ਪੰਜਾਬ ਯੂਨਿਟ ਦਾ ਸਕੱਤਰ ਸੀ ਤੇ ਉਹ ਦੂਜੇ ਸੂਬਿਆਂ ਦੇ ਨਕਸਲੀਆਂ ਦਰਮਿਆਨ ਮੁੱਖ ਸੂਤਰਧਾਰ ਸੀ। ਪੁਲੀਸ ਹੁਣ ਤੱਕ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਤੇ ਦੋ ਹੋਰਾਂ ਦੀ ਤਲਾਸ਼ ਹੈ। ਪਿਛਲੇ ਸਾਲ ਪੁਲੀਸ ਨੇ ਕਿਸਾਨ ਆਗੂ ਸੁਰਜੀਤ ਸਿੰਘ ਫੂਲ ਨੂੰ ਗ੍ਰਿਫ਼ਤਾਰ ਕੀਤਾ ਸੀ।

ਇਸ ਨਕਸਲੀ ਆਗੂ ਨੂੰ ਖਰੜ ਪੁਲੀਸ ਦੇ ਡੀ.ਐਸ.ਪੀ. ਸੁਖਦੇਵ ਸਿੰਘ ਵਿਰਕ ਦੀ ਅਗਵਾਈ ਹੇਠ ਭਾਰੀ ਸੁਰੱਖਿਆ ਪ੍ਰਬੰਧਾਂ ਅਧੀਨ ਖਰੜ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ।ਉਸ ਨੂੰ ਘੜੂੰਆਂ ਨਜ਼ਦੀਕ ਤੋਂ ਪੰਜਾਬ ਰੋਡਵੇਜ਼ ਦੀ ਬੱਸ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਕੋਲੋਂ ਗ੍ਰਿਫ਼ਤਾਰੀ ਮੌਕੇ ਮਾਓਵਾਦੀ ਪਾਰਟੀ ਨਾਲ ਸਬੰਧਤ ਲਿਟਰੇਚਰ, ਇਕ ਪਿਸਤੌਲ ਤੇ ਕਾਰਤੂਸ ਬਰਾਮਦ ਹੋਏ ਹਨ। ਉਸ ਕੋਲੋਂ ਚੋਣ ਕਮਿਸ਼ਨ ਵੱਲੋਂ ਜਾਰੀ ਫੋਟੋ ਵਾਲਾ ਸ਼ਨਾਖ਼ਤੀ ਕਾਰਡ ਵੀ ਮਿਲਿਆ ਹੈ ਜਿਸ ਵਿਚ ਉਸ ਦਾ ਨਾਂ ਤੇ ਪਤਾ ਲਿਖਿਆ ਹੋਇਆ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਇਹ ਵਿਅਕਤੀ ਹੁਣ ਪੰਜਾਬ ਵਿਚ ਮਾਓਵਾਦੀ ਜਥੇਬੰਦੀ ਨੂੰ ਫੈਲਾਉਣਾ ਚਾਹੁੰਦਾ ਹੈ। ਜਲਾਲ ਨੇ ਅਦਾਲਤ ਤੋਂ ਬਾਹਰ ਆਪਣੇ ਆਪ ਨੂੰ ਨਿਰਦੋਸ਼ ਦੱਸਦਿਆਂ ਕਿਹਾ ਕਿ ਇਹ ਪਿਸਤੌਲ ਉਸ ਦਾ ਨਹੀਂ ਹੈ।


**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.




Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com

FREE
CREDIT CARD
TERMINAL!

ਯੂਬਾ ਸਿਟੀ ਵਿਚ ਤੁਹਾਡੀ ਆਪਣੀ
ਟਾਇਰ ਅਤੇ ਆਟੋ ਰਿਪੇਅਰ ਸ਼ਾਪ

**Lucky Tire & Auto Repair**

ਤੁਹਾਡੀ ਸੇਵਾ ਲਈ
ਦੋ ਲੋਕੇਸ਼ਨਾਂ

*909 Garden Hwy*
*660 Culussa Hwy*




ਟਾਇਰ ਸਪੈਸ਼ਲ $99/-

ਆਇਲ ਚੇਂਜ਼
ਸਪੈਸ਼ਲ
$24.99+ਲੇਬਰ
ਅਤੇ ਡਿਸਪੋਜ਼ਲ
ਫੀਸ

ਫਰੰਟ ਐਕਸਲ
ਬਰੇਕ ਜਾਬ
ਸਪੈਸ਼ਲ $44.95
(ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001

# ਬਰਤਾਨੀਆ 'ਚ ਭਾਰਤੀ ਔਰਤਾਂ ਦਾ ਕੀਤਾ ਸੀ ਕੁਆਰੇਪਣ ਦਾ ਟੈਸਟ

## ਸਰਕਾਰ 'ਤੇ ਮੁਆਫ਼ੀ ਮੰਗਣ ਲਈ ਦਬਾਅ

**ਲੰਡਨ:** ਬਰਤਾਨਵੀ ਸਰਕਾਰ ਦੇ ਇਕ ਸ਼ਰਮਨਾਕ ਕਾਰੇ ਤੋਂ ਪਰਦਾ ਉਠਿਆ ਹੈ ਜਿਸ ਤੋਂ ਬਾਅਦ ਸਰਕਾਰ ਤੋਂ ਖੁੱਲ੍ਹੇਆਮ ਮੁਆਫੀ ਮੰਗਣ ਦੀ ਮੰਗ ਜ਼ੋਰ ਫੜ ਰਹੀ ਹੈ। ਅਸਲ 'ਚ ਕੁਝ ਗੁਪਤ ਦਸਤਾਵੇਜ਼ਾਂ ਦੇ ਸਾਹਮਣੇ ਆਉਣ ਨਾਲ ਖੁਲਾਸਾ ਹੋਇਆ ਹੈ ਕਿ 1970ਵਿਆਂ ਦੇ ਅਖੀਰ 'ਚ ਬਰਤਾਨੀਆ ਆਉਣ ਦੀਆਂ ਚਾਹਵਾਨ 80 ਤੋਂ ਵੱਧ ਭਾਰਤੀ ਔਰਤਾਂ ਨੂੰ ਆਪਣੇ ਕੁਆਰੀ ਹੋਣ ਦੇ ਸਬੂਤ ਦੇਣ ਲਈ ਟੈਸਟ ਕਰਾਉਣੇ ਪਏ ਸਨ।

'ਦ ਗਾਰਜੀਅਨ' 'ਚ ਛਪੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਗ੍ਰਹਿ ਵਿਭਾਗ ਦੀਆਂ ਗੁਪਤ ਫਾਈਲਾਂ ਤੋਂ ਪਤਾ ਲੱਗਿਆ ਹੈ ਕਿ ਉਦੋਂ ਬਰਤਾਨੀਆ 'ਚ ਵਿਆਹ ਕਰਾਉਣ ਆਉਂਦੀਆਂ ਭਾਰਤੀ ਤੇ ਪਾਕਿਸਤਾਨੀ ਮੁਟਿਆਰਾਂ ਨੂੰ ਆਪਣੇ ਕੁਆਰੇ ਹੋਣ ਦੀ ਜਾਂਚ ਕਰਾਉਣੀ ਪੈਂਦੀ ਸੀ ਤੇ ਇਹ ਵਰਤਾਰਾ ਅਸਲ 'ਚ ਕਿਤੇ ਜ਼ਿਆਦਾ ਪ੍ਰਚਲਤ ਸੀ। ਦਸਤਾਵੇਜ਼ਾਂ ਅਨੁਸਾਰ 1976 ਤੋਂ 1979 ਦੌਰਾਨ ਇਸ ਮੁਲਕ 'ਚ ਆਉਣ ਦੇ ਬੋਗਸ ਦਾਅਵਿਆਂ ਨੂੰ ਨਿਖੇੜਨ ਲਈ 73 ਔਰਤਾਂ ਨੂੰ ਨਵੀਂ ਦਿੱਲੀ, 9 ਨੂੰ ਮੁੰਬਈ ਵਿਚਲੀਆਂ ਬਰਤਾਨਵੀ ਅੰਬੈਸੀਆਂ 'ਚ ਇਹ ਟੈਸਟ ਕਰਾਉਣੇ ਪਏ ਸਨ। ਇਨ੍ਹਾਂ ਖੁਲਾਸਿਆਂ ਕਾਰਨ ਹੁਣ ਬਰਤਾਨਵੀ ਸਰਕਾਰ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਇਹ ਉਨ੍ਹਾਂ ਔਰਤਾਂ ਤੋਂ ਮੁਆਫੀ ਮੰਗੇ ਜਿਨ੍ਹਾਂ ਦੇ ਅਜਿਹੇ ਟੈਸਟ ਹੋਏ ਸਨ। ਪਰਵਾਸੀਆਂ ਦੀ ਭਲਾਈ ਲਈ ਬਣੀ ਸਾਂਝੀ ਕੌਂਸਲ ਜੇ.ਸੀ.ਡਬਲਿਊ.ਆਈ. ਵੀ ਮੁਆਫੀ ਮੰਗਣ ਦੀ ਮੰਗ ਕਰ ਰਹੀ ਹੈ। ਇਹ ਕੌਂਸਲ 1979 ਦੇ ਅਸਲ ਕੇਸ 'ਚ ਸ਼ਾਮਲ ਸੀ।

ਕੌਂਸਲ ਦੀ ਲੀਗਲ ਪਾਲਿਸੀ ਡਾਇਰੈਕਟਰ ਹਿਨਾ ਮਾਜਿਦ ਦਾ ਕਹਿਣਾ ਹੈ ਕਿ ਬਰਤਾਨੀਆ 'ਚ ਪਰਵਾਸੀਆਂ ਨੂੰ ਰੋਕਣ ਦੇ ਪਹਿਲਾਂ ਹੀ ਮਾੜੇ ਇਤਿਹਾਸ 'ਚ ਇਹ ਇਕ ਹੋਰ ਸ਼ਰਮਨਾਕ ਅਧਿਆਏ ਹੈ। ਇਹ ਵਰਤਾਰਾ 1979 'ਚ ਉਦੋਂ ਬੰਦ ਕਰ ਦਿੱਤਾ ਗਿਆ ਸੀ ਜਦੋਂ 'ਗਾਰਜੀਅਨ' 'ਚ ਇਹ ਰਿਪੋਰਟ ਛਪ ਗਈ ਸੀ ਕਿ ਇਕ 35 ਸਾਲਾ ਭਾਰਤੀ ਅਧਿਆਪਕਾ ਜਦੋਂ ਹੀਥਰੋ ਹਵਾਈ ਅੱਡੇ 'ਤੇ ਪੁੱਜੀ ਸੀ ਤਾਂ ਇਕ ਮਰਦ ਡਾਕਟਰ ਨੇ ਉਸ ਦੀ ਅੰਦਰੂਨੀ ਜਾਂਚ ਕੀਤੀ ਸੀ ਕਿ ਉਹ ਸੱਚਮੁੱਚ ਵਿਆਹ ਕਰਾਉਣ ਆਈ ਹੈ ਤੇ ਉਹ ਪਹਿਲਾਂ ਕਦੇ ਮਾਂ ਨਹੀਂ ਸੀ ਬਣੀ ਤੇ ਹੁਣ ਵੀ ਗਰਭਵਤੀ ਨਹੀਂ ਹੈ। ਭਾਰਤ ਵਾਪਸ ਭੇਜੇ ਜਾਣ ਤੋਂ ਡਰੀ ਇਸ ਔਰਤ ਨੇ ਦੱਸਿਆ ਸੀ ਕਿ ਉਸ ਨੇ 'ਜਣਨ ਅੰਗਾਂ ਦੀ ਜਾਂਚ ਪੜਤਾਲ' ਲਈ ਸਹਿਮਤੀ ਫਾਰਮ 'ਤੇ ਦਸਤਖਤ ਕੀਤੇ ਸਨ। ਇਸ ਔਰਤ ਦੀ ਜਾਂਚ ਮਰਦ ਡਾਕਟਰ ਨੇ ਕੀਤੀ ਸੀ। ਉਸ ਦਾ ਕਹਿਣਾ ਹੈ ਕਿ ਇਸ ਮਗਰੋਂ ਉਹ ਬੇਹੱਦ ਸ਼ਰਮਿੰਦੀ ਹੋਈ ਸੀ ਤੇ ਉਦੋਂ ਤੋਂ ਉਹ ਮਾਨਸਿਕ ਤੌਰ 'ਤੇ ਔਖੀ ਰਹਿਣ ਲੱਗੀ ਸੀ। ਉਸ ਨੇ ਪਹਿਲਾਂ ਕਦੇ ਅਜਿਹਾ ਚੈਕਅੱਪ ਨਹੀਂ ਕਰਾਇਆ ਸੀ। ਹੁਣ ਜ਼ਾਹਰ ਹੋਏ ਦਸਤਾਵੇਜ਼ਾਂ 'ਚ ਇਹ ਵੀ ਕਿਹਾ ਗਿਆ ਹੈ ਕਿ ਉਦੋਂ ਗ੍ਰਹਿ ਵਿਭਾਗ ਨੇ ਔਰਤ ਨੂੰ 500 ਪੌਂਡ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਤਾਂ ਕਿ ਉਹ ਮੁਕੱਦਮਾ ਨਾ ਠੋਕੇ।

ਭਾਵੇਂ ਬਰਤਾਨਵੀ ਸਰਕਾਰ ਇਨ੍ਹਾਂ ਘਟਨਾਵਾਂ ਤੋਂ ਇਨਕਾਰ ਕਰਦੀ ਰਹੀ ਪਰ ਭਾਰਤ ਸਰਕਾਰ ਵੱਲੋਂ ਇਸ 'ਤੌਹੀਨ ਭਰੇ ਤੇ ਜ਼ਲੀਲ ਕਿਸਮ ਦੇ ਵਰਤਾਰੇ' ਵਿਰੁੱਧ ਵਾਰ-ਵਾਰ ਰੋਸ ਪ੍ਰਗਟ ਕੀਤਾ ਗਿਆ ਪਰ ਹੁਣ ਹੋਏ ਖੁਲਾਸਿਆਂ ਨੇ ਬਰਤਾਨਵੀ ਸਰਕਾਰ ਦਾ ਕੱਚਾ-ਚਿੱਠਾ ਖੋਲ੍ਹ ਦਿੱਤਾ ਹੈ।

# ਪੀਪਲਜ਼ ਪਾਰਟੀ ਆਫ ਪੰਜਾਬ ਦੀ ਮਿਡਵੈਸਟ ਇਕਾਈ ਦਾ ਐਲਾਨ ਭਗਵੰਤ ਮਾਨ ਵਲੋਂ 14 ਨੂੰ

**ਸ਼ਿਕਾਗੋ (ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ ਵਲੋਂ ਇਕ ਸਮਾਗਮ ਇਥੇ 14 ਮਈ ਨੂੰ ਇੰਡੀਆ ਹਾਊਸ ਸ਼ਾਮਬਰਗ ਵਿਚ ਸ਼ਾਮ 6 ਵਜੇ ਰੱਖਿਆ ਗਿਆ ਹੈ ਜਿਸ ਵਿਚ ਪਾਰਟੀ ਦੀ ਮਿਡਵੈਸਟ ਇਕਾਈ ਅਤੇ ਹੋਰ ਇਕਾਈਆਂ ਦਾ



ਭਗਵੰਤ ਮਾਨ

ਐਲਾਨ ਕੀਤਾ ਜਾਏਗਾ। ਇਸ ਮੌਕੇ ਮੁੱਖ ਮਹਿਮਾਨ ਪਾਰਟੀ ਦੇ ਉਘੇ ਆਗੂ ਅਤੇ ਹਾਸਰਸ ਕਲਾਕਾਰ ਸ੍ਰੀ ਭਗਵੰਤ ਮਾਨ ਹੋਣਗੇ।

ਇਹ ਜਾਣਕਾਰੀ ਦਿੰਦਿਆਂ ਇਸ ਸਮਾਗਮ ਦੇ ਪ੍ਰਬੰਧਕਾਂ ਦੇ ਇਕ ਬੁਲਾਰੇ ਸ੍ਰੀ ਸਰਵਣ ਸਿੰਘ ਟਿਵਾਣਾ ਨੇ ਦੱਸਿਆ ਕਿ ਅਮਰੀਕਾ ਵਸਦੇ ਪੰਜਾਬੀਆਂ ਵਿਚ ਸ. ਮਨਪ੍ਰੀਤ ਸਿੰਘ ਬਾਦਲ ਵਲੋਂ ਪੰਜਾਬ ਦੀ ਕਾਇਆ ਕਲਪ ਕਰਨ ਲਈ ਬਣਾਈ ਗਈ ਇਸ ਪਾਰਟੀ ਪ੍ਰਤੀ ਬੇਹਦ ਉਤਸ਼ਾਹ ਹੈ। ਸ੍ਰੀ ਭਗਵੰਤ ਮਾਨ ਪਿਛਲੇ ਕੁਝ ਸਮੇਂ ਤੋਂ ਅਮਰੀਕਾ ਦੌਰੇ 'ਤੇ ਹਨ ਅਤੇ ਜੁਲਾਈ ਮਹੀਨੇ ਅਮਰੀਕਾ ਦੌਰੇ 'ਤੇ ਆ ਰਹੇ ਪਾਰਟੀ ਪ੍ਰਧਾਨ ਸ. ਮਨਪ੍ਰੀਤ ਸਿੰਘ ਬਾਦਲ ਦੇ ਦੌਰੇ ਦੇ ਪ੍ਰਬੰਧਾਂ ਦੀ ਤਿਆਰੀ ਲਈ ਵੱਖ ਵੱਖ ਸ਼ਹਿਰਾਂ ਵਿਚ ਜਾ ਰਹੇ ਹਨ। ਉਨ੍ਹਾਂ ਦੀ ਦੇਖ ਰੇਖ ਹੇਠ ਕੈਲੀਫੋਰਨੀਆ ਅਤੇ ਕੁਝ ਹੋਰ ਸਟੇਟਾਂ ਵਿਚ ਪਾਰਟੀ ਇਕਾਈਆਂ ਦੀ ਪਹਿਲਾਂ ਹੀ ਸਥਾਪਨਾ ਹੋ ਚੁਕੀ ਹੈ।

ਸ੍ਰੀ ਟਿਵਾਣਾ ਨੇ ਬਿਆਨ ਜਾਰੀ ਰੱਖਦਿਆਂ ਕਿਹਾ ਕਿ ਇਸ ਸਮੇਂ ਪੰਜਾਬ ਅਨਪੜ੍ਹਤਾ, ਬੇਰੁਜ਼ਗਾਰੀ, ਨਸ਼ਾਖੋਰੀ ਅਤੇ ਭ੍ਰਿਸ਼ਟਾਚਾਰ ਦੀ ਜਿਸ ਦਲਦਲ ਵਿਚ ਫਸਿਆ ਹੋਇਆ ਹੈ, ਉਸ ਵਿਚੋਂ ਕੱਢਣ ਲਈ ਇਸ ਵੇਲੇ ਇਕੋ ਇਕ ਆਸ ਦੀ ਕਿਰਨ ਮਨਪ੍ਰੀਤ ਸਿੰਘ ਬਾਦਲ ਅਤੇ ਉਨ੍ਹਾਂ ਵਲੋਂ ਕਾਇਮ ਕੀਤੀ ਗਈ ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ ਹੀ ਨਜ਼ਰ ਆਉਂਦੀ ਹੈ। ਉਨ੍ਹਾਂ ਇਲੀਨਾਏ, ਇੰਡੀਆਨਾ, ਵਿਸਕਾਨਸਿਨ, ਮਿਸ਼ੀਗਨ, ਓਹਾਇਓ ਅਤੇ ਹੋਰ ਮਿਡਵੈਸਟ ਸਟੇਟਾਂ ਵਿਚ ਵਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ 14 ਮਈ ਨੂੰ ਹੋ ਰਹੇ ਇਸ ਸਮਾਗਮ ਵਿਚ ਹੁਮ ਹੁਮਾ ਕੇ ਪਹੁੰਚਣ। ਹੋਰ ਜਾਣਕਾਰੀ ਲਈ ਸ੍ਰੀ ਟਿਵਾਣਾ ਨਾਲ ਫੋਨ 219-670-4579, ਦਰਸ਼ਨ ਸਿੰਘ ਬਸਰਾਓਂ ਫੋਨ 815-557-4991, ਨਰਿੰਦਰ ਸਿੰਘ ਮੁੰਦਰ ਫੋਨ 269-615-0216, ਦਰਸ਼ਨ ਸਿੰਘ ਦਰੜ ਫੋਨ 317-557-4278 ਜਾਂ ਬੇਅੰਤ ਸਿੰਘ ਬੋਪਾਰਾਏ ਨਾਲ ਫੋਨ 414-282-2363 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਹਿਲਵਾਨ ਦੁਸ਼ਯੰਤ ਸ਼ਰਮਾ ਕੁਸ਼ਤੀ ਸੰਘ ਦੇ ਪ੍ਰਧਾਨ ਬਣੇ

**ਨਿਊ ਯਾਰਕ (ਇਕਬਾਲ ਜੱਬੋਵਾਲੀਆ):** ਪਹਿਲਵਾਨ ਦੁਸ਼ਯੰਤ ਸ਼ਰਮਾ ਦੇ ਭਾਰਤੀ ਰੈਸਲਿੰਗ ਫੈਡਰੇਸ਼ਨ ਦੇ ਨਵੇਂ ਪ੍ਰਧਾਨ ਚੁਣੇ ਜਾਣ ਉਤੇ ਦੇਸ਼ ਵਿਦੇਸ਼ ਵਿਚ ਬੈਠੇ ਬਹੁਤ ਸਾਰੇ ਖੇਡ ਅਤੇ ਕੁਸ਼ਤੀ ਪ੍ਰੇਮੀਆਂ ਨੇ ਉਨ੍ਹਾਂ ਨੂੰ ਵਧਾਈ ਭੇਜੀ ਹੈ। ਪਿਛਲੇ ਦਿਨੀਂ ਪ੍ਰਧਾਨਗੀ ਲਈ ਹੋਈ ਚੋਣ ਸਮੇਂ ਪਹਿਲੇ ਪ੍ਰਧਾਨ ਕਰਤਾਰ ਸਿੰਘ ਪਹਿਲਵਾਨ ਨੂੰ 31 ਵੋਟਾਂ ਮਿਲੀਆਂ ਜਦੋਂਕਿ ਪਹਿਲਵਾਨ ਦੁਸ਼ਯੰਤ ਸ਼ਰਮਾ ਨੂੰ 41 ਵੋਟਾਂ ਹਾਸਲ ਹੋਈਆਂ।

ਦੁਸ਼ਯੰਤ ਸ਼ਰਮਾ ਇਸ ਸਮੇਂ ਜੰਮੂ ਵਿਚ ਐਸ ਪੀ ਦੀ ਸੇਵਾ ਨਿਭਾ ਰਹੇ ਹਨ ਅਤੇ ਉਹ ਭਾਰਤ ਦੇ ਦਸ ਸਾਲ ਨੈਸ਼ਨਲ ਚੈਂਪੀਅਨ ਰਹੇ ਹਨ। ਕੌਮਾਂਤਰੀ ਕੁਸ਼ਤੀਆਂ ਵਿਚ ਵੀ ਉਨ੍ਹਾਂ ਬਹੁਤ ਸਾਰੇ ਮੈਡਲ ਜਿੱਤੇ। ਫੋਨ 'ਤੇ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਇਸ ਚੋਣ ਤੋਂ ਬਾਅਦ ਉਨ੍ਹਾਂ ਨੂੰ ਸਭ ਤੋਂ ਵੱਧ ਫੋਨ ਕਾਲਾਂ ਪੰਜਾਬ ਤੋਂ ਆਈਆਂ। ਵਿਦੇਸ਼ਾਂ 'ਚ ਬੈਠੇ ਪਹਿਲਵਾਨਾਂ ਅਤੇ ਖੇਡ ਪ੍ਰੇਮੀਆਂ ਨੇ ਵੀ ਪਹਿਲਵਾਨ ਦੁਸ਼ਯੰਤ ਸ਼ਰਮਾ ਨੂੰ ਪ੍ਰਧਾਨ ਬਣਨ ਉਤੇ ਵਧਾਈ ਭੇਜੀ ਹੈ। ਇਥੇ ਜ਼ਿਕਰਯੋਗ ਹੈ ਕਿ ਪਹਿਲਵਾਨ ਦੁਸ਼ਯੰਤ ਸ਼ਰਮਾ ਦਾ ਉਸਤਾਦ ਜੋਗਿੰਦਰ ਸਿੰਘ ਹੈ ਜੋ ਪਹਿਲਵਾਨ ਬੁੱਧ ਸਿੰਘ ਨੂੰ ਵੀ ਟਰੇਨਿੰਗ ਦਿੰਦਾ ਰਿਹਾ ਹੈ। ਖੇਡ ਪ੍ਰੇਮੀਆਂ ਨੇ ਆਸ ਜਤਾਈ ਹੈ ਕਿ ਸ੍ਰੀ ਸ਼ਰਮਾ ਦੀ ਪ੍ਰਧਾਨਗੀ ਹੇਠ ਕੁਸ਼ਤੀ ਦੀ ਖੇਡ ਨੂੰ ਨਵਾਂ ਹੁਲਾਰਾ ਮਿਲੇਗਾ ਅਤੇ 18 ਤੋਂ 21 ਮਈ ਤੱਕ ਉਜ਼ਬੇਕਿਸਤਾਨ ਵਿਚ ਹੋ ਰਹੀ ਏਸ਼ੀਅਨ ਚੈਂਪੀਅਨਸ਼ਿਪ ਵਿਚ ਸ਼ਾਮਲ ਹੋ ਰਹੇ 14 ਮੁੰਡੇ ਅਤੇ 7 ਕੁੜੀਆਂ ਜ਼ਰੂਰ ਕੁਝ ਮਾਅਰਕੇ ਮਾਰਨਗੇ। ਪਹਿਲਵਾਨ ਦੁਸ਼ਯੰਤ ਸ਼ਰਮਾ ਖੁਦ ਇਸ ਟੀਮ ਨਾਲ ਜਾ ਰਹੇ ਹਨ।

## ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਐਸ.ਐਸ.ਪੀ. ਤਲਬ

**ਬਠਿੰਡਾ:** ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੇ ਬਠਿੰਡਾ 'ਚ ਬੇਰੁਜ਼ਗਾਰ ਅਧਿਆਪਕਾਂ ਦੀ ਕੁੱਟਮਾਰ ਦੇ ਮਾਮਲੇ 'ਤੇ ਐਸ.ਐਸ.ਪੀ. ਬਠਿੰਡਾ ਦੀ ਜੁਆਬਤਲਬੀ ਕੀਤੀ ਹੈ। ਤਕਰੀਬਨ ਡੇਢ ਮਹੀਨੇ ਮਗਰੋਂ ਕਮਿਸ਼ਨ ਨੇ ਇਸ ਘਟਨਾ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੱਸਣਯੋਗ ਹੈ ਕਿ 17 ਮਾਰਚ ਨੂੰ ਬਠਿੰਡਾ ਦੇ ਗੁਰਦੁਆਰਾ ਹਾਜੀ ਰਤਨ 'ਚ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੀ ਹਾਜ਼ਰੀ 'ਚ ਅਕਾਲੀ ਲੀਡਰਾਂ ਤੇ ਪੁਲਿਸ ਨੇ ਬੇਰੁਜ਼ਗਾਰ ਪੀ.ਟੀ.ਆਈ ਅਧਿਆਪਕਾਂ ਦੀ ਕੁੱਟਮਾਰ ਕੀਤੀ ਸੀ। ਨੌਜਵਾਨ ਲੜਕੀਆਂ ਦੀਆਂ ਚੁੰਨੀਆਂ ਪਾੜ ਸੁੱਟੀਆਂ ਸਨ। ਇਸ ਕੁੱਟਮਾਰ 'ਚ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਨਾਂ ਵੀ ਆਇਆ ਸੀ। ਪੰਜਾਬ ਮਨੁੱਖੀ ਅਧਿਕਾਰ ਕਮੇਟੀ ਵੱਲੋਂ ਇਸ ਮਾਮਲੇ ਦੀ ਸ਼ਿਕਾਇਤ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਕੀਤੀ ਗਈ ਸੀ ਜਿਸ ਦੇ ਆਧਾਰ 'ਤੇ ਕਮਿਸ਼ਨ ਨੇ ਹੁਣ ਐਸ.ਐਸ.ਪੀ ਬਠਿੰਡਾ ਦੀ ਜੁਆਬਤਲਬੀ ਕੀਤੀ ਹੈ।

ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਮਨੁੱਖੀ ਅਧਿਕਾਰ ਕਮੇਟੀ ਦੇ ਵੇਦ ਪ੍ਰਕਾਸ਼ ਗੁਪਤਾ ਦੀ ਸ਼ਿਕਾਇਤ ਦਰਜ ਕਰ ਲਈ ਹੈ। ਕਮਿਸ਼ਨ ਨੇ ਐਸ.ਐਸ.ਪੀ. ਬਠਿੰਡਾ ਤੋਂ ਸਾਰੀ ਘਟਨਾ ਦਾ ਜਵਾਬ 20 ਮਈ ਤੱਕ ਮੰਗਿਆ ਹੈ। ਅਗਲੀ ਪੇਸ਼ੀ 20 ਮਈ ਪਾਈ ਗਈ ਹੈ। ਜ਼ਿਲ੍ਹਾ ਪੁਲਿਸ ਨੂੰ ਆਪਣੀ ਸਫਾਈ ਕਮਿਸ਼ਨ ਨੂੰ ਭੇਜਣੀ ਪਏਗੀ ਕਿਉਂਕਿ ਜ਼ਿਲ੍ਹਾ ਪੁਲਿਸ ਵੱਲੋਂ ਇਸ ਮਾਮਲੇ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ ਹਾਲਾਂਕਿ ਇਸ ਕੁੱਟਮਾਰ 'ਚ ਇਕ ਬੇਰੁਜ਼ਗਾਰ ਦੀ ਬਾਂਹ ਵੀ ਟੁੱਟ ਗਈ ਸੀ। ਸ਼ਿਕਾਇਤਕਰਤਾ ਗੁਪਤਾ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਨੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਿਕਾਇਤ ਭੇਜੀ ਸੀ ਤੇ ਉਸ ਮਗਰੋਂ ਮੀਡੀਏ 'ਚ ਆਈਆਂ ਰਿਪੋਰਟਾਂ ਦੀਆਂ ਕਾਪੀਆਂ ਭੇਜੀਆਂ ਗਈਆਂ ਸਨ।

# ਅਬੂਧਾਬੀ 'ਚ ਵੀ ਤਲਾਸ਼ੀ ਲਈ ਦਸਤਾਰਾਂ ਲੁਹਾਈਆਂ

**ਰਈਆ:** ਹੁਣ ਅਰਬ ਦੇਸ਼ ਅਬੂਧਾਬੀ ਵਿਚ ਕੰਮ ਲਈ ਗਏ ਸਿੱਖਾਂ ਦੀਆਂ ਦਸਤਾਰਾਂ ਉਤਰਵਾ ਕੇ ਤਲਾਸ਼ੀ ਲੈਣ ਦੀ ਹੋਈ ਘਟਨਾ ਤੋਂ ਬਾਅਦ ਸਿੱਖਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਉਥੋਂ ਦੇ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖਾਂ ਦੀਆਂ ਦਸਤਾਰਾਂ ਉਤਰਵਾ ਕੇ ਤਲਾਸ਼ੀ ਲੈਣ ਵਿਰੁਧ ਜਲਦੀ ਕਦਮ ਚੁੱਕਣ। ਸਿੱਖ ਭਾਈਚਾਰੇ ਨੇ ਦੱਸਿਆ ਕਿ ਅਬੂਧਾਬੀ ਦੇ ਸ਼ਹਿਰ ਹਵਸਾਨ ਵਿਚ ਪੁਲਿਸ ਦੀਆਂ ਤਿੰਨ ਚੈਕ ਪੋਸਟਾਂ 'ਤੇ ਪਿਛਲੇ ਇਕ ਹਫਤੇ ਤੋਂ ਤਲਾਸ਼ੀ ਦੇ ਨਾਂ 'ਤੇ ਸਿੱਖਾਂ ਦੀਆਂ ਦਸਤਾਰਾਂ ਉਤਰਵਾਈਆਂ ਜਾ ਰਹੀਆਂ ਹਨ।

ਇਸ ਕਾਰਨ ਉਥੇ ਗਏ ਪੰਜਾਬੀ ਨੌਜਵਾਨ ਕਾਫੀ ਪ੍ਰੇਸ਼ਾਨ ਹਨ। ਉਨ੍ਹਾਂ ਦੱਸਿਆ ਕਿ ਅਬੂਧਾਬੀ ਵਿਚ ਵੱਡੀ ਗਿਣਤੀ ਵਿਚ ਸਿੱਖ ਨੌਜਵਾਨ ਪੱਗ ਬੰਨ੍ਹਦੇ ਹਨ। ਅਬੂਧਾਬੀ ਦੀ ਪੁਲਿਸ ਦੀਆਂ ਸ਼ਹਿਰ ਬੱਦਾ ਜਾਹਿਦ, ਬੂਹਾਹਕਾ, ਤਾਰੀਕ ਤੱਕ ਤਿੰਨ ਪੁਲਿਸ ਚੈਕ ਪੋਸਟਾਂ ਹਨ। ਹਵਸਾਨ ਸ਼ਹਿਰ ਦੀ ਗੈਸ ਸੋਧਣ ਵਾਲੀ ਰਿਫਾਇਨਰੀ 'ਚ ਪੁੱਜਣ ਲਈ ਭਾਰਤੀ ਕਾਮੇ ਇਨ੍ਹਾਂ ਚੈਕ ਪੋਸਟਾਂ ਕੋਲੋਂ ਲੰਘਦੇ ਹਨ। ਇਸੇ ਤਰ੍ਹਾਂ ਹੋਰ ਕੰਪਨੀਆਂ ਵਿਚ ਵੀ ਵੱਡੀ ਗਿਣਤੀ ਪੰਜਾਬੀ ਕਾਮੇ ਕੰਮ ਕਰਦੇ ਹਨ ਤੇ ਜਦੋਂ ਉਹ ਤਿਆਰ ਹੋ ਕੇ ਆਪਣੇ ਕੰਮਾਂ 'ਤੇ ਜਾਂਦੇ ਹਨ ਤਾਂ ਰਸਤੇ ਵਿਚ ਚੈਕ ਪੋਸਟਾਂ 'ਤੇ ਰੋਕ ਕੇ ਪੁਲਿਸ ਵੱਲੋਂ ਉਨ੍ਹਾਂ ਦੀਆਂ ਦਸਤਾਰਾਂ ਲਾਹ ਕੇ ਤਲਾਸ਼ੀ ਲਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਨ੍ਹਾਂ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆਂ ਨਾਲ ਲਗਾਤਾਰ ਰਾਬਤਾ ਕਾਇਮ ਕੀਤਾ ਹੋਇਆ ਹੈ। ਉਨ੍ਹਾਂ ਭਾਰਤ ਸਰਕਾਰ, ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਤਲਾਸ਼ੀ ਬਹਾਨੇ ਸਿੱਖਾਂ ਦੀਆਂ ਦਸਤਾਰਾਂ ਉਤਰਵਾਉਣ ਦੀ ਕਾਰਵਾਈ ਬੰਦ ਕਰਵਾਉਣ ਲਈ ਅੱਗੇ ਆਉਣ।

## ਰਾਹਤ ਫਤਿਹ ਅਲੀ ਖਾਨ ਦੇ ਮੈਨੇਜਰ ਦੀ ਮੌਤ

**ਸ਼ਿਕਾਗੋ:** ਪਾਕਿਸਤਾਨੀ ਗਾਇਕ ਰਾਹਤ ਫਤਿਹ ਅਲੀ ਖਾਨ ਦੇ ਭਾਰਤੀ ਮੈਨੇਜਰ ਚਿਤਰੇਸ਼ ਸ੍ਰੀਵਾਸਤਵਾ ਦੀ ਸ਼ਿਕਾਗੋ ਨੇੜੇ ਇਕ ਕਾਰ ਹਾਦਸੇ ਦੌਰਾਨ ਮੌਤ ਹੋ ਗਈ। ਉਹ ਉਸ ਸਮੇਂ ਸੰਗੀਤ ਪ੍ਰੋਗਰਾਮ ਲਈ ਜਾ ਰਿਹਾ ਸੀ। ਇਸ ਹਾਦਸੇ ਵਿਚ ਉਸ ਦੇ ਚਾਰ ਹੋਰ ਸਹਿਯੋਗੀ ਵੀ ਜ਼ਖਮੀ ਹੋ ਗਏ। ਇਹ ਹਾਦਸਾ ਮਿਸ਼ੀਗਨ ਵਿਚ ਕਾਲਹੋਨ ਕਾਊਂਟੀ ਵਿਚ ਵਾਪਰਿਆ। ਖਾਨ ਉਸ ਵਕਤ ਕਾਰ ਵਿਚ ਨਹੀਂ ਸਨ। ਉਹ ਬਾਕੀ ਸਾਥੀਆਂ ਨਾਲ ਬੱਸ ਵਿਚ ਸਵਾਰ ਸਨ।

ਸ਼ੋਅ ਦੇ ਪ੍ਰਬੰਧਕ ਭਾਵੇਸ਼ ਪਟੇਲ ਨੇ ਦੱਸਿਆ ਕਿ ਖਾਨ ਨੇ ਕਾਰ ਵਿਚ ਹੀ ਆਉਣਾ ਸੀ ਪਰ ਕਿਸੇ ਕਾਰਨ ਉਹ ਬਾਕੀ ਸਾਥੀਆਂ ਨਾਲ ਬੱਸ ਵਿਚ ਹੀ ਬੈਠ ਗਏ। ਚਿਤਰੇਸ਼ ਬਾਲੀਵੁੱਡ ਸੰਗੀਤਕਾਰ ਆਦੇਸ਼ ਸ੍ਰੀਵਾਸਤਵਾ ਦਾ ਵੱਡਾ ਭਰਾ ਸੀ ਤੇ ਫਤਿਹ ਅਲੀ ਖਾਨ ਨਾਲ ਕਈ ਸਾਲਾਂ ਤੋਂ ਮੈਨੇਜਰ ਵਜੋਂ ਕੰਮ ਕਰ ਰਿਹਾ ਸੀ। ਜ਼ਖਮੀਆਂ ਵਿਚ ਗੁਲਾਮ ਮੁਸਤਫਾ, ਹਰਮਿੰਦਰ ਸਭਰਵਾਲ, ਮਾਰੂਫ ਅਲੀ ਅਤੇ ਦੀਪਕ ਕੁਮਾਰ ਸ਼ਾਮਲ ਹਨ। ਸ੍ਰੀ ਪਟੇਲ ਨੇ ਦੱਸਿਆ ਕਿ ਇਸ ਦੁਖਾਂਤ ਦੇ ਬਾਵਜੂਦ ਖਾਨ ਨੇ 4000 ਲੋਕਾਂ ਅੱਗੇ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਇਹ ਪਲ ਬਹੁਤ ਹੀ ਭਾਵੁਕ ਕਰਨ ਵਾਲੇ ਸਨ। ਜ਼ਿਕਰਯੋਗ ਹੈ ਕਿ ਚਿਤਰੇਸ਼ 13 ਫਰਵਰੀ ਨੂੰ ਰਾਹਤ ਫਤਿਹ ਅਲੀ ਖਾਨ ਦੇ ਨਾਲ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਵੱਡੀ ਰਕਮ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ।

# ਸਿਨਸਿਨੈਟੀ ਵਿਸਾਖੀ ਮੇਲੇ 'ਤੇ ਪਈਆਂ ਗਿੱਧੇ ਅਤੇ ਭੰਗੜੇ ਦੀਆਂ ਧਮਾਲਾਂ

**ਸਿਨਸਿਨੈਟੀ, ਓਹਾਇਓ (ਬਿਊਰੋ):** ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸਿਨਸਿਨੈਟੀ ਵਲੋਂ ਮਿਡਲ ਸਕੂਲ ਮੇਸਨ ਦੇ ਆਡੀਟੋਰੀਅਮ ਵਿਚ ਲੰਘੀ 23 ਅਪਰੈਲ ਨੂੰ ਕਰਵਾਏ ਗਏ ਤੀਜੇ ਵਿਸਾਖੀ ਮੇਲੇ ਮੌਕੇ ਜਿਥੇ ਛੋਟੇ ਛੋਟੇ ਬੱਚਿਆਂ ਨੇ ਗੀਤ-ਸੰਗੀਤ ਦੀ ਛਹਿਬਰ ਲਾਈ ਉਥੇ ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਗਏ ਜਿਨ੍ਹਾਂ ਵਿਚ ਗੱਭਰੂਆਂ ਅਤੇ ਮੁਟਿਆਰਾਂ ਨੇ ਗਿੱਧੇ-ਭੰਗੜੇ ਦੀ ਐਸੀ ਧਮਾਲ ਪਾਈ ਕਿ ਹਾਲ ਵਿਚ ਹਾਜ਼ਰ ਹਰ ਦਰਸ਼ਕ ਦੀ ਅੱਡੀ ਥਿਰਕਣ ਲਾ ਦਿੱਤੀ। ਗਿੱਧੇ ਦਾ 1100 ਡਾਲਰ ਦਾ ਪਹਿਲਾ ਇਨਾਮ ਸਿਨਸਿਨੈਟੀ ਦੀਆਂ ਮੁਟਿਆਰਾਂ ਨੇ ਜਦੋਂਕਿ ਭੰਗੜੇ ਦਾ 1100 ਡਾਲਰ ਦਾ ਇਨਾਮ ਡਿਟਰਾਇਟ ਦੇ ਮੁੰਡਿਆਂ ਨੇ ਜਿੱਤਿਆ। 800 ਸੀਟਾਂ ਵਾਲਾ ਹਾਲ ਖਚਾਖਚ ਭਰਿਆ ਹੋਇਆ ਸੀ ਜਿਸ ਕਰਕੇ ਕਈ ਦਰਸ਼ਕਾਂ ਨੂੰ ਖੜ੍ਹੇ ਹੋ ਕੇ ਮੇਲਾ ਦੇਖਣਾ ਪਿਆ।

ਸ਼ਬਦ ਗਾਇਨ ਨਾਲ ਅਰੰਭ ਹੋਏ ਅਤੇ ਕਰੀਬ ਪੰਜ ਘੰਟੇ ਚੱਲੇ ਇਸ ਸਭਿਆਚਾਰਕ ਪ੍ਰੋਗਰਾਮ ਦੌਰਾਨ ਤਿੰਨ ਸਾਲ ਤੋਂ 14 ਸਾਲ ਦੀ ਉਮਰ ਦੇ ਸੌ ਤੋਂ ਵੱਧ ਛੋਟੇ ਛੋਟੇ ਲੋਕਲ ਬੱਚਿਆਂ ਨੇ ਸਟੇਜ ਉਤੇ ਵੰਨ ਸੁਵੰਨੇ ਪ੍ਰੋਗਰਾਮ ਪੇਸ਼ ਕੀਤੇ। ਕਲੱਬ ਵਲੋਂ ਇਨ੍ਹਾਂ ਬੱਚਿਆਂ ਨੂੰ ਪਿਛਲੇ ਤਿੰਨ ਮਹੀਨੇ ਤੋਂ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ। ਬੱਚਿਆਂ ਦੀਆਂ ਕੁਲ 10 ਟੀਮਾਂ ਨੇ ਆਪੋ ਆਪਣੇ ਪ੍ਰੋਗਰਾਮ ਪੇਸ਼ ਕੀਤੇ। ਛੋਟੇ ਬੱਚਿਆਂ ਨੂੰ ਮੰਚ ਲਈ ਉਤਸ਼ਾਹਿਤ ਕਰਨ ਅਤੇ ਆਪਣੇ ਸਭਿਆਚਾਰ ਨਾਲ ਜੋੜਨ ਦਾ ਇਹ ਇਕ ਚੰਗਾ ਉਪਰਾਲਾ ਸੀ।

ਭੰਗੜੇ ਅਤੇ ਗਿੱਧੇ ਦੇ ਮੁਕਾਬਲਿਆਂ ਵਿਚ ਕੁਲ ਛੇ ਟੀਮਾਂ ਨੇ ਹਿੱਸਾ ਲਿਆ। ਇਹ ਟੀਮਾਂ ਇੰਡੀਅਨਐਪੋਲਿਸ, ਕੈਨਟਕੀ, ਡਿਟਰਾਇਟ ਅਤੇ ਕਈ ਹੋਰ ਸ਼ਹਿਰਾਂ ਤੋਂ ਪਹੁੰਚੀਆਂ ਹੋਈਆਂ ਸਨ। ਸਿਨਸਿਨੈਟੀ ਦੀਆਂ ਮੁਟਿਆਰਾਂ ਦੀ 'ਨੱਚਦੀਆਂ ਸਿਨਸੀ ਮੁਟਿਆਰਾਂ' ਨਾਂ ਦੀ ਟੀਮ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਰਹੀ। ਇਸ ਟੀਮ ਨੇ ਰਿਕਾਰਡਿਡ ਬੋਲੀਆਂ ਦੀ ਥਾਂ ਆਪ ਬੋਲੀਆਂ ਪਾਈਆਂ, ਢੋਲਕੀ ਉਤੇ ਥਾਪ ਵੀ ਉਨ੍ਹਾਂ ਦੀ ਹੀ ਇਕ ਸਾਥਣ ਸੁਖਵਿੰਦਰ ਕੌਰ ਨੇ ਦਿੱਤੀ। ਰਾਵੀ ਬੈਨੀਪਾਲ ਦੀ ਦੇਖ ਰੇਖ ਹੇਠ ਤਿਆਰ ਹੋਈ ਇਸ ਟੀਮ ਨੇ ਪਹਿਲਾ ਇਨਾਮ ਜਿੱਤਿਆ। 1100 ਡਾਲਰ ਦਾ ਪਹਿਲਾ ਇਨਾਮ ਤੂਰ ਪੈਟਰੋਲੀਅਮ ਦੇ ਸ. ਜਗਰੂਪ ਸਿੰਘ ਤੂਰ ਵਲੋਂ ਸਪਾਂਸਰ ਕੀਤਾ ਗਿਆ ਸੀ। ਉਹ ਕਲੱਬ ਦੇ ਗਰੈਂਡ ਸਪਾਂਸਰ ਵੀ ਹਨ ਅਤੇ ਕਲੱਬ ਦੀ ਹਮੇਸ਼ਾ ਭਰਵੀਂ ਮਾਲੀ ਮਦਦ ਕਰਦੇ ਹਨ। ਦੂਜੇ ਨੰਬਰ ਉਤੇ ਸਿਨਸਿਨੈਟੀ ਦੀ ਹੀ ਗਿੱਧਾ ਟੀਮ 'ਅਣਖੀਲੀਆਂ ਜੱਟੀਆਂ' ਰਹੀ। ਇਸ ਟੀਮ ਨੂੰ 700 ਡਾਲਰ ਦਾ ਨਕਦ ਇਨਾਮ ਦਿੱਤਾ ਗਿਆ ਜੋ ਡਾ. ਦਰਸ਼ਨ ਸਹਿੰਬੀ ਵਲੋਂ ਸਪਾਂਸਰ ਕੀਤਾ ਗਿਆ ਸੀ।

ਭੰਗੜੇ ਦੇ ਮੁਕਾਬਲਿਆਂ ਵਿਚ ਡਿਟਰਾਇਟ ਦੇ ਗੱਭਰੂਆਂ ਦੀ 'ਫੁਰਤੀਲੇ ਸ਼ੌਕੀਨ' ਨਾਂ ਦੀ ਸਰਬਜੀਤ ਸਿੰਘ ਸਿੱਧੂ ਦੀ ਤਿਆਰ ਕੀਤੀ ਟੀਮ ਨੇ ਪਹਿਲਾ 1100 ਡਾਲਰ ਦਾ ਇਨਾਮ ਜਿਤਿਆ। ਇਹ ਇਨਾਮ ਅਮਨਦੀਪ ਸਿੰਘ ਧਾਰਨੀ ਵਲੋਂ ਸਪਾਂਸਰ ਕੀਤਾ ਗਿਆ ਸੀ। ਭੰਗੜਾ ਮੁਕਾਬਲੇ ਵਿਚ ਦੂਜਾ ਇਨਾਮ ਓਹਾਇਓ ਸਟੇਟ ਯੂਨੀਵਰਸਿਟੀ ਦੀ ਟੀਮ ਦੇ ਹਿੱਸੇ ਆਇਆ। ਇਹ ਟੀਮ ਪਿਛਲੇ ਤਿੰਨ ਸਾਲ ਤੋਂ ਇਸ ਮੇਲੇ ਵਿਚ ਹਿੱਸਾ ਲੈਂਦੀ ਆ ਰਹੀ ਹੈ। 700 ਡਾਲਰ ਨਕਦ ਦਾ ਇਹ ਇਨਾਮ ਮੋਗਾ ਐਂਟਰਪ੍ਰਾਈਜਿਜ਼ ਦੇ ਮਾਲਕ ਹੈਪੀ ਸੰਧੂ ਅਤੇ ਰੂਬੀ ਧਾਲੀਵਾਲ ਨੇ ਸਪਾਂਸਰ ਕੀਤਾ ਸੀ। ਭੰਗੜੇ ਦਾ ਦੂਜਾ ਇਨਾਮ ਜਿੱਤਣ ਵਾਲੀ ਟੀਮ ਨੂੰ 500 ਡਾਲਰ ਦਾ ਵਿਸ਼ੇਸ਼ ਇਨਾਮ ਰਛਪਾਲ ਸਿੰਘ ਸਹੋਤਾ ਨੇ ਦੇ ਕੇ ਉਸ ਦਾ ਹੌਸਲਾ ਵਧਾਇਆ।

ਮੰਚ ਸੰਚਾਲਨ ਨਿਊ ਯਾਰਕ ਤੋਂ ਆਏ ਹਰਵਿੰਦਰ ਰਿਆੜ ਨੇ ਕੀਤਾ। ਭੰਗੜੇ ਅਤੇ ਗਿੱਧੇ ਦੇ ਮੁਕਾਬਲਿਆਂ ਲਈ ਜੱਜਾਂ ਵਜੋਂ ਜ਼ਿੰਮੇਵਾਰੀ ਪਰਮਿੰਦਰ ਸਿੰਘ ਵਾਲੀਆ (ਸ਼ਿਕਾਗੋ), ਭਗਵਾਨ ਸਿੰਘ ਖਹਿਰਾ ਅਤੇ ਹਰਦੀਪ ਸਿੰਘ ਡੇਅਟਨ ਨੇ ਨਿਭਾਈ। ਪੰਜਾਬੀ ਫਿਲਮ ਐਕਟਰ, ਡਾਇਰੈਕਟਰ ਭਗਵਾਨ (ਬਾਬ) ਸਿੰਘ ਖਹਿਰਾ ਨੇ ਇਸ ਮੌਕੇ ਦਾਜ ਦੀ ਬੁਰਾਈ ਦੇ ਥੀਮ ਉਪਰ ਇਕ ਸਕਿੱਟ ਵੀ ਪੇਸ਼ ਕੀਤੀ ਜੋ ਦਰਸ਼ਕਾਂ ਨੇ ਖੂਬ ਪਸੰਦ ਕੀਤੀ। ਮੇਲੇ ਲਈ ਕੋਈ ਫੀਸ ਨਹੀਂ ਸੀ ਰੱਖੀ ਗਈ ਅਤੇ ਪਾਰਕਿੰਗ ਦਾ ਮੁਫਤ ਪ੍ਰਬੰਧ ਸੀ। ਆਜ਼ਾਦ ਇੰਡੀਆ ਰੈਸਟੋਰੈਂਟ ਵਲੋਂ ਖਾਣੇ ਦਾ ਬੂਥ ਲਾਇਆ ਗਿਆ ਸੀ।

ਮੇਲੇ ਨੂੰ ਕਾਮਯਾਬ ਕਰਨ ਲਈ ਇਸ ਦੇ ਸਪਾਂਸਰਾਂ ਜਗਰੂਪ ਸਿੰਘ ਤੱਖਰ, ਅਮਨਦੀਪ ਧਾਰਨੀ, ਡਾ. ਦਰਸ਼ਨ ਸਿੰਘ ਸਹਿੰਬੀ, ਹੈਪੀ ਸੰਧੂ, ਰੂਬੀ ਧਾਲੀਵਾਲ, ਸੋਹਨ ਸਿੰਘ ਬਿਲਖੂ, ਸੁਰਿੰਦਰ ਸਿੰਘ ਚੀਮਾ, ਸੁਸ਼ੀਲ ਅਗਰਵਾਲ, ਪਿੰਦਰ ਸਿੰਘ (ਆਜ਼ਾਦ ਇੰਡੀਆ ਰੈਸਟੋਰੈਂਟ), ਅਵਤਾਰ ਸਿੰਘ ਸਪਰਿੰਗਫੀਲਡ, ਪਰਮਿੰਦਰ ਸਿੰਘ ਬਾਸੀ, ਹਰਿੰਦਰ ਸਿੰਘ ਕੰਗ, ਜਗਪਾਲ ਸਿੰਘ ਗਰੇਵਾਲ, ਪਿਆਰਾ ਸਿੰਘ ਭੱਟੀ, ਜਗਤਾਰ ਸਿੰਘ ਸੰਘਾ, ਬ੍ਰਿਜ ਮੋਹਨ ਸਵੀਟਸ, ਪਿਆਰਾ ਸਿੰਘ, ਪਲਵਿੰਦਰ ਸਿੰਘ ਢਿੱਲੋਂ, ਬੰਬੇ ਗਰੋਸਰ, ਪਟੇਲ ਬ੍ਰਦਰਜ਼, ਬਲਵਿੰਦਰ ਸਿੰਘ, ਸਤਪ੍ਰਕਾਸ਼ ਸਿੰਘ, ਭਿੰਦਰ ਸਿੰਘ ਬੁੱਟਰ, ਸਤਿੰਦਰ ਸਿੰਘ ਘੁੰਮਣ ਦਾ ਪ੍ਰਬੰਧਕਾਂ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਬਿਨ ਲਾਦਿਨ ਦੀ ਮੌਤ ਨੇ ਪਾਕਿਸਤਾਨ ਦੀਆਂ ਚੂਲਾਂ ਹਿਲਾਈਆਂ

## 1947 ਤੋਂ ਬਾਅਦ ਪਹਿਲੀ ਵਾਰ ਵੱਡੇ ਸੰਕਟ ਦਾ ਸਾਹਮਣਾ
## ਪਾਕਿ ਫੌਜ ਨਾਲ ਨਜਿੱਠਣ ਲਈ ਵੀ ਤਿਆਰ ਸੀ ਓਬਾਮਾ

**ਵਾਸ਼ਿੰਗਟਨ/ਇਸਲਾਮਾਬਾਦ (ਪੰਜਾਬ ਟਾਈਮਜ਼ ਬਿਊਰੋ):** ਦਹਿਸ਼ਤਪਸੰਦ ਜਥੇਬੰਦੀ ਅਲ-ਕਾਇਦਾ ਦੇ ਮੁਖੀ ਉਸਾਮਾ ਬਿਨ ਲਾਦਿਨ ਦੀ ਮੌਤ ਨੇ ਪਾਕਿਸਤਾਨ ਨੂੰ 'ਵਖ਼ਤ' ਪਾਇਆ ਪਿਆ ਹੈ। ਅਮਰੀਕਾ ਵੱਲੋਂ ਪਾਕਿਸਤਾਨ ਦੇ ਐਨ ਧੁਰ ਅੰਦਰ, ਫੌਜੀ ਖੇਤਰ ਵਿਚ ਜਾ ਕੇ ਬਿਨ ਲਾਦਿਨ ਦਾ 'ਸ਼ਿਕਾਰ' ਖੇਡਣ ਨਾਲ ਪਾਕਿਸਤਾਨੀ ਸਰਕਾਰ ਦੀਆਂ ਚੂਲਾਂ ਹਿੱਲ ਗਈਆਂ ਹਨ। 1947 ਵਿਚ ਹੋਂਦ ਵਿਚ ਆਉਣ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਇਸ ਦੇਸ਼ ਨੂੰ ਕੌਮਾਂਤਰੀ ਭਾਈਚਾਰੇ ਵਿਚ ਤਾਂ ਹੀਣਾ ਹੋਣਾ ਹੀ ਪਿਆ ਹੈ, ਹੁਣ ਇਸ ਦੀ ਆਜ਼ਾਦ ਵੁਕਅਤ 'ਤੇ ਵੀ ਸਵਾਲ ਖੜ੍ਹੇ ਹੋ ਗਏ



ਹਨ। ਅਮਰੀਕਾ ਵੱਲੋਂ ਇਸ ਨੂੰ ਦਿੱਤੀ ਜਾ ਰਹੀ ਮਾਲੀ ਇਮਦਾਦ ਬੰਦ ਕਰਨ ਲਈ ਵੀ ਆਵਾਜ਼ਾਂ ਉਠਣ ਲੱਗ ਪਈਆਂ ਹਨ।

ਬਿਨ ਲਾਦਿਨ ਦੀ ਮੌਤ ਤੋਂ ਬਾਅਦ ਜੋ ਤੱਥ ਹਰ ਰੋਜ਼ ਸਾਹਮਣੇ ਆ ਰਹੇ ਹਨ, ਉਸ ਨਾਲ ਪਾਕਿਸਤਾਨੀ ਆਗੂਆਂ ਕੋਲ ਕਹਿਣ ਲਈ ਕੁਝ ਵੀ ਨਹੀਂ ਹੈ। ਬਿਨ ਲਾਦਿਨ ਦੇ ਘਰੋਂ ਫੜੀ ਸਮੱਗਰੀ ਜਿਉਂ-ਜਿਉਂ ਨਸ਼ਰ ਹੋ ਰਹੀ ਹੈ, ਤਿਉਂ-ਤਿਉਂ ਪਾਕਿਸਤਾਨ ਦੀ ਹਾਲਤ ਪਤਲੀ ਹੋ ਰਹੀ ਹੈ। ਦੇਸ਼ ਦੀ ਪ੍ਰਭੂਸੱਤਾ ਦੀ ਉਲੰਘਣਾ ਦੇ ਮੁੱਦੇ ਦੀ ਕਿਤੇ ਸੁਣਵਾਈ ਨਹੀਂ ਹੋ ਰਹੀ। ਉਧਰ ਅਮਰੀਕੀ ਪ੍ਰਸ਼ਾਸਨ ਵਾਰ-ਵਾਰ ਇਹ ਦੁਹਰਾ ਰਿਹਾ ਹੈ ਕਿ ਜੇ ਲੋੜ ਪਈ ਤਾਂ ਅਜਿਹੀਆਂ ਹੋਰ ਕਾਰਵਾਈਆਂ ਵੀ ਸੰਭਵ ਹਨ। ਹੋਰ ਤਾਂ ਹੋਰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਉਸਾਮਾ ਬਿਨ ਲਾਦਿਨ ਨੂੰ ਜ਼ਿੰਦਾ ਜਾਂ ਮੁਰਦਾ ਕਾਬੂ ਕਰਨ ਲਈ ਕੀਤੇ ਲੁਕਵੇਂ ਅਪਰੇਸ਼ਨ ਲਈ ਪਾਕਿਸਤਾਨ ਨਾਲ ਫੌਜੀ ਟਕਰਾਅ ਦਾ ਖਤਰਾ ਮੁੱਲ ਲੈਣ ਲਈ ਵੀ ਤਿਆਰ ਸੀ ਅਤੇ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਸਪੈਸ਼ਲ ਅਮਰੀਕੀ ਦਸਤਿਆਂ ਦਾ ਆਕਾਰ ਇੰਨਾ ਕੁ ਵੱਡਾ ਜ਼ਰੂਰ ਹੋਣਾ ਚਾਹੀਦਾ ਸੀ ਕਿ ਲੋੜ ਪੈਣ 'ਤੇ ਲੜ ਕੇ ਬਾਹਰ ਨਿਕਲਿਆ ਜਾ ਸਕੇ। ਇਹ ਖੁਲਾਸਾ ਐਬਟਾਬਾਦ ਮਿਸ਼ਨ ਦੀ ਯੋਜਨਾ ਦੇ ਹੋਰ ਵੇਰਵੇ ਜਾਰੀ ਕਰਦਿਆਂ ਓਬਾਮਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ 'ਨਿਊਯਾਰਕ ਟਾਈਮਜ਼' ਕੋਲ ਕੀਤਾ ਹੈ। ਮਾਹਿਰਾਂ ਦੀਆਂ ਦੋ ਟੀਮਾਂ ਤਿਆਰ-ਬਰ-ਤਿਆਰ ਸਨ। ਇਕ ਟੀਮ ਬਿਨ ਲਾਦਿਨ ਦੇ ਮਾਰੇ ਜਾਣ 'ਤੇ ਉਸ ਨੂੰ ਦਫਨਾਉਣ ਲਈ ਸੀ ਅਤੇ ਦੂਜੀ ਉਸ ਦੇ ਜ਼ਿੰਦਾ ਫੜੇ ਜਾਣ 'ਤੇ ਉਸ ਤੋਂ ਪੁੱਛ-ਪੜਤਾਲ ਕਰਨ ਲਈ ਸੀ।

ਇਸ ਦੇ ਮੁਕਾਬਲੇ ਪਾਕਿਸਤਾਨ ਦੇ ਗ੍ਰਿਹ ਮੰਤਰੀ ਰਹਿਮਾਨ ਮਲਿਕ ਨੇ ਬਹੁਤ ਨਿੰਮੋਝੂਣਾ ਹੋ ਕੇ ਖੁਲਾਸਾ ਕੀਤਾ ਹੈ ਕਿ ਅਮਰੀਕਾ ਨੇ ਇਹ ਕਾਰਵਾਈ ਸ਼ੁਰੂ ਹੋਣ ਤੋਂ ਸਿਰਫ 15 ਮਿੰਟ ਪਹਿਲਾਂ ਹੀ ਉਸ ਨੂੰ ਦੱਸਿਆ। ਇਹ ਫਿਰ ਵੀ ਨਾ ਦੱਸਿਆ ਗਿਆ ਕਿ ਕਾਰਵਾਈ ਕਿੱਥੇ ਕੀਤੀ ਜਾ ਰਹੀ ਹੈ। ਅਮਰੀਕਾ ਦਾ ਦਬਾਅ ਇੰਨਾ ਜ਼ਿਆਦਾ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ. ਆਈ. ਦੇ ਮੁਖੀ ਅਹਿਮਦ ਸ਼ੁਜਾਹ ਪਾਸ਼ਾ ਨੂੰ 'ਪੇਸ਼ੀ ਭੁਗਤਣ' ਅਮਰੀਕਾ ਜਾਣਾ ਪਿਆ ਹੈ। ਇੰਨਾ ਹੀ ਨਹੀਂ, ਉਸ ਦੀ ਥਾਂ ਕਿਸੇ ਹੋਰ ਨੂੰ ਆਈ.ਐਸ.ਆਈ. ਦਾ ਮੁਖੀ ਲਾਉਣ ਦੀਆਂ ਕਿਆਸਅਰਾਈਆਂ ਵੀ ਚੱਲ ਪਈਆਂ ਹਨ। ਇਸ ਦੌੜ ਵਿਚ ਸਭ ਤੋਂ ਅੱਗੇ ਮੇਜਰ ਜਨਰਲ ਇਸਫਾਨਦਿਆਰ ਅਲੀ ਪਟੌਦੀ ਦਾ ਨਾਂ ਚੱਲ ਰਿਹਾ ਹੈ।

ਬਿਨ ਲਾਦਿਨ ਦੇ ਬਹਾਨੇ ਚੱਲ ਰਹੇ ਇਸ ਘਮਾਸਾਣ ਵਿਚ ਦੋ ਗੱਲਾਂ ਵੱਧ ਧਿਆਨ ਮੰਗਦੀਆਂ ਹਨ। ਇਕ ਤਾਂ ਇਹ ਕਿ ਪਾਕਿਸਤਾਨ ਨੇ ਹੁਣ ਸੱਚ-ਮੁੱਚ ਹੀ ਉਸ ਨੂੰ ਫੜਨ/ਫੜਾਉਣ ਦਾ ਹੀਲਾ ਛੱਡ ਦਿੱਤਾ ਸੀ। ਉਸ ਨੂੰ ਫੜਨ ਲਈ ਬਣਾਈ ਫੌਜ ਦੀ ਵਿਸ਼ੇਸ਼ ਟੁਕੜੀ ਤਾਂ ਪਰਵੇਜ਼ ਮੁਸ਼ੱਰਫ ਦੇ ਵੇਲੇ ਹੀ ਭੰਗ ਕਰ ਦਿੱਤੀ ਗਈ ਸੀ। ਦਰਅਸਲ, ਪਾਕਿਸਤਾਨ ਦੀ ਫੌਜ ਅਤੇ ਆਈ.ਐਸ.ਆਈ. ਨੇ ਇਹ ਮੰਨ ਲਿਆ ਸੀ ਕਿ



*ਰਾਸ਼ਟਰਪਤੀ ਗਿਲਾਨੀ*

ਬਿਨ ਲਾਦਿਨ ਹੁਣ ਸਿਰਫ ਤੇ ਸਿਰਫ ਅਮਰੀਕਾ ਦੀ ਹੀ ਸਿਰਦਰਦੀ ਹੈ। ਇਸ ਲਈ ਅਮਰੀਕਾ ਦੇ ਵਿਰੋਧ ਵਿਚ ਨਿੱਤਰ ਰਹੇ ਜਹਾਦੀਆਂ ਦੀ ਚੜ੍ਹ ਮੱਚੀ। ਇਸ ਮੋੜ 'ਤੇ ਪੁੱਜ ਕੇ ਇਹ ਸਵਾਲ ਤਾਂ ਖੜ੍ਹੇ ਹੋਣੇ ਹੀ ਸਨ ਕਿ ਪਾਕਿਸਤਾਨੀ ਸਰਕਾਰ, ਫੌਜ ਜਾਂ ਆਈ.ਐਸ.ਆਈ. ਨੂੰ ਬਿਨ ਲਾਦਿਨ ਬਾਰੇ ਕੋਈ ਖਬਰ ਸੀ ਜਾਂ ਨਹੀਂ?

ਦੂਜੀ ਗੱਲ ਇਹ ਕਿ ਅਮਰੀਕਾ ਵੱਲੋਂ ਪਿਛਲੇ ਕੁਝ ਮਹੀਨਿਆਂ ਤੋਂ ਕੀਤੇ ਜਾ ਰਹੇ ਭਿਅੰਕਰ ਡਰੋਨ ਹਮਲਿਆਂ ਦੀ ਥਾਹ ਨਾ ਪਾਕਿਸਤਾਨ ਦੀ ਸਰਕਾਰ, ਨਾ ਫੌਜ ਅਤੇ ਨਾ ਹੀ ਆਈ.ਐਸ.ਆਈ. ਹੀ ਪਾ ਸਕੀਆਂ। ਅਮਰੀਕੀ ਖੁਫੀਆ ਤੰਤਰ ਨੂੰ ਉਸਾਮਾ ਦੇ ਟਿਕਾਣੇ ਬਾਰੇ ਮਾੜੀ-ਮੋਟੀ ਸੂਹ ਇਸ ਸਾਲ ਫਰਵਰੀ ਵਿਚ ਲੱਗ ਗਈ ਸੀ। ਹੁਣ ਵਾਲੀ ਵੱਡੀ ਕਾਰਵਾਈ ਤੋਂ ਪਹਿਲਾਂ ਅਮਰੀਕਾ ਲਗਾਤਾਰ ਡਰੋਨ ਹਮਲੇ ਕਰਕੇ ਪਾਕਿਸਤਾਨ ਸਰਕਾਰ ਅਤੇ ਆਵਾਮ ਦੀ ਪ੍ਰਤੀਕਿਰਿਆ ਬਾਰੇ ਹੀ ਪਤਾ ਲਾ ਰਿਹਾ ਸੀ। ਪਾਕਿਸਤਾਨ ਨੇ ਇਨ੍ਹਾਂ ਡਰੋਨ ਹਮਲਿਆਂ ਦਾ ਉਤਨਾ ਤਿੱਖਾ ਵਿਰੋਧ ਨਹੀਂ ਕੀਤਾ, ਜਿੰਨਾ ਕਿਸੇ ਆਜ਼ਾਦ ਮੁਲਕ ਨੂੰ ਕਰਨਾ ਚਾਹੀਦਾ ਹੈ। ਹੁਣ ਵੱਡੇ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਵੱਲੋਂ ਕੌਮੀ ਅਸੈਂਬਲੀ ਵਿਚ ਮਾਰੀਆਂ ਬੜ੍ਹਕਾਂ ਬੇਅਰਥ ਗਈਆਂ ਹਨ। ਅਮਰੀਕਾ ਨੇ ਪਾਕਿਸਤਾਨ ਦੇ ਕਿਸੇ ਵੀ ਤਰ੍ਹਾਂ ਦੇ ਰੋਸ ਨੂੰ ਗੌਲਿਆ ਤੱਕ ਨਹੀਂ ਹਾਲਾਂਕਿ ਜਨਾਬ ਗਿਲਾਨੀ ਵੱਲੋਂ ਅਮਰੀਕਾ ਅੱਗੇ ਰੱਖੇ ਸਵਾਲ ਸੁੱਟ ਪਾਉਣ ਵਾਲੇ ਨਹੀਂ ਹਨ। ਉਨ੍ਹਾਂ ਅਮਰੀਕਾ ਨੂੰ ਸਿੱਧਾ ਹੀ ਪੁੱਛਿਆ ਹੈ ਕਿ ਉਸਾਮਾ ਬਿਨ ਲਾਦਿਨ ਦੀ ਪਿੱਠ ਥਾਪੜਨ ਵਾਲਾ ਕੀ ਅਮਰੀਕਾ ਨਹੀਂ ਹੈ? ਅਲ-ਕਾਇਦਾ ਦੀ ਪੈਦਾਇਸ਼ ਦੀ ਜ਼ਿੰਮੇਦਾਰੀ ਕੀ ਅਮਰੀਕਾ ਦੀ ਨਹੀਂ ਬਣਦੀ? ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਤਰ੍ਹਾਂ ਦੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਸਲ ਵਿਚ ਉਹ ਸਪਸ਼ਟ ਰੂਪ ਵਿਚ ਕਹਿਣਾ ਚਾਹੁੰਦੇ ਹਨ ਕਿ ਬਿਨ ਲਾਦਿਨ ਦਾ ਹਊਆ ਪਹਿਲਾਂ ਆਪ ਅਮਰੀਕਾ ਨੇ ਹੀ ਪੈਦਾ ਕੀਤਾ ਅਤੇ ਹੁਣ ਉਸ ਨੂੰ ਖਤਮ ਕਰਕੇ ਪਾਕਿਸਤਾਨ ਦੀ ਮਿੱਟੀ ਪਲੀਤ ਕੀਤੀ ਜਾ ਰਹੀ ਹੈ।

ਇਸ ਪ੍ਰਸੰਗ ਵਿਚ ਭਾਰਤੀ ਆਗੂਆਂ ਦੀ ਪ੍ਰਤੀਕਿਰਿਆ ਵੀ ਦੂਰ-ਦ੍ਰਿਸ਼ਟੀ ਵਾਲੀ ਨਹੀਂ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਓਪਰੇਸ਼ਨ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਉਚੇਚੀ ਟੈਲੀਫੋਨ ਉਤੇ ਗੱਲ ਕੀਤੀ ਹੈ। ਭਾਰਤੀ ਆਗੂ ਅਮਰੀਕਾ ਦੀ ਇਸ ਕਾਰਵਾਈ ਦੀ ਭਿਅੰਕਰਤਾ ਨੂੰ ਸਮਝਣ ਦੇ ਨੇੜੇ-ਤੇੜੇ ਵੀ ਨਹੀਂ ਪੁੱਜੇ ਹਨ। ਉਹ ਸਮਝ ਨਹੀਂ ਸਕੇ ਕਿ ਹੁਣ ਅਮਰੀਕਾ ਨੂੰ ਪਾਕਿਸਤਾਨ ਵਿਚ ਆਪਣਾ ਪੱਕਾ ਫੌਜੀ ਡੇਰਾ ਜਮਾਉਣ ਦਾ ਮੌਕਾ ਮਿਲ ਗਿਆ ਹੈ।

ਉਂਜ, ਇਹ ਵੀ ਇਤਫਾਕ ਹੈ ਕਿ ਮਜ਼ਹਬ ਦੇ ਨਾਂ 'ਤੇ ਬਣੇ ਇਸ ਦੇਸ਼ ਲਈ ਸੰਕਟ ਦਾ ਸੱਦਾ ਵੀ ਹੁਣ ਮਜ਼ਹਬ ਦੇ ਨਾਂ ਉਤੇ ਜਹਾਦ ਚਲਾ ਰਹੇ ਲੋਕਾਂ ਦੀਆਂ ਕਾਰਵਾਈਆਂ ਨੇ ਹੀ ਦਿੱਤਾ ਹੈ। ਜਹਾਦੀਆਂ ਅਤੇ ਇਨ੍ਹਾਂ ਦੇ ਸਰਪ੍ਰਸਤਾਂ ਦੀ ਫੌਜ ਅਤੇ ਆਈ.ਐਸ.ਆਈ. ਵਿਚ ਘੁਸਪੈਠ ਹੁਣ ਕਿਸੇ ਤੋਂ ਛੁਪੀ ਹੋਈ ਨਹੀਂ ਹੈ। ਹਾਲ ਹੀ ਵਿਚ ਕੁਫਰ ਵਿਰੋਧੀ ਕਾਨੂੰਨ ਕਾਰਨ ਮਜ਼ਹਬੀ ਜਨੂੰਨੀਆਂ ਵੱਲੋਂ ਪਾਇਆ ਧਮੱਚੜ ਪਾਕਿਸਤਾਨ ਨੂੰ ਹੁਣ ਦਰਪੇਸ਼ ਸੰਕਟ ਦੀ ਹੀ ਤਸਵੀਰ ਦਿਖਾ ਰਿਹਾ ਸੀ। ਫੌਜ, ਆਈ.ਐਸ.ਆਈ. ਅਤੇ ਹੋਰ ਅਦਾਰਿਆਂ ਵਿਚ ਮਜ਼ਹਬੀ ਜਨੂੰਨੀਆਂ ਦਾ ਲਗਾਤਾਰ ਵਧ ਰਿਹਾ ਦਖਲ ਇਸ ਸੰਕਟ ਦਾ ਸਿਖ਼ਰ ਹੀ ਹੈ। ਇਹ ਸੰਕਟ ਹੁਣ ਇੰਨਾ ਭਿਆਨਕ ਹੋ ਚੁੱਕਿਆ ਹੈ ਕਿ ਇਸ ਨੂੰ ਹੱਥ ਪਾਉਣ ਦੀ ਦਲੇਰੀ ਕੋਈ ਆਗੂ ਨਹੀਂ ਦਿਖਾ ਰਿਹਾ।

---

## ਪਾਕਿ ਪ੍ਰਧਾਨ ਮੰਤਰੀ ਗਿਲਾਨੀ ਚੀਨ ਦੀ ਸ਼ਰਨ 'ਚ

**ਪੇਈਚਿੰਗ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ 17 ਤੋਂ 20 ਮਈ ਤਕ ਚੀਨ ਦੇ ਦੌਰੇ 'ਤੇ ਜਾਣਗੇ। ਇਹ ਦੌਰਾ ਪਾਕਿਸਤਾਨ ਤੇ ਅਮਰੀਕਾ ਵਿਚਾਲੇ ਓਸਾਮਾ-ਬਿਨ-ਲਾਦਿਨ ਦੇ ਮੁੱਦੇ 'ਤੇ ਪੈਦਾ ਹੋਈ ਕਸ਼ੀਦਗੀ ਦੇ ਮੱਦੇਨਜ਼ਰ ਕੀਤਾ ਜਾ ਰਿਹਾ ਹੈ।

ਪਰ ਇਸ ਦੌਰੇ ਬਾਰੇ ਐਲਾਨ ਕਰਦਿਆਂ ਚੀਨ ਦੇ ਵਿਦੇਸ਼ੀ ਵਿਭਾਗ ਦੇ ਬੁਲਾਰੇ ਜਿਆਂਗ ਯੂ ਨੇ ਕਿਹਾ ਕਿ ਇਸ ਦੌਰੇ ਬਾਰੇ ਫੈਸਲਾ ਲਾਦਿਨ ਦੀ ਮੌਤ ਤੋਂ ਪਹਿਲਾਂ ਹੀ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਤੇ ਚੀਨ ਵਿਚਾਲੇ ਬਹੁਤ ਗੂੜ੍ਹੇ ਸਬੰਧ ਹਨ ਤੇ ਇਨ੍ਹਾਂ ਸਬੰਧਾਂ ਨੂੰ ਹੋਰ ਨਿੱਘੇ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਦੌਰੇ ਦੌਰਾਨ ਕੌਮਾਂਤਰੀ, ਖੇਤਰੀ ਤੇ ਦੁਵੱਲੇ ਮੁੱਦਿਆਂ 'ਤੇ ਚਰਚਾ ਹੋਵੇਗੀ।

## ਬਰਤਾਨੀਆ ਦੇ ਚੋਟੀ ਦੇ ਡਾਕਟਰਾਂ 'ਚ ਤਿੰਨ ਭਾਰਤੀ

**ਲੰਡਨ:** ਬਰਤਾਨੀਆ ਦੇ ਚੋਟੀ ਦੇ 50 ਡਾਕਟਰਾਂ ਵਿਚ ਤਿੰਨ ਭਾਰਤੀ ਡਾਕਟਰ ਵੀ ਸ਼ਾਮਲ ਹਨ। ਇਹ ਚੋਣ ਡਾਕਟਰੀ ਨਾਲ ਸਬੰਧਤ ਪ੍ਰਕਾਸ਼ਕ 'ਪਲਸ' ਵੱਲੋਂ ਕੀਤੀ ਗਈ ਹੈ। ਜਿਹੜੇ ਭਾਰਤੀ ਡਾਕਟਰ ਇਸ ਸੂਚੀ ਵਿਚ ਸ਼ਾਮਲ ਹਨ, ਉਨ੍ਹਾਂ ਵਿਚ ਕਮਲੇਸ਼ ਖੁੰਟੀ, ਚਾਂਦ ਨਾਗਪਾਲ ਤੇ ਕੈਲਾਸ਼ ਚਾਂਦ ਸ਼ਾਮਲ ਹਨ। 49 ਸਾਲਾ ਸ੍ਰੀ ਖੁੰਟੀ ਸ਼ੱਕਰ ਰੋਗ ਮਾਹਰ ਹਨ ਤੇ ਲੈਸਟਰ ਵਿਚ 20 ਸਾਲਾਂ ਤੋਂ ਪ੍ਰੈਕਟਿਸ ਕਰ ਰਹੇ ਹਨ ਪਰ ਹੁਣ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਨ। ਡਾ. ਨਾਗਪਾਲ ਨੇ ਯੂਨੀਵਰਸਿਟੀ ਆਫ ਲੰਡਨ ਤੋਂ ਪੜ੍ਹਾਈ ਕੀਤੀ ਹੈ। ਡਾ. ਚਾਂਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੜ੍ਹੇ ਹੋਏ ਹਨ ਤੇ ਪਿਛਲੇ 25 ਸਾਲਾਂ ਤੋਂ ਪ੍ਰੈਕਟਿਸ ਕਰ ਰਹੇ ਹਨ। ਵੈਸੇ ਬਰਤਾਨੀਆ ਵਿਚ ਭਾਰਤੀ ਮੂਲ ਦੇ ਹਜ਼ਾਰਾਂ ਡਾਕਟਰ ਹਨ।

## ਅਮਰੀਕਾ ਨੇ ਦੋਹਰੇ ਮਾਪਦੰਡ ਨਹੀਂ ਅਪਨਾਏ: ਰੋਇਮਰ

**ਅਹਿਮਦਾਬਾਦ:** ਭਾਰਤ ਵਿਚ ਅਮਰੀਕੀ ਸਫੀਰ ਟਿਮੋਥੀ ਜੇ. ਰੋਇਮਰ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ 26/11 ਤੇ 9/11 ਹਮਲਿਆਂ ਦੇ ਮਾਮਲਿਆਂ ਵਿਚ ਕਿਸੇ ਤਰ੍ਹਾਂ ਵੀ ਦੋਹਰੇ ਮਾਪਦੰਡ ਨਹੀਂ ਅਪਨਾ ਰਿਹਾ। ਉਨ੍ਹਾਂ ਕਿਹਾ ਕਿ ਇਨ੍ਹਾਂ ਹਮਲਿਆਂ ਪਿੱਛੋਂ ਦੋਵੇਂ ਦੇਸ਼ ਇਕ ਦੂਜੇ ਦੇ ਹੋਰ ਕਰੀਬ ਹੋਏ ਹਨ।

ਗਾਂਧੀ ਆਸ਼ਰਮ ਵਿਚ ਪੱਤਰਕਾਰਾਂ ਵੱਲੋਂ ਅਮਰੀਕਾ ਦੀ ਦੋਹਰੀ ਨੀਤੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਅਜਿਹੇ ਦੋਸ਼ਾਂ ਨਾਲ ਸਹਿਮਤ ਨਹੀਂ ਹਨ।

ਸ਼ਹਿਰ ਦੇ ਇਕ ਰੋਜ਼ਾ ਦੌਰੇ 'ਤੇ ਆਏ ਸ੍ਰੀ ਰੋਇਮਰ ਨੇ ਕਿਹਾ ਕਿ 9/11 ਹਮਲੇ ਵਿਚ 3000 ਵਿਅਕਤੀ ਮਾਰੇ ਗਏ ਸਨ ਜਿਨ੍ਹਾਂ ਵਿਚ 42 ਭਾਰਤੀ ਵੀ ਸ਼ਾਮਲ ਸਨ ਤੇ 26/11 ਹਮਲੇ ਵਿਚ ਮਰਨ ਵਾਲਿਆਂ ਵਿਚ ਭਾਰਤੀਆਂ ਦੇ ਨਾਲ ਨਾਲ ਛੇ ਅਮਰੀਕੀ ਵੀ ਸ਼ਾਮਲ ਸਨ। ਇਨ੍ਹਾਂ ਵਾਰਦਾਤਾਂ ਪਿੱਛੋਂ ਭਾਰਤ ਤੇ ਅਮਰੀਕਾ ਹੋਰ ਨੇੜੇ ਹੋਏ ਹਨ ਤੇ ਦੋਵੇਂ ਦੇਸ਼ ਹੁਣ ਖੁਫੀਆ ਜਾਣਕਾਰੀ ਇਕ ਦੂਜੇ ਨੂੰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਪਾਕਿਸਤਾਨ 'ਤੇ ਲਗਾਤਾਰ ਦਬਾਅ ਪਾ ਰਿਹਾ ਹੈ ਕਿ ਅਲ ਕਾਇਦਾ ਦੇ ਸਾਰੇ ਟਿਕਾਣਿਆਂ ਦਾ ਜਲਦ ਤੋਂ ਜਲਦ ਮਲੀਆਮੇਟ ਕੀਤਾ ਜਾਵੇ ਤੇ ਹੋਰ ਅਤਿਵਾਦੀ ਗਰੁੱਪਾਂ ਨਾਲ ਵੀ ਸਖਤੀ ਨਾਲ ਨਜਿੱਠਿਆ ਜਾਵੇ। ਅਜਿਹੇ ਗਰੁੱਪ ਅਫਗਾਨਿਸਤਾਨ, ਪਾਕਿਸਤਾਨ, ਭਾਰਤ ਤੇ ਅਮਰੀਕਾ ਲਈ ਖਤਰਾ ਹਨ।

## ਵਾਦੀ 'ਚ ਕਸ਼ਮੀਰੀ ਪੰਡਿਤ ਔਰਤ ਪੰਚ ਬਣੀ

**ਤੰਗਮਾਰਗ:** ਕਸ਼ਮੀਰ ਵਾਦੀ ਵਿਚ ਪਹਿਲੀ ਵਾਰ ਜ਼ਿਆਦਾ ਮੁਸਲਿਮ ਵੱਸੋਂ ਵਾਲੇ ਪਿੰਡ ਵਿਚ ਇਕ 52 ਸਾਲਾ ਕਸ਼ਮੀਰੀ ਪੰਡਿਤ ਔਰਤ ਪੰਚ ਚੁਣੀ ਗਈ ਹੈ ਤੇ ਉਸ ਦਾ ਕਹਿਣਾ ਕਿ ਅਤਿਵਾਦ ਕਾਰਨ ਬੇਘਰ ਹੋਏ ਉਨ੍ਹਾਂ ਦੇ ਭਾਈਚਾਰੇ ਦੇ ਸਾਰੇ ਮੈਂਬਰ ਵਾਦੀ ਵਿਚ ਆਪਣੇ ਘਰਾਂ ਨੂੰ ਆ ਜਾਣ। ਸੈਰ ਸਪਾਟੇ ਲਈ ਪ੍ਰਸਿੱਧ ਗੁਲਮਰਗ ਨੇੜੇ ਪੈਂਦਾ ਛੋਟਾ ਜਿਹਾ ਪਿੰਡ ਵੁਸਨ ਉਸ ਸਮੇਂ ਸੁਰਖੀਆਂ 'ਚ ਆਇਆ ਜਦੋਂ ਆਸ਼ਾ ਜੀ ਨਾਂ ਦੀ ਕਸ਼ਮੀਰੀ ਪੰਡਿਤ ਔਰਤ ਆਪਣੀ ਵਿਰੋਧੀ ਮੁਸਲਿਮ ਫਿਰਕੇ ਦੀ ਔਰਤ ਨੂੰ ਹਰਾ ਕੇ ਪੰਚ ਚੁਣੀ ਗਈ। ਉਸ ਦੇ ਹਲਕੇ ਵਿਚ 90 ਫੀਸਦੀ ਵੋਟਰ ਮੁਸਲਮਾਨ ਹਨ।

1980 ਦੇ ਦਹਾਕੇ ਦੇ ਆਖਰ 'ਚ ਅਤਿਵਾਦ ਸ਼ੁਰੂ ਹੋਣ ਪਿੱਛੋਂ ਤਕਰੀਬਨ 2 ਲੱਖ ਕਸ਼ਮੀਰੀ ਪੰਡਿਤ ਵਾਦੀ ਛੱਡ ਕੇ ਦੇਸ਼ ਵਿਚ ਹੋਰ ਥਾਈਂ ਚਲੇ ਗਏ ਸਨ। ਵੁਸਨ ਪਿੰਡ ਜਿੱਥੇ ਅਤਿਵਾਦ ਸ਼ੁਰੂ ਹੋਣ ਤੋਂ ਪਹਿਲਾਂ ਕਸ਼ਮੀਰੀ ਪੰਡਿਤਾਂ ਦੇ 10 ਪਰਿਵਾਰ ਸਨ, ਵਿਚ ਹੁਣ ਕੇਵਲ ਪੰਜ ਪਰਿਵਾਰ ਹਨ ਪਰ ਦੋ ਬੱਚਿਆਂ ਦੀ ਮਾਂ ਆਸ਼ਾ ਜਿਹੜੀ 1984 ਵਿਚ ਰਾਧਾ ਕ੍ਰਿਸ਼ਨ ਨਾਲ ਵਿਆਹੇ ਜਾਣ ਪਿੱਛੋਂ ਜੰਮੂ ਦੇ ਡੋਡਾ ਜ਼ਿਲ੍ਹੇ ਤੋਂ ਇਥੇ ਆ ਕੇ ਰਹਿਣ ਲੱਗ ਪਈ ਸੀ, ਦਾ ਕਹਿਣਾ ਕਿ ਉਸ ਨੇ ਕਦੇ ਵੀ ਓਪਰਾ ਮਹਿਸੂਸ ਨਹੀਂ ਕੀਤਾ। ਉਸ ਦਾ ਕਹਿਣਾ ਕਿ ਇਸ ਇਲਾਕੇ 'ਚ ਦੋ ਫਿਰਕਿਆਂ 'ਚ ਸਬੰਧ ਇੰਨੇ ਮਜ਼ਬੂਤ ਹਨ ਕਿ ਕਦੇ ਵੀ ਵਾਦੀ 'ਚੋਂ ਜਾਣ ਦੀ ਲੋੜ ਮਹਿਸੂਸ ਨਹੀਂ ਕੀਤੀ।

## ਮੇਜਰ ਇਕਬਾਲ ਸਣੇ ਸੀ ਮੁੰਬਈ ਹਮਲੇ ਦਾ ਸਾਜ਼ਿਸ਼ਕਾਰ

**ਨਵੀਂ ਦਿੱਲੀ:** ਇਕ ਮਸ਼ਕੂਕ ਪਾਕਿਸਤਾਨੀ ਮੇਜਰ ਜਿਸ ਬਾਰੇ ਸਮਝਿਆ ਜਾਂਦਾ ਹੈ ਕਿ ਉਹ ਆਈ.ਐਸ.ਆਈ. ਨਾਲ ਕੰਮ ਕਰ ਰਿਹਾ ਸੀ, ਗੁਆਂਢੀ ਮੁਲਕ ਦੇ ਉਨ੍ਹਾਂ ਚਾਰ ਨਾਗਰਿਕਾਂ 'ਚ ਸ਼ੁਮਾਰ ਹੈ ਜਿਨ੍ਹਾਂ ਨੂੰ ਅਮਰੀਕਾ ਵੱਲੋਂ 2008 ਦੇ ਮੁੰਬਈ ਦਹਿਸ਼ਤੀ ਹਮਲਿਆਂ ਦੇ ਮੁੱਖ ਸਾਜ਼ਿਸ਼ਕਾਰ ਕਿਹਾ ਹੈ। ਇਸ ਮਸ਼ਕੂਕ ਮੇਜਰ ਦੀ ਪਛਾਣ 'ਮੇਜਰ ਇਕਬਾਲ' ਵਜੋਂ ਹੋਈ ਹੈ ਤੇ ਇਸ ਨੂੰ ਸਾਜਿਦ ਮੀਰ, ਮਜ਼ਹਰ ਇਕਬਾਲ ਤੇ ਅਬੂ ਕੁਹਾਫ਼ਾ ਵਿਰੁੱਧ ਸੰਘੀ ਜਾਂਚਕਾਰਾਂ ਵੱਲੋਂ ਸ਼ਿਕਾਗੋ ਅਦਾਲਤ 'ਚ ਪੇਸ਼ ਕੀਤੀ ਗਈ ਦੂਜੀ ਚਾਰਜਸ਼ੀਟ 'ਚ ਸ਼ਾਮਲ ਕੀਤਾ ਗਿਆ ਹੈ।

ਪਿਛਲੀ 25 ਅਪਰੈਲ ਨੂੰ ਦਾਇਰ ਇਸ ਚਾਰਜਸ਼ੀਟ 'ਚ ਇਕ ਬੇਨਾਮ ਵਿਅਕਤੀ 'ਲਸ਼ਕਰ ਮੈਂਬਰ ਡੀ' ਵੀ ਸ਼ਾਮਲ ਹੈ। ਭਾਰਤੀ ਜਾਣਕਾਰਾਂ ਨੇ ਮੇਜਰ ਇਕਬਾਲ ਤੇ ਪਾਕਿਸਤਾਨੀ ਫੌਜ ਦੇ ਇਕ ਹੋਰ ਅਧਿਕਾਰੀ ਮੇਜਰ ਸਮੀਰ ਅਲੀ ਨੂੰ ਮੁੰਬਈ ਹਮਲਿਆਂ ਪਿੱਛੋਂ ਮੁੱਖ ਯੋਜਨਾਕਾਰ ਕਿਹਾ ਸੀ ਤੇ ਨਵੀਂ ਦਿੱਲੀ ਦੀ ਬੇਨਤੀ 'ਤੇ ਇੰਟਰਪੋਲ ਨੇ ਇਨ੍ਹਾਂ ਵਿਰੁੱਧ ਰੈਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਹੋਇਆ ਹੈ।

'ਮੇਜਰ ਇਕਬਾਲ' ਦੀ ਭੂਮਿਕਾ ਦਾ ਖੁਲਾਸਾ ਅਮਰੀਕਾ ਦੀ ਜਾਂਚ ਏਜੰਸੀ ਐਫ.ਬੀ.ਆਈ. ਵੱਲੋਂ ਮਸ਼ਕੂਕ ਡੇਵਿਡ ਹੈਡਲੀ ਤੋਂ ਪੁੱਛ-ਪੜਤਾਲ ਦੌਰਾਨ ਹੋਇਆ ਸੀ। ਉਸ ਨੂੰ ਅਕਤੂਬਰ 2009 'ਚ ਮੁੰਬਈ ਹਮਲਿਆਂ ਦੇ ਸਿਲਸਿਲੇ 'ਚ ਸ਼ਿਕਾਗੋ ਤੋਂ ਫੜਿਆ ਗਿਆ ਸੀ। ਸੰਘੀ ਜਾਂਚਕਾਰਾਂ ਅਨੁਸਾਰ ਮੇਜਰ ਇਕਬਾਲ ਨੇ ਲਸ਼ਕਰ-ਏ-ਤੋਇਬਾ ਤੋਂ ਕਰਾਏ ਮੁੰਬਈ ਹਮਲਿਆਂ ਦੀ ਯੋਜਨਾ ਘੜੀ ਸੀ ਤੇ ਇਸ ਕੰਮ ਲਈ ਧਨ ਮੁਹੱਈਆ ਕਰਵਾਇਆ ਸੀ।

## ਤਾਲਿਬਾਨ ਵੱਲੋਂ ਲਾਦਿਨ ਦੀ ਮੌਤ ਦਾ ਬਦਲਾ ਲੈਣ ਦਾ ਅਹਿਦ

**ਇਸਲਾਮਾਬਾਦ:** ਕਮਾਂਡਰ ਮੌਲਵੀ ਨਜ਼ੀਰ ਦੀ ਅਗਵਾਈ ਵਾਲੇ ਤਾਲਿਬਾਨ ਤੇ ਪਾਕਿਸਤਾਨ ਦੇ ਗੜਬੜ ਵਾਲੇ ਦੱਖਣੀ ਵਜ਼ੀਰਿਸਤਾਨ ਖਿੱਤੇ ਦੇ ਕਬਾਇਲੀਆਂ ਨੇ ਸਹੁੰ ਖਾਧੀ ਹੈ ਕਿ ਉਹ ਅਮਰੀਕੀ ਫੌਜਾਂ ਵੱਲੋਂ ਅਲਕਾਇਦਾ ਦੇ ਮੁਖੀ ਓਸਾਮਾ ਬਿਨ ਲਾਦਿਨ ਦੇ ਮਾਰੇ ਜਾਣ ਦਾ ਬਦਲਾ ਲੈਣਗੇ। ਬੀਤੇ ਦਿਨ 500 ਦੇ ਕਰੀਬ ਤਾਲਿਬਾਨ ਅਤਿਵਾਦੀਆਂ ਤੇ ਅਹਿਮਦਜ਼ਈ ਵਜ਼ੀਰ ਕਬੀਲੇ ਦੇ ਮੈਂਬਰਾਂ ਨੇ ਦੱਖਣੀ ਵਜ਼ੀਰਿਸਤਾਨ ਕਬਾਇਲੀ ਏਜੰਸੀ ਦੇ ਮੁੱਖ ਸ਼ਹਿਰ ਵਾਨਾ 'ਚ ਰੋਸ ਪ੍ਰਦਰਸ਼ਨ ਕੀਤਾ। ਇਹ ਰੋਸ ਪ੍ਰਦਰਸ਼ਨ ਨਜ਼ੀਰ ਵੱਲੋਂ ਦਿੱਤੇ ਸੱਦੇ ਅਧੀਨ ਸੀ। ਉਨ੍ਹਾਂ ਸਭ ਨੇ ਲਾਦਿਨ ਦੇ ਮਾਰੇ ਜਾਣ ਦੀ ਨਿੰਦਾ ਕੀਤੀ ਤੇ ਇਸ ਦਾ ਬਦਲਾ ਲੈਣ ਦਾ ਅਹਿਦ ਲਿਆ।

ਬਹੁਤੇ ਪ੍ਰਦਰਸ਼ਨਕਾਰੀਆਂ ਨੇ ਬੈਨਰ ਤੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ ਜਿਨ੍ਹਾਂ 'ਤੇ ਅਮਰੀਕਾ ਵਿਰੋਧੀ ਨਾਅਰੇ ਲਿਖੇ ਹੋਏ ਸਨ ਤੇ ਲਾਦਿਨ ਨੂੰ 'ਇਸਲਾਮ ਦਾ ਸ਼ਹੀਦ' ਕਰਾਰ ਦਿੱਤਾ ਹੋਇਆ ਸੀ।

## ਬਰਤਾਨੀਆ ਦੇ ਚੋਟੀ ਦੇ ਡਾਕਟਰਾਂ 'ਚ 3 ਭਾਰਤੀ

**ਲੰਡਨ:** ਬਰਤਾਨੀਆ ਦੇ ਚੋਟੀ ਦੇ 50 ਡਾਕਟਰਾਂ ਵਿਚ ਤਿੰਨ ਭਾਰਤੀ ਡਾਕਟਰ ਵੀ ਸ਼ਾਮਲ ਹਨ। ਇਹ ਚੋਣ ਡਾਕਟਰੀ ਨਾਲ ਸਬੰਧਤ ਪ੍ਰਕਾਸ਼ਕ 'ਪਲਸ' ਵੱਲੋਂ ਕੀਤੀ ਗਈ ਹੈ। ਜਿਹੜੇ ਭਾਰਤੀ ਡਾਕਟਰ ਇਸ ਸੂਚੀ ਵਿਚ ਸ਼ਾਮਲ ਹਨ, ਉਨ੍ਹਾਂ ਵਿਚ ਕਮਲੇਸ਼ ਖੁੰਟੀ, ਚਾਂਦ ਨਾਗਪਾਲ ਤੇ ਕੈਲਾਸ਼ ਚਾਂਦ ਸ਼ਾਮਲ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 14 ਮਈ 2011*

## ਭ੍ਰਿਸ਼ਟਾਚਾਰ ਦਾ ਭਾਂਡਾ

ਪੰਜਾਬ ਵਿਚ ਵੀ ਭ੍ਰਿਸ਼ਟਾਚਾਰ ਦਾ ਭਾਂਡਾ ਉਛਲ ਗਿਆ ਹੈ। ਭਾਰਤੀ ਜਨਤਾ ਪਾਰਟੀ ਦੇ ਆਗੂ ਰਾਜ ਖੁਰਾਣਾ ਨੂੰ ਮੁੱਖ ਸੰਸਦੀ ਸਕੱਤਰ ਦਾ ਅਹੁਦਾ ਛੱਡਣਾ ਪਿਆ ਹੈ। ਅਜੇ ਕੁਝ ਦਿਨ ਪਹਿਲਾਂ ਹੀ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਸਬੰਧਤ ਮੁੱਖ ਸੰਸਦੀ ਸਕੱਤਰ ਸੋਹਣ ਸਿੰਘ ਠੰਡਲ ਨੂੰ ਵੱਢੀ ਦੇ ਇਕ ਕੇਸ ਵਿਚ ਤਿੰਨ ਸਾਲ ਦੀ ਸਜ਼ਾ ਹੋਣ ਕਾਰਨ ਅਹੁਦਾ ਛੱਡਣਾ ਪਿਆ ਸੀ। ਭਾਜਪਾ ਆਗੂ ਰਾਜ ਖੁਰਾਣਾ ਨਾਲ ਸਬੰਧਤ ਮਾਮਲੇ ਦੀ ਜ਼ੱਦ ਵਿਚ ਦੋ ਹੋਰ ਭਾਜਪਾ ਆਗੂ-ਮਨੋਰੰਜਨ ਕਾਲੀਆ ਤੇ ਸਵਰਨਾ ਰਾਮ, ਵੀ ਆ ਗਏ ਹਨ। ਡੇਢ ਕਰੋੜ ਰੁਪਏ ਦੀ ਵੱਢੀ ਦਾ ਇਹ ਮਾਮਲਾ ਲਈ ਪੱਖਾਂ ਤੋਂ ਅਹਿਮੀਅਤ ਹਾਸਲ ਕਰ ਗਿਆ ਹੈ। ਇਹ ਮਾਮਲਾ ਸੱਤਾਧਾਰੀ ਧਿਰ ਦੇ ਆਗੂਆਂ ਨਾਲ ਤਾਂ ਜੁੜਿਆ ਹੀ ਹੋਇਆ ਹੈ; ਅਗਲੇ ਸਾਲ ਦੇ ਅਰੰਭ ਵਿਚ ਹੀ ਵਿਧਾਨ ਸਭਾ ਚੋਣਾਂ ਵੀ ਹੋਣੀਆਂ ਹਨ। ਇਸ ਪ੍ਰਸੰਗ ਵਿਚ ਭ੍ਰਿਸ਼ਟਾਚਾਰ ਦੇ ਇਹ ਮਾਮਲੇ ਸੱਤਾਧਾਰੀ ਧਿਰ ਲਈ ਸ਼ੁਭ ਸੰਕੇਤ ਨਹੀਂ ਹਨ। ਸਿਆਸੀ ਮਾਹਿਰ ਤਾਂ ਪਹਿਲਾਂ ਹੀ ਭਵਿੱਖਵਾਣੀਆਂ ਕਰ ਰਹੇ ਹਨ ਕਿ ਆਉਂਦੀਆਂ ਵਿਧਾਨ ਸਭ ਚੋਣਾਂ ਵਿਚ ਅਕਾਲੀ ਦਲ (ਬਾਦਲ) ਅਤੇ ਭਾਜਪਾ ਗਠਜੋੜ ਦੀ ਸਰਕਾਰ ਫਿਰ ਕਾਇਮ ਹੋਣੀ ਔਖੀ ਲੱਗ ਰਹੀ ਹੈ। ਸੂਬੇ ਵਿਚ ਪਿਛਲੇ ਕੁਝ ਸਮੇਂ ਤੋਂ ਸਿਆਸੀ ਉਥਲ-ਪੁਥਲ ਹੋਣ ਕਾਰਨ ਇਨ੍ਹਾਂ ਚੋਣਾਂ ਦੀਆਂ ਤਿਆਰੀਆਂ ਚਿਰੋਕਣੀਆਂ ਪਹਿਲਾਂ ਹੀ ਸ਼ੁਰੂ ਹਨ।

ਦਰਅਸਲ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਸਾਡੇ ਸਿਆਸੀ ਆਗੂਆਂ ਨੇ ਕਦੀ ਵੀ ਸੰਜੀਦਗੀ ਨਾਲ ਨਹੀਂ ਲਿਆ। ਸੂਬਾਈ ਸਿਆਸਤ ਦੇ ਨਾਲ-ਨਾਲ ਇਹ ਗੱਲ ਦੇਸ਼ ਪੱਧਰ ਦੀਆਂ ਪਾਰਟੀਆਂ ਉਤੇ ਵੀ ਬਰਾਬਰ ਲਾਗੂ ਹੁੰਦੀ ਹੈ। 1997 ਵਿਚ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਗੱਦੀ ਉਤੇ ਬੈਠੇ ਸਨ ਤਾਂ ਉਨ੍ਹਾਂ ਐਲਾਨ ਕੀਤਾ ਸੀ ਕਿ ਕਿਸੇ ਭ੍ਰਿਸ਼ਟ ਅਫ਼ਸਰ ਦੀ ਦੱਸ ਪਾਉਣ ਵਾਲੇ ਬੰਦੇ ਨੂੰ 25 ਹਜ਼ਾਰ ਰੁਪਿਆ ਇਨਾਮ ਵਜੋਂ ਦਿੱਤਾ ਜਾਵੇਗਾ। ਇਸ ਐਲਾਨ ਤੋਂ ਬਾਅਦ ਬਾਦਲ ਨੇ ਆਪਣਾ ਉਹ ਸਾਰਾ ਕਾਰਜਕਾਲ ਤਾਂ ਪੂਰਾ ਕੀਤਾ ਹੀ, ਹੁਣ ਉਨ੍ਹਾਂ ਦਾ ਦੂਜਾ ਕਾਰਜਕਾਲ ਵੀ ਸਮਾਪਤੀ ਵੱਲ ਵਧ ਰਿਹਾ ਹੈ ਪਰ ਅਜੇ ਤੱਕ ਅਜਿਹਾ ਕੋਈ ਬੰਦਾ ਨਹੀਂ ਥਿਆਇਆ ਜਿਸ ਨੂੰ ਭ੍ਰਿਸ਼ਟ ਅਫ਼ਸਰ ਦਾ ਨਾਂ ਦੱਸਣ ਉਤੇ ਇਨਾਮ ਮਿਲਿਆ ਹੋਵੇ। ਇਹ ਗੱਲ ਇਕੱਲੇ ਬਾਦਲ ਦੀ ਹੀ ਨਹੀਂ ਹੈ। ਭ੍ਰਿਸ਼ਟਾਚਾਰ ਦਾ ਮਾਮਲਾ ਮੁੱਖ ਰੂਪ ਵਿਚ ਸੱਤਾ ਨਾਲ ਜੁੜਿਆ ਹੋਇਆ ਹੈ। ਸੱਤਾ ਦੇ ਦਾਬੇ ਹੇਠ ਜੋ ਸਿਆਸਤ ਕੀਤੀ ਜਾਂਦੀ ਹੈ, ਉਸ ਵਿਚੋਂ ਹੀ ਭ੍ਰਿਸ਼ਟ ਤੰਤਰ ਫੁੱਟਦਾ ਹੈ ਤੇ ਜਿੰਨਾ ਚਿਰ ਕੋਈ ਧਿਰ ਸੱਤਾ ਵਿਚ ਰਹਿੰਦੀ ਹੈ, ਉਹ ਇਸ ਤੰਤਰ ਨੂੰ ਛੇੜਦੀ-ਫਰੋਲਦੀ ਨਹੀਂ। ਇਸੇ ਕਾਰਨ ਬਾਦਲਾਂ ਖਿਲਾਫ ਦਾਇਰ ਭ੍ਰਿਸ਼ਟਾਚਾਰ ਦੇ ਮਾਮਲੇ ਸਮਾਂ ਪਾ ਕੇ ਖਾਰਜ ਹੋ ਰਹੇ ਹਨ। ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਦੇ ਮੁੰਡੇ ਨੇ ਇੰਟਰਨੈਟ ਕੰਪਨੀ ਦੇ ਜ਼ਰੀਏ ਜੋ ਲੁੱਟ ਮਚਾਈ ਸੀ, ਉਸ ਦਾ ਅਜੇ ਤੱਕ ਕੋਈ ਹਿਸਾਬ-ਕਿਤਾਬ ਸੰਭਵ ਨਹੀਂ ਹੋ ਸਕਿਆ।

ਹਾਲ ਹੀ ਵਿਚ ਨਵੀਂ ਦਿੱਲੀ ਵਿਚ ਸਮਾਜ ਸੁਧਾਰਕ ਅੰਨਾ ਹਜ਼ਾਰੇ ਅਤੇ ਹੋਰਾਂ ਨੇ ਭ੍ਰਿਸ਼ਟਾਚਾਰ ਖਿਲਾਫ ਜੋ ਮੁਹਿੰਮ ਚਲਾਈ ਸੀ, ਉਸ ਦਾ ਜੋ ਹਸ਼ਰ ਹੋਇਆ ਹੈ ਜਾਂ ਅਗਾਂਹ ਹੋਣਾ ਹੈ, ਉਹ ਸਭ ਦੇ ਸਾਹਮਣੇ ਹੈ। ਲੋਕਪਾਲ ਬਿੱਲ ਤਿਆਰ ਕਰਨ ਲਈ ਬਣੀ ਕਮੇਟੀ ਪਿੱਛੇ ਹੀ ਐਨਾ ਰੌਲਾ ਪਿਆ ਹੈ ਕਿ ਅੱਜ ਤੱਕ ਕਮੇਟੀ ਦੀ ਇਕ ਵੀ ਮੀਟਿੰਗ ਢੰਗ ਨਾਲ ਸਿਰੇ ਨਹੀਂ ਚੜ੍ਹ ਸਕੀ। ਜਿਸ ਵੇਲੇ ਅੰਨਾ ਹਜ਼ਾਰੇ ਦਾ ਮਾਮਲਾ ਅਖਬਾਰਾਂ ਅਤੇ ਟੀ.ਵੀ. ਚੈਨਲਾਂ ਤੋਂ ਇਲਾਵਾ ਹਰ ਪਾਸੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ, ਜਲੰਧਰ ਵਿਚ ਇਕ ਸਮਾਗਮ ਤੋਂ ਬਾਅਦ ਪੱਤਰਕਾਰਾਂ ਦੇ ਪੁੱਛਣ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭ੍ਰਿਸ਼ਟਾਚਾਰ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਸੀ ਕਿ ਭ੍ਰਿਸ਼ਟਾਚਾਰੀਆਂ ਨੂੰ ਸਿੱਧੀ ਫਾਂਸੀ ਦੀ ਸਜ਼ਾ ਹੀ ਹੋਣੀ ਚਾਹੀਦੀ ਹੈ। ਹੁਣ ਸੋਹਣ ਸਿੰਘ ਠੰਡਲ ਅਤੇ ਰਾਜ ਖੁਰਾਣਾ ਦੇ ਮਾਮਲੇ ਉਭਰਨ ਨਾਲ ਉਹ ਖਾਮੋਸ਼ ਹੋ ਗਏ ਹਨ। ਅਸਲ ਵਿਚ ਐਤਕੀਂ ਬੋਲਣ ਦੀ ਵਾਰੀ ਕੈਪਟਨ ਅਮਰਿੰਦਰ ਸਿੰਘ ਦੀ ਸੀ ਅਤੇ ਉਨ੍ਹਾਂ ਤੁਰੰਤ ਬਾਦਲ ਤੋਂ ਅਸਤੀਫਾ ਵੀ ਮੰਗ ਲਿਆ। ਜਦੋਂ ਕੇਂਦਰ ਸਰਕਾਰ ਵਿਚ ਭ੍ਰਿਸ਼ਟਾਚਾਰ ਦਾ ਮੁੱਦਾ ਭਖਿਆ ਸੀ ਤਾਂ ਕੈਪਟਨ ਅਮਰਿੰਦਰ ਸਿੰਘ ਖਾਮੋਸ਼ ਹੋ ਗਏ ਸਨ। ਇਸ ਤੋਂ ਹੀ ਇਨ੍ਹਾਂ ਆਗੂਆਂ ਦੀ ਭ੍ਰਿਸ਼ਾਟਾਚਾਰ ਬਾਰੇ ਪਹੁੰਚ ਦਾ ਪਤਾ ਲੱਗ ਜਾਂਦਾ ਹੈ।

ਭ੍ਰਿਸ਼ਾਟਾਚਾਰ ਦਾ ਸਭ ਤੋਂ ਵੱਧ ਖਮਿਆਜਾ ਆਵਾਮ ਨੂੰ ਭੁਗਤਣਾ ਪੈਂਦਾ ਹੈ। ਹਾਲਾਤ ਇੰਨੇ ਵਿਕਰਾਲ ਹੋ ਗਏ ਹਨ ਕਿ ਲੋਕਾਂ ਨੂੰ ਆਪਣੇ ਸਾਧਾਰਨ ਕੰਮ ਕਰਵਾਉਣ ਲਈ ਵੀ ਵੱਢੀ ਦਾ ਸਹਾਰਾ ਲੈਣਾ ਪੈਂਦਾ ਹੈ। ਹੁਣ ਤਾਂ ਇਹ ਗੱਲ ਲੋਕਾਂ ਦੇ ਮਨਾਂ ਅੰਦਰ ਬਹੁਤ ਡੂੰਘੀ ਉਤਰ ਚੁੱਕੀ ਹੈ ਕਿ ਜੇ ਕੋਈ ਕੰਮ ਕਰਵਾਉਣਾ ਹੈ ਤਾਂ ਵੱਢੀ ਤਾਂ ਦੇਣੀ ਹੀ ਪੈਣੀ ਹੈ। ਇੰਨੇ ਵਿਕਰਾਲ ਹਾਲਾਤ ਕੋਈ ਇਕ-ਅੱਧੇ ਦਿਨ ਜਾਂ ਮਹੀਨੇ ਵਿਚ ਨਹੀਂ ਹੋਏ। ਦਰਅਸਲ ਜਿਸ ਤਰ੍ਹਾਂ ਵੱਖ-ਵੱਖ ਮੁੱਦਿਆਂ ਬਾਰੇ 'ਹਊ-ਪਰੇ' ਕਰਨ ਦੀ ਨੀਤੀ ਅਪਨਾਈ ਜਾਂਦੀ ਰਹੀ ਹੈ, ਉਸ ਨਾਲ ਇਸ ਤਰ੍ਹਾਂ ਦੇ ਹਾਲਾਤ ਹੀ ਬਣਨੇ ਸਨ। ਇਸੇ ਕਰਕੇ ਹੀ ਸੱਤਾ ਬਦਲਣ ਨਾਲ ਭ੍ਰਿਸ਼ਟਾਚਾਰ ਘਟਦਾ ਨਹੀਂ, ਬੰਦ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ। ਅੰਨਾ ਹਜ਼ਾਰੇ ਦੀ ਲੜਾਈ ਵੀ ਅਜੇ ਸਿਰਫ ਲੋਕਪਾਲ ਬਿੱਲ ਦਾ ਖਰੜਾ ਤਿਆਰ ਕਰਨ ਦੀ ਹੈ। ਇਹ ਬਿੱਲ ਫਿਰ ਸੰਸਦ ਵਿਚ ਪੇਸ਼ ਹੋ ਕੇ ਕਾਨੂੰਨ ਬਣਨਾ ਹੈ ਅਤੇ ਕਾਨੂੰਨਾਂ ਦੀ ਜੋ ਦੁਰਗਤ 'ਮਹਾਨ ਦੇਸ਼ ਭਾਰਤ' ਵਿਚ ਹੁੰਦੀ ਹੈ; ਉਸ ਬਾਰੇ ਕੁਝ ਦੱਸਣ-ਪੁੱਛਣ ਦੀ ਸ਼ਾਇਦ ਲੋੜ ਨਹੀਂ ਹੈ। ਇਸੇ ਕਰਕੇ ਤੱਤੇ ਲੋਕਾਂ ਦੀ ਆਖੀ ਇਹ ਗੱਲ ਸਹੀ ਜਾਪਣ ਲੱਗ ਪੈਂਦੀ ਹੈ ਕਿ ਅੰਨਾ ਹਜ਼ਾਰੇ ਵਰਗੇ ਲੋਕ ਅਸਲ ਵਿਚ ਤਾਂ ਸਰਕਾਰਾਂ ਖਿਲਾਫ ਉਠ ਰਹੇ ਜਾਂ ਇਕੱਠੇ ਹੋ ਰਹੇ ਰੋਹ ਤੇ ਰੋਸ ਲਈ ਵਾਲਵ ਦਾ ਕੰਮ ਕਰ ਜਾਂਦੇ ਹਨ। ਕੁਝ ਕੁ ਸਮੇਂ ਲਈ ਲੋਕਾਂ ਦੀ ਤਸੱਲੀ ਹੋ ਜਾਂਦੀ ਹੈ ਅਤੇ ਹਰ ਮਾਮਲਾ ਆਪਣੀ ਪਹਿਲਾਂ ਵਾਲੀ ਥਾਂ ਟਿਕਿਆ ਰਹਿੰਦਾ ਹੈ। ਭ੍ਰਿਸ਼ਟਾਚਾਰ ਖ਼ਤਮ ਕਰਨਾ ਸਿਆਸੀ ਆਗੂਆਂ ਅਤੇ ਸਿਆਸੀ ਤੰਤਰ ਦੀ ਇੱਛਾ ਸ਼ਕਤੀ ਤੋਂ ਬਾਹਰ ਹੋ ਚੁੱਕਾ ਹੈ। ਹੁਣ ਸਾਰਾ ਦਾਰੋਮਦਾਰ ਆਵਾਮ ਉਤੇ ਹੈ ਕਿ ਉਹ ਇਸ ਬੁਰਿਆਈ ਖਿਲਾਫ ਆਪਣੀ ਕਿੰਨੀ ਤਾਕਤ ਲਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਿਹਾ ਸੱਚ ਸਿਆਣਿਆਂ ਨੇ!*

ਵੰਡ ਬਹਿੰਦੀ ਨਾ ਲੜਦੀਆਂ ਬਿੱਲੀਆਂ ਦੀ, ਦਾਅ ਬਾਂਦਰ ਦਾ ਜਾਂਦਾ ਏ ਲੱਗ ਏਦਾਂ।
ਟੁੱਟ ਪਵੇ ਬਘਿਆੜ ਜਦ ਲੇਲਿਆਂ 'ਤੇ, ਟਲਦਾ 'ਮੈਨੂੰ ਕੀ' ਸਮਝ ਕੇ ਜੱਗ ਏਦਾਂ।
ਬੁਰਛਾਗਰਦੀ ਦੇ ਬੁਰੇ ਮਾਹੌਲ ਅੰਦਰ, ਜੀਵੇ ਕਿਸ ਤਰ੍ਹਾਂ ਬੰਦਾ ਸਲੱਗ ਏਦਾਂ।
ਹਰ ਥਾਂ ਚੌਧਰੀ ਬਣਦਾ ਏ ਮਲਕ ਭਾਗੋ, ਭਾਈ ਲਾਲੋ ਤੋਂ ਹੁੰਦਾ ਨਹੀਂ ਤੱਗ ਏਦਾਂ।
ਤਾਨਾਸ਼ਾਹੀ ਮਿਟਾਉਣ ਦੇ ਨਾਮ ਹੇਠਾਂ, ਆਪਣਾ ਸਿੱਕਾ ਜਮਾਉਂਦਾ ਏ ਠੱਗ ਏਦਾਂ।
ਬਲਦੇ ਭਾਂਬੜ 'ਤੇ ਛਿੜਕ ਕੇ ਤੇਲ ਦੇਖੋ, ਅਹਿਮਕ ਸਮਝਦਾ ਬੁਝੇਗੀ ਅੱਗ ਏਦਾਂ!

# ਪਾਕਿਸਤਾਨ:ਬਦਕਾਰ ਫੌਜ, ਬਦਹਾਲ ਦੇਸ਼

*ਆਤਿਸ਼ ਤਾਸੀਰ (ਜਨਮ 1980) ਭਾਰਤ ਦੀ ਨਾਮੀ ਪੱਤਰਕਾਰ ਤਵਲੀਨ ਸਿੰਘ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਸਿਰਕੱਢ ਆਗੂ ਤੇ ਪੰਜਾਬ ਦੇ ਗਵਰਨਰ ਰਹੇ ਮਰਹੂਮ ਸਲਮਾਨ ਤਾਸੀਰ ਦਾ ਪੁੱਤਰ ਹੈ। ਤਵਲੀਨ ਸਿੰਘ ਅਤੇ ਸਲਮਾਨ ਤਾਸੀਰ ਕੁਝ ਸਮਾਂ ਹੀ ਇਕੱਠੇ ਰਹੇ ਅਤੇ ਫਿਰ ਜੁਦਾ ਹੋ ਗਏ। ਆਤਿਸ਼ ਤਾਸੀਰ ਦਾ ਜਨਮ ਲੰਡਨ (ਇੰਗਲੈਂਡ) ਵਿਚ ਅਤੇ ਪਾਲਣ-ਪੋਸ਼ਣ ਨਵੀਂ ਦਿੱਲੀ ਵਿਚ ਹੋਇਆ। ਉਹ ਅੱਜ ਕੱਲ੍ਹ ਵਾਰੀ-ਵਾਰੀ ਨਵੀਂ ਦਿੱਲੀ ਅਤੇ ਲੰਡਨ ਵਿਚ ਰਹਿੰਦਾ ਹੈ। ਉਹਨੇ 'ਟਾਈਮ ਮੈਗਜ਼ੀਨ' ਵਿਚ ਨੌਕਰੀ ਕੀਤੀ ਅਤੇ 'ਪ੍ਰਾਸਪੈਕਟਸ ਮੈਗਜ਼ੀਨ' ਲਈ ਬਤੌਰ ਫਰੀਲਾਂਸਰ ਕੰਮ ਕੀਤਾ। ਉਹਨੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਉਰਦੂ ਤੋਂ ਅੰਗਰੇਜ਼ੀ ਵਿਚ ਅਨੁਵਾਦ ਕੀਤੀਆਂ। ਉਸ ਦਾ ਸਵੈ-ਜੀਵਨੀ ਦੇ ਅੰਸ਼ਾਂ ਨਾਲ ਭਰਪੂਰ ਨਾਵਲ 'ਸਟਰੇਂਜਰ ਟੂ ਹਿਸਟਰੀ: ਏ ਸੰਨ'ਜ਼ ਜਰਨੀ ਥਰੂ ਇਸਲਾਮਿਕ ਲੈਂਡਸ' ਚਰਚਾ ਦਾ ਵਿਸ਼ਾ ਬਣਿਆ। 'ਟਰੈਵਲਜ਼ ਵਿਦ ਦਿ ਮੈਂਗੋ ਕਿੰਗ' ਵਿਚ ਉਸ ਨੇ ਪਾਕਿਸਤਾਨ ਦੀ ਜਾਗੀਰਦਾਰੀ ਬਾਰੇ ਲਿਖਿਆ ਹੈ। ਉਸ ਦੇ ਇਕ ਹੋਰ ਨਾਵਲ 'ਦਿ ਟੈਂਪਲ ਗੋਇਰਜ਼' ਦੀ ਵੀ ਵਾਹਵਾ ਚਰਚਾ ਹੋਈ। ਹੁਣ ਉਸ ਦਾ ਨਵਾਂ ਨਾਵਲ 'ਨੂਨ' ਛੇਤੀ ਹੀ ਛਪ ਰਿਹਾ ਹੈ। -ਸੰਪਾਦਕ*




ਆਤਿਸ਼ ਤਾਸੀਰ

**ਆਤਿਸ਼ ਤਾਸੀਰ**

ਨਕਾਬ ਲਹਿ ਗਿਆ ਹੈ, ਤੇ ਜੋ ਸੱਚ ਸਾਹਮਣੇ ਆਇਆ ਹੈ, ਉਹ ਇੰਨਾ ਭਿਆਨਕ ਹੈ ਕਿ ਹਰ ਕੋਈ ਮੂੰਹ ਭੁਆਉਣਾ ਚਾਹੁੰਦਾ ਹੈ ਪਰ ਹੁਣ ਸਾਨੂੰ ਇਸ ਨੂੰ ਲਾਜ਼ਮੀ ਤੌਰ 'ਤੇ ਦੇਖਣਾ ਹੀ ਚਾਹੀਦਾ ਹੈ। ਜਦੋਂ ਤੋਂ ਦਹਿਸ਼ਤ ਖ਼ਿਲਾਫ਼ ਜੰਗ ਸ਼ੁਰੂ ਹੋਈ ਹੈ, ਪਹਿਲੀ ਵਾਰ ਸਾਨੂੰ ਆਪਣੇ ਦੁਸ਼ਮਣ ਦਾ ਚਿਹਰਾ ਸਾਫ਼-ਸਪਸ਼ਟ ਰੂਪ ਵਿਚ ਤੱਕਣ ਦਾ ਮੌਕਾ ਮਿਲਿਆ ਹੈ। ਤੇ ਇਹ ਚਿਹਰਾ ਕਿਸੇ ਦਾੜ੍ਹੀ ਵਾਲੇ ਜਹਾਦੀ ਦਾ ਨਹੀਂ ਹੈ, ਸਗੋਂ ਪਾਕਿਸਤਾਨੀ ਫੌਜ ਦੇ ਵਰਦੀਧਾਰੀ ਅਫ਼ਸਰ ਦਾ ਹੈ!

ਪਿਛਲੇ ਹਫਤੇ ਜੋ ਕੁਝ ਵਾਪਰਿਆ, ਆਓ ਉਸ ਬਾਰੇ ਰਤਾ ਕੁ ਦਿਲ-ਗੁਰਦੇ ਨਾਲ ਸਪਸ਼ਟ ਹੋ ਜਾਈਏ: ਉਸਾਮਾ ਬਿਨ ਲਾਦਿਨ ਆਪਣੀ ਕਿਸੇ ਬੇਵਕੂਫੀ ਕਰਕੇ ਐਬਟਾਬਾਦ 'ਚ ਰਹਿੰਦਾ ਨਹੀਂ ਸੀ ਮਿਲਿਆ। ਉਹ ਫੌਜੀ ਛਾਉਣੀ ਵਾਲੇ ਉਸ ਸ਼ਹਿਰ ਵਿਚ ਫੌਜ ਦੀ ਮਹਿਮਾਨ-ਨਿਵਾਜ਼ੀ ਮਾਣਦਾ ਕਾਬੂ ਆਇਆ ਹੈ। ਇਸੇ ਲਈ ਇਸ ਫੌਜ ਅਤੇ ਇਸ ਦੀਆਂ ਏਜੰਸੀਆਂ ਉਤੇ ਚੁਫੇਰਿਓਂ ਦੋਸ਼ਾਂ ਦੀ ਝੜੀ ਲੱਗ ਗਈ ਹੈ।

ਪਾਕਿਸਤਾਨੀ ਫੌਜ ਖ਼ਿਲਾਫ਼ ਚਾਲਬਾਜ਼ੀਆਂ ਜਿਹੇ ਦੋਸ਼ਾਂ ਦੀ ਲੜੀ ਬਹੁਤ ਲੰਬੀ-ਚੌੜੀ ਹੈ। ਇਨ੍ਹਾਂ ਵਿਚ ਅਫ਼ਗਾਨਿਸਤਾਨ ਵਿਚ ਅਮਰੀਕੀਆਂ ਅਤੇ ਉਨ੍ਹਾਂ ਦੇ ਵਿਰੋਧੀਆਂ, ਦੋਵਾਂ ਦੀ ਮਦਦ ਕਰਨ; ਦੁਨੀਆਂ ਦੇ ਬਦਤਰ ਦੇਸ਼ਾਂ ਨੂੰ ਪ੍ਰਮਾਣੂ ਤਕਨਾਲੋਜੀ ਵੇਚਣ ਦਾ ਲਾਹੇਵੰਦ ਧੰਦਾ ਕਰਨ; ਭਾਰਤ ਦੇ ਕਹਿਣ ਮੁਤਾਬਕ 2008 ਦੇ ਮੁੰਬਈ ਹਮਲੇ ਕਰਵਾਉਣ ਤੱਕ ਵਰਗੇ ਦੋਸ਼ ਸ਼ਾਮਲ ਹਨ। ਪਾਕਿਸਤਾਨ ਦੇ ਗੁਆਂਢੀ ਦੇਸ਼-ਭਾਰਤ ਤੇ ਅਫਗਾਨਿਸਤਾਨ, ਚੀਕ-ਚੀਕ ਕੇ ਕਹਿ ਰਹੇ ਹਨ ਕਿ ਦੱਖਣੀ ਏਸ਼ੀਆ ਵਿਚ ਜਹਾਦ ਦੀ ਜੜ੍ਹ ਪਾਕਿਸਤਾਨੀ ਫ਼ੌਜ ਹੈ।

ਇਨ੍ਹਾਂ ਸਾਰੇ ਦੋਸ਼ਾਂ ਦੇ ਬਾਵਜੂਦ ਧਾਰਨਾ ਅਤੇ ਹਕੀਕਤ ਵਿਚਕਾਰ ਹਮੇਸ਼ਾ ਰਹੇ ਥੋੜ੍ਹੇ ਜਿਹੇ ਫ਼ਰਕ ਸਦਕਾ ਇਹ ਫੌਜ ਵਧ-ਫੁੱਲ ਰਹੀ ਹੈ। ਇਸੇ ਕਰਕੇ ਐਬਟਾਬਾਦ ਵਿਚ ਬਿਨ ਲਾਦਿਨ ਦਾ ਮਾਰਿਆ ਜਾਣਾ ਅਹਿਮ ਹੈ: ਇਹ ਉਸ ਪਲ ਦੀ ਝਲਕ ਹੈ ਜਦੋਂ ਧਾਰਨਾ ਅਤੇ ਹਕੀਕਤ ਇਕ-ਮਿਕ ਹੋ ਜਾਂਦੇ ਹਨ। ਤੇ ਹੁਣ ਤੁਸੀਂ ਹਕੀਕਤ ਦੀ ਭਿਅੰਕਰਤਾ ਦੇਖੋ ਜ਼ਰਾ: ਦੱਖਣੀ ਏਸ਼ੀਆ ਵਿਚ ਅਮਨ ਦੀ ਦੁਸ਼ਮਣ ਅਤੇ ਪ੍ਰਮਾਣੂ ਸ਼ਕਤੀ ਨਾਲ ਲੈਸ ਵਿਸ਼ਾਲ (ਪਾਕਿਸਤਾਨੀ) ਫੌਜ ਹੁਣ ਬੇਪਰਦ ਹੋ ਗਈ ਸਾਰੇ ਜੱਗ ਦੇ ਸਾਹਮਣੇ। ਪੱਛਮੀ ਦੇਸ਼ਾਂ ਖ਼ਿਲਾਫ਼ ਜਿਹੜੀ ਦਹਿਸ਼ਤਗਰਦੀ ਦੀ ਲਹਿਰ ਉਠ ਰਹੀ ਹੈ, ਇਹ (ਪਾਕਿਸਤਾਨੀ ਫੌਜ) ਉਸ ਦੀ ਸਭ ਤੋਂ ਵੱਡੀ ਸਰਪ੍ਰਸਤ ਅਤੇ ਰਾਖੀ ਕਰਨ ਵਾਲੀ ਬਣ ਗਈ ਹੈ।

ਇਸ ਦਾ ਪ੍ਰਭਾਵ ਬਹੁਤ ਮਾੜਾ ਪਿਆ। ਭਾਰਤ ਅਤੇ ਅਫਗਾਨਿਸਤਾਨ ਵਿਚ ਖੁੱਲ੍ਹੇਆਮ ਰੋਹ ਨਜ਼ਰ ਆਇਆ ਅਤੇ ਥੋੜ੍ਹੀ ਬੇਚੈਨੀ ਵੀ ਦੇਖਣ ਨੂੰ ਮਿਲੀ ਕਿ ਅਮਰੀਕੀ ਫੌਜਾਂ ਦੀ ਵਾਪਸੀ 'ਤੇ ਪਾਕਿਸਤਾਨ ਦਾ ਰੁਖ਼ ਕਿਹੋ ਜਿਹਾ ਹੋਵੇਗਾ। ਅਮਰੀਕਾ ਵਿਚ ਵੀ ਕੂਟਨੀਤਕ ਸਬੰਧਾਂ ਵਿਚ ਠੰਢ ਲਗਾਤਾਰ ਪੱਸਰੀ ਹੈ। ਇਸ ਦੇ ਪਾਕਿਸਤਾਨ ਨਾਲ ਚੰਗੇ ਫੌਜੀ ਸਬੰਧ ਵੀ ਹਨ, ਇਸ ਲਈ ਇਸ ਨੂੰ ਵੀ ਪੈਰ ਫੂਕ-ਫੂਕ ਕੇ ਧਰਨਾ ਪਵੇਗਾ। ਪਾਕਿਸਤਾਨ ਦੀ ਸਿਵਲੀਅਨ ਹਕੂਮਤ (ਜੋ ਮੇਰੇ ਖ਼ਿਆਲ ਮੁਤਾਬਕ ਬਿਨ ਲਾਦਿਨ ਬਾਰੇ ਹਨੇਰੇ 'ਚ ਸੀ) ਹੁਣ ਨਿੰਮੋਝੂਣੀ ਹੋਈ ਪਈ ਹੈ।

ਦੁਨੀਆਂ ਭਰ ਵਿਚ ਫੌਜ ਦੀ ਜਿੰਨੀ ਵੱਧ ਤੋਏ-ਤੋਏ ਹੋਵੇਗੀ, ਦੇਸ਼ ਅੰਦਰ ਇਸ ਦੇ ਓਨੇ ਹੀ ਵੱਧ ਖ਼ੂੰਖਾਰ ਹੋਣ ਦਾ ਖ਼ਤਰਾ ਹੈ। ਪਹਿਲਾਂ ਹੀ ਇਹ ਕਿਸੇ ਬਾਹਰੀ ਤਾਕਤ ਨਾਲੋਂ ਦੇਸ਼ ਦੇ ਲੋਕਾਂ ਦਾ ਕਿਤੇ ਵੱਧ ਨੁਕਸਾਨ ਕਰ ਚੁੱਕੀ ਹੈ। 1947 ਵਿਚ ਹਿੰਦੋਸਤਾਨ ਦੇ ਮੁਸਲਮਾਨਾਂ ਲਈ ਇਕ ਗ਼ੈਰ-ਵਿਹਾਰਕ ਸੁਪਨ-ਸੰਕਲਪ ਦੇ ਆਧਾਰ 'ਤੇ ਦੇਸ਼ ਦੀ ਨੀਂਹ ਰੱਖੀ ਗਈ ਸੀ। ਜਦੋਂ ਇਹ ਆਪਣੇ-ਆਪ ਨੂੰ ਭਾਰਤ ਦੇ ਪਰਛਾਵੇਂ ਅਤੇ ਵੱਖਰੀ ਜਗ੍ਹਾ ਵਜੋਂ ਪਰਿਭਾਸ਼ਤ ਕਰਦਾ-ਕਰਦਾ ਪੂਰੀ ਤਰ੍ਹਾਂ ਨਖਿੱਧ ਸਾਬਤ ਹੋ ਗਿਆ ਤਾਂ ਪਾਕਿਸਤਾਨ 'ਤੇ ਲਾਈਆਂ ਆਸਾਂ-ਉਮੀਦਾਂ ਛਾਈਂ-ਮਾਈਂ ਹੋ ਗਈਆਂ ਅਤੇ ਫੌਜ ਅੱਗੇ ਆ ਗਈ। ਇਸ (ਫੌਜ) ਨੇ ਦੇਸ਼ ਨੂੰ ਭਾਰਤ ਨਾਲ ਕਈ ਤਬਾਹਕੁਨ ਜੰਗਾਂ ਵਿਚ ਝੋਕ ਦਿੱਤਾ। ਸਿਵਲੀਅਨ ਹਕੂਮਤ ਦੀ ਜੱਖਣਾ ਪੁੱਟ ਦਿੱਤੀ ਅਤੇ ਬਰੈਡ ਬਣਾਉਣ ਤੇ ਪ੍ਰਾਪਰਟੀ ਡੀਲਿੰਗ ਜਿਹੇ ਧੰਦੇ ਅਪਨਾ ਕੇ ਆਰਥਿਕ ਜੀਵਨ ਵਿਚ ਵੀ ਦਾਖਲ ਹੋ ਗਈ ਤੇ ਹੁਣ ਇਹ ਫੌਜ ਹਰ ਸਾਲ ਕੌਮੀ ਬਜਟ ਦਾ ਚੌਥਾ ਹਿੱਸਾ ਹੜੱਪ ਲੈਂਦੀ ਹੈ।

ਦੇਸ਼ ਭਾਵੇਂ ਲਗਾਤਾਰ ਤਹਿਸ-ਨਹਿਸ ਹੋ ਰਿਹਾ ਸੀ ਪਰ ਪਾਕਿਸਤਾਨ ਦੀ ਫੌਜ ਠਾਠਾਂ ਮਾਰ ਰਹੀ ਹੈ। ਇਹ ਅਜਿਹੀ ਪਹਿਰੇਦਾਰ ਬਣ ਗਈ ਹੈ ਜਿਸ ਦੀ ਪਰਜੀਵੀ ਤਰੱਕੀ ਖਾਹਸ਼ਾਂ ਦੀ ਫਿਰੌਤੀ ਰਾਹੀਂ ਹੁੰਦੀ ਰਹੀ ਹੈ। ਫਿਰ 1980ਵਿਆਂ ਵਿਚ ਭਾਰਤ ਨਾਲ ਵੈਰ ਮਘਦਾ ਰੱਖਣ ਲਈ ਪਾਕਿਸਤਾਨ ਨੇ ਲੋਕਾਂ ਅੰਦਰ ਨਫ਼ਰਤੀ ਇਸਲਾਮਿਕ ਵਿਚਾਰਧਾਰਾ ਫੈਲਾਈ ਗਈ। ਪਾਕਿਸਤਾਨ ਦੀ ਫੌਜ ਨੇ ਅੱਜ ਦੇਸ਼ ਨੂੰ ਮੁਸਲਿਮ ਜਗਤ ਵਿਚ ਸਭ ਤੋਂ ਵੱਧ ਦਿਸ਼ਾਹੀਣ ਦੇਸ਼ ਬਣਾ ਕੇ ਰੱਖ ਦਿੱਤਾ ਹੈ। ਦਹਿਸ਼ਤਵਾਦ ਤਾਂ ਸਮੱਸਿਆ ਦੀ ਮਹਿਜ਼ ਇਕ ਕੜੀ ਹੈ; ਜ਼ਮੀਨੀ ਪੱਧਰ 'ਤੇ ਇੰਤਹਾ ਦੀ ਹੱਦ ਤੱਕ ਖ਼ੌਫ਼ ਤੇ ਅਰਾਜਕਤਾ ਦਾ ਆਲਮ ਬਣਿਆ ਹੋਇਆ ਹੈ। ਦੇਸ਼ ਇਸ ਵੇਲੇ ਗਰੋਹਾਂ, ਅਗਵਾ, ਕਤਲੋਗਾਰਤ ਅਤੇ ਬਲਾਤਕਾਰਾਂ ਦਾ ਅੱਡਾ ਬਣ ਗਿਆ ਹੈ। ਸਮਾਜ ਦਾ ਤਾਣਾ-ਬਾਣਾ ਲੀਰੋ-ਲੀਰ ਹੋ ਗਿਆ ਹੈ।

> *ਦੇਸ਼ ਭਾਵੇਂ ਲਗਾਤਾਰ ਤਹਿਸ-ਨਹਿਸ ਹੋ ਰਿਹਾ ਸੀ ਪਰ ਪਾਕਿਸਤਾਨ ਦੀ ਫੌਜ ਠਾਠਾਂ ਮਾਰ ਰਹੀ ਹੈ। ਇਹ ਅਜਿਹੀ ਪਹਿਰੇਦਾਰ ਬਣ ਗਈ ਹੈ ਜਿਸ ਦੀ ਪਰਜੀਵੀ ਤਰੱਕੀ ਖਾਹਿਸ਼ਾਂ ਦੀ ਫਿਰੌਤੀ ਰਾਹੀਂ ਹੁੰਦੀ ਰਹੀ ਹੈ। ਫਿਰ 1980ਵਿਆਂ ਵਿਚ ਭਾਰਤ ਨਾਲ ਵੈਰ ਮਘਦਾ ਰੱਖਣ ਲਈ ਪਾਕਿਸਤਾਨ ਨੇ ਲੋਕਾਂ ਅੰਦਰ ਨਫ਼ਰਤੀ ਇਸਲਾਮਿਕ ਵਿਚਾਰਧਾਰਾ ਫੈਲਾਈ ਗਈ। ਪਾਕਿਸਤਾਨ ਦੀ ਫੌਜ ਨੇ ਅੱਜ ਦੇਸ਼ ਨੂੰ ਮੁਸਲਿਮ ਜਗਤ ਵਿਚ ਸਭ ਤੋਂ ਵੱਧ ਦਿਸ਼ਾਹੀਣ ਦੇਸ਼ ਬਣਾ ਕੇ ਰੱਖ ਦਿੱਤਾ ਹੈ। ਦਹਿਸ਼ਤਵਾਦ ਤਾਂ ਸਮੱਸਿਆ ਦੀ ਮਹਿਜ਼ ਇਕ ਕੜੀ ਹੈ; ਜ਼ਮੀਨੀ ਪੱਧਰ 'ਤੇ ਇੰਤਹਾ ਦੀ ਹੱਦ ਤੱਕ ਖ਼ੌਫ਼ ਹੈ ਤੇ ਅਰਾਜਕਤਾ ਦਾ ਆਲਮ ਬਣਿਆ ਹੋਇਆ ਹੈ।*

ਬੇਨਜ਼ੀਰ ਭੁੱਟੋ ਦੇ ਕਤਲ ਤੋਂ ਲੈ ਕੇ ਹੁਣ ਤੱਕ ਪਾਕਿਸਤਾਨ ਵਿਚ ਵਿਰੋਧ ਦੀ ਸੁਰ ਨੂੰ ਦਬਾਉਣ ਦੀ ਮੁਹਿੰਮ ਚੱਲ ਰਹੀ ਹੈ। ਇਸ ਸਾਲ ਦੇ ਸ਼ੁਰੂ ਵਿਚ ਮੇਰੇ ਪਿਤਾ ਅਤੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਨੂੰ ਉਸ ਦੇ ਗਾਰਡ ਨੇ ਕਤਲ ਕਰ ਦਿੱਤਾ ਸੀ। ਇਸ ਕਤਲ ਨੂੰ ਕਿਸੇ ਇਕ ਬੰਦੇ ਵੱਲੋਂ ਕੀਤੇ ਕਾਰੇ ਵਜੋਂ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਇਕ ਹਫਤੇ ਬਾਅਦ ਹੀ ਮੇਰੇ ਪਿਤਾ ਦੇ ਕਾਤਲ ਦੇ ਹੱਕ ਵਿਚ 40000 ਤੋਂ ਵੱਧ ਲੋਕਾਂ ਦਾ ਹਜੂਮ ਸੜਕਾਂ 'ਤੇ ਆ ਗਿਆ ਜਿਸ ਦੀ ਅਗਵਾਈ ਲਸ਼ਕਰ-ਏ-ਤੋਇਬਾ ਨੇ ਕੀਤੀ। ਇਸ ਗਰੁਪ ਨੂੰ ਪਾਕਿਸਤਾਨੀ ਫੌਜ ਨੇ ਪੈਦਾ ਕੀਤਾ ਅਤੇ ਪਾਲਿਆ ਹੋਇਆ ਹੈ। ਭਾਰਤ ਪ੍ਰਤੀ ਵਿਸ਼ੇਸ਼ ਨਫ਼ਰਤ ਦੇ ਧਾਰਨੀ ਇਸ ਗਰੁਪ ਨੂੰ ਅੱਜ-ਕੱਲ੍ਹ ਇਸ ਨੇ ਖੁੱਲ੍ਹਾ ਛੱਡਿਆ ਹੋਇਆ ਹੈ। ਇਸ ਦੇ ਆਗੂ ਹਾਫਿਜ਼ ਸਈਦ ਨੇ ਇਸੇ ਹਫਤੇ ਉਸਾਮਾ ਬਿਨ ਲਾਦਿਨ ਨਮਿਤ ਦੁਆ ਕਰਵਾਈ।

ਪਾਕਿਸਤਾਨ ਵਿਚ ਅੱਜ-ਕੱਲ੍ਹ ਡਰ ਅਤੇ ਹਿੰਸਾ ਦਾ ਜੋ ਮਾਹੌਲ ਹੈ, ਉਸ ਲਿਹਾਜ ਨਾਲ ਵਾਰਦਾਤਾਂ ਦੇ ਮਾਮੂਲੀ ਜਿਹੇ ਹਿੱਸੇ ਦੀਆਂ ਰਿਪੋਰਟਾਂ ਆ ਰਹੀਆਂ ਹਨ। ਮੈਂ ਜਦੋਂ ਇਹ ਲੇਖ ਲਿਖਣ ਲੱਗਿਆ ਤਾਂ ਥੋੜ੍ਹੀ ਦੇਰ ਪਹਿਲਾਂ ਮੇਰੀ ਇਕ ਪਾਕਿਸਤਾਨੀ ਦੋਸਤ ਦਾ ਫੋਨ ਆਇਆ। ਸਾਰੀ ਗੱਲਬਾਤ ਦੌਰਾਨ ਉਸ ਨੇ ਮੈਥੋਂ ਪੁੱਛਿਆ ਕਿ ਮੈਂ ਕਦੇ ਇਹ ਸੋਚਿਆ ਹੈ ਕਿ ਆਮ ਤੌਰ 'ਤੇ ਦਲੇਰ ਅਤੇ ਬੇਬਾਕ ਸਟੈਂਡ ਲੈਣ ਵਾਲਾ ਸਾਡਾ ਇਕ ਸਾਂਝਾ ਜਾਣਕਾਰ ਇੰਨੀ ਦੇਰ ਚੁੱਪ ਕਿਉਂ ਰਿਹਾ? ਮੈਂ ਕਿਹਾ-ਮੈਨੂੰ ਨਹੀਂ ਪਤਾ। ਸ਼ਾਇਦ ਉਹ ਡਰ ਗਏ ਹੋਣ। ਦਰਅਸਲ, ਉਸ ਦੇ ਇਕ ਰਿਸ਼ਤੇਦਾਰ ਨੂੰ ਅਗਵਾ ਕਰ ਲਿਆ ਗਿਆ ਸੀ ਅਤੇ ਅਗਵਾਕਾਰਾਂ ਨੇ ਧਮਕੀ ਦਿੱਤੀ ਸੀ ਕਿ ਜੇ ਉਹ ਅੱਗੇ ਤੋਂ ਖਾਮੋਸ਼ ਨਾ ਰਿਹਾ ਤਾਂ ਮੁੰਡੇ ਨੂੰ ਮਰਿਆ ਸਮਝ ਲਵੇ।

ਬਿਨ ਲਾਦਿਨ ਦੀ ਮੌਤ ਦਾ ਪਿਛੋਕੜ ਇਹੀ ਹੈ; ਤਹਿਸ-ਨਹਿਸ, ਬਦਹਵਾਸ ਅਤੇ ਖ਼ੂਨ ਨਾਲ ਲਥ-ਪਥ ਦੇਸ਼ ਜਿਸ ਦੀ ਫੌਜ ਕਦਮ-ਬ-ਕਦਮ ਜਹਾਦ ਦੇ ਹੱਥਾਂ ਵਿਚ ਜਾ ਰਹੀ ਹੈ। ਮੈਨੂੰ ਇਹ ਅਹਿਸਾਸ ਹੋਣ ਲੱਗ ਪਿਆ ਸੀ ਕਿ ਇਸ ਨਵੇਂ ਦਹਿਸ਼ਤਗਰਦ ਦੇਸ਼ ਦੇ ਜਨਮ ਦੀ ਪਛਾਣ ਮਹਿਜ਼ ਰਾਜ ਪਲਟੇ ਜਾਂ ਇਨਕਲਾਬ ਰਾਹੀਂ ਨਹੀਂ ਸਗੋਂ ਅਜਿਹੀ ਗਹਿਰੀ ਘੁਸਪੈਠ ਰਾਹੀਂ ਹੋਵੇਗੀ ਜਿਸ ਨਾਲ ਛੇਤੀ ਹੀ ਇਹ ਅੰਦਾਜ਼ਾ ਲਾਉਣਾ ਅਸੰਭਵ ਹੋ ਜਾਵੇਗਾ ਕਿ ਪਾਕਿਸਤਾਨ ਕਿੱਥੋਂ ਸ਼ੁਰੂ ਹੁੰਦਾ ਹੈ ਤੇ ਦਹਿਸ਼ਤਵਾਦ ਕਿੱਥੇ ਖਤਮ ਹੁੰਦਾ ਹੈ। ਹੁਣ ਐਬਟਾਬਾਦ 'ਚ ਫੌਜ ਦੇ ਮਹਿਮਾਨ ਦੀ ਇਕ ਤਾਜ਼ਾ ਖ਼ਬਰ ਤੋਂ ਪਤਾ ਲੱਗਦਾ ਹੈ ਕਿ ਇਹ ਨਵਾਂ ਰਾਜ ਹੋਂਦ 'ਚ ਆ ਚੁਕਾ ਹੈ।



ਐਬਟਾਬਾਦ ਦੀ ਵਜ਼ੀਰਿਸਤਾਨ ਹਵੇਲੀ ਜਿੱਥੇ ਉਸਾਮਾ ਬਿਨ ਲਾਦਿਨ ਨੂੰ ਮਾਰ ਦਿੱਤਾ ਗਿਆ

# ਲੁਕਣਗਾਹਾਂ



ਉਸਾਮਾ ਬਿਨ ਲਾਦਿਨ



ਸੁਖਦੇਵ ਸਿੰਘ ਬੱਬਰ



ਅਬੀਮਲ ਗੁਜ਼ਮਾਨ ਗੰਜ਼ਾਲੋ

*ਉਸਾਮਾ ਬਿਨ ਲਾਦਿਨ ਬਾਰੇ ਰਹੱਸ ਹੁਣ ਇਕ-ਇਕ ਕਰਕੇ ਖੁੱਲ੍ਹ ਰਹੇ ਹਨ। ਸਾਰਾ ਜੱਗ ਉਸ ਬਾਰੇ ਮੀਡੀਆ ਵਿਚ ਨਿੱਤ ਦਿਨ ਆ ਰਹੀਆਂ ਨਵੀਆਂ ਕਥਾ-ਕਹਾਣੀਆਂ ਦੰਦਾਂ ਹੇਠ ਉਂਗਲ ਰੱਖ ਕੇ ਪੜ੍ਹ-ਸੁਣ ਰਿਹਾ ਹੈ। ਇਸ ਮਾਮਲੇ ਵਿਚ ਸਭ ਤੋਂ ਕਸੂਤੀ ਹਾਲਤ ਪਾਕਿਸਤਾਨ ਦੀ ਬਣੀ ਹੋਈ ਹੈ। ਫਿਲਹਾਲ ਉਸ ਕੋਲ ਕੋਈ ਜਵਾਬ ਨਹੀਂ ਹੈ। ਇਸੇ ਕਰਕੇ ਉਸਾਮਾ ਦੇ ਸਿਲਸਿਲੇ ਵਿਚ ਰੋਜ਼ ਹੀ ਇਸ ਦਾ ਨਵਾਂ ਜਵਾਬ ਹੁੰਦਾ ਹੈ। ਸਵਾਲਾਂ ਦੀ ਝੜੀ ਤੋਂ ਅੱਕੇ ਹੋਏ ਪਾਕਿਸਤਾਨੀ ਲੀਡਰਾਂ ਕੋਲ ਜਿਹੜਾ ਆਖਰੀ ਹਥਿਆਰ ਸੀ, ਉਹ ਵੀ ਉਨ੍ਹਾਂ ਨੇ ਵਰਤ ਲਿਆ। ਇਨ੍ਹਾਂ ਨੇ ਅਮਰੀਕੀ ਆਗੂਆਂ ਨੂੰ ਸਪਸ਼ਟ ਹੀ ਪੁੱਛ ਲਿਆ ਹੈ ਕਿ ਬਿਨ ਲਾਦਿਨ ਨੂੰ ਚੜ੍ਹਤ ਆਖਰ ਕਿਸ ਨੇ ਦਿਵਾਈ ਸੀ? ਜਦੋਂ ਰੂਸੀ ਫੌਜ ਅਫਗਾਨਿਸਤਾਨ ਵਿਚ ਬੁਰੀ ਤਰ੍ਹਾਂ ਫਸੀ ਹੋਈ ਸੀ ਤਾਂ ਬਿਨ ਲਾਦਿਨ ਨੂੰ ਉਤਸ਼ਾਹ, ਹਥਿਆਰ ਅਤੇ ਡਾਲਰ ਅਮਰੀਕਾ ਨੇ ਹੀ ਦਿੱਤੇ ਸਨ। ਕੁਝ ਵੀ ਹੋਵੇ ਪਾਕਿਸਤਾਨ ਲਈ ਬਿਨ ਲਾਦਿਨ ਦੀ ਮੌਤ ਆਫ਼ਤ ਬਣ ਕੇ ਟੱਕਰੀ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇੱਥੇ ਅਸੀਂ ਬਿਨ ਲਾਦਿਨ ਦੀ ਲੁਕਣਗਾਹ ਬਾਰੇ ਉਚੇਚੀ ਰਿਪੋਰਟ ਪੇਸ਼ ਕਰ ਰਹੇ ਹਾਂ। ਇਸ ਦੇ ਨਾਲ ਹੀ ਪੰਜਾਬ ਵਿਚ ਚੱਲੀ ਖਾਲਿਸਤਾਨੀ ਲਹਿਰ ਦੌਰਾਨ ਪਟਿਆਲਾ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਭਾਈ ਸੁਖਦੇਵ ਸਿੰਘ ਬੱਬਰ ਅਤੇ ਪੀਰੂ ਦੇ ਮਿਸਾਲੀ ਮਾਓਵਾਦੀ ਲੀਡਰ ਅਬੀਮਲ ਗੁਜ਼ਮਾਨ ਉਰਫ਼ ਗੰਜ਼ਾਲੋ ਦੀ ਦੇਸ਼ ਦੀ ਰਾਜਧਾਨੀ ਲੀਮਾ ਵਿਚ ਬਣਾਈਆਂ ਲੁਕਣਗਾਹਾਂ ਬਾਰੇ ਚਰਚਾ ਕਰ ਰਹੇ ਹਾਂ। ਭਾਈ ਸੁਖਦੇਵ ਸਿੰਘ ਬੱਬਰ ਵੀ 5 ਸਾਲ ਪਟਿਆਲੇ ਅਰਬਨ ਅਸਟੇਟ ਵਿਚ ਰਿਹਾ ਸੀ; ਇਸੇ ਤਰ੍ਹਾਂ ਗੰਜ਼ਾਲੋ ਵੀ ਆਪਣੇ ਤੋਂ ਫੜੇ ਜਾਣ ਤੱਕ ਆਪਣੀ ਜਥੇਬੰਦੀ ਦਾ ਕੰਮ ਨਿਸ਼ੰਗ ਚਲਾਉਂਦੇ ਰਹੇ।-ਸੰਪਾਦਕ*

## ਲਾਦਿਨ ਦਾ ਟਿਕਾਣਾ ਵਜ਼ੀਰਿਸਤਾਨ ਹਵੇਲੀ

ਪਾਕਿਸਤਾਨ ਦੀ ਫੌਜੀ ਅਕੈਡਮੀ ਨੇੜਲੇ ਸ਼ਹਿਰ ਐਬਟਾਬਾਦ ਵਿਚ ਜਿਸ ਹਵੇਲੀ ਵਿਚ ਉਸਾਮਾ ਬਿਨ ਲਾਦਿਨ ਨੂੰ ਮਾਰਨ ਦਾ ਦਾਅਵਾ ਕੀਤਾ ਗਿਆ ਹੈ, ਉਹ 'ਵਜ਼ੀਰਿਸਤਾਨ ਹਵੇਲੀ' ਵਜੋਂ ਵੱਧ ਮਸ਼ਹੂਰ ਹੈ। ਇਸ ਹਵੇਲੀ ਵਾਲੀ ਸੜਕ ਉਤੇ ਕਿਸੇ ਵੇਲੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਜੌਗਿੰਗ ਵੀ ਕਰਦੇ ਰਹੇ ਹਨ। ਇਹ ਹਵੇਲੀ ਅਸਲ ਵਿਚ ਵਜ਼ੀਰਿਸਤਾਨ ਦੇ ਰਹਿਣ ਵਾਲੇ 2 ਭਾਈਆਂ-ਅਰਸ਼ਦ ਖਾਨ ਅਤੇ ਤਾਰਿਕ ਖਾਨ, ਦੀ ਹੈ। ਅਰਸ਼ਦ ਖਾਨ ਚਾਲੀਆਂ ਦੇ ਨੇੜੇ-ਤੇੜੇ ਹੈ ਅਤੇ ਤਾਰਿਕ ਖਾਨ ਦੀ ਉਮਰ 30 ਕੁ ਸਾਲ ਹੈ। ਦੋਵੇਂ ਕਾਰੋਬਾਰੀ ਬੰਦੇ ਹਨ।

ਐਬਟਾਬਾਦ ਦੇ ਗਲੀਆਂ-ਬਾਜ਼ਾਰਾਂ ਵਿਚ ਉਨ੍ਹਾਂ ਦਾ ਗੇੜਾ ਆਮ ਹੀ ਹੁੰਦਾ ਸੀ। ਆਪਣੀ ਬੀਵੀ-ਬੱਚਿਆਂ ਨਾਲ ਇਹ ਅਕਸਰ ਬਾਜ਼ਾਰ ਵੱਲ ਨਿਕਲਦੇ ਸਨ। ਅਮਰੀਕੀ ਫੌਜੀਆਂ ਦੀ ਇਸ ਹਵੇਲੀ ਤੱਕ ਪਹੁੰਚਣ ਦੀ ਕਹਾਣੀ ਬੜੀ ਲੰਬੀ ਹੈ। ਇਸ ਪ੍ਰੋਜੈਕਟ ਦੇ ਇੰਚਾਰਜ ਕਮਾਂਡਰ ਵਿਲੀਅਮ ਐਚ ਮੈਕ-ਰਵੈਨ (ਜਿਸ ਨੇ ਇਰਾਕ ਵਿਚ ਸੱਦਾਮ ਹੁਸੈਨ ਨੂੰ ਵੀ ਜਾ ਲੱਭਿਆ ਸੀ) ਨੇ ਇਹ ਸੂਹ ਪਹਿਲਾਂ ਹੀ ਕੱਢ ਲਈ ਸੀ ਕਿ ਬਿਨ ਲਾਦਿਨ, ਕੂਰੀਅਰ ਰਾਹੀਂ ਹੀ ਸਾਰੇ ਸੰਪਰਕ ਕਾਇਮ ਰੱਖ ਰਿਹਾ ਹੈ।

ਇਸ ਲਈ ਪਹਿਲੇ ਦਿਨ ਤੋਂ ਹੀ ਉਸ ਕੂਰੀਅਰ ਦੀ ਤਲਾਸ਼ ਸ਼ੁਰੂ ਹੋ ਗਈ। ਪਿਛਲੇ ਸਾਲ ਇਸ ਬੰਦੇ ਵੱਲੋਂ ਸਿਰਫ਼ ਇਕ ਫੋਨ-ਕਾਲ ਸੁਣਨ 'ਤੇ ਹੀ ਉਸ ਦੀ ਨਿਸ਼ਾਨਦੇਹੀ ਸੰਭਵ ਹੋ ਸਕੀ; ਨਹੀਂ ਤਾਂ ਅਮਰੀਕੀ ਫੌਜ ਟੱਕਰਾਂ ਮਾਰ-ਮਾਰ ਥੱਕ ਗਈ ਸੀ। ਇਸ ਤੋਂ ਪਹਿਲਾਂ ਹੋਈਆਂ ਕੁਝ ਗ੍ਰਿਫਤਾਰੀਆਂ ਤੋਂ ਇਹ ਪਤਾ ਲੱਗ ਗਿਆ ਸੀ ਕਿ ਕੋਈ ਅਬੂ ਅਹਿਮਦ ਅਲ-ਕੁਵੈਤੀ ਨਾਂ ਦਾ ਸ਼ਖ਼ਸ ਬਿਨ ਲਾਦਿਨ ਦਾ ਕੂਰੀਅਰ ਹੈ। ਇਸ ਦੀ ਪੁਸ਼ਟੀ ਅਲ ਕਾਇਦਾ ਦੇ ਤੀਜੇ ਨੰਬਰ ਦੇ ਲੀਡਰ ਖਾਲਿਦ ਸ਼ੇਖ਼ ਮੁਹੰਮਦ ਜੋ ਰਾਵਲਪਿੰਡੀ ਤੋਂ ਫੜਿਆ ਗਿਆ ਸੀ, ਅਤੇ ਹਸਨ ਗੁਲ ਨੇ ਕਰ ਦਿੱਤੀ ਸੀ। ਸੂਹ ਮੁਤਾਬਕ ਕੂਰੀਅਰ ਦੀ ਨੇੜਤਾ ਫਰਾਜ਼ ਅਲੀਬੀ ਨਾਲ ਹੈ ਜੋ ਮਈ 2005 ਵਿਚ ਫੜਿਆ ਗਿਆ। ਇਸ ਤੋਂ ਬਾਅਦ ਅਮਰੀਕੀ ਫੌਜ ਸਹਿਜੇ-ਸਹਿਜ ਅਲ-ਕੁਵੈਤੀ ਤੱਕ ਜਾ ਪੁੱਜੀ। ਉਸ ਤੋਂ ਹੀ ਬਿਨ ਲਾਦਿਨ ਦਾ ਟਿਕਾਣਾ ਲੱਭਿਆ।

## ਠੇਕੇਦਾਰ ਸੁਰਜਨ ਸਿੰਘ ਦੀ ਕੋਠੀ

ਸੁਖਦੇਵ ਸਿੰਘ ਬੱਬਰ ਪਟਿਆਲਾ ਦੇ ਅਰਬਨ ਅਸਟੇਟ-ਫੇਜ਼ ਇਕ ਦੀ ਇਕ ਕੋਠੀ ਵਿਚ ਤਕਰੀਬਨ 5 ਸਾਲ ਰਿਹਾ। ਇਹ ਕੋਠੀ ਨਾਭੇ ਵਾਲੀਆਂ ਬੀਬੀਆਂ ਵਜੋਂ ਮਸ਼ਹੂਰ 2 ਭੈਣਾਂ ਵਿਚੋਂ ਵੱਡੀ, ਜਵਾਹਰ ਕੌਰ ਦੇ ਨਾਂ ਸੀ। ਇਹ ਕੋਠੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਮੁਖੀ ਪ੍ਰੋਫੈਸਰ ਕਿਹਰ ਸਿੰਘ ਦੇ ਘਰ ਦੇ ਐਨ ਸਾਹਮਣੇ ਸੀ। ਪ੍ਰੋਫੈਸਰ ਕਿਹਰ ਸਿੰਘ ਭਾਵੇਂ ਆਪਣੇ-ਆਪ ਨੂੰ ਖਾਲਿਸਤਾਨ ਦੇ ਵੱਡੇ ਖੈਰ-ਖਵਾਹ ਮੰਨਦੇ ਸਨ ਪਰ ਉਨ੍ਹਾਂ ਨੂੰ ਵੀ ਅਗਸਤ 1992 ਵਿਚ ਸੁਖਦੇਵ ਸਿੰਘ ਬੱਬਰ ਦੇ ਮੁਕਾਬਲੇ ਵਿਚ ਮਾਰੇ ਜਾਣ ਤੋਂ ਹੀ ਇਲਮ ਹੋਇਆ ਕਿ ਸੁਖਦੇਵ ਸਿੰਘ ਬੱਬਰ ਉਸ ਦੇ ਗੁਆਂਢ ਵਿਚ ਹੀ ਕਈ ਸਾਲਾਂ ਤੋਂ ਠੇਕੇਦਾਰ ਸੁਰਜਨ ਸਿੰਘ ਬਣ ਕੇ ਰਹਿ ਰਿਹਾ ਸੀ।

ਇਹ ਕੋਠੀ ਸੁਖਦੇਵ ਸਿੰਘ ਬੱਬਰ ਨੇ 1986 ਵਿਚ ਪਾਕਿਸਤਾਨ ਤੋਂ ਪਰਤਣ ਪਿਛੋਂ ਬੀਬੀ ਜਵਾਹਰ ਕੌਰ ਦੇ ਨਾਂ 'ਤੇ ਖਰੀਦੀ ਸੀ। ਉਦੋਂ ਇਹ ਇਲਾਕਾ ਨਵਾਂ-ਨਵਾਂ ਹੀ ਵੱਸਣ ਲੱਗਿਆ ਸੀ ਅਤੇ ਜ਼ਮੀਨ ਦੇ ਭਾਅ ਵੀ ਕੋਈ ਜ਼ਿਆਦਾ ਨਹੀਂ ਸਨ।

ਬੀਬੀ ਜਵਾਹਰ ਕੌਰ ਨਾਲ ਸੁਖਦੇਵ ਸਿੰਘ ਬੱਬਰ ਦਾ ਮੇਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੀ ਹੋਇਆ ਸੀ। ਪਹਿਲਾਂ-ਪਹਿਲ ਜਦੋਂ ਬੀਬੀਆਂ ਦੇ ਜਥੇ ਦੇ ਮੁਖੀ ਗਿਆਨੀ ਜੀ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਬੜੇ ਲੋਹੇ-ਲਾਖੇ ਹੋਏ ਪਰ ਸੁਖਦੇਵ ਸਿੰਘ ਬੱਬਰ ਵੱਲੋਂ ਸਿਰਫ ਇਕ ਵਾਰ ਗਿਆਨੀ ਜੀ ਉਤੇ ਕੀਤੀ ਫਾਇਰਿੰਗ ਨਾਲ ਗਿਆਨੀ ਜੀ ਦਾ ਸਾਹ ਸੂਤਿਆ ਗਿਆ ਅਤੇ ਫਿਰ ਉਹ ਸਾਰੀ ਉਮਰ ਕੁਸਕ ਨਾ ਸਕੇ।

ਸੁਖਦੇਵ ਸਿੰਘ ਬੱਬਰ ਦਾ ਦਹਿਸ਼ਤ ਜਮਾਉਣ ਦਾ ਇਹ ਆਪਣਾ ਸਟਾਈਲ ਸੀ। ਇਹੀ ਰੰਗ ਉਸ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਸਿੱਧੀ ਟੱਕਰ ਲੈ ਕੇ ਦਿਖਾਇਆ ਸੀ।

ਪਟਿਆਲੇ ਵਾਲੀ ਕੋਠੀ ਵਿਚੋਂ ਸਰਗਰਮੀ ਚਲਾਉਣ ਦਾ ਵੀ ਉਸ ਦਾ ਆਪਣਾ ਹੀ ਢੰਗ ਸੀ। ਉਸਾਮਾ ਬਿਨ ਲਾਦਿਨ ਵਾਂਗ ਘਰ ਵਿਚ ਹੀ ਰਹਿਣ ਦੀ ਥਾਂ ਉਹ ਫੇਰਾ-ਤੋਰਾ ਰੱਖਦਾ ਸੀ ਅਤੇ ਜਥੇਬੰਦੀ ਦੇ ਆਗੂਆਂ ਨਾਲ ਸੰਪਰਕ ਵਿਚ ਰਹਿੰਦਾ ਸੀ। ਕਿਹਾ ਜਾਂਦਾ ਹੈ ਕਿ ਉਸ ਤੱਕ ਪੁਲਿਸ ਦੀ ਪਹੁੰਚ ਇਨ੍ਹਾਂ ਆਗੂਆਂ ਵਿਚੋਂ ਕਿਸੇ ਇਕ ਦੇ ਪਿੱਛੇ ਕਰਕੇ ਹੀ ਹੋਈ ਸੀ।



ਸੁਖਦੇਵ ਸਿੰਘ ਬੱਬਰ ਆਪਣੇ ਹੋਰ ਬੱਬਰ ਭਾਈਆਂ ਨਾਲ।

## ਮਰੀਤਾ ਗਰੀਦੋ ਲੇਕਾ ਦਾ ਡਾਂਸ ਹਾਊਸ

ਪੀਰੂ ਕਮਿਊਨਿਸਟ ਪਾਰਟੀ (ਸ਼ਾਈਨਿੰਗ ਪਾਥ) ਦਾ ਚੇਅਰਮੈਨ ਅਬੀਮਲ ਗੁਜ਼ਮਾਨ ਉਰਫ਼ ਗੰਜ਼ਾਲੋ (ਜਨਮ 3 ਦਸੰਬਰ 1934) ਵੀ 1992 ਵਿਚ ਸਤੰਬਰ ਮਹੀਨੇ ਦੀ 12 ਤਾਰੀਖ ਨੂੰ ਦੇਸ਼ ਦੀ ਰਾਜਧਾਨੀ ਲੀਮਾ ਤੋਂ ਮਸ਼ਹੂਰ ਡਾਂਸਰ ਮਰੀਤਾ ਗਰੀਦੋ ਲੇਕਾ ਦੇ ਘਰ ਦੀ ਉਪਰਲੀ ਮੰਜ਼ਿਲ ਤੋਂ ਫੜਿਆ ਗਿਆ ਸੀ। ਸਿਆਸੀ ਅਤੇ ਰਣਨੀਤਿਕ ਮਾਹਿਰਾਂ ਮੁਤਾਬਕ ਉਸ ਵੇਲੇ ਅਬੀਮਲ ਗੁਜ਼ਮਾਨ ਉਰਫ਼ ਗੰਜ਼ਾਲੋ ਦੀ ਜਥੇਬੰਦੀ ਦਾ ਦੇਸ਼ ਭਰ ਵਿਚ ਇੰਨਾ ਜ਼ੋਰ ਸੀ ਕਿ ਜੇ ਉਹ ਕੁਝ ਦੇਰ ਹੋਰ ਕਾਬੂ ਨਾ ਆਉਂਦਾ ਤਾਂ ਉਹਨੇ ਤਖਤਾ ਉਲਟਾ ਦੇਣਾ ਸੀ। ਖੁਫੀਆ ਏਜੰਸੀਆਂ ਨੂੰ ਸੂਹ ਮਿਲੀ ਕਿ ਗੰਜ਼ਾਲੋ ਲੀਮਾ ਵਿਚ ਹੀ ਕਿਤੇ ਰਹਿੰਦਾ ਹੈ। ਬਹੁਤ ਛਾਣ-ਬੀਣ ਤੋਂ ਬਾਅਦ ਇਹ ਗੱਲ ਨੋਟਿਸ ਵਿਚ ਆਈ ਕਿ ਪੌਸ਼ ਏਰੀਏ ਦੇ ਡਾਂਸ ਹਾਊਸ ਵਿਚ ਰਹਿੰਦੀ ਤਾਂ ਇਕ ਔਰਤ ਹੈ ਪਰ ਘਰ ਦਾ ਕੂੜਾ ਜ਼ਿਆਦਾ ਨਿਕਲਦਾ ਹੈ। ਵਧੇਰੇ ਘੋਖ ਕਰਨ 'ਤੇ ਜਦੋਂ ਇਸ ਕੂੜੇ ਵਿਚੋਂ ਧੱਫੜਾਂ 'ਤੇ ਲਾਉਣ ਵਾਲੀ ਦਵਾਈ ਦੀ ਖਾਲੀ ਟਿਊਬ ਲੱਭ ਗਈ ਤਾਂ ਪੱਕਾ ਹੀ ਹੋ ਗਿਆ ਕਿ ਗੰਜ਼ਾਲੋ ਇਸੇ ਘਰ ਵਿਚ ਰਹਿੰਦਾ ਹੈ। ਗੰਜ਼ਾਲੋ ਨੂੰ ਧੱਫੜਾਂ ਦੀ ਅਕਸਰ ਸ਼ਿਕਾਇਤ ਰਹਿੰਦੀ ਸੀ। ਪੂਰੀ ਤਿਆਰੀ ਨਾਲ ਮਾਰੇ ਛਾਪੇ ਦੌਰਾਨ ਘਰ ਦੀ ਦੂਜੀ ਮੰਜ਼ਿਲ ਤੋਂ ਗੰਜ਼ਾਲੋ, ਲੌਰਾ ਜ਼ੰਬਰਾਨੋ, ਐਲਨਾ ਇਪਰਾਗੁਏਰਾ ਸਣੇ ਅਹਿਮ ਲੀਡਰਾਂ ਫੜੇ ਗਏ। ਫੌਜੀ ਅਦਾਲਤ ਵਿਚ ਉਨ੍ਹਾਂ ਖਿਲਾਫ ਕੇਸ ਚਲਾਇਆ ਗਿਆ। ਤੀਜੇ ਦਿਨ ਹੀ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ। ਸਾਰੇ ਲੀਡਰ ਅਜੇ ਵੀ ਉਮਰ ਕੈਦ ਕੱਟ ਰਹੇ ਹਨ।

---

# ਕਮਾਂਡ ਸੈਂਟਰ ਸੀ ਬਿਨ ਲਾਦਿਨ ਦਾ ਘਰ

**ਵਾਸ਼ਿੰਗਟਨ:** ਉਸਾਮਾ ਬਿਨ ਲਾਦਿਨ ਦੀ ਐਬਟਾਬਾਦ ਵਾਲੀ ਛੁਪਣਗਾਹ ਅਲਕਾਇਦਾ ਦਾ "ਸਰਗਰਮ ਕਮਾਂਡ ਤੇ ਕੰਟਰੋਲ ਸੈਂਟਰ" ਸੀ। ਇਹ ਖੁਲਾਸਾ ਅਮਰੀਕਾ ਨੇ ਲਾਦਿਨ ਦੀਆਂ ਪੰਜ ਵੀਡੀਓਜ਼ ਜਾਰੀ ਕਰਦਿਆਂ ਕੀਤਾ ਹੈ ਜੋ ਇਸ ਟਿਕਾਣੇ 'ਤੇ ਹਮਲੇ ਦੌਰਾਨ ਬਰਾਮਦ ਕੀਤੀਆਂ ਗਈਆਂ ਸਨ।

ਅਮਰੀਕਾ ਦੇ ਖੁਫੀਆ ਅਧਿਕਾਰੀ ਨੇ ਅਲਕਾਇਦਾ ਮੁਖੀ ਦੇ ਰਹਿਣ-ਸਹਿਣ ਅਤੇ ਸ਼ਖ਼ਸੀਅਤ ਬਾਰੇ ਕਈ ਤੱਥਾਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਹ ਕੇਵਲ ਜਥੇਬੰਦੀ ਦਾ ਰਣਨੀਤਕ ਚਿੰਤਕ ਹੀ ਨਹੀਂ ਬਲਕਿ ਅਪਰੇਸ਼ਨਲ ਯੋਜਨਾਬੰਦੀ ਤੇ ਅਲਕਾਇਦਾ ਦੇ ਅਹਿਮ ਫੈਸਲੇ ਵੀ ਕਰਦਾ ਸੀ। ਅਮਰੀਕਾ ਵੱਲੋਂ ਜਾਰੀ ਕੀਤੀਆਂ ਪੰਜ ਵੀਡੀਓਜ਼ ਵਿਚ ਆਵਾਜ਼ ਬੰਦ ਕਰ ਦਿੱਤੀ ਗਈ ਹੈ ਤਾਂ ਕਿ ਅਤਿਵਾਦੀ ਇਸ ਦੇ ਬੋਲ ਤੇ ਸੁਨੇਹੇ ਹੋਰ ਨਾ ਫੈਲਣ। ਨਵੀਆਂ ਵੀਡੀਓਜ਼ ਵਿਚਲੇ ਲਾਦਿਨ ਦੇ ਕੇਸ ਤੇ ਦਾੜ੍ਹੀ ਸਫੇਦ ਹਨ ਤੇ ਉਹ ਆਪਣੇ ਇਸ ਘਰ ਦੇ ਇਕ ਕਮਰੇ ਵਿਚ ਟੀ.ਵੀ. 'ਤੇ ਆਪਣੇ ਬਾਰੇ ਚੱਲ ਖ਼ਬਰਾਂ ਹੀ ਦੇਖ ਰਿਹਾ ਹੈ। ਭੂਰੇ ਰੰਗ ਦੇ ਕੰਬਲ ਵਿਚ ਲਿਪਟੇ ਉਸਾਮਾ ਦੇ ਹੱਥ ਵਿਚ ਰਿਮੋਟ ਕੰਟਰੋਲ ਹੈ। ਛੋਟਾ ਜਿਹਾ ਟੈਲੀਵਿਜ਼ਨ ਛੋਟੇ ਜਿਹੇ ਟੇਬਲ 'ਤੇ ਪਿਆ ਹੈ।

ਅਮਰੀਕੀ ਅਧਿਕਾਰੀਆਂ ਮੁਤਾਬਕ ਲਾਦਿਨ ਦੇ ਘਰੋਂ ਬਰਾਮਦ ਸਮੱਗਰੀ ਕਿਸੇ ਵੱਡੇ ਅਤਿਵਾਦੀ ਤੋਂ ਹੁਣ ਤੱਕ ਇਹ ਸਭ ਤੋਂ ਵੱਡੀ ਮਾਤਰਾ ਵਿਚ ਬਰਾਮਦ ਹੋਈ ਸਮੱਗਰੀ ਹੈ। ਇਸ ਸਮੱਗਰੀ ਤੋਂ ਅਲਕਾਇਦਾ ਵਿਚਾਲੇ ਦਿੱਤੇ ਲਏ ਜਾਂਦੇ ਸੁਨੇਹੇ ਤੇ ਸੰਚਾਰ ਪ੍ਰਬੰਧ ਦਾ ਪਤਾ ਲੱਗਦਾ ਹੈ। ਸੀ.ਆਈ.ਏ. ਨੇ ਇਸ ਸਮੱਗਰੀ ਨੂੰ ਪੂਰੀ ਤਰ੍ਹਾਂ ਵਾਚਣ ਲਈ ਟਾਸਕ ਫੋਰਸ ਲਾਈ ਹੈ। ਪਹਿਲੀਆਂ ਪੰਜ ਵੀਡੀਓਜ਼ ਨੂੰ ਲਾਦਿਨ ਨੇ 'ਅਮਰੀਕੀ ਲੋਕਾਂ ਦੇ ਨਾਮ ਸੁਨੇਹਾ' ਕਰਾਰ ਦਿੱਤਾ ਜਿਸ ਬਾਰੇ ਖੁਫੀਆ ਏਜੰਸੀ ਨੂੰ ਸ਼ੱਕ ਹੈ ਕਿ ਇਹ 9 ਅਕਤੂਬਰ ਤੋਂ 5 ਨਵੰਬਰ, 2010 ਦਰਮਿਆਨ ਬਣੀਆਂ ਹੋਣਗੀਆਂ। ਦੂਜੀ ਵੀਡੀਓ ਵਿਚ ਉਸ ਨੇ ਨਾ ਆਪਣੀ ਦਾੜ੍ਹੀ ਕੱਟੀ ਹੋਈ ਹੈ ਤੇ ਨਾ ਰੰਗੀ ਹੋਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਕੰਮ ਉਹ ਬਾਹਰ ਆਪਣੀਆਂ ਫਿਲਮਾਂ ਜਾਰੀ ਕਰਨ ਲਈ ਹੀ ਕਰਦਾ ਸੀ।

# ਐਬਟਾਬਾਦ ਨੇੜੇ ਇਕ ਹੋਰ ਛੁਪਣਗਾਹ ਵੀ ਸੀ

**ਇਸਲਾਮਾਬਾਦ:** ਉਸਾਮਾ ਬਿਨ ਲਾਦਿਨ ਐਬਟਾਬਾਦ ਦੇ ਜਿਸ ਘਰ ਵਿਚ ਮਾਰਿਆ ਗਿਆ ਹੈ, ਉਸ ਦੇ ਨੇੜੇ ਇਕ ਹੋਰ ਘਰ ਵੀ ਸੀ ਜਿਹੜਾ ਉਸ ਦਾ ਟਿਕਾਣਾ ਸੀ।

ਲਾਦਿਨ ਦੀ 29 ਸਾਲਾ ਪਤਨੀ ਅਮਾਲ ਅਹਿਮਦ ਅਬਦੁਲ ਫੱਤਾਹ ਮੁਤਾਬਕ ਲਾਦਿਨ ਢਾਈ ਸਾਲ ਦੇ ਕਰੀਬ ਆਪਣੇ ਪਰਿਵਾਰ ਨਾਲ ਚੱਕ ਸ਼ਾਹ ਮੁਹੰਮਦ ਪਿੰਡ ਵਿਚ ਰਿਹਾ। ਇਹ ਪਿੰਡ ਐਬਟਾਬਾਦ ਦੀ ਮੁੱਖ ਸੜਕ 'ਤੇ ਸ਼ਹਿਰ ਹਰੀਪੁਰ ਤੋਂ 2 ਕਿਲੋਮੀਟਰ ਦੱਖਣ-ਪੂਰਬ ਵੱਲ ਹੈ ਅਤੇ ਐਬਟਾਬਾਦ ਤੋਂ 34 ਕਿਲੋਮੀਟਰ ਦੂਰ ਹੈ। ਇਹ ਖ਼ਬਰ 'ਨਿਊਯਾਰਕ ਟਾਈਮਜ਼' ਨੇ ਦੋ ਸਰਕਾਰੀ ਅਧਿਕਾਰੀਆਂ ਦੇ ਹਵਾਲੇ ਨਾਲ ਲਿਖੀ ਹੈ। ਇਨ੍ਹਾਂ ਅਧਿਕਾਰੀਆਂ ਦੇ ਨਾਂ ਨਸ਼ਰ ਨਹੀਂ ਕੀਤੇ ਹਨ। ਲਾਦਿਨ ਨੇ ਹਰੀਪੁਰ ਤੇ ਐਬਟਾਬਾਦ ਵਿਚ ਸਾਢੇ ਸੱਤ ਸਾਲ ਦਾ ਸਮਾਂ ਬਿਤਾਇਆ ਹੈ।

'ਡਾਅਨ' ਅਖ਼ਬਾਰ ਨੇ ਇਨ੍ਹਾਂ ਅਧਿਕਾਰੀਆਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਲਾਦਿਨ 2005 ਦੇ ਅਖ਼ੀਰ ਵਿਚ ਆਪਣੇ ਬੱਚਿਆਂ ਅਤੇ ਪੋਤਿਆਂ ਨਾਲ ਐਬਟਾਬਾਦ ਦੇ ਬਿਲਾਲ ਸ਼ਹਿਰ ਵਿਚ ਆਇਆ ਸੀ। ਅਮਾਲ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਲਾਦਿਨ ਨੂੰ ਗੁਰਦਿਆਂ ਦੇ ਗੰਭੀਰ ਰੋਗ ਕਾਰਨ ਡਾਇਲਿਸਿਸ ਦੀ ਜ਼ਰੂਰਤ ਸੀ। ਉਸ ਨੇ ਕਿਹਾ ਕਿ ਤਾਲਿਬਾਨ ਦੇ ਰਾਜ ਦੌਰਾਨ ਲਾਦਿਨ ਦਾ ਦੋ ਵਾਰ ਗੁਰਦੇ ਦਾ ਅਪਰੇਸ਼ਨ ਹੋਇਆ ਸੀ। ਹੁਣ ਉਹ ਤੰਦਰੁਸਤ ਸੀ।

# ਲਾਦਿਨ ਦੀ ਮੌਤ ਪਾਕਿਸਤਾਨ ਤੇ ਭਾਰਤ ਵਿਚਾਲੇ ਤਣਾਅ ਦਾ ਕਾਰਨ ਬਣੀ

## ■ ਪਾਕਿਸਤਾਨ ਨੇ ਭਾਰਤ ਨੂੰ ਕੀਤਾ ਖ਼ਬਰਦਾਰ ■ ਭਾਰਤੀ ਫ਼ੌਜ ਦੇ ਮੁਖੀ ਨੂੰ ਮੋੜਿਆ ਤੁਰੰਤ ਜਵਾਬ

**ਇਸਲਾਮਾਬਾਦ:** ਪਾਕਿਸਤਾਨ ਨੇ ਭਾਰਤ ਨੂੰ ਐਬਟਾਬਾਦ ਵਰਗਾ ਕੋਈ ਅਪਰੇਸ਼ਨ ਕਰਨ ਵਿਰੁੱਧ ਖ਼ਬਰਦਾਰ ਕੀਤਾ ਹੈ ਅਤੇ ਕਿਹਾ ਹੈ ਕਿ ਅਜਿਹੀ ਮਾਅਰਕੇਬਾਜ਼ੀ ਦੇ ਨਤੀਜੇ ਬੜੇ ਭਿਆਨਕ ਤੇ ਮਾਰੂ ਹੋਣਗੇ।

ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਨੇ ਭਾਰਤ ਦੇ ਅਧਿਕਾਰੀਆਂ ਅਤੇ ਫ਼ੌਜ 'ਤੇ ਦੋਸ਼ ਲਾਇਆ ਕਿ ਉਹ ਅਜਿਹੇ ਭੜਕਾਊ ਬਿਆਨ ਦਾਗ ਕੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਏਜੰਡੇ ਨੂੰ ਉਲਟਾਉਣ ਦਾ ਯਤਨ ਨਾ ਕਰਨ ਤਾਂ ਚੰਗਾ ਹੈ। ਇਸੇ ਦੌਰਾਨ ਅਮਰੀਕਾ ਨੇ 9/11 ਅਤੇ ਮੁੰਬਈ ਹਮਲਿਆਂ ਨੂੰ ਇਕੋ-ਜਿਹੇ ਮੰਨਣ ਜਾਂ ਇਨ੍ਹਾਂ ਵਿਚ ਤੁਲਨਾ ਕਰਨ ਤੋਂ ਟਾਲਾ ਵੱਟਿਆ ਹੈ। ਅਮਰੀਕਾ ਇਸ ਹੱਕ ਵਿਚ ਨਹੀਂ ਕਿ ਜਿਸ ਤਰ੍ਹਾਂ ਉਸ ਨੇ ਅਲ-ਕਾਇਦਾ ਦੇ ਬਾਨੀ ਬਿਨ ਲਾਦਿਨ ਨੂੰ ਪਾਕਿਸਤਾਨ ਵਿਚ ਜਾ ਕੇ ਮਾਰਿਆ ਹੈ, ਭਾਰਤ ਵੀ ਇਸੇ ਤਰ੍ਹਾਂ ਦੀ ਕਾਰਵਾਈ ਕਰੇ। ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਤਰਜਮਾਨ ਮਾਰਕ ਟੋਨਰ ਨੇ ਕਿਹਾ ਕਿ ਅਮਰੀਕਾ ਅਤੇ ਸੰਸਾਰ ਦੇ ਇਤਿਹਾਸ ਵਿਚਲੀ ਅਜਿਹੀ ਵਿਲੱਖਣ ਕਾਰਵਾਈ ਨੂੰ ਉਹ ਥਾਈਂ ਲਾਗੂ ਕਰਨ ਦੇ ਹੱਕ ਵਿਚ ਨਹੀਂ ਹਨ।

ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਨੇ ਕਿਹਾ ਕਿ ਕੋਈ ਵੀ ਦੇਸ਼ ਜੇਕਰ ਅਮਰੀਕਾ ਦੀ ਇਕਪਾਸੜ ਕਾਰਵਾਈ ਦੀ ਨਕਲ ਕਰਦਾ ਹੈ ਤਾਂ ਉਹਨੂੰ ਪਿੱਛੋਂ ਹੀ ਪਤਾ ਲੱਗੇਗਾ ਕਿ ਉਹ ਵੱਡੀ ਕੁਤਾਹੀ ਕਰ ਬੈਠਾ ਹੈ। ਭਾਰਤ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਸਾਡੇ ਆਪਣੇ ਖਿੱਤੇ ਵਿਚ ਬਥੇਰੇ ਦਬਕੇ ਮਾਰੇ ਜਾ ਰਹੇ ਹਨ। ਸਰਹੱਦ ਪਾਰੋਂ ਫ਼ੌਜ ਅਤੇ ਹਵਾਈ ਸੈਨਾਵਾਂ ਦੇ ਸੀਨੀਅਰ ਅਫਸਰਾਂ ਦੇ ਬਿਆਨ ਆ ਰਹੇ ਹਨ ਕਿ ਇਹ ਕਾਰਵਾਈ ਦੁਹਰਾਈ ਵੀ ਜਾ ਸਕਦੀ ਹੈ ਪਰ ਜੇ ਅਜਿਹੀ ਕੋਈ ਕਾਰਵਾਈ ਹੋਈ ਤਾਂ ਇਸ ਦਾ ਮੂੰਹ-ਤੋੜ ਜਵਾਬ ਦਿੱਤਾ ਜਾਵੇਗਾ। ਜਨਾਬ ਬਸ਼ੀਰ ਦੀ ਇਹ ਟਿੱਪਣੀ ਭਾਰਤੀ ਫ਼ੌਜ ਦੇ ਮੁਖੀ ਜਨਰਲ ਵੀ.ਕੇ. ਸਿੰਘ ਵੱਲੋਂ ਦਿੱਤੇ ਬਿਆਨ ਦੇ ਮੱਦੇਨਜ਼ਰ ਆਈ ਹੈ। ਜਨਰਲ ਵੀ.ਕੇ. ਸਿੰਘ ਨੇ ਕਿਹਾ ਸੀ ਕਿ ਭਾਰਤ ਵੀ ਐਬਟਾਬਾਦ ਵਿਚ ਹੋਈ ਕਾਰਵਾਈ ਵਰਗੀ ਕੋਈ ਕਾਰਵਾਈ ਕਰਨ ਦੇ ਸਮਰੱਥ ਹੈ।

ਜਨਾਬ ਬਸ਼ੀਰ ਨੇ ਕਿਹਾ ਕਿ ਪਾਕਿਸਤਾਨ ਵਿਚ ਆਪਣੀ ਰਾਖੀ ਕਰਨ ਦੀ ਸਮਰੱਥਾ ਹੈ। ਭਾਰਤੀ ਫ਼ੌਜੀ ਅਧਿਕਾਰੀਆਂ ਵੱਲੋਂ ਲਸ਼ਕਰ-ਏ-ਤੋਇਬਾ ਦੇ ਆਗੂਆਂ ਵਿਰੁੱਧ ਕਾਰਵਾਈ ਜਿਹੀਆਂ ਟਿੱਪਣੀਆਂ ਫਿਕਰ ਵਾਲੀਆਂ ਹਨ।

ਅਸਲ ਵਿਚ ਇਹ ਰੁਝਾਨ ਭਾਰਤੀ ਫ਼ੌਜ ਦਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਏਜੰਡੇ ਨੂੰ ਉਲਟਾਉਣਾ ਚਾਹੁੰਦੀ ਹੈ। ਉਨ੍ਹਾਂ ਗੰਭੀਰ ਉਸਾਰੂ ਪਹੁੰਚ ਦੀ ਲੋੜ 'ਤੇ ਜ਼ੋਰ ਦਿੰਦਿਆਂ ਦੱਸਿਆ ਕਿ ਪਾਕਿਸਤਾਨ, ਭਾਰਤ ਨਾਲ ਸੰਵਾਦ ਦੇ ਰਾਹ 'ਤੇ ਹੈ। ਉਨ੍ਹਾਂ ਗ੍ਰਹਿ ਸਕੱਤਰਾਂ ਦੀ ਹੋਈ ਮੀਟਿੰਗ ਦਾ ਵੀ ਹਵਾਲਾ ਦਿੱਤਾ।

### ਮਨਮੋਹਨ ਵੱਲੋਂ ਓਬਾਮਾ ਨਾਲ ਗੁਫ਼ਤਗੂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਹਿੰਦ-ਅਮਰੀਕਾ ਸਬੰਧਾਂ ਅਤੇ ਖਿੱਤੇ ਵਿਚ ਅਜੋਕੇ ਹਾਲਾਤ ਬਾਰੇ ਵਿਚਾਰ-ਵਟਾਂਦਰਾ ਕੀਤਾ। ਪਾਕਿਸਤਾਨ ਵਿਚ ਓਸਾਮਾ-ਬਿਨ-ਲਾਦਿਨ ਦੇ ਮਾਰੇ ਜਾਣ ਦੇ ਮੱਦੇਨਜ਼ਰ ਇਸ ਗੱਲਬਾਤ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ।

### ਯੂਸਫ਼ ਰਜ਼ਾ ਗਿਲਾਨੀ ਨੇ ਭਾਂਡਾ ਅਮਰੀਕਾ ਸਿਰ ਭੰਨ੍ਹਿਆ

**ਇਸਲਾਮਾਬਾਦ:** ਅਮਰੀਕੀ ਕਾਰਵਾਈ ਵਿਚ ਉਸਾਮਾ ਬਿਨ ਲਾਦਿਨ ਨੂੰ ਪਾਕਿਸਤਾਨ ਵਿਚ ਮਾਰੇ ਜਾਣ ਤੋਂ ਕਸੂਤੇ ਫਸੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਅਮਰੀਕਾ ਨੂੰ ਕਰਾਰੇ ਹੱਥੀਂ ਲੈਂਦਿਆਂ ਸਵਾਲ ਕੀਤਾ ਹੈ ਕਿ ਬਿਨ ਲਾਦਿਨ ਦੀ ਚੜ੍ਹਤ ਲਈ ਜ਼ਿੰਮੇਵਾਰ ਕੌਣ ਹੈ? ਉਨ੍ਹਾਂ ਇਸ ਮੌਕੇ ਅਮਰੀਕਾ ਵੱਲੋਂ ਕੀਤੀ ਇਕਪਾਸੜ ਕਾਰਵਾਈ ਦੀ ਤਿੱਖੀ ਨੁਕਤਾਚੀਨੀ ਕੀਤੀ।

ਸ੍ਰੀ ਗਿਲਾਨੀ ਨੇ ਕੌਮੀ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੀਤੀਆਂ ਵਿਚ ਖਾਮੀਆਂ ਅਤੇ ਹੋਰ ਗ਼ਲਤੀਆਂ ਦੇ ਬਹਾਨੇ ਪਾਕਿਸਤਾਨ ਉਤੇ ਦੋਸ਼ ਨਹੀਂ ਮੜ੍ਹੇ ਜਾ ਸਕਦੇ। ਅਲਕਾਇਦਾ ਦੀ ਜੰਮਣ-ਭੋਂਇ ਪਾਕਿਸਤਾਨ ਨਹੀਂ ਹੈ। ਉਸਾਮਾ ਬਿਨ ਲਾਦਿਨ ਨੂੰ ਪਾਕਿਸਤਾਨ ਜਾਂ ਅਫ਼ਗਾਨਿਸਤਾਨ ਆਉਣ ਦਾ ਸੱਦਾ ਅਸੀਂ ਨਹੀਂ ਸੀ ਦਿੱਤਾ। ਇਹ ਸਭ ਕੁਝ ਅਮਰੀਕਾ ਨੇ ਕੀਤਾ ਸੀ। ਉਨ੍ਹਾਂ ਕੌਮਾਂਤਰੀ ਖੁਫ਼ੀਆ ਏਜੰਸੀਆਂ ਦੀ ਨੁਕਤਾਚੀਨੀ ਕੀਤੀ ਜਿਨ੍ਹਾਂ ਨੂੰ ਇੰਨੀ ਦੇਰ ਬਿਨ ਲਾਦਿਨ ਬਾਰੇ ਸੂਹ ਨਹੀਂ ਮਿਲੀ। ਉਨ੍ਹਾਂ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਅਤੇ ਫੌਜ ਦੀ ਕਾਰਗੁਜ਼ਾਰੀ ਦੀ ਪ੍ਰਸੰਸਾ ਕੀਤੀ।

ਉਨ੍ਹਾਂ ਆਈ.ਐਸ.ਆਈ. ਨੂੰ ਕੌਮੀ ਅਸਾਸਾ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਵੱਲੋਂ ਦਹਿਸ਼ਤਪਸੰਦੀ ਖ਼ਿਲਾਫ਼ ਵਿੱਢੀ ਮੁਹਿੰਮ 'ਤੇ ਉਨ੍ਹਾਂ ਨੂੰ ਮਾਣ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਬਿਨਾਂ ਲਾਦਿਨ ਦੀ ਸੂਹ ਕੱਢਣ ਵਿਚ ਆਈ.ਐਸ.ਆਈ. ਹੀ ਸਹਾਈ ਹੋਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਲਕਾਇਦਾ ਅਤੇ ਪਾਕਿਸਤਾਨ ਵਿਚਕਾਰ ਕੋਈ ਨਾਤਾ ਨਹੀਂ ਹੈ।

### ਫਿਰ ਦਹਿਸ਼ਤਜ਼ਦਾ ਹੋਏ ਅਮਰੀਕੀ ਸਿੱਖ

**ਵਾਸ਼ਿੰਗਟਨ:** ਉਸਾਮਾ ਬਿਨ ਲਾਦਿਨ ਦੇ ਮਾਰੇ ਜਾਣ ਮਗਰੋਂ ਉਹਦੀ ਪਗੜੀ ਵਾਲੀ ਤਸਵੀਰ ਥਾਂ-ਥਾਂ ਦਿਖਾਏ ਜਾਣ 'ਤੇ ਅਮਰੀਕਾ ਵਿਚਲੇ ਸਿੱਖ ਭਾਈਚਾਰੇ ਨੇ ਫਿਕਰ ਜ਼ਾਹਰ ਕੀਤਾ ਹੈ ਕਿ ਇਸ ਨਾਲ ਉਨ੍ਹਾਂ 'ਤੇ ਫਿਰ ਹਮਲਿਆਂ ਦਾ ਦੌਰ ਸ਼ੁਰੂ ਹੋ ਸਕਦਾ ਹੈ, ਜਿਵੇਂ 9/11 ਦੇ ਹਮਲਿਆਂ ਮਗਰੋਂ ਹੋਇਆ ਸੀ।

'ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ' (ਐਸ.ਸੀ.ਓ.ਆਰ.ਈ.) ਦੇ ਚੇਅਰਮੈਨ ਰਾਜਵੰਤ ਸਿੰਘ ਨੇ ਕਿਹਾ ਕਿ ਉਹ ਫਿਕਰਮੰਦ ਹਨ ਕਿ ਉਸਾਮਾ ਦੀਆਂ ਪੱਗ ਵਾਲੀਆਂ ਤਸਵੀਰਾਂ ਟੀ.ਵੀ. ਅਤੇ ਇੰਟਰਨੈੱਟ 'ਤੇ ਆਮ ਦਿਖਾਈਆਂ ਜਾ ਰਹੀਆਂ ਹਨ ਤੇ ਇਸ ਨਾਲ ਕਈਆਂ ਦੇ ਮਨ ਵਿਚ ਭੰਬਲਭੂਸਾ ਪੈਦਾ ਹੋ ਸਕਦਾ ਹੈ ਤੇ ਉਹ ਆਲੇ-ਦੁਆਲੇ ਫਿਰਦੇ ਨਿਰਦੋਸ਼ ਸਿੱਖਾਂ ਵਿਰੁੱਧ ਭੜਕ ਸਕਦੇ ਹਨ।

ਸ. ਰਾਣਾ ਸਿੰਘ ਸੋਢੀ ਜਿਸ ਦਾ ਛੋਟਾ ਭਰਾ ਬਲਬੀਰ ਸਿੰਘ ਅਮਰੀਕਾ ਵਿਚ ਨਫ਼ਰਤੀ ਹਿੰਸਾ ਦਾ ਪਹਿਲਾ ਸ਼ਿਕਾਰ ਹੋਇਆ ਸੀ, ਨੇ ਕਿਹਾ ਕਿ ਉਹਦੇ ਭਰਾ ਨੂੰ ਸਮਝ ਸੀ ਕਿ ਇਕ ਮੁਲਕ ਦੀ ਹੈਸੀਅਤ ਵਿਚ ਜੇ ਅਸੀਂ ਨਿੱਜੀ ਤੌਰ 'ਤੇ ਅਤੇ ਅਦਾਰਿਆਂ ਦੇ ਮੈਂਬਰਾਂ ਦੇ ਤੌਰ 'ਤੇ ਛੇਤੀ-ਛੇਤੀ ਕਾਰਵਾਈ ਨਾ ਕੀਤੀ ਤਾਂ ਜਲਦੀ ਹੀ ਸਾਨੂੰ ਆਪਣੇ ਹੋਰ ਸਕੇ ਸਬੰਧੀ ਗੁਆਉਣੇ ਪੈਣਗੇ।

ਨਿਊਯਾਰਕ ਯੂਨੀਵਰਸਿਟੀ ਵਿਚ ਐਨਾਟਮੀ ਦੇ ਪ੍ਰੋਫੈਸਰ ਅਤੇ ਲੇਖਕ ਡਾ. ਜੇ. ਸਿੰਘ ਨੇ ਕਿਹਾ ਕਿ ਇਕ ਸਿੱਖ ਦੀ ਹੈਸੀਅਤ ਵਿਚ ਉਹ ਬਹੁਤ ਫਿਕਰ ਵਿਚ ਹਨ।

## ਮਿੱਟੀ ਹੋ ਜਾਵੇਗਾ ਬਿਨ ਲਾਦਿਨ ਦਾ ਆਸ਼ਿਆਨਾ



**ਇਸਲਾਮਾਬਾਦ:** ਐਬਟਾਬਾਦ ਦਾ ਉਹ ਘਰ, ਜਿਸ ਵਿਚ ਉਸਾਮਾ ਬਿਨ ਲਾਦਿਨ ਆਪਣੇ ਪਰਿਵਾਰ ਨਾਲ ਆਰਾਮ ਨਾਲ ਰਹਿ ਰਿਹਾ ਸੀ, ਨੂੰ ਹੁਣ ਢਾਹ ਦਿੱਤਾ ਜਾਵੇਗਾ। ਪਾਕਿਸਤਾਨ ਨਹੀਂ ਚਾਹੁੰਦਾ ਕਿ ਇਹ ਘਰ ਜਹਾਦੀਆਂ ਲਈ 'ਤੀਰਥ ਅਸਥਾਨ' ਬਣ ਜਾਵੇ ਤੇ ਉਹ ਇਥੋਂ 'ਆਸ਼ੀਰਵਾਦ' ਲੈ ਕੇ ਦੁਨੀਆਂ ਨੂੰ ਖੌਫ਼ਜ਼ਦਾ ਕਰਨ। ਲੋਕ ਇਸ ਘਰ ਦੀਆਂ ਕੰਧਾਂ ਤੇ ਗੇਟਾਂ ਦੇ ਨਾਲ ਲੱਗ-ਲੱਗ ਕੇ ਤਸਵੀਰਾਂ ਖਿਚਵਾ ਰਹੇ ਹਨ। ਇਸ ਲਈ ਪਾਕਿ ਦੀਆਂ ਸੁਰੱਖਿਆ ਏਜੰਸੀਆਂ ਇਸ ਘਰ 'ਤੇ ਛੇਤੀ ਬੁਲਡੋਜ਼ਰ ਫੇਰ ਦੇਣਗੀਆਂ।

ਇਹ ਘਰ ਪਾਕਿਸਤਾਨ ਮਿਲਟਰੀ ਅਕੈਡਮੀ ਤੋਂ ਸਿਰਫ 800 ਮੀਟਰ ਦੀ ਦੂਰੀ 'ਤੇ ਹੈ ਤੇ ਫੌਜ ਨੇ ਇਸ ਨੂੰ ਸੀਲ ਕਰ ਦਿੱਤਾ ਹੈ। ਯਾਦ ਰਹੇ ਕਿ ਪਾਕਿ ਏਜੰਸੀਆਂ ਨੇ 2007 ਵਿਚ ਲਾਲ ਮਸਜਿਦ 'ਤੇ ਹਮਲੇ ਮਗਰੋਂ ਇਸ ਮਸਜਿਦ ਨਾਲ ਸਬੰਧਤ ਇਮਾਰਤ ਜਾਮੀਆ ਹਫਸਾ ਡੇਗ ਦਿੱਤਾ ਸੀ। ਇਹ ਘਰ ਬੜਾ ਸੋਚ-ਸਮਝ ਕੇ ਬਣਾਇਆ ਗਿਆ ਸੀ ਤੇ ਇਹ ਸੌਖਿਆ ਨਜ਼ਰ ਨਹੀਂ ਆਉਂਦਾ। ਘਰ ਦੀਆਂ ਕੰਧਾਂ ਐਨੀਆਂ ਉੱਚੀਆਂ ਹਨ ਕਿ ਹਵਾ ਨੂੰ ਵੀ ਛਾਲ ਮਾਰ ਕੇ ਘਰ ਵਿਚ ਜਾਣਾ ਪੈਂਦਾ ਹੈ। ਇਸ 7 ਕਨਾਲ ਦੇ ਘਰ ਦੇ ਤਿੰਨ ਹਿੱਸੇ ਹਨ। ਇਕ ਹਿੱਸੇ ਨੂੰ ਖੁੱਲ੍ਹਾ ਛੱਡ ਕੇ ਖੇਤੀ ਕੀਤੀ ਜਾਂਦੀ ਸੀ।

ਇਕ ਵਿਚ ਇਮਾਰਤ ਖੜ੍ਹੀ ਕੀਤੀ ਗਈ ਤੇ ਉਤਰ ਵਾਲੇ ਪਾਸੇ ਫੇਰ ਖੇਤੀ ਲਈ ਥਾਂ ਰੱਖੀ ਗਈ ਸੀ। ਠੇਕੇਦਾਰ ਨੂਰ ਮੁਹੰਮਦ ਨੂੰ 2005 ਵਿਚ ਘਰ ਬਣਾਉਣ ਲਈ ਅਰਸ਼ਦ ਖਾਨ ਨੇ 7.5 ਲੱਖ ਰੁਪਏ ਦਿੱਤੇ ਸਨ।

ਉਸਾਮਾ ਦਾ ਘਰ ਬਣਾਉਣ ਵਾਲਾ ਠੇਕੇਦਾਰ ਗ੍ਰਿਫ਼ਤਾਰ: ਪਾਕਿਸਤਾਨ ਦੇ ਸੁਰੱਖਿਆ ਬਲਾਂ ਨੇ ਉਸ ਠੇਕੇਦਾਰ ਨੂੰ ਜਾ ਦਬੋਚਿਆ ਜਿਸ ਨੇ ਅਲ-ਕਾਇਦਾ ਦੇ ਆਗੂ ਉਸਾਮਾ ਬਿਨ ਲਾਦਿਨ ਦੇ ਬਹੁ-ਕਰੋੜੀ ਘਰ ਦੀ ਉਸਾਰੀ ਕੀਤੀ ਸੀ। ਇਸ ਸ਼ਖ਼ਸ ਦਾ ਨਾਂ ਗੁਲ ਮੁਹੰਮਦ ਹੈ ਜੋ ਗੁਲ ਮਦਾਹ ਜਾਂ ਮਿੱਠੂ ਰਾਮ ਵਜੋਂ ਵੀ ਜਾਣਿਆ ਜਾਂਦਾ ਸੀ। 45-50 ਸਾਲ ਦੇ ਮੁਹੰਮਦ ਨੂੰ ਬਿਲਾਲ ਸ਼ਹਿਰ ਵਿਚੋਂ ਉਹਦੇ ਘਰੋਂ ਚੁੱਕ ਲਿਆ ਗਿਆ। ਉਹ ਖੈਬਰ-ਪਖ਼ਤੂਨਵਾ ਸੂਬੇ ਦੇ ਬੱਟਾਗਰਾਮ ਜ਼ਿਲ੍ਹੇ ਦਾ ਰਹਿਣ ਵਾਲਾ ਹੈ।

ਲਾਦਿਨ ਦੀ ਯਮਨੀ ਪਤਨੀ ਨੂੰ ਘਰ ਭੇਜਿਆ ਜਾਵੇਗਾ: ਪਾਕਿਸਤਾਨੀ ਰਾਜਦੂਤ ਨੇ ਦੱਸਿਆ ਕਿ ਅਮਰੀਕਾ ਹੱਥੋਂ ਮਾਰੇ ਗਏ ਅਲ ਕਾਇਦਾ ਮੁਖੀ ਓਸਾਮਾ ਬਿਨ ਲਾਦਿਨ ਦੀ ਵਿਧਵਾ ਅਤੇ ਉਸ ਦੇ ਰਿਸ਼ਤੇਦਾਰਾਂ ਨੂੰ ਪੁੱਛ ਪੜਤਾਲ ਖ਼ਤਮ ਹੋਣ ਮਗਰੋਂ ਜਲਦੀ ਹੀ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਜਾਵੇਗਾ। ਬਿਨ ਲਾਦੇਨ ਦੀ 29 ਸਾਲਾ ਯਮਨੀ ਪਤਨੀ ਅਮਾਲ ਅਹਿਮਦ ਅਬਦੁੱਲ ਫਤਾਹ ਉਸ ਵੇਲੇ ਉਸ ਘਰ ਵਿਚ ਸੀ, ਜਦੋਂ ਅਮਰੀਕੀ ਬਲਾਂ ਨੇ ਹਮਲਾ ਕੀਤਾ। ਆਪਣੇ ਪਤੀ ਦੇ ਬਚਾਅ ਲਈ ਅੱਗੇ ਆਈ ਅਮਾਲ ਦੇ ਪੈਰ ਵਿਚ ਗੋਲੀ ਲੱਗੀ ਸੀ ਤੇ ਉਸ ਨੂੰ ਉਦੋਂ ਤੋਂ ਪਾਕਿਸਤਾਨ ਦੇ ਹਸਪਤਾਲ ਵਿਚ ਹਿਰਾਸਤ ਅਧੀਨ ਰੱਖਿਆ ਹੋਇਆ ਹੈ। ਯਮਨ ਵਿਚ ਪਾਕਿਸਤਾਨੀ ਉਪ ਰਾਜਦੂਤ ਨੇ 'ਯਮਨ ਟਾਈਮਜ਼' ਦੇ ਹਵਾਲੇ ਨਾਲ ਦੱਸਿਆ ਕਿ ਲਾਦਿਨ ਦੇ ਰਿਸ਼ਤੇਦਾਰ ਸੁਰੱਖਿਅਤ ਹੱਥਾਂ ਵਿਚ ਹਨ ਅਤੇ ਜਦੋਂ ਉਨ੍ਹਾਂ ਤੋਂ ਮੁਢਲੀ ਜਾਂਚ ਖ਼ਤਮ ਹੋ ਜਾਵੇਗੀ ਤਾਂ ਉਨ੍ਹਾਂ ਨੂੰ ਵਾਪਸ ਘਰ ਭੇਜ ਦਿੱਤਾ ਜਾਵੇਗਾ।

### ਉਸਾਮਾ ਦੀ ਮੌਤ 21ਵੀਂ ਸਦੀ ਦੀ ਤੀਜੀ ਵੱਡੀ ਖ਼ਬਰ

**ਵਾਸ਼ਿੰਗਟਨ:** ਅਮਰੀਕਾ ਦੇ ਵਿਸ਼ੇਸ਼ ਬਲਾਂ ਵੱਲੋਂ ਅਲ-ਕਾਇਦਾ ਦੇ ਮੁਖੀ ਉਸਾਮਾ ਬਿਨ ਲਾਦਿਨ ਨੂੰ ਮਾਰ ਦੇਣ ਦੀ ਘਟਨਾ ਬੜੀ ਚਰਚਿਤ ਰਹੀ। ਇਹ ਖਬਰ ਬਰਤਾਨੀਆ ਦੀ ਸ਼ਾਹੀ ਸ਼ਾਦੀ ਦੀ ਪ੍ਰਸਿੱਧੀ ਨੂੰ ਵੀ ਪਾਰ ਕਰਕੇ 21ਵੀਂ ਸਦੀ ਦੀ ਤੀਜੀ ਸਭ ਤੋਂ ਵੱਡੀ ਖ਼ਬਰ ਬਣ ਗਈ ਹੈ। ਇਹ ਖੁਲਾਸਾ ਉਚੇਚੇ ਤੌਰ 'ਤੇ ਕਰਵਾਏ ਸਰਵੇਖਣ ਤੋਂ ਹੋਇਆ ਹੈ। ਇਹ ਸਰਵੇਖਣ ਆਸਟਿਨ ਦੀ ਗਲੋਬਲ ਲੈਂਗੂਏਜ ਮਾਨੀਟਰ ਨੇ ਕਰਾਇਆ ਹੈ। ਦੱਸਿਆ ਗਿਆ ਹੈ ਕਿ ਉਸਾਮਾ ਦੀ ਮੌਤ ਦੀ ਖ਼ਬਰ ਤੀਜੇ ਸਥਾਨ 'ਤੇ ਰਹੀ ਹੈ। ਚੀਨ ਦਾ ਪਹਿਲੇ ਪੰਜ ਸ਼ਕਤੀਸ਼ਾਲੀ ਦੇਸ਼ਾਂ ਵਿਚ ਸ਼ੁਮਾਰ ਵਿਸ਼ਵ ਦੀ ਨੰਬਰ ਇਕ ਖ਼ਬਰ ਅਤੇ ਬਰਾਕ ਓਬਾਮਾ ਦਾ ਅਮਰੀਕਾ ਦਾ ਰਾਸ਼ਟਰਪਤੀ ਚੁਣੇ ਜਾਣਾ ਦੂਜੇ ਨੰਬਰ ਦੀ ਖ਼ਬਰ ਹੈ। ਵਿਕੀਲੀਕਸ ਦੇ ਖੁਲਾਸੇ ਚੌਥੇ ਸਥਾਨ 'ਤੇ, ਪ੍ਰਿੰਸ ਵਿਲੀਅਮ ਤੇ ਕੇਟ ਮਿਡਲਟਨ ਦਾ 29 ਅਪਰੈਲ ਨੂੰ ਹੋਇਆ ਵਿਆਹ 5ਵੀਂ ਅਹਿਮ ਖ਼ਬਰ ਤੇ 2009 ਵਿਚ ਮਾਈਕਲ ਜੈਕਸਨ ਦੀ ਅਚਾਨਕ ਮੌਤ ਛੇਵੇਂ ਸਥਾਨ ਦੀ ਖ਼ਬਰ ਹਨ।

### ਚੀਨ ਨੇ ਪਾਕਿਸਤਾਨ ਲਈ ਮਾਰਿਆ ਹਾਅ ਦਾ ਨਾਅਰਾ

**ਪੇਇਚਿੰਗ:** ਉਸਾਮਾ ਬਿਨ ਲਾਦਿਨ ਦੀ ਪੈੜ ਨੱਪਣ ਵਿਚ ਅਸਫ਼ਲ ਰਹਿਣ ਕਾਰਨ ਚੁਫੇਰਿਓਂ ਆਲੋਚਨਾ ਦਾ ਸ਼ਿਕਾਰ ਹੋਣ 'ਤੇ ਚੀਨ ਆਪਣੇ ਭਾਈਵਾਲ ਪਾਕਿਸਤਾਨ ਦੇ ਬਚਾਅ ਲਈ ਅੱਗੇ ਆਇਆ ਹੈ। ਚੀਨ ਦਾ ਕਹਿਣਾ ਹੈ ਕਿ ਆਲਮੀ ਭਾਈਚਾਰੇ ਨੂੰ ਪਾਕਿਸਤਾਨ ਦੇ ਦਹਿਸ਼ਤਗਰਦੀ ਵਿਰੋਧੀ ਉਪਰਾਲਿਆਂ ਨੂੰ ਸਮਝਣਾ ਚਾਹੀਦਾ ਹੈ ਤੇ ਉਹਦੀ ਮਦਦ ਕਰਨੀ ਚਾਹੀਦੀ ਹੈ।

# ਅਮਰੀਕਾ ਨੇ ਪਾਕਿਸਤਾਨ ਦਾ ਰੋਸ ਕੀਤਾ ਦਰਕਿਨਾਰ

### ਹੋਰ ਕਾਰਵਾਈ ਲਈ ਕੀਤਾ ਖ਼ਬਰਦਾਰ

**ਵਾਸ਼ਿੰਗਟਨ:** ਪਾਕਿਸਤਾਨ ਨੂੰ ਪੁੱਛੇ ਬਗੈਰ ਐਬਟਾਬਾਦ ਵਿਚ ਕਾਰਵਾਈ ਕਰਨ ਬਾਰੇ ਪਾਕਿਸਤਾਨ ਦੇ ਰੋਸ ਨੂੰ ਦਰਕਿਨਾਰ ਕਰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਪੱਸ਼ਟ ਕੀਤਾ ਕਿ ਉਸਾਮਾ ਬਿਨ ਲਾਦਿਨ ਵਿਰੁੱਧ ਪਾਕਿਸਤਾਨ ਵਿਚ ਉਹਦੀ ਛੁਪਣਗਾਹ 'ਤੇ ਜਾ ਕੇ ਕੀਤੀ ਗਈ ਇਕਪਾਸੜ ਫੌਜੀ ਕਾਰਵਾਈ ਲਈ ਅਮਰੀਕਾ ਮੁਆਫੀ ਨਹੀਂ ਮੰਗੇਗਾ; ਸਗੋਂ ਜੇ ਭਵਿੱਖ ਵਿਚ ਦਹਿਸ਼ਤਪਸੰਦਾਂ ਨੂੰ ਨਿਸ਼ਾਨਾ ਬਣਾਉਣ ਲਈ ਲੋੜ ਪਈ ਤਾਂ ਐਬਟਾਬਾਦ ਜਿਹਾ ਵਿਸ਼ੇਸ਼ ਅਪਰੇਸ਼ਨ ਦੁਬਾਰਾ ਵੀ ਕੀਤਾ ਜਾਵੇਗਾ।

ਵ੍ਹਾਈਟ ਹਾਊਸ ਦੇ ਸੈਕਟਰੀ ਜੇਅ ਕਾਰਨੀ ਨੇ ਓਬਾਮਾ ਦੇ ਹਵਾਲੇ ਨਾਲ ਕਿਹਾ ਕਿ ਲਾਦਿਨ ਅਮਰੀਕਾ ਦਾ ਇਕ ਨੰਬਰ ਦਾ ਦੁਸ਼ਮਣ ਸੀ ਅਤੇ ਉਸਨੇ ਬੜੇ ਨਿਰਦੋਸ਼ ਲੋਕ ਮਾਰੇ ਸਨ। ਸੋ ਕੋਈ ਮੁਆਫੀ ਨਹੀਂ। ਅਮਰੀਕਾ, ਪਾਕਿਸਤਾਨੀ ਇਲਾਕੇ ਵਿਚ ਦਾਖਲ ਹੋ ਕੇ ਸ਼ੱਕੀ ਦਹਿਸ਼ਤਪਸੰਦਾਂ ਖਿਲਾਫ ਕਾਰਵਾਈ ਕਰਨ ਦਾ ਹੱਕ ਰੱਖਦਾ ਹੈ। ਸ੍ਰੀ ਕਾਰਨੀ ਨੇ ਇਹ ਟਿੱਪਣੀ ਪਾਕਿਸਤਾਨ ਵੱਲੋਂ ਅਮਰੀਕੀ ਕਮਾਂਡੋ ਕਾਰਵਾਈ 'ਤੇ ਰੋਸ ਪ੍ਰਗਟਾਉਣ ਤੋਂ ਬਾਅਦ ਕੀਤੀ ਹੈ। ਪਾਕਿਸਤਾਨ ਨੇ ਇਸ ਨੂੰ ਆਪਣੀ ਪ੍ਰਭੂਸੱਤਾ ਦੀ ਉਲੰਘਣਾ ਅਤੇ ਇਕਪਾਸੜ ਗੈਰ-ਅਧਿਕਾਰਤ ਕਾਰਵਾਈ ਕਰਾਰ ਦਿੱਤਾ ਸੀ।

ਅਮਰੀਕੀ ਰਾਸ਼ਟਰਪਤੀ ਚਿਰਾਂ ਤੋਂ ਇਹ ਗੱਲ ਵਾਰ-ਵਾਰ ਚਿਤਾਰ ਰਹੇ ਹਨ ਕਿ ਉਹ ਵੱਡੇ ਦਹਿਸ਼ਤਪਸੰਦਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਣਗੇ, ਬਸ਼ਰਤੇ ਉਨ੍ਹਾਂ ਨੂੰ ਠੋਸ ਖੁਫੀਆ ਜਾਣਕਾਰੀ ਮਿਲੇ। ਪਹਿਲਾਂ ਇਹ ਘੋਖਿਆ ਜਾਵੇਗਾ ਕਿ ਪਾਕਿਸਤਾਨ ਕਾਰਵਾਈ ਕਰਦਾ ਹੈ ਕਿ ਨਹੀਂ। ਜੇ ਪਾਕਿਸਤਾਨ ਢਿੱਲ-ਮੱਠ ਕਰਦਾ ਹੈ ਤਾਂ ਕਾਰਵਾਈ ਕੀਤੀ ਜਾਵੇਗੀ।

ਇਸੇ ਦੌਰਾਨ ਅਮਰੀਕੀ ਕਾਨੂੰਨਸਾਜ਼ਾਂ ਵੱਲੋਂ ਪਾਕਿਸਤਾਨ ਲਈ ਅਮਰੀਕੀ ਇਮਦਾਦ ਰੋਕਣ ਦੀ ਮੰਗ ਉਭਾਰਨ ਤੋਂ ਬਾਅਦ ਓਬਾਮਾ ਪ੍ਰਸ਼ਾਸਨ ਨੇ ਸਪਸ਼ਟ ਕੀਤਾ ਹੈ ਕਿ ਪਾਕਿਸਤਾਨ ਨੂੰ ਵਿੱਤੀ ਇਮਦਾਦ ਜਾਰੀ ਰਹੇਗੀ। ਵਿਦੇਸ਼ ਵਿਭਾਗ ਦੇ ਬੁਲਾਰੇ ਮਾਰਕ ਟੋਕਰ ਨੇ ਉਸਾਮਾ ਮੁੱਦੇ 'ਤੇ ਪਾਕਿਸਤਾਨ ਨਾਲ ਸਬੰਧਾਂ ਵਿਚ ਤਣਾਅ ਦੇ ਬਾਵਜੂਦ ਇਮਦਾਦ ਜਾਰੀ ਰੱਖਣ ਦੀ ਪੈਰਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅਜੇ ਵੀ ਦਹਿਸ਼ਤਵਾਦ ਦੀ ਅਲਾਮਤ ਦਾ ਸ਼ਿਕਾਰ ਹੈ। ਇਹ ਇਮਦਾਦ ਜਾਰੀ ਚਾਹੀਦੀ ਹੈ।

### *ਲਾਦਿਨ ਦੇ ਡੇਰੇ ਬਾਰੇ ਪਾਕਿ ਨੂੰ ਪਤਾ ਹੋਣ ਦੇ ਕੋਈ ਸਬੂਤ ਨਹੀਂ: ਪੈਂਟਾਗਨ*

**ਵਾਸ਼ਿੰਗਟਨ:** ਪੈਂਟਾਗਨ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਹੈ ਕਿ ਅਮਰੀਕਾ ਨੂੰ ਹਾਲੇ ਤਕ ਅਜਿਹਾ ਕੋਈ ਠੋਸ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਸਾਬਤ ਹੋ ਸਕੇ ਕਿ ਪਾਕਿਸਤਾਨ ਸਰਕਾਰ ਜਾਂ ਫੌਜ ਨੂੰ ਮਾਰੇ ਗਏ ਅਲਕਾਇਦਾ ਮੁਖੀ ਉਸਾਮਾ ਬਿਨ ਲਾਦਿਨ ਦੇ ਐਬਟਾਬਾਦ ਵਿਚਲੇ ਟਿਕਾਣੇ ਬਾਰੇ ਪਤਾ ਸੀ।

ਰੱਖਿਆ ਨੀਤੀ ਬਾਰੇ ਉਪ ਮੰਤਰੀ ਮਿਸ਼ੇਲ ਫਲੋਰਨੋਏ ਨੇ ਪੈਂਟਾਗਨ ਵੱਲੋਂ ਕਿਹਾ ਕਿ ਹਾਲੇ ਤਕ ਅਮਰੀਕਾ ਨੂੰ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ ਜਿਸ ਤੋਂ ਇਹ ਸਿੱਧ ਹੋ ਸਕੇ ਕਿ ਪਾਕਿਸਤਾਨ ਨੂੰ ਲਾਦਿਨ ਦੇ ਐਬਟਾਬਾਦ ਵਿਚ ਹੋਣ ਬਾਰੇ ਪਤਾ ਸੀ।

ਓਬਾਮਾ ਪ੍ਰਸ਼ਾਸਨ ਦੀ ਅਫਗਾਨ-ਪਾਕਿ ਨੀਤੀ ਦੇ ਤਿੰਨ ਘਾੜਿਆਂ ਵਿਚੋਂ ਇਕ ਸ੍ਰੀ ਫਲੋਰਨੋਏ ਨੇ ਇਹ ਵੀ ਦੱਸਿਆ ਕਿ ਅਮਰੀਕਾ ਨੇ ਪਾਕਿਸਤਾਨ ਤੋਂ ਇਸ ਬਾਰੇ ਹੋਰ ਵਿਸਥਾਰਪੂਰਬਕ ਵੇਰਵੇ ਮੰਗੇ ਹਨ ਅਤੇ ਇਹ ਸੁਆਲ ਉਠਾਏ ਜਾ ਰਹੇ ਹਨ ਕਿ ਬਿਨ ਲਾਦਿਨ ਬਿਨਾਂ ਕਿਸੇ ਕਿਸੇ ਦੀ ਇਮਦਾਦ ਦੇ ਦੇਸ਼ ਦੇ ਫੌਜੀ ਟਿਕਾਣੇ ਦੇ ਬਿਲਕੁਲ ਨੇੜੇ ਕਿਵੇਂ ਗਿਆ? ਛੇਤੀ ਹੀ ਮਸਲੇ ਦੀ ਤਹਿ ਫੜ ਲਈ ਜਾਵੇਗੀ।

ਸਿਆਸਤ ਦਾ ਪਿੜ

# ਦਹਿਸ਼ਤਗਰਦੀ, ਬਿਨ ਲਾਦਿਨ ਤੇ ਪਾਕਿਸਤਾਨ

**ਦਹਿਸ਼ਤਗਰਦੀ ਦੇ ਵਿਰੁੱਧ ਲੜਨ ਦਾ ਪਾਕਿਸਤਾਨ ਸਿਰਫ ਢੌਂਗ ਕਰਦਾ ਹੈ, ਅਸਲ ਵਿਚ ਉਸ ਦੇ ਆਗੂ 'ਲੋੜ ਜੋਗੀ ਦਹਿਸ਼ਤਗਰਦੀ' ਖੁਦ ਕਾਇਮ ਰੱਖਣਾ ਚਾਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਜਦੋਂ ਤੱਕ ਦਹਿਸ਼ਤਗਰਦੀ ਹੈ, ਉਸ ਨਾਲ ਲੜਨ ਦੇ ਨਾਂ ਉਤੇ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਡਾਲਰਾਂ ਦੀਆਂ ਪੰਡਾਂ ਬੰਨ੍ਹ-ਬੰਨ੍ਹ ਦਿੰਦੀਆਂ ਹਨ ਤੇ ਜਦੋਂ ਇਸ ਦੀ ਲੋੜ ਨਾ ਰਹੀ, ਗਰਾਂਟਾਂ ਦਾ ਇਹ ਗੁਤਾਵਾ ਕਿਸੇ ਨੇ ਨਹੀਂ ਧੂੜਨਾ। ਜਿਹੜੇ ਅਰਬਾਂ ਡਾਲਰ ਜਨਤਾ ਦੇ ਹਿੱਤਾਂ ਅਤੇ ਦਹਿਸ਼ਤਗਰਦੀ ਦੇ ਵਿਰੁੱਧ ਲੜਾਈ ਦੇ ਨਾਂ ਉੱਤੇ ਮਿਲਦੇ ਸਨ, ਉਨ੍ਹਾਂ ਦੀ ਮਸਾਂ ਚਵਾਨੀ-ਪੱਤੀ ਉਸ ਪਾਸੇ ਲਾ ਕੇ ਬਾਕੀ ਆਗੂ ਅਤੇ ਅਫਸਰ ਆਪ ਡਕਾਰ ਜਾਂਦੇ ਸਨ।**

**ਜਤਿੰਦਰ ਪਨੂੰ**

ਉਸਾਮਾ ਬਿਨ ਮੁਹੰਮਦ ਬਿਨ ਅਵਦ ਬਿਨ ਲਾਦਿਨ ਨੂੰ ਮਾਰ ਦਿੱਤਾ ਗਿਆ ਹੈ। ਜਿੱਥੇ ਉਹ ਪੈਦਾ ਹੋਇਆ ਸੀ, ਓਥੋਂ ਦੀ ਬੋਲੀ ਵਿਚ 'ਬਿਨ' ਦਾ ਭਾਵ 'ਫਲਾਣੇ ਦਾ ਪੁੱਤਰ' ਹੁੰਦਾ ਹੈ ਤੇ ਇਸ ਤਰ੍ਹਾਂ ਉਹ ਲਾਦਿਨ ਦੇ ਪੁੱਤਰ ਅਵਦ ਦੇ ਪੁੱਤਰ ਮੁਹੰਮਦ ਦਾ ਪੁੱਤਰ ਸੀ। ਰਾਜਿਆਂ ਨਾਲ ਜੁੜਦੀ ਬੰਸ ਵਾਲੇ ਪਰਿਵਾਰਾਂ ਵਿਚ ਇਹ ਰਿਵਾਜ ਆਮ ਹੈ ਕਿ ਜਿਹੜਾ ਵਡੇਰਾ ਰਾਜ ਪਰਿਵਾਰ ਦੇ ਸਭ ਤੋਂ ਨੇੜੇ ਹੋਵੇ, ਉਸ ਦਾ ਨਾਂ ਅਗਲੀਆਂ ਪੀੜ੍ਹੀਆਂ ਦਾ 'ਗੋਤਰ' ਜਾਂ 'ਸਰਨੇਮ' ਬਣ ਜਾਂਦਾ ਹੈ। ਏਥੇ ਵੀ ਇਹੋ ਹੋਇਆ ਹੈ। ਸਮਾਂ ਪਾ ਕੇ ਰਾਜ ਪਰਿਵਾਰ ਦੇ ਪਿਛੋਕੜ ਵਾਲਾ ਉਸਾਮਾ ਨਾਂ ਦਾ ਬੰਦਾ ਰਾਜਾਂ ਲਈ ਦਹਿਸ਼ਤ ਬਣ ਗਿਆ। ਅਮਰੀਕਾ ਵਰਗਾ ਆਪਣੇ ਆਪ ਨੂੰ ਮਹਾਂ-ਸ਼ਕਤੀ ਅਖਵਾਉਂਦਾ ਦੇਸ਼ ਉਸ ਦੀ ਮਾਰ ਹੇਠ ਕਈ ਵਾਰ ਆਇਆ ਤੇ ਜਦੋਂ ਉਸਾਮਾ ਨੂੰ ਮਾਰ ਲਿਆ, ਇਕੱਲੇ ਬੰਦੇ ਨੂੰ ਮਾਰ ਦੇਣ ਦੀ ਘਟਨਾ ਨੂੰ ਦੂਜੀ ਸੰਸਾਰ ਜੰਗ ਜਿੰਨਾ ਵੱਡਾ ਕੰਮ ਕਿਹਾ ਜਾਣ ਲੱਗ ਪਿਆ। ਆਖਰ ਕਿਉਂ? ਕਿਉਂਕਿ ਉਹ ਕਦੇ ਸਿਰਫ ਇੱਕ ਬੰਦਾ ਸੀ, ਪਿੱਛੋਂ ਮਰਨ ਤੇ ਮਾਰਨ ਦੀ ਧਾਰ ਕੇ ਤੁਰ ਪਏ ਜਨੂੰਨੀਆਂ ਦੀ ਇੱਕ ਫੌਜ ਦਾ ਮੁਖੀ ਬਣ ਗਿਆ ਸੀ, ਜਿਹੜੀ ਮਨੁੱਖਤਾ ਲਈ ਖਤਰਾ ਬਣਦੀ ਜਾ ਰਹੀ ਸੀ।

ਹੁਣ ਜਦੋਂ ਉਹ ਨਹੀਂ ਰਿਹਾ, ਇਹ ਅਹਿਮ ਗੱਲ ਨਹੀਂ ਕਿ ਉਸ ਨੂੰ ਮਾਰ ਦੇਣਾ ਅਮਰੀਕਾ ਦੀ ਕਿੰਨੀ ਕੁ ਵੱਡੀ ਪ੍ਰਾਪਤੀ ਹੈ, ਸਗੋਂ ਕੁਝ ਹੋਰ ਮੁੱਦੇ ਵਿਚਾਰਨ ਵਾਲੇ ਹਨ।

ਪਹਿਲਾ ਮੁੱਦਾ ਤਾਂ ਇਹੋ ਹੈ ਕਿ ਉਹ ਇੱਕ ਖਾਂਦੇ-ਪੀਂਦੇ ਪਰਿਵਾਰ ਦਾ ਬੱਚਾ ਹੋ ਕੇ ਪਹਾੜਾਂ ਅਤੇ ਜੰਗਲਾਂ ਦੇ ਵਸੇਬੇ ਤੇ ਹਰ ਵਕਤ ਮੌਤ ਨਾਲ ਅੱਖ-ਮਟੱਕੇ ਦੇ ਰਾਹ ਕਿਉਂ ਪਿਆ? ਸਿਰਫ ਇਸ ਲਈ ਕਿ ਉਹ ਜਿਸ ਸਕੂਲ ਵਿਚ ਪੜ੍ਹਨੇ ਪਾਇਆ ਗਿਆ, ਉਥੇ ਉਸ ਨੂੰ ਸਮਾਜ ਵੱਲ ਆਪਣੇ ਧਰਮ ਦੇ ਸਰੋਕਾਰਾਂ ਦਾ ਪਾਠ ਪੜ੍ਹਾਉਣ ਦੀ ਥਾਂ ਇਹੋ ਕੁਝ ਪੜ੍ਹਾਇਆ ਜਾਂਦਾ ਰਿਹਾ ਕਿ ਫਲਾਣੇ ਵਕਤ ਸਾਡੇ ਵੱਡਿਆਂ ਨੇ ਫਲਾਣੇ ਥਾਂ ਕੁਰਬਾਨੀ ਦਿੱਤੀ ਸੀ ਤੇ ਹੁਣ ਫਲਾਣੇ ਥਾਂ ਇਹੋ ਜਿਹੇ ਹਾਲਾਤ ਬਣ ਰਹੇ ਹਨ ਕਿ ਕੁਰਬਾਨੀ ਦੇਣ ਦਾ ਵਕਤ ਆ ਗਿਆ ਹੈ। ਇੱਕ ਜਾਂ ਦੂਸਰੇ ਧਰਮ ਦੇ ਨਾਂ 'ਤੇ ਚੱਲਦੇ ਸਕੂਲਾਂ ਵਿਚ ਇਹੋ ਜਿਹੀ ਪਾਣ ਚੜ੍ਹਾਈ ਜਾਣੀ ਆਮ ਗੱਲ ਹੈ। ਉਥੇ ਦੂਸਰੇ ਧਰਮ ਦਾ ਕੋਈ ਹੁੰਦਾ ਨਹੀਂ, ਸਿਰਫ ਆਪਣੇ ਧਰਮ ਵਾਲਿਆਂ ਦੇ ਬੱਚੇ ਹੁੰਦੇ ਹਨ ਤੇ ਉਹ ਕੋਈ ਕਿੰਤੂ ਨਹੀਂ ਕਰਦੇ। ਕਈ ਵਾਰ ਉਨ੍ਹਾਂ ਨੂੰ ਪਤਾ ਵੀ ਹੁੰਦਾ ਹੈ ਕਿ ਜੋ ਕੁਝ ਪੜ੍ਹਾਇਆ ਜਾ ਰਿਹਾ ਹੈ, ਸਾਰਾ ਸਹੀ ਨਹੀਂ ਪਰ ਉਹ ਸੋਚਦੇ ਹਨ ਕਿ ਬੱਚਾ ਵੱਡਾ ਹੋ ਕੇ ਆਪਣੇ ਆਪ ਠੀਕ ਰਾਹ ਆ ਜਾਵੇਗਾ। ਕਈ ਬੱਚੇ ਸਹੀ ਥਾਂ ਆ ਵੀ ਜਾਂਦੇ ਹਨ, ਪਰ ਸਾਰੇ ਨਹੀਂ। ਬਹੁਤ ਸਾਰੇ ਬੱਚਿਆਂ ਦੇ ਸਿਰਾਂ ਵਿਚ ਇਹੋ ਜਿਹੀ ਗੱਲ ਸਮਾ ਜਾਂਦੀ ਹੈ, ਜਿਹੜੀ ਜ਼ਿੰਦਗੀ ਦੀ ਸ਼ਾਮ ਪੈਣ ਤੱਕ ਖਹਿੜਾ ਨਹੀਂ ਛੱਡਦੀ। ਉਸਾਮਾ ਨਾਲ ਵੀ ਇਹੋ ਹੋਇਆ। ਉਸ ਨੂੰ ਜਾਪਣ ਲੱਗ ਪਿਆ ਕਿ ਜ਼ਿੰਦਗੀ ਦਾ ਮਕਸਦ ਸਿਰਫ ਕੁਰਬਾਨੀ ਦੇਣਾ ਅਤੇ ਕੁਰਬਾਨੀ ਲੈਣਾ ਹੈ। ਇਸੇ ਜਨੂੰਨ ਨੇ ਉਸ ਕੋਲੋਂ ਨਿਊ ਯਾਰਕ ਵਾਲੇ ਵਰਲਡ ਟਰੇਡ ਸੈਂਟਰ ਦੇ ਦੋ ਟਾਵਰਾਂ ਉਤੇ ਜਹਾਜ਼ ਮਰਵਾਉਣ ਦਾ ਕਾਰਾ ਕਰਵਾਇਆ, ਜਿਸ ਵਿਚ ਹਜ਼ਾਰਾਂ ਲੋਕਾਂ ਦੀ ਜਾਨ ਜਾਂਦੀ ਰਹੀ ਸੀ ਤੇ ਉਸ ਪਿੱਛੋਂ ਛਿੜੀ ਜੰਗ ਵਿਚ ਉਸ ਤੋਂ ਵੱਧ ਹੋਰ ਲੋਕ ਮਾਰੇ ਗਏ।

ਦੂਸਰਾ ਮੁੱਦਾ ਹੈ ਉਸ ਵੱਲੋਂ ਘਰ-ਘਾਟ ਛੱਡ ਕੇ ਬੰਦੂਕ ਚੁੱਕਣ ਵਾਲੇ ਪਹਿਲੇ ਕਦਮਾਂ ਦਾ। ਉਦੋਂ ਸੋਵੀਅਤ ਰੂਸ ਦੀ ਮਦਦ ਨਾਲ ਅਫਗਾਨਿਸਤਾਨ ਵਿਚ ਇੱਕ ਸਰਕਾਰ ਚੱਲ ਰਹੀ ਸੀ, ਜਿਸ ਨੂੰ ਅਮਰੀਕੀ ਹਕੂਮਤ ਆਪਣੇ ਹਿੱਤਾਂ ਦੇ ਖਿਲਾਫ ਸਮਝਦੀ ਸੀ ਪਰ ਰੰਗ ਇਹ ਚਾੜ੍ਹ ਦਿੱਤਾ ਕਿ ਜੇ ਇਹ ਸਰਕਾਰ ਕਾਇਮ ਰਹੀ ਤਾਂ ਇਸਲਾਮ ਨੂੰ ਖਤਰਾ ਹੈ। ਆਪਣੇ ਬਾਲਕੇ ਅਤੇ ਪਾਕਿਸਤਾਨ ਦੇ ਫੌਜੀ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਨੂੰ ਵਰਤ ਕੇ ਉਥੇ ਪਹਿਲਾਂ ਸ਼ਰਨਾਰਥੀ ਕੈਂਪ ਲਾ ਕੇ ਅਫਗਾਨਿਸਤਾਨ ਵਿਚੋਂ ਲੋਕਾਂ ਨੂੰ ਏਧਰ ਆਉਣ ਨੂੰ ਉਕਸਾਇਆ ਅਤੇ ਫਿਰ ਉਨ੍ਹਾਂ ਰਾਹੀਂ ਇਸਲਾਮ ਦੇ ਨਾਂ ਉਤੇ ਆਪਣੇ ਦੇਸ਼ ਦੀ ਸਰਕਾਰ ਪਲਟਣ ਲਈ ਜਨੂੰਨੀਆਂ ਦੀ ਭੀੜ ਤਿਆਰ ਕੀਤੀ। ਮੁੱਢਲੇ ਤੌਰ 'ਤੇ ਜਿਹੜੇ ਲੋਕ ਮੁਜਾਹਿਦੀਨ ਨਾਂ ਦੀ ਇਸ ਭੀੜ ਦੇ ਆਗੂ ਬਣੇ, ਜਦੋਂ ਸਮਾਂ ਪਾ ਕੇ ਕਾਬਲ ਵਿਚ ਰਾਜ ਉਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਗਏ ਤਾਂ ਅਮਰੀਕਾ ਦੇ ਹੱਥਾਂ ਵਿਚ ਖੇਡਣ ਤੋਂ ਸਿਰ ਫੇਰ ਗਏ। ਅਮਰੀਕੀ ਹਕੂਮਤ ਨੇ ਉਨ੍ਹਾਂ ਦਾ ਫਸਤਾ ਵੱਢਣ ਲਈ ਨਵਾਂ ਲਸ਼ਕਰ ਜੋੜ ਕੇ ਉਸ ਨੂੰ ਤਾਲਿਬਾਨ ਦਾ ਨਾਂ ਦਿੱਤਾ ਤੇ ਉਸ ਦੀ ਅਗਵਾਈ ਇਸ ਸਮੇਂ ਦੌਰਾਨ ਸਿਰਫ ਮਜ਼੍ਹਬ ਦਾ ਜਨੂੰਨ ਚਾੜ੍ਹ ਕੇ ਤਿਆਰ ਕੀਤੇ ਗਏ ਉਸਾਮਾ ਵਰਗੇ ਲੋਕਾਂ ਦੇ ਹੱਥ ਦੇ ਦਿੱਤੀ। ਉਹ ਵੀ ਅਫਗਾਨਿਸਤਾਨ ਉਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਗਏ ਪਰ ਅਮਰੀਕਾ ਤੇ ਪਾਕਿਸਤਾਨ ਦੇ ਪੱਲੇ ਫਿਰ ਸ਼ਰਮਿੰਦਗੀ ਪਈ। ਨਵੇਂ ਤਾਲਿਬਾਨ ਹੁਕਮਰਾਨ ਵੀ ਉਨ੍ਹਾਂ ਦੇ ਫਰਮਾ-ਬਰਦਾਰ ਬਣ ਕੇ ਚੱਲਣ ਦੀ ਥਾਂ ਆਕੀ ਹੋ ਗਏ। ਪਹਿਲੇ ਸਿਰਫ ਆਕੀ ਹੋਏ ਸਨ, ਇਹ ਇਸਲਾਮ ਦਾ ਝੰਡਾ ਸਾਰੀ ਦੁਨੀਆਂ ਉਤੇ ਝੁਲਾਉਣ ਦਾ ਨਵਾਂ ਨਾਅਰਾ ਵੀ ਚੁੱਕ ਤੁਰੇ। ਜੇ ਅਮਰੀਕਾ ਨੇ ਅਫਗਾਨਿਸਤਾਨ ਦੇ ਸਮਾਜ ਤੇ ਸਰਕਾਰ ਨਾਲ



ਇੱਕ ਪਿੱਛੋਂ ਦੂਜਾ ਤਜਰਬਾ ਕਰਨ ਦਾ ਸਿਲਸਿਲਾ ਨਾ ਸ਼ੁਰੂ ਕੀਤਾ ਹੁੰਦਾ ਤਾਂ ਕਦੇ ਤੋਰਾ-ਬੋਰਾ ਦੀਆਂ ਪਹਾੜੀਆਂ ਦੀ ਜੰਗ ਲੜਨ ਤੇ ਕਦੇ ਇੱਕ ਬੰਦਾ ਮਾਰਨ ਲਈ ਅੱਧੀ ਰਾਤ ਏਡਾ ਵੱਡਾ ਅਪਰੇਸ਼ਨ ਕਰਨ ਤੱਕ ਹਾਲਾਤ ਨਹੀਂ ਸਨ ਜਾਣੇ।

ਤੀਜਾ ਮਾਮਲਾ ਹੈ ਪਾਕਿਸਤਾਨ ਦੀ ਸਰਕਾਰ, ਫੌਜ ਅਤੇ ਖੁਫੀਆ ਏਜੰਸੀ ਦੀ ਭੂਮਿਕਾ ਦਾ। ਕਿਸੇ ਘਟੀਆ ਦਰਜੇ ਦੇ ਜਾਸੂਸੀ ਨਾਵਲ ਵਿਚ ਉਲਝਣਾਂ ਏਨੀਆਂ ਹੁੰਦੀਆਂ ਹਨ ਕਿ ਕਿਤਾਬ ਮੁੱਕ ਜਾਂਦੀ ਹੈ, ਗੁੰਝਲਾਂ ਨਹੀਂ ਮੁੱਕ ਸਕਦੀਆਂ। ਪਾਕਿਸਤਾਨ ਦੇ ਹਾਕਮਾਂ ਅਤੇ ਉਥੋਂ ਦੀਆਂ ਖੁੱਲ੍ਹੀਆਂ ਜਾਂ ਖੁਫੀਆ ਏਜੰਸੀਆਂ ਦੀਆਂ ਗੁੰਝਲਾਂ ਵੀ ਏਨੀਆਂ ਹੀ ਹਨ। ਉਨ੍ਹਾਂ ਦੀ ਹਰ ਤੰਦ ਸ਼ੁਰੂ ਕਿਤੋਂ ਹੁੰਦੀ ਹੈ ਤੇ ਹਜ਼ਾਰ ਵਲਾਵੇਂ ਪਾ ਕੇ ਨਿਕਲਦੀ ਕਿਸੇ ਅਣਕਿਆਸੀ ਥਾਂ ਹੈ।

ਅਫਗਾਨਿਸਤਾਨ ਦੇ ਮੁਜਾਹਿਦੀਨ ਦੀ ਮਦਦ ਲਈ ਲਾਏ ਗਏ ਕੈਂਪਾਂ ਵਿਚ ਉਸਾਮਾ ਦੀ ਆਮਦ ਵੇਲੇ ਕੈਂਪ ਦੀ ਕਮਾਨ ਆਈ ਐਸ ਆਈ ਦੇ ਹੱਥਾਂ ਵਿਚ ਸੀ। ਜਿਹੜੇ ਵੀ ਲੋਕ ਉਥੇ ਆਉਂਦੇ ਸਨ, ਉਹ ਇਸੇ ਏਜੰਸੀ ਦੇ ਰਾਹੀਂ ਅਗਲੇ ਕੰਮਾਂ ਦੀ ਟਰੇਨਿੰਗ ਦੇ ਕੇ ਤਿਆਰ ਕੀਤੇ ਜਾਂਦੇ ਸਨ ਤੇ ਉਸਾਮਾ ਰੱਜੇ-ਪੁੱਜੇ ਘਰ ਦਾ ਹੋਣ ਦੇ ਬਾਵਜੂਦ ਉਨ੍ਹਾਂ ਲਈ ਸਿਰਫ ਇੱਕ ਰੰਗਰੂਟ ਸੀ। ਇਹ ਕੰਮ ਆਈ ਐਸ ਆਈ ਆਪਣੇ ਆਪ ਨਹੀਂ ਸੀ ਕਰਦੀ, ਅਮਰੀਕਾ ਦੇ ਥਾਪੜੇ ਨਾਲ ਕੀਤਾ ਜਾਂਦਾ ਸੀ ਅਤੇ ਉਸ ਦੀ ਖੁਫੀਆ ਏਜੰਸੀ ਸੀ ਆਈ ਏ ਦੇ ਕਾਰਿੰਦੇ ਵੀ ਰੋਜ਼ ਦੀ ਸਰਗਰਮੀ ਦਾ ਅੰਗ ਹੁੰਦੇ ਸਨ। 'ਮਕਤਬ ਅਲ ਖਿਦਮਤ' ਨਾਂ ਦੀ ਜਿਹੜੀ ਜਥੇਬੰਦੀ ਮੁਜਾਹਿਦੀਨ ਲਈ ਰੰਗਰੂਟ ਤਿਆਰ ਕਰਨ ਦਾ ਕੰਮ ਕਰਦੀ ਰਹੀ ਸੀ, ਅਬਦੁੱਲਾ ਆਜ਼ਮ ਨਾਲ ਮਿਲ ਕੇ ਉਹ ਉਸਾਮਾ ਬਿਨ ਲਾਦਿਨ ਨੇ ਉਦੋਂ ਆਈ ਐਸ ਆਈ ਅਤੇ ਸੀ ਆਈ ਏ ਦੀ ਸਰਪ੍ਰਸਤੀ ਹੇਠ ਹੀ ਖੜੀ ਕੀਤੀ ਸੀ। ਉਹ ਜਥੇਬੰਦੀ ਉਸ ਦੀ ਅਗਲੀ ਉਡਾਰੀ ਦਾ ਪੜੁੱਲ ਬਣੀ ਤੇ ਸਿਰਫ ਚਾਰ ਸਾਲ ਬਾਅਦ ਉਸਾਮਾ ਨੇ ਆਜ਼ਮ ਨੂੰ ਸਿਰਫ 'ਖਿਦਮਤ' ਕਰਨ ਜੋਗਾ ਛੱਡ ਦਿੱਤਾ ਤੇ ਆਪ 'ਅਲ ਕਾਇਦਾ' ਦੇ ਨਾਂ ਹੇਠ ਉਹ ਟੋਲਾ ਤਿਆਰ ਕਰਨ ਵਿਚ ਰੁੱਝ ਗਿਆ, ਜਿਸ ਦਾ ਮਕਸਦ ਇਸਲਾਮ ਦਾ ਪਸਾਰ ਅਤੇ ਸੰਸਾਰ ਉਤੇ ਇਸ ਦਾ ਝੰਡਾ ਝੁਲਾਉਣਾ ਐਲਾਨਿਆ ਜਾ ਰਿਹਾ ਸੀ। ਆਈ ਐਸ ਆਈ ਨੇ ਤਾਂ ਰੋਕਣਾ ਨਹੀਂ ਸੀ, ਓਦੋਂ ਸੀ ਆਈ ਏ ਵਾਲੇ ਵੀ ਇਸ ਨੂੰ ਗੈਰ-ਗੰਭੀਰ ਤਮਾਸ਼ਬੀਨੀ ਸਮਝ ਕੇ ਥਾਪੜੇ ਦੇਣ ਲੱਗੇ ਰਹੇ ਸਨ।

ਪਿਛਲੇ ਤਿੰਨ ਦਹਾਕਿਆਂ ਦੀ ਸਰਗਰਮੀ ਦੌਰਾਨ ਉਸਾਮਾ ਦੇ ਸਭ ਤੋਂ ਨੇੜੇ ਰਿਹਾ ਪਾਕਿਸਤਾਨੀ ਅਧਿਕਾਰੀ ਜਨਰਲ ਹਮੀਦ ਗੁੱਲ ਸੀ, ਜਿਹੜਾ ਫੌਜ ਦਾ ਮੇਜਰ ਜਨਰਲ ਹੁੰਦਿਆਂ ਉਸ ਦੇ ਸੰਪਰਕ ਵਿਚ ਆਇਆ ਸੀ ਤੇ ਆਈ ਐਸ ਆਈ ਦਾ ਮੁਖੀ ਬਣਨ ਪਿੱਛੋਂ ਉਸ ਨਾਲ ਘਿਓ-ਖਿਚੜੀ ਹੋਇਆ ਰਿਹਾ ਸੀ। ਦੇਸ਼ ਦੇ ਰਾਜਸੀ ਹਾਕਮਾਂ ਨੂੰ ਹਮੀਦ ਗੁੱਲ ਟਿੱਚ ਜਾਣਦਾ ਹੈ ਤੇ ਆਪਣੀ ਕਮਾਨ ਹੇਠ ਰਹਿ ਚੁੱਕੀ ਖੁਫੀਆ ਏਜੰਸੀ ਨੂੰ ਦੇਸ਼ ਦੀ ਅਸਲ ਤਾਕਤ ਮੰਨ ਕੇ ਉਹ ਪਿਛਲੇ ਦਿਨੀਂ ਭਾਰਤ ਸਰਕਾਰ ਨੂੰ ਇਹ ਸਲਾਹ ਵੀ ਦੇ ਚੁੱਕਾ ਹੈ ਕਿ ਉਸ ਨੂੰ ਪਾਕਿਸਤਾਨ ਨਾਲ ਸੰਬੰਧ ਸੁਧਾਰਨ ਲਈ ਆਈ ਐਸ ਆਈ ਦੇ ਮੁਖੀ ਨਾਲ ਗੱਲ ਕਰ ਲੈਣੀ ਚਾਹੀਦੀ ਹੈ। ਜਦੋਂ ਅਮਰੀਕੀ ਹਕੂਮਤ ਨੇ ਅਲ ਕਾਇਦਾ ਤੇ ਤਾਲਿਬਾਨ ਵਿਰੁਧ ਸਿੱਧੀ ਟੱਕਰ ਲਈ ਅਫਗਾਨਿਸਤਾਨ ਦੀ ਜੰਗ ਛੇੜੀ, ਉਦੋਂ ਵੀ ਹਮੀਦ ਗੁੱਲ ਅਤੇ ਆਈ ਐਸ ਆਈ ਦਾ ਉਸਾਮਾ ਨਾਲ ਸੰਪਰਕ ਕਾਇਮ ਸੀ। ਹੁਣ ਜਦੋਂ ਉਸਾਮਾ ਜਿੰਦਾ ਨਹੀਂ ਰਿਹਾ, ਪਾਕਿਸਤਾਨ ਦਾ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਇਹ ਕਹਿਣ ਤੋਂ ਨਹੀਂ ਝਿਜਕਿਆ ਕਿ 'ਜੇ ਮੈਂ ਉਥੇ ਹੁੰਦਾ ਤਾਂ ਅਮਰੀਕੀ ਕਮਾਂਡੋਆਂ ਨੂੰ ਏਦਾਂ ਦੇ ਆਪਰੇਸ਼ਨ ਦੀ ਆਗਿਆ ਹੀ ਨਾ ਦੇਂਦਾ।' ਇਹ ਗੱਲ ਵੱਖਰੀ ਹੈ ਕਿ ਉਸ ਦੇ ਵਕਤ ਵੀ ਅਮਰੀਕੀ ਫੌਜ ਉਥੇ ਆਪਣੀ ਮਰਜ਼ੀ ਨਾਲ ਆਪਰੇਸ਼ਨ ਕਰਦੀ ਰਹੀ ਸੀ ਤੇ ਹੁਣ ਜਦੋਂ ਪਾਕਿਸਤਾਨ ਦੇ ਅਜੋਕੇ ਹਾਕਮ ਅਮਰੀਕਾ ਨੂੰ ਚਿਤਾਵਨੀਆਂ ਦੇ ਰਹੇ ਹਨ, ਅਮਰੀਕਾ ਨੇ ਫੇਰ ਡਰੋਨ ਹਮਲੇ ਕਰ ਦਿੱਤੇ ਹਨ।

ਚੌਥਾ ਮੁੱਦਾ ਉਸਾਮਾ ਬਾਰੇ ਅਮਰੀਕਾ ਨੂੰ ਜਾਣਕਾਰੀ ਹਾਸਲ ਹੋਣ ਦਾ ਹੈ। ਕਹਿਣ ਵਾਲੇ ਤਾਂ ਇਹ ਵੀ ਕਹੀ ਜਾਂਦੇ ਹਨ ਕਿ ਅਲ ਕਾਇਦਾ ਵਿਚ ਫੁੱਟ ਪੈ ਗਈ ਹੋਣ ਕਾਰਨ ਉਸਾਮਾ ਦੇ ਦੂਜੇ ਨੰਬਰ ਵਾਲੇ ਲੀਡਰ ਅਲ ਜਵਾਹਿਰੀ ਨੇ ਹੀ ਕਿਸੇ ਤਰ੍ਹਾਂ ਅਮਰੀਕਾ ਤੱਕ ਇਹ ਸੂਹ ਪੁਚਾ ਦਿੱਤੀ ਹੋਵੇਗੀ। ਇਸ ਤਰ੍ਹਾਂ ਕਈ ਵਾਰ ਹੋ ਵੀ ਜਾਂਦਾ ਹੈ ਤੇ ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਪਰ ਸੂਚਨਾ ਦੇ ਵਸੀਲੇ ਕੁਝ ਹੋਰ ਵੀ ਹੋ ਸਕਦੇ ਹਨ। ਪਿਛਲੇ ਦਿਨੀਂ ਰੇਮੰਡ ਡੇਵਿਸ ਨਾਂ ਦਾ ਇੱਕ ਅਮਰੀਕੀ ਨਾਗਰਿਕ ਪਾਕਿਸਤਾਨ ਵਿਚ ਜਦੋਂ ਦੋ ਜਣਿਆਂ ਦੇ ਕਤਲ ਦੇ ਦੋਸ਼ ਵਿਚ ਫੜਿਆ ਗਿਆ ਤਾਂ ਪਹਿਲੀ ਗੱਲ ਇਹ ਕਹੀ ਗਈ ਕਿ ਉਹ ਦੂਤਘਰ ਦਾ ਕਾਰਿੰਦਾ ਹੈ ਅਤੇ ਕਤਲ ਹੋਣ ਵਾਲੇ ਉਸ ਨੂੰ ਲੁੱਟਣ ਦੀ ਕੋਸ਼ਿਸ਼ ਕਰ ਰਹੇ ਸਨ। ਫਿਰ ਕਿਹਾ ਗਿਆ ਕਿ ਉਹ ਦੂਤਘਰ ਦਾ ਕਾਰਿੰਦਾ ਨਹੀਂ, ਸਗੋਂ 'ਸਪੈਸ਼ਲ' ਅਮਰੀਕੀ ਹੈ ਤੇ ਉਹਦੇ ਵਰਗੇ ਚਾਰ ਸੌ ਤੋਂ ਵੱਧ 'ਸਪੈਸ਼ਲ' ਹੋਰ ਉਥੇ ਤੁਰੇ ਫਿਰਦੇ ਹਨ, ਜਿਹੜੇ ਸੂਹਾਂ ਕੱਢਣ ਦਾ ਕੰਮ ਕਰਦੇ ਹਨ ਤੇ ਜਿਹੜੇ ਦੋ ਜਣੇ ਮਾਰੇ ਗਏ, ਉਹ ਲੁਟੇਰੇ ਹੋਣ ਦੀ ਥਾਂ ਪਾਕਿਸਤਾਨ ਦੀ ਖੁਫੀਆ ਏਜੰਸੀ ਦੇ ਬੰਦੇ ਸਨ। ਉਹ ਕੇਸ ਤਾਂ ਨਿਪਟ ਗਿਆ, ਪਰ ਇਹ ਚਰਚਾ ਚੱਲ ਪਈ ਕਿ ਉਥੇ ਏਨੇ ਖਤਰਨਾਕ ਹਾਲਾਤ ਵਿਚ ਜਿਹੜੇ 'ਸਪੈਸ਼ਲ' ਅਮਰੀਕੀ ਘੁੰਮ ਰਹੇ ਹਨ, ਉਹ ਕਿਸੇ ਖਾਸ ਮਿਸ਼ਨ ਉਤੇ ਹੋਣਗੇ। ਉਸਾਮਾ ਬਿਨ ਲਾਦਿਨ ਵਾਲਾ ਮਿਸ਼ਨ ਵੀ ਉਹ ਹੋ ਸਕਦਾ ਹੈ, ਐਬਟਾਬਾਦ ਵੀ ਰਾਜਧਾਨੀ ਇਸਲਾਮਾਬਾਦ ਤੋਂ ਪੌਣੇ ਘੰਟੇ ਦੀ ਕਾਰ ਦੀ ਦੌੜ ਦੀ ਦੂਰੀ ਉਤੇ ਹੀ ਹੈ।

ਇਨ੍ਹਾਂ ਸਾਰਿਆਂ ਤੋਂ ਵੱਡਾ ਜਿਹੜਾ ਸਰੋਤ ਮੰਨਿਆ ਜਾ ਰਿਹਾ ਹੈ, ਉਹ ਖੁਦ ਖੁਫੀਆ ਏਜੰਸੀ ਆਈ ਐਸ ਆਈ ਦਾ ਹੁਣ ਵਾਲਾ ਮੁਖੀ ਲੈਫਟੀਨੈਂਟ ਜਨਰਲ ਅਹਿਮਦ ਸ਼ੁਜ਼ਾ ਪਾਸ਼ਾ ਹੋ ਸਕਦਾ ਹੈ। ਉਸ ਦੇ ਖਿਲਾਫ ਅਮਰੀਕਾ ਦੀ ਇੱਕ ਅਦਾਲਤ ਨੇ ਸੰਮਨ ਜਾਰੀ ਕੀਤੇ ਹੋਏ ਹਨ ਕਿ ਉਸ ਨੂੰ ਫੜ ਕੇ ਪੇਸ਼ ਕੀਤਾ ਜਾਵੇ। ਮੁਕੱਦਮਾ ਮੁੰਬਈ ਵਿਚ ਹੋਏ ਸਭ ਤੋਂ ਵੱਡੇ ਦਹਿਸ਼ਤਗਰਦ ਹਮਲੇ ਦਾ ਹੈ, ਜਿਸ ਵਿਚ ਮਾਰੇ ਗਏ ਇੱਕ ਸੌ ਛਿਆਹਠ ਲੋਕਾਂ ਵਿਚ ਅਮਰੀਕਾ ਦੇ ਕੁਝ ਨਾਗਰਿਕ ਵੀ ਸਨ ਤੇ ਉਨ੍ਹਾਂ ਦੇ ਵਾਰਸ ਇਨਸਾਫ ਮੰਗ ਰਹੇ ਹਨ। ਸਾਰੀ ਸਾਜ਼ਿਸ਼ ਦੀ ਤੰਦ ਤਹੱਵੁਰ ਹੁਸੈਨ ਰਾਣਾ ਦੇ ਬਿਆਨ ਨੇ ਮੇਜਰ ਇਕਬਾਲ ਦੇ ਰਾਹੀਂ ਆਈ ਐਸ ਆਈ ਅਤੇ ਇਸ ਦੇ ਮੁਖੀ ਜਨਰਲ ਪਾਸ਼ਾ ਤੱਕ ਜਦੋਂ ਜੋੜ ਦਿੱਤੀ ਤਾਂ ਅਮਰੀਕੀ ਸਰਕਾਰ ਨੂੰ ਕੁਝ ਨਾ ਕੁਝ ਕਾਰਵਾਈ ਕਰਨੀ ਹੀ ਪੈਣੀ ਸੀ। ਪਾਕਿਸਤਾਨ ਦੀ ਸਰਕਾਰ ਲਈ ਮੁਸ਼ਕਲ ਇਹ ਸੀ ਕਿ ਜੇ ਅਹਿਮਦ ਸ਼ੁਜ਼ਾ ਪਾਸ਼ਾ ਨੂੰ ਅਮਰੀਕਾ ਦੇ ਹਵਾਲੇ ਕਰੇ ਤਾਂ ਲੋਕਾਂ ਨੂੰ ਮੂੰਹ ਵਿਖਾਉਣਾ ਔਖਾ ਹੋ ਜਾਣਾ ਸੀ ਤੇ ਜੇ ਨਾ ਕਰੇ ਤਾਂ ਅਮਰੀਕਾ ਨੇ ਬਾਂਹ ਨੂੰ ਮਰੋੜਾ ਚਾੜ੍ਹ ਦੇਣਾ ਸੀ। ਜਿਵੇਂ ਤਹੱਵੁਰ ਹੁਸੈਨ ਰਾਣਾ ਨੇ ਆਪਣੇ ਬਚਾਅ ਦਾ ਰਾਹ ਕੱਢਣ ਲਈ ਗੱਲ ਆਈ ਐਸ ਆਈ ਵੱਲ ਤਿਲਕਾਈ ਸੀ, ਉਵੇਂ ਹੀ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਨਰਲ ਪਾਸ਼ਾ ਨੇ ਕਹਿ ਦਿੱਤਾ ਹੋਵੇ ਕਿ 'ਮੇਰੇ ਪਿੱਛੇ ਪੈਣ ਦੀ ਥਾਂ ਫਲਾਣੇ ਥਾਂ ਉਸਾਮਾ ਬੈਠਾ ਹੈ, ਜਾ ਕੇ ਘੇਰ ਲਵੋ।' ਇਸ ਦੀ ਗੁੰਜਾਇਸ਼ ਓਦੋਂ ਵਧ ਜਾਂਦੀ ਹੈ, ਜਦੋਂ ਆਈ ਐਸ ਆਈ ਦੇ ਸਾਬਕਾ ਮੁਖੀ ਹਮੀਦ ਗੁੱਲ ਦਾ ਟੀ ਵੀ ਚੈਨਲਾਂ ਨੂੰ ਦਿੱਤਾ ਇੰਟਰਵਿਊ ਵਿਚਾਰਿਆ ਜਾਵੇ। ਉਸ ਨੂੰ ਪੁੱਛਿਆ ਗਿਆ ਕਿ ਉਸਾਮਾ ਉਥੇ ਬੈਠਾ ਅਮਰੀਕਾ ਵਾਲਿਆਂ ਨੂੰ ਨਜ਼ਰ ਆ ਗਿਆ ਤੇ ਉਹ ਕਾਰਵਾਈ ਵੀ ਕਰ ਗਏ, ਪਾਕਿਸਤਾਨ ਦੀ ਆਪਣੀ ਫੌਜ ਜਾਂ ਖੁਫੀਆ ਏਜੰਸੀ ਇਹ ਕੰਮ ਕਿਉਂ ਨਾ ਕਰ ਸਕੀ? ਜਵਾਬ ਵਿਚ ਹਮੀਦ ਗੁੱਲ ਨੇ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਜੇ ਪਤਾ ਲੱਗਣ ਪਿੱਛੋਂ ਆਈ ਐਸ ਆਈ ਦਾ ਕੋਈ ਅਹਿਲਕਾਰ ਹੀ ਇਸ ਦੀ ਸੂਚਨਾ ਅਮਰੀਕਾ ਨੂੰ ਦੇ ਕੇ ਕੋਈ ਲਾਭ ਕਮਾਉਣ ਦੀ ਝਾਕ ਰੱਖਦਾ ਹੋਵੇ ਤਾਂ ਕੀ ਕੀਤਾ ਜਾ ਸਕਦਾ ਹੈ? ਹਮੀਦ ਗੁੱਲ ਦੇ ਇਸ ਬਿਆਨ ਤੋਂ ਬਾਅਦ ਤਾਂ ਕੋਈ ਸਿਰ ਖਪਾਉਣ ਦੀ ਲੋੜ ਹੀ ਨਹੀਂ ਰਹਿ ਜਾਂਦੀ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਅਸੀਂ ਕੁਝ ਮਹੀਨੇ ਪਹਿਲਾਂ ਲਿਖਿਆ ਸੀ ਕਿ ਦਹਿਸ਼ਤਗਰਦੀ ਵਿਰੁਧ ਲੜਨ ਦਾ ਪਾਕਿਸਤਾਨ ਸਿਰਫ ਢੌਂਗ ਕਰਦਾ ਹੈ, ਅਸਲ ਵਿਚ ਉਸ ਦੇ ਆਗੂ 'ਲੋੜ ਜੋਗੀ ਦਹਿਸ਼ਤਗਰਦੀ' ਖੁਦ ਕਾਇਮ ਰੱਖਣਾ ਚਾਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਜਦੋਂ ਤੱਕ ਦਹਿਸ਼ਤਗਰਦੀ ਹੈ, ਉਸ ਨਾਲ ਲੜਨ ਦੇ ਨਾਂ ਉਤੇ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਡਾਲਰਾਂ ਦੀਆਂ ਪੰਡਾਂ ਬੰਨ੍ਹ-ਬੰਨ੍ਹ ਦਿੰਦੀਆਂ ਹਨ ਤੇ ਜਦੋਂ ਇਸ ਦੀ ਲੋੜ ਨਾ ਰਹੀ, ਗਰਾਂਟਾਂ ਦਾ ਇਹ ਗੁਤਾਵਾ ਕਿਸੇ ਨੇ ਨਹੀਂ ਧੂੜਨਾ। ਜਿਹੜੇ ਅਰਬਾਂ ਡਾਲਰ ਜਨਤਾ ਦੇ ਹਿੱਤਾਂ ਅਤੇ ਦਹਿਸ਼ਤਗਰਦੀ ਦੇ ਵਿਰੁਧ ਲੜਾਈ ਦੇ ਨਾਂ ਉਤੇ ਮਿਲਦੇ ਸਨ, ਉਨ੍ਹਾਂ ਦੀ ਮਸਾਂ ਚਵਾਨੀ-ਪੱਤੀ ਉਸ ਪਾਸੇ ਲਾ ਕੇ ਬਾਕੀ ਆਗੂ ਅਤੇ ਅਫਸਰ ਆਪ ਡੱਕਾਰ ਜਾਂਦੇ ਸਨ। ਹੁਣ ਜਦੋਂ ਸਭ ਤੋਂ ਵੱਡਾ ਦਹਿਸ਼ਤਗਰਦ ਉਸਾਮਾ ਬਿਨ ਲਾਦਿਨ ਜਿੰਦਾ ਨਹੀਂ ਰਿਹਾ, ਲੜਾਈ ਭਾਵੇਂ ਹਾਲੇ ਨਹੀਂ ਮੁੱਕੀ, ਅਮਰੀਕਾ ਦੀ ਸਰਕਾਰ ਵੀ ਇਹ ਕਹਿਣ ਲੱਗ ਪਈ ਹੈ ਕਿ ਪਾਕਿਸਤਾਨ ਨੂੰ ਹੋਰ ਡਾਲਰ ਦੇਣੇ ਹਨ ਜਾਂ ਨਹੀਂ, ਨਵੇਂ ਸਿਰੇ ਤੋਂ ਵਿਚਾਰ ਕਰਾਂਗੇ। ਇਹੋ ਤਾਂ ਉਹ ਘੜੀ ਹੈ, ਜਿਹੜੀ ਪਾਕਿਸਤਾਨ ਦੇ ਆਗੂ ਆਉਣ ਤੋਂ ਰੋਕਣਾ ਚਾਹੁੰਦੇ ਸਨ ਤੇ ਆਖਰ ਨੂੰ ਆਣ ਪਹੁੰਚੀ ਹੈ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਗੁਰਦੁਆਰਾ ਬੋਗ ਰੋਡ, ਯੂਬਾ ਸਿਟੀ

**2669 Bouge Rd Yuba City CA 95993**




## ਸੰਤ ਜਵਾਲਾ ਸਿੰਘ ਜੀ ਹਰਖੋਵਾਲ ਦੇ ਜਨਮ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਵਧਾਈ



ਸੰਤ ਜਵਾਲਾ ਸਿੰਘ ਜੀ ਹਰਖੋਵਾਲ

## ਵਿਸ਼ੇਸ਼ ਪ੍ਰੋਗਰਾਮ, 15 ਮਈ 2011

ਬ੍ਰਹਮਗਿਆਨੀ, ਮਹਾਂਪਰਉਪਕਾਰੀ ਸੰਤ ਜਵਾਲਾ ਸਿੰਘ ਜੀ ਹਰਖੋਵਾਲ, ਜਿਨ੍ਹਾਂ ਆਪਣਾ ਸਾਰਾ ਜੀਵਨ ਸਿੱਖੀ ਪ੍ਰਚਾਰ ਅਤੇ ਲੋਕ ਭਲਾਈ ਦੇ ਲੇਖੇ ਲਾਇਆ, ਦਾ ਜਨਮ ਦਿਹਾੜਾ ਯੂਬਾ ਸਿਟੀ ਦੀਆਂ ਸੰਗਤਾਂ ਵਲੋਂ ਗੁਰਦੁਆਰਾ ਬੋਗ ਰੋਡ ਵਿਖੇ ਐਤਵਾਰ 15 ਮਈ 2011 ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠ ਦਾ ਆਰੰਭ ਸ਼ੁਕਰਵਾਰ 13 ਮਈ ਨੂੰ ਹੋਵੇਗਾ ਅਤੇ ਭੋਗ ਐਤਵਾਰ 15 ਮਈ ਨੂੰ ਪਵੇਗਾ। ਉਪਰੰਤ ਪੰਥ ਪ੍ਰਸਿਧ ਰਾਗੀ ਸਿੰਘ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।

ਸੰਗਤਾਂ ਦੇ ਦਾਸ

**ਮੋਹਿੰਦਰ ਸਿੰਘ ਥਿਆੜਾ, ਬੀਬੀ ਮੋਹਨ ਕੌਰ ਥਿਆੜਾ ਅਤੇ ਪਰਿਵਾਰ**

ਹੋਰ ਜਾਣਕਾਰੀ ਲਈ ਸਰਬਜੀਤ ਸਿੰਘ ਥਿਆੜਾ ਨਾਲ ਫੋਨ (530) 682-5861 ਉਤੇ ਸੰਪਰਕ ਕੀਤਾ ਜਾ ਸਕਦਾ ਹੈ

# ਸਿੱਖਸ ਫਾਰ ਜਸਟਿਸ ਵਲੋਂ ਸਿੱਖ ਨਸਲਕੁਸ਼ੀ ਕਾਨਫਰੰਸ 4 ਜੂਨ ਨੂੰ

**ਹੇਵਰਡ (ਬਿਊਰੋ):** ਮਨੁਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਸਮੂਹ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਇਕ ਸਿੱਖ ਨਸਲਕੁਸ਼ੀ ਕਾਨਫਰੰਸ 4 ਜੂਨ 2011 ਨੂੰ ਇਥੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਕਰਵਾਈ ਜਾ ਰਹੀ ਹੈ। ਇਸ ਸਬੰਧੀ ਫੈਸਲਾ ਸਿੱਖ ਜਥੇਬੰਦੀਆਂ ਦੀ ਇਕ ਮੀਟਿੰਗ ਵਿਚ ਲਿਆ ਗਿਆ।

ਸਿੱਖ ਕੌਮ ਦੇ ਮਨੁੱਖੀ ਅਧਿਕਾਰਾਂ ਦੀ ਬਹਾਲੀ, ਇਨਸਾਫ ਤੇ ਸੁਰੱਖਿਆ ਲਈ ਜ਼ੋਰਦਾਰ ਕੋਸ਼ਿਸ਼ਾਂ ਕਰ ਰਹੀ ਸਿੱਖਸ ਫਾਰ ਜਸਟਿਸ ਨੇ ਕਈ ਸਾਲਾਂ ਤੋਂ ਸਿੱਖਾਂ ਨੂੰ ਨਿਆਂ ਦੁਆਉਣ ਲਈ ਕਮੇਟੀ ਬਣਾਉਣ ਦਾ ਕਾਰਜ ਸ਼ੁਰੂ ਕੀਤਾ ਜਿਸ ਵਿਚ ਸਮੂਹ ਜਥੇਬੰਦੀਆਂ ਨੇ ਆਪਣੇ ਵੱਲੋਂ ਇਕ-ਇਕ, ਦੋ- ਦੋ ਮੈਂਬਰ ਦਿੱਤੇ। ਇਨ੍ਹਾਂ ਜਥੇਬੰਦੀਆਂ ਵਿਚ ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਅਖੰਡ ਕੀਰਤਨੀ ਜਥਾ, ਗੁਰਮਤਿ ਚੇਤਨਾ ਲਹਿਰ, ਦਮਦਮੀ ਟਕਸਾਲ, ਖਾਲਿਸਤਾਨ ਦੇ ਸ਼ਹੀਦ ਪਰਿਵਾਰ ਅਤੇ ਕੈਲੀਫੋਰਨੀਆ ਗਤਕਾ ਦਲ ਸ਼ਾਮਲ ਸਨ। ਗੁਰੂਦੁਆਰਾ ਫਰੀਮਾਂਟ, ਗੁਰਦੁਅਰਾ ਸੈਨ ਹੋਜ਼ੇ, ਗੁਰਦੁਆਰਾ ਸਟਾਕਟਨ ਤੇ ਗੁਰਦੁਆਰਾ ਅਲਸਬਰਾਂਟੇ ਦੇ ਪ੍ਰਬੰਧਕੀ ਨੁਮਾਇੰਦੇ ਵੀ



ਅਮਰੀਕਾ ਤੇ ਕੈਨੇਡਾ ਵਿਚ ਸਰਕਾਰੀ ਤੇ ਅਦਾਲਤੀ ਪੱਧਰ ਤੇ ਸਿੱਖ ਨਸਲਕੁਸ਼ੀ ਦੇ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਦਿਵਾਉਣ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਉਣ ਲਈ ਮੁਹਿਮ ਵਿਢੀ ਹੋਈ ਹੈ। ਅਮਰੀਕਾ ਦੀ ਸੰਘੀ ਅਦਾਲਤ ਵਿਚ ਭਾਰਤ ਸਰਕਾਰ ਦੇ ਮੰਤਰੀ ਕਮਲਨਾਥ ਤੇ ਕਾਂਗਰਸ ਪਾਰਟੀ ਵਿਰੁਧ ਸਿੱਖਾਂ ਦੀ ਨਸਲਕੁਸ਼ੀ ਦੇ ਦੋਸ਼ ਅਧੀਨ ਦੋ ਮੁਕੱਦਮੇ ਚਲਾਏ ਹੋਏ ਹਨ। ਇਸ ਤੋਂ ਇਲਾਵਾ ਕੈਨੇਡਾ ਦੀ ਪਾਰਲੀਮੈਂਟ ਵਿਚ ਵੀ ਸਿੱਖ ਨਸਲਕੁਸ਼ੀ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾ ਦਵਾਉਣ ਲਈ ਪ੍ਰਧਾਨ ਮੰਤਰੀ ਹਾਰਪਰ ਤੱਕ ਪਹੁੰਚ ਬਣਾਈ ਹੋਈ ਹੈ।

ਸਮੂਹ ਜਥੇਬੰਦੀਆਂ ਨੇ ਇਕ ਅਵਾਜ਼ ਨਾਲ ਸਿੱਖਸ ਫਾਰ ਜਸਟਿਸ ਦੀਆਂ ਕੋਸ਼ਿਸ਼ਾਂ ਦਾ ਸਵਾਗਤ ਕਰਦਿਆਂ ਜਥੇਬੰਦੀ ਨੂੰ ਹਰ ਤਰਾਂ ਨਾਲ ਸਹਿਯੋਗ ਦੇਣ ਦਾ ਪੱਕਾ ਭਰੋਸਾ ਦਿੱਤਾ ਤੇ ਮਾਇਕ ਸਹਾਇਤਾ ਇਕੱਠੀ ਕਰਨ ਲਈ ਇਕ ਸਾਂਝੀ ਤਾਲਮੇਲ ਸ਼ਾਮਲ ਹੋਏ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਗੁਰਦੁਆਰਾ ਕੌਂਸਲ ਨੇ ਵੀ ਹਾਜ਼ਰੀ ਭਰੀ।

ਮੀਟਿੰਗ ਵਿਚ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ, ਡਾ. ਪ੍ਰਿਤਪਾਲ ਸਿੰਘ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ ਬੈਨੀਵਾਲ, ਗੁਰਚਰਨ ਸਿੰਘ ਮਾਨ, ਕਰਨੈਲ ਸਿੰਘ ਖਾਲਸਾ, ਜਸਵੰਤ ਸਿੰਘ ਹੋਠੀ, ਜਸਜੀਤ ਸਿੰਘ, ਹਰਜਾਪ ਸਿੰਘ, ਕੁਲਜੀਤ ਸਿੰਘ ਨਿੱਝਰ, ਦਰਸ਼ਨ ਸਿੰਘ ਮਾਨ, ਲਖਵੀਰ ਸਿੰਘ ਪਟਵਾਰੀ, ਜਸਬੀਰ ਸਿੰਘ, ਹਰਪਾਲ ਸਿੰਘ, ਰਾਮ ਸਿੰਘ, ਦਰਸ਼ਨ ਸਿੰਘ, ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਦੇ ਸਾਬਕਾ ਸਹਿ ਸੰਪਾਦਕ ਤੇ ਸਿੱਖ ਚਿੰਤਕ ਕਰਮਜੀਤ ਸਿੰਘ, ਅਜੀਤ ਸਿੰਘ ਆਲੋਅਰਖ, ਦਰਸ਼ਨ ਸਿੰਘ, ਬਲਵਿੰਦਰਪਾਲ ਸਿੰਘ ਖਾਲਸਾ, ਰਣਜੀਤ ਸਿੰਘ ਰਾਏ ਤੇ ਬਲਬੀਰ ਸਿੰਘ ਢਿੱਲੋਂ ਨੇ ਆਪਣੇ ਵਿਚਾਰ ਪ੍ਰਗਟਾਏ।

ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



Century 21
M&M AND ASSOCIATES
Each office is independently owned and operated.
MLS

Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334

Dhillon Truck Stop
Dhillon Road Service

Interstate 40, exit 356, San Jon, NM

Gill Manj Gurdaspur Wale

ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

Are Worries Keeping You Awake?
Watch Your Business AnyTime Any Place.



ALL-IN-ONE

Attention Business Owners!!

Are You Worried About Your Business When You`re Not There?

Watch your business from anywhere on iPhone with our new technology

QuikStop Shell ampm 7 ELEVEN 76 Holiday Inn Denny's Arby's

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

DVR UNLIMITED

Call:1-(888) 233-4566 www.dvrunlimited.com


Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
READY TO INSTALL
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV on your iPhone!
3G Mobile Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ



**ਸ੍ਰੀਮਤੀ ਸੋਨੀਆ ਗਾਂਧੀ**
*ਪ੍ਰਧਾਨ, ਆਲ ਇੰਡੀਆ ਕਾਂਗਰਸ ਕਮੇਟੀ*



**ਸ੍ਰੀ ਰਾਹੁਲ ਗਾਂਧੀ**
*ਜਨਰਲ ਸਕੱਤਰ, ਆਲ ਇੰਡੀਆ ਕਾਂਗਰਸ ਕਮੇਟੀ*



**ਸ੍ਰੀ ਗੁਲਚੈਨ ਸਿੰਘ ਚਰਕ**
*ਮੈਂਬਰ, ਕਾਂਗਰਸ ਵਰਕਿੰਗ ਕਮੇਟੀ ਅਤੇ ਇੰਚਾਰਜ ਪੰਜਾਬ, ਬਿਹਾਰ ਤੇ ਚੰਡੀਗੜ੍ਹ*



**ਕੈਪਟਨ ਅਮਰਿੰਦਰ ਸਿੰਘ**
*ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ*

ਪੰਜਾਬ ਦੇ ਹਰਮਨ ਪਿਆਰੇ ਅਤੇ ਅਗਾਂਹਵਧੂ ਆਗੂ ਸ. ਕੇਵਲ ਸਿੰਘ ਢਿਲੋਂ ਨੇ ਪੰਜਾਬ ਪ੍ਰਦੇਸ ਕਾਂਗਰਸ ਦਾ ਮੀਤ ਪ੍ਰਧਾਨ ਬਣਾਏ ਜਾਣ 'ਤੇ ਪਾਰਟੀ ਹਾਈ ਕਮਾਨ ਦਾ ਦਿੱਲੀ ਧੰਨਵਾਦ ਅਤੇ

## ਸ. ਕੇਵਲ ਸਿੰਘ ਢਿਲੋਂ ਨੂੰ ਬਹੁਤ ਬਹੁਤ ਵਧਾਈ

ਉਮੀਦ ਕਰਦੇ ਹਾਂ ਕਿ ਸ. ਢਿਲੋਂ ਪੰਜਾਬ ਪ੍ਰਦੇਸ ਕਾਂਗਰਸ ਵਿਚ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਮਿਲ ਕੇ ਇਕ ਨਵੀਂ ਰੂਹ ਫੂਕਣਗੇ ਅਤੇ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਦਿਨ-ਰਾਤ ਇਕ ਕਰ ਦੇਣਗੇ।



*ਸ. ਕੇਵਲ ਸਿੰਘ ਢਿਲੋਂ*

### ਸ਼ਿਕਾਗੋ ਕਾਂਗਰਸ

ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਹਰਜਿੰਦਰ ਸਿੰਘ ਖੰਗੂੜਾ, ਸਤਨਾਮ ਮਿਨਹਾਸ, ਹਰਦੀਪ ਸਿੰਘ ਗਿੱਲ, ਸਤਿੰਦਰ ਸਿੰਘ ਸੁਸਾਣਾ, ਅੰਮ੍ਰਿਤਪਾਲ ਗਿੱਲ, ਅਸ਼ੋਕ ਕੁਮਾਰ ਯਸ਼ਪਾਲ ਮਾਇਰ, ਅਜਮੇਰ ਸਿੰਘ ਪੰਨੂ, ਨੀਲ ਕੰਠ ਸ਼ਰਮਾ, ਹੈਪੀ ਹੀਰ, ਲੱਕੀ ਸਹੋਤਾ, ਜੱਸੀ ਸਹੋਤਾ, ਲਵ ਕੁਮਾਰ ਮਿਨਹਾਸ, ਸੁਰਿੰਦਰਪਾਲ ਸਿੰਘ ਚੀਮਾ, ਸੰਜੀਵ ਸਿੰਘ ਬਿੱਲੂ, ਜਿੰਦਰ ਬੈਨੀਪਾਲ, ਪੀਟਾ ਸਹੋਤਾ, ਜਸਵਿੰਦਰ ਜੱਸੀ, ਜਸਵਿੰਦਰ ਸਿੰਘ ਗਿੱਲ, ਨਾਜ਼ਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਸੁਰਿੰਦਰ ਭੱਟੀ, ਪਰਮਜੀਤ ਖੰਗੂੜਾ, ਰਛਪਾਲ ਖੰਗੂੜਾ, ਹਰਜਿੰਦਰ ਸਿੰਘ ਦਿਆਲ, ਮਹਿੰਦਰ ਸਿੰਘ ਰਕਾਲਾ, ਭੁਪਿੰਦਰ ਸਿੰਘ ਬਿੱਲਾ।



*ਸ੍ਰੀ ਕੇਵਲ ਢਿਲੋਂ ਨਾਲ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ ਦੇ ਪ੍ਰਧਾਨ ਸ੍ਰੀ ਅਜੈਬ ਸਿੰਘ ਲੱਖਣ*

### ਮਿਲਵਾਕੀ, ਵਿਸਕਾਨਸਿਨ ਕਾਂਗਰਸ

ਕੁਲਵੰਤ ਸਿੰਘ ਢਿੱਲੋਂ (ਪ੍ਰਧਾਨ), ਹਰਵਿੰਦਰ ਸਿੰਘ ਸਿੱਧੂ (ਮੀਤ ਪ੍ਰਧਾਨ), ਹਰਜੀਤ ਸਿੰਘ ਸੰਧਰ, ਜਗਦੀਸ਼ਰ ਸਿੰਘ ਕਲੇਰ, ਸਤਵਿੰਦਰ ਸਿੰਘ ਪੌਪੀ, ਬਹਾਦਰ ਸਿੰਘ ਬੋਪਾਰਾਏ, ਹਰਵਿੰਦਰ ਸਿੰਘ ਚਾਹਲ, ਪਰਮਜੀਤ ਸਿੰਘ ਬਿਲਕੂ, ਦਰਸ਼ਨ ਸਿੰਘ ਗਰੇਵਾਲ।

### ਇੰਡੀਆਨਾ ਕਾਂਗਰਸ

ਸਤਵੰਤ ਸਿੰਘ ਨਿੱਜਰ, ਪ੍ਰਿਥਪਾਲ ਸਿੰਘ ਘੋਤੜਾ, ਅਮਰੀਕ ਸਿੰਘ, ਬਲਜੀਤ ਸਿੰਘ, ਗੁਰਦੀਪ ਸਿੰਘ ਨਿੱਜਰ, ਮਨਜੀਤ ਸਿੰਘ ਨਾਗਰਾ, ਸੰਦੀਪ ਸਿੰਘ ਲਾਡੀ, ਗੁਰਮੁਖ ਸਿੰਘ ਧਾਲੀਵਾਲ, ਕੁਲਵੰਤ ਸਿੰਘ, ਮੱਖਣ ਸਿੰਘ, ਚਤਰਪਾਲ ਸਿੰਘ ਆਹਲੂਵਾਲੀਆ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਦਵਿੰਦਰ ਸਿੰਘ ਨਿੱਜਰ।

### ਓਹਾਇਓ ਕਾਂਗਰਸ

ਚਮਕੌਰ ਸਿੰਘ (ਪ੍ਰਧਾਨ ਕਾਂਗਰਸ ਓਹਾਇਓ), ਮੁਖਤਿਆਰ ਸਿੰਘ ਸੇਖੋਂ, ਗੁਰਜੰਟ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਸੁੱਖੀ, ਦਵਿੰਦਰ ਸਿੰਘ ਹੈਪੀ (ਡੇਅਟਨ), ਰੂਬੀ (ਡੇਅਟਨ), ਕਰਤਾਰ ਸਿੰਘ ਮਾਸਟਰ (ਡੇਅਟਨ), ਸੁਖਵੀਰ ਸੁੱਖੀ, ਹਰਬੰਸ ਗਿੱਲ, ਅਮਨਦੀਪ ਧਾਰਨੀ, ਸੁਖਦੇਵ ਰਕਬਾ, ਚਮਕੌਰ ਚੱਕਰ, ਪਰਮਜੀਤ ਸਿੰਘ ਸਿਨਸਿਨੈਟੀ, ਹਰਪ੍ਰੀਤ ਸਿੰਘ ਸਿਨਸਿਨੈਟੀ, ਅਵਤਾਰ ਸਿੰਘ ਸਪਰਿੰਗਫੀਲਡ-ਸਕੱਤਰ।

### ਨਿਊ ਯਾਰਕ ਕਾਂਗਰਸ

ਮੰਗਲ ਸਿੰਘ ਸ਼ਾਹੀ, ਮਲਕੀਤ ਸਿੰਘ, ਨਰਿੰਦਰ ਸਿੰਘ ਤੂਰ, ਜਗੀਰ ਸਿੰਘ ਸਬਜ਼ੀ ਮੰਡੀ, ਗੁਰਪ੍ਰੀਤ ਸਿੰਘ ਚੀਮਾ, ਅਸ਼ੋਕ ਕੁਮਾਰ।

### ਮਿਸ਼ੀਗਨ ਕਾਂਗਰਸ

ਲਾਲੀ ਧਾਲੀਵਾਲ ਅਤੇ ਪਾਲੀ ਧਾਲੀਵਾਲ, ਕਰਨ ਗਿੱਲ, ਇੰਦਰਜੀਤ ਬਾਠ, ਪਲਵਿੰਦਰ ਬਾਠ, ਅਵਤਾਰ ਸਿੰਘ, ਨਿਰਮਲ ਸਿੰਘ ਹੇਅਰ, ਜਸਵੰਤ ਸਿੰਘ ਚਾਹਲ ਤੇ ਕੁਲਵਿੰਦਰ ਗਿੱਲ।

### ਕੈਲੀਫੋਰਨੀਆ

ਅਮੋਲਕ ਸਿੰਘ ਗਾਖਲ, ਮੰਗਲ ਸਿੰਘ ਭੰਡਾਲ।

### ਸ਼ਿਆਟਲ

ਚੰਨਾ ਆਲਮਗੀਰ, ਧਰਮ ਸਿੰਘ ਮੈਰੀਪੁਰ, ਡਾ. ਹਰਚੰਦ ਸਿੰਘ, ਹਰਦੀਪ ਸਿੰਘ ਗਿੱਲ, ਪਰਮਿੰਦਰ ਸਿੰਘ ਭੱਟੀ, ਜਗਦੇਵ ਸਿੰਘ ਸੰਧੂ, ਜੱਸੀ ਸਪਰਾਏ, ਪ੍ਰਿਤਪਾਲ ਧਾਲੀਵਾਲ ਝਲਵਾਣਾ, ਰਵਿੰਦਰ ਕੰਗ

### ਮਿਸੀਸਿਪੀ ਕਾਂਗਰਸ

ਮਨਦੀਪ ਸਿੰਘ, ਆਦਰ ਮਾਨ, ਚੰਦਰਪਾਲ ਖੁਰਾਣਾ, ਪਵਨ ਕੁਮਾਰ ਅਰੋੜਾ, ਸੁਖਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਥਿੰਦ, ਨੀਲਮ ਸਿੰਘ ਸਿੱਧੂ ਅਤੇ ਕਮੇਟੀ।

### ਅਰਕਨਸਾਸ ਕਾਂਗਰਸ

ਦਲਜੀਤ ਸਿੰਘ ਚਾਹਲ, ਚਰਨ ਸਿੰਘ ਸੋਮਲ, ਅਮਰਜੀਤ ਸਿੰਘ ਕੰਗ, ਪਰਮਿੰਦਰ ਸਿੰਘ ਗਿੱਲ, ਰਾਜਿੰਦਰਪਾਲ ਸਿੰਘ ਚਾਹਲ ਅਤੇ ਕਮੇਟੀ।

### ਸੇਂਟ ਲੁਇਸ (ਮਿਜ਼ੌਰੀ)

ਸੁਖਚੈਨ ਸਿੰਘ ਅਤੇ ਕਮੇਟੀ।

**Issued by:Indian National Overseas Congress IL ®**

# ਬੇਕਰਜ਼ਫੀਲਡ ਵਿਚ ਪ੍ਰੋ. ਦਰਸ਼ਨ ਸਿੰਘ ਦੇ ਕੀਰਤਨ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ






**ਬੇਕਰਜ਼ਫੀਲਡ (ਬਿਊਰੋ):** ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਰਾਗੀ ਦੇ ਇਥੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਚ ਦੋ ਰੋਜ਼ਾ ਪ੍ਰੋਗਰਾਮਾਂ ਨੂੰ ਸਿੱਖ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਦਿਤਾ ਗਿਆ। ਇਥੇ ਜ਼ਿਕਰਯੋਗ ਹੈ ਕਿ ਪ੍ਰੋ ਦਰਸ਼ਨ ਸਿੰਘ ਨੂੰ ਦਸਮ ਗ੍ਰੰਥ ਦੇ ਮਾਮਲੇ 'ਤੇ ਅਕਾਲ ਤਖਤ ਵਲੋਂ ਪੰਥ ਵਿਚੋਂ ਛੇਕ ਦਿਤਾ ਗਿਆ ਸੀ। ਇਸੇ ਗੱਲ ਨੂੰ ਮੁਖ ਰਖਦਿਆਂ ਸਿੱਖ ਭਾਈਚਾਰੇ ਦੇ ਇਕ ਵਰਗ ਵਲੋਂ ਉਨ੍ਹਾਂ ਖਿਲਾਫ ਰੋਸ-ਮੁਜਾਹਰਾ ਵੀ ਕੀਤਾ ਗਿਆ ਪਰੰਤੂ ਪ੍ਰੋ. ਸਾਹਿਬ ਦਾ ਕੀਰਤਨ ਸੁਣਨ ਵਾਲਿਆਂ ਦੀ ਗਿਣਤੀ ਕਿਤੇ ਵੱਧ ਸੀ।

ਜਿਸ ਕੀਰਤਨ ਸਮਾਗਮ ਦੀ ਕਈ ਦਿਨਾਂ ਤੋਂ ਉਡੀਕ ਹੋ ਰਹੀ ਸੀ, ਉਹ ਸਨਿਚਰਵਾਰ ਸ਼ਾਮੀ 6 ਵਜੇ ਆਰੰਭ ਹੋਇਆ। ਸੋ ਦਰ ਦੇ ਪਾਠ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਉਪਰੰਤ ਬੱਚਿਆਂ ਨੇ ਤਕਰੀਰਾਂ ਕੀਤੀਆਂ। ਡਾ. ਮਨਬੀਰ ਸਿੰਘ ਅਤੇ ਸ. ਗੁਰਪ੍ਰੀਤ ਸਿੰਘ ਮਾਨ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਪੰਥ ਦੇ ਮੌਜੂਦਾ ਹਾਲਾਤ ਉਤੇ ਚਿੰਤਾ ਪ੍ਰਗਟ ਕੀਤੀ ਅਤੇ ਸਿੱਖ ਕੌਮ ਨੂੰ ਆਪਣੇ ਫਰਜ਼ ਸੰਭਾਲਣ ਲਈ ਪ੍ਰੇਰਣਾ ਕੀਤੀ। ਇਸ ਪਿਛੋਂ ਪ੍ਰੋ ਦਰਸ਼ਨ ਸਿੰਘ ਨੇ ਕਰੀਬ ਇਕ ਘੰਟੇ ਦੇ ਕੀਰਤਨ ਪ੍ਰੋਗਰਾਮ ਦੌਰਾਨ ਸਿੱਖ ਧਰਮ ਵਿਚ ਪਾਏ ਜਾ ਰਹੇ ਭਰਮ-ਭੁਲੇਖਿਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਤੋਂ ਸੁਚੇਤ ਰਹਿਣ।

ਕੈਲੀਫੋਰਨੀਆ ਦੇ ਵਖ ਵਖ ਸ਼ਹਿਰਾਂ-ਸੈਕਰਾਮੈਂਟੋ, ਸੈਨ ਹੋਜੇ, ਸੈਨ ਫਰਾਂਸਿਸਕੋ, ਫਰਿਜ਼ਨੋ ਅਤੇ ਲਾਸ ਏਂਜਲਸ ਤੋਂ ਵੀ ਸੰਗਤਾਂ ਪ੍ਰੋ. ਦਰਸ਼ਨ ਸਿੰਘ ਨੂੰ ਸੁਣਨ ਲਈ ਪਹੁੰਚੀਆਂ ਹੋਈਆਂ ਸਨ। ਅਗਲੇ ਦਿਨ ਐਤਵਾਰ ਨੂੰ ਸਵੇਰੇ ਰੇਡੀਓ 'ਅਵਾਜ਼ ਪੰਜਾਬ' ਰਾਹੀਂ ਪ੍ਰੋ ਦਰਸ਼ਨ ਸਿੰਘ ਨੇ ਕਰੀਬ 40 ਮਿੰਟ ਸੰਗਤਾਂ ਸਾਹਮਣੇ ਆਪਣੇ ਵਿਚਾਰ ਰਖੇ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਤੇ ਨਿੱਤਨੇਮ ਕਰਨ ਉਤੇ ਜੋਰ ਦਿਤਾ। ਉਨ੍ਹਾਂ ਕਿਹਾ ਕਿ ਮੈਂ ਅੰਮ੍ਰਿਤਧਾਰੀ ਹਾਂ ਅਤੇ ਪੰਜਾਂ ਬਾਣੀਆਂ ਦਾ ਨਿੱਤਨੇਮੀ ਹਾਂ।

ਐਤਵਾਰ ਨੂੰ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਚ ਸਵੇਰੇ 11 ਵਜੇ ਦੀਵਾਨ ਸ਼ੁਰੂ ਹੋਇਆ ਜਿਸ ਦੇ ਸ਼ੁਰੂ ਵਿਚ ਬੱਚਿਆਂ ਨੇ ਗੁਰਮਤਿ ਵਿਚਾਰਾਂ ਅਤੇ ਸ਼ਬਦ ਕੀਰਤਨ ਕੀਤਾ। ਭਾਈ ਰੇਸ਼ਮ ਸਿੰਘ, ਸ. ਦਵਿੰਦਰ ਸਿੰਘ ਬੈਂਸ, ਸ. ਬਲਕਾਰ ਸਿੰਘ, ਭਾਈ ਚਮਕੌਰ ਸਿੰਘ ਅਤੇ ਡਾ. ਮਨਬੀਰ ਸਿੰਘ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਭਾਈ ਰੇਸ਼ਮ ਸਿੰਘ ਨੇ ਦਸਮ ਗ੍ਰੰਥ ਬਾਰੇ ਵਿਵਾਦ ਉਤੇ ਉਂਗਲ ਧਰਦਿਆਂ ਖੁਲ੍ਹ ਕੇ ਆਖਿਆ ਕਿ ਅਸੀਂ ਦਸਮ ਪਾਤਸ਼ਾਹ ਦੀ ਪੰਥ ਪ੍ਰਵਾਨਤ ਬਾਣੀ ਨੂੰ ਹਮੇਸ਼ਾਂ ਮੰਨਦੇ ਅਤੇ ਪੜ੍ਹਦੇ ਆਏ ਹਾਂ ਅਤੇ ਕਦੇ ਵੀ ਕੋਈ ਕਿੰਤੂ-ਪਰੰਤੂ ਨਹੀਂ ਕੀਤਾ, ਨਾ ਹੀ ਕਿਸੇ ਸਿੱਖ ਨੂੰ ਕਰਨਾ ਚਾਹੀਦਾ ਹੈ। ਸਾਡਾ ਇਤਰਾਜ ਕੇਵਲ ਦਸਮ ਗ੍ਰੰਥ ਦੀ ਉਸ ਅਸ਼ਲੀਲ ਅਤੇ ਅਣਮਤੀ ਰਚਨਾ ਉਤੇ ਹੈ ਜੋ ਧੁਰ ਕੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀ। ਇਸ ਰਚਨਾ ਬਾਰੇ ਉਂਜ ਵੀ ਵਿਵਾਦ ਹੈ ਅਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਦਸਮ ਗ੍ਰੰਥ ਵਿਚਲੀ ਸਾਰੀ ਬਾਣੀ ਦਸਮ ਪਾਤਸ਼ਾਹ ਦੀ ਨਹੀਂ ਹੋ ਸਕਦੀ ਕਿਉਂਕਿ ਇਹ ਉਨ੍ਹਾਂ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀ।



ਪ੍ਰੋ ਦਰਸ਼ਨ ਸਿੰਘ ਨੇ ਅਪਣੇ ਇਕ ਘੰਟੇ ਦੇ ਕੀਰਤਨ ਪ੍ਰੋਗਰਾਮ ਰਾਹੀਂ ਸੱਚ ਨੂੰ ਪਛਾਨਣ 'ਤੇ ਜੋਰ ਦਿਤਾ ਤੇ ਆਪਣੀ ਵਿਚਾਰ ਦਾ ਵਿਸ਼ਾ 'ਅਬ ਮੈ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੋਹਿ ਆਨੋ।' ਨੂੰ ਬਣਾਇਆ ਅਤੇ ਸਾਬਤ ਕੀਤਾ ਕਿ ਇਹ ਦਸਮ ਪਾਤਸ਼ਾਹ ਦੀ ਆਪਣੀ ਰਚਨਾ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਅਤੇ ਅਖੌਤੀ ਦਸਮ ਗ੍ਰੰਥ ਨਾਲ ਗੁਰੂ ਪਦ ਜੋੜਨਾ ਘੋਰ ਬੇਅਦਬੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਦਸਮ ਗ੍ਰੰਥ ਵਿਚ ਅੰਮ੍ਰਿਤ ਬਾਰੇ ਇਕ ਵੀ ਸ਼ਬਦ ਨਹੀਂ ਹੈ ਜਿਥੋਂ ਅੰਮ੍ਰਿਤ ਛਕਣ ਦੀ ਪ੍ਰੇਰਣਾ ਮਿਲਦੀ ਹੋਵੇ ਅਤੇ ਜਿਹੜਾ ਗੁਰੂ ਜੀ ਦਾ ਮੁਖ ਮੰਤਵ ਹੋਵੇ।

ਸੰਗਤਾਂ ਦੇ ਇਕੱਠ ਅਤੇ ਉਤਸ਼ਾਹ ਤੋਂ ਪਤਾ ਲਗਦਾ ਸੀ ਕਿ ਸੰਗਤਾਂ ਦਾ ਪ੍ਰੋ ਦਰਸ਼ਨ ਸਿੰਘ ਨਾਲ ਅਥਾਹ ਪ੍ਰੇਮ ਹੈ ਅਤੇ ਉਨ੍ਹਾਂ ਨੂੰ ਪੰਥ ਵਿਚੋਂ ਛੇਕੇ ਜਾਣ ਦੀ ਕੋਈ ਪ੍ਰਵਾਹ ਨਹੀਂ। ਭਾਵੇਂ ਜਥੇਦਾਰਾਂ ਦੇ ਹੁਕਮਨਾਮੇ ਨੂੰ ਲੈ ਕੇ ਕੁਝ ਕੁ ਵੀਰ ਰੋਸ ਵਿਖਾਵਾ ਕਰਨ ਆਏ ਹੋਏ ਸਨ ਪਰ ਇਨੇ ਵਡੇ ਇਕੱਠ ਸਮੇਂ ਉਹ ਆਟੇ ਵਿਚ ਲੂਣ ਸਮਾਨ ਹੀ ਸਨ। ਕੀਰਤਨ ਦੀਵਾਨ ਵਿਚ ਇਕ ਖਾਸ ਵਿਲੱਖਣਤਾ ਇਹ ਵੀ ਸੀ ਕਿ ਕੋਈ ਸੰਗਤ ਮੈਂਬਰ ਪੰਡਾਲ ਤੋਂ ਬਾਹਰ ਨਹੀਂ ਸੀ ਦਿਸਦਾ, ਜਿਵੇਂ ਆਮ ਹੀ ਅਜਕਲ੍ਹ ਗੁਰਦੁਆਰਿਆਂ ਵਿਚ ਵੇਖਣ ਨੂੰ ਮਿਲਦਾ ਹੈ।



ਇਹ ਗੱਲ ਵੀ ਵਿਲੱਖਣ ਰਹੀ ਕਿ ਪ੍ਰੋ ਸਾਹਿਬ ਨੂੰ ਗੁਰੂਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਬੱਚਿਆਂ ਵਲੋਂ ਕੀਤੀ ਗਈ। ਜਿਸ ਦੀ ਪ੍ਰੋ ਦਰਸ਼ਨ ਸਿੰਘ ਨੇ ਵਿਸ਼ੇਸ਼ ਸ਼ਲਾਘਾ ਕੀਤੀ। ਸੰਗਤਾਂ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਦੀ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕਰ ਰਹੀਆਂ ਸਨ ਜਿਨ੍ਹਾਂ ਨੇ ਬੜੀ ਸ਼ਰਧਾ ਅਤੇ ਦਲੇਰੀ ਨਾਲ ਪ੍ਰੋ ਸਾਹਿਬ ਦਾ ਇਹ ਪ੍ਰੋਗਰਾਮ ਉਲੀਕਿਆ।




ਇਸ ਪ੍ਰੋਗਰਾਮ ਦੀਆਂ ਤਸਵੀਰਾਂ omnivideousa.com ਤੋਂ ਲਈਆਂ ਜਾ ਸਕਦੀਆਂ ਹਨ।

# ਕਬੱਡੀ ਨੂੰ ਉਤਸ਼ਹਿਤ ਕਰਨ ਲਈ ਹਰ ਹੀਲਾ ਕਰਾਂਗੇ: ਗਾਖਲ

**ਫਰੀਮਾਂਟ (ਬਿਊਰੋ):** 'ਯੂਨਾਈਟਡ ਸਪੋਰਟਸ ਕਲੱਬ ਕਬੱਡੀ ਦੀ ਖੇਡ ਨੂੰ ਉਤਸ਼ਾਹਿਤ ਕਰਨ ਲਈ ਸਭ ਹੀਲੇ-ਵਸੀਲੇ ਕਰੇਗੀ। ਇਸੇ ਮਨੋਰਥ ਨੂੰ ਮੁਖ ਰਖ ਕੇ ਕਲੱਬ ਵਲੋਂ ਕਬੱਡੀ ਕੱਪ ਟੂਰਨਾਮੈਂਟ ਕਰਵਾਇਆ ਜਾਂਦਾ ਹੈ ਅਤੇ ਆਪਣੀ ਅੰਡਰ 21 ਟੀਮ ਤਿਆਰ ਕੀਤੀ ਗਈ ਹੈ।' ਇਹ ਸ਼ਬਦ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਇਥੇ ਰਾਜਾ ਸਵੀਟਸ ਵਿਚ ਅੰਡਰ 21 ਕਬੱਡੀ ਟੀਮ, ਕਲੱਬ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਇਕ ਸਮਾਗਮ ਵਿਚ ਕਹੇ।

ਇਹ ਸਮਾਗਮ ਕਲੱਬ ਦੀ ਅੰਡਰ 21 ਟੀਮ ਵਲੋਂ ਪਿਛਲੇ ਹਫਤੇ ਕਰਮਨ ਕਸਬੇ ਵਿਚ ਹੋਏ ਕਬੱਡੀ ਟੂਰਨਾਮੈਂਟ ਦੌਰਾਨ ਹਾਸਲ ਕੀਤੀ ਜਿੱਤ ਦੀ ਖੁਸ਼ੀ ਵਿਚ ਕਬੱਡੀ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਦੇ ਮਨੋਰਥ ਨਾਲ ਕਲੱਬ ਦੇ ਡਾਇਰੈਕਟਰ ਸ. ਮੱਖਣ ਸਿੰਘ ਬੈਂਸ ਵਲੋਂ ਕੀਤਾ ਗਿਆ ਸੀ। ਰਾਤ ਦੇ ਖਾਣੇ 'ਤੇ ਹੋਏ ਸਮਾਗਮ ਦੌਰਾਨ ਕਲੱਬ ਮੈਂਬਰਾਂ ਦੀ ਨਵੇਂ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ ਗਈ। ਜ਼ਿਕਰਯੋਗ ਹੈ ਕਿ ਨਵੇਂ ਖਿਡਾਰੀ ਪੈਦਾ ਕਰਨ ਵਿਚ ਕੋਚ ਧੰਨੇ ਪਹਿਲਵਾਨ ਨੇ ਅਹਿਮ ਭੂਮਿਕਾ ਨਿਭਾਈ। ਚੇਅਰਮੈਨ ਸ੍ਰੀ ਗਾਖਲ ਨੇ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਣਾ ਦਿਤੀ। ਉਨ੍ਹਾਂ ਆਖਿਆ ਕਿ ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਭ ਤੋਂ ਵਧੀਆ ਸਾਧਨ ਹਨ। ਯੂਨਾਈਟਿਡ ਸਪੋਰਟਸ ਕਲੱਬ ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਹੀ ਵਿਸ਼ਵ ਕੱਪ ਮੁਕਾਬਲਾ ਕਰਾਉਂਦਾ ਹੈ। ਉਨ੍ਹਾਂ ਖਿਡਾਰੀਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਵੀ ਕੀਤੀ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਮੱਖਣ ਸਿੰਘ ਬੈਂਸ, ਗਿਆਨੀ ਰਵਿੰਦਰ ਸਿੰਘ, ਸਵਰਗੀ ਲਾਹੌਰੀ ਰਾਮ ਦੇ ਸਪੁਤਰ ਜਗਦੇਵ ਅਤੇ ਪਾਲ, ਸ. ਬਾਠ, ਬਲਬੀਰ ਸਿੰਘ ਭਾਟੀਆ, ਪਰਮਜੀਤ ਸਿੰਘ ਸੰਧੂ, ਜਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਕੁਲਦੀਪ ਸਿੰਘ ਮਾਨ, ਦਲਵਿੰਦਰ ਸਿੰਘ ਪੱਡਾ, ਸ. ਹੋਠੀ, ਧੰਨਾ ਪਹਿਲਵਾਨ ਅਤੇ ਬਹੁਤ ਸਾਰੇ ਕਬੱਡੀ ਖਿਡਾਰੀ ਹਾਜਰ ਸਨ।



*ਅੰਡਰ 21 ਕਬੱਡੀ ਟੀਮ ਕਲੱਬ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨਾਲ*



*ਪਿਛਲੇ ਦਿਨੀਂ ਅਮਰੀਕੀ ਦੌਰੇ 'ਤੇ ਆਏ ਹਾਕੀ ਓਲੰਪੀਅਨ ਸ. ਸੁਰਿੰਦਰ ਸਿੰਘ ਸੋਢੀ ਨਾਲ ਯੂਨਾਈਟਿਡ ਸਪੋਰਟਸ ਕਲੱਬ ਦੇ ਅਹੁਦੇਦਾਰ ਅਤੇ ਕੁਝ ਹੋਰ ਸੱਜਣ*

# ਰਕਾਬਗੰਜ ਗੁਰੂਘਰ ਦੇ ਸੁੰਦਰੀਕਰਨ ਦਾ ਪ੍ਰਾਜੈਕਟ ਸਿਆਸਤ ਦੀ ਭੇਟ

**ਚੰਡੀਗੜ੍ਹ:** ਦਿੱਲੀ ਦੇ ਇਤਿਹਾਸਕ ਗੁਰਦੁਆਰਾ ਰਕਾਬਗੰਜ ਦੇ ਸੁੰਦਰੀਕਰਨ ਤੇ ਵਿਕਾਸ ਲਈ ਬਣਾਇਆ 300 ਕਰੋੜ ਰੁਪਏ ਦਾ ਪ੍ਰਾਜੈਕਟ ਸਿਆਸਤ ਦੀ ਭੇਟ ਚੜ੍ਹ ਗਿਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਸ ਪ੍ਰਾਜੈਕਟ ਦਾ ਨੀਂਹ ਪੱਥਰ 14 ਮਈ ਨੂੰ ਰੱਖਣਾ ਸੀ ਪਰ ਹੁਣ ਉਨ੍ਹਾਂ ਆਖ ਦਿੱਤਾ ਹੈ ਕਿ ਉਹ ਉਸ ਦਿਨ ਨਹੀਂ ਆ ਸਕਦੇ ਜਦਕਿ ਪਹਿਲਾਂ ਉਨ੍ਹਾਂ ਨੇ ਨੀਂਹ ਪੱਥਰ ਰੱਖਣ ਲਈ ਆਉਣ ਵਾਸਤੇ ਹਾਮੀ ਭਰੀ ਸੀ।

ਦੂਜੇ ਪਾਸੇ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਹੀਨੇ ਦੀ ਕੋਈ ਹੋਰ ਤਰੀਕ ਦੇ ਦੇਣ। ਗੁਰਦੁਆਰਾ ਸਾਹਿਬ ਦੇ ਸੰਸਦ ਭਵਨ ਤੇ ਕੇਂਦਰ ਦੇ ਹੋਰ ਕਈ ਦਫਤਰਾਂ ਦੇ ਨੇੜੇ ਹੋਣ ਕਾਰਨ ਦਿੱਲੀ ਗੁਰਦੁਆਰਾ ਕਮੇਟੀ ਨੇ ਇਸ ਸੁੰਦਰੀਕਰਨ ਤੇ ਵਿਕਾਸ ਪ੍ਰਾਜੈਕਟ ਲਈ ਦੁਨੀਆਂ ਦੇ ਸਭ ਤੋਂ ਬਿਹਤਰ ਨਕਸ਼ਾਨਵੀਸ ਤੇ ਯੋਜਨਾਕਾਰ ਸੱਦੇ ਸਨ।



ਇਸ ਪ੍ਰਾਜੈਕਟ ਦਾ ਸ਼੍ਰੋਮਣੀ ਅਕਾਲੀ ਦਲ ਸਣੇ ਕਮੇਟੀ ਦੀਆਂ ਕਈ ਹੋਰ ਵਿਰੋਧੀ ਧਿਰਾਂ ਨੇ ਵਿਰੋਧ ਕੀਤਾ ਹੈ। ਇਹੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਇਸ ਮਾਮਲੇ ਤੋਂ ਦੂਰੀ ਰੱਖ ਰਹੇ ਹਨ। ਪ੍ਰਾਜੈਕਟ ਦਾ ਵਿਰੋਧ ਕਰ ਰਹੀਆਂ ਧਿਰਾਂ ਦਾ ਕਹਿਣਾ ਹੈ ਕਿ ਜਿਹੋ ਜਿਹਾ ਪ੍ਰਾਜੈਕਟ ਹੈ, ਉਹ ਸੁਰੱਖਿਆ ਲਿਹਾਜ਼ ਤੋਂ ਠੀਕ ਨਹੀਂ, ਜਦਕਿ ਸੁਰੱਖਿਆ ਤੇ ਖੁਫੀਆ ਏਜੰਸੀਆਂ ਮੌਕੇ ਦਾ ਦੌਰਾ ਕਰਕੇ ਪ੍ਰਾਜੈਕਟ ਨੂੰ ਹਰੀ ਝੰਡੀ ਦੇ ਚੁੱਕੀਆਂ ਹਨ। ਪ੍ਰਾਜੈਕਟ ਦੇ ਰਾਹ ਵਿਚ ਦਿੱਲੀ ਵਿਚਲੇ ਸਿੱਖਾਂ ਦੀ ਧੜੇਬੰਦੀ ਆ ਗਈ ਹੈ। ਸੂਤਰਾਂ ਮੁਤਾਬਕ ਪ੍ਰਾਜੈਕਟ ਲਈ ਪੈਸਾ ਸਿਰਫ ਦਿੱਲੀ ਦੇ ਸਿੱਖ ਹੀ ਨਹੀਂ ਸਗੋਂ ਸਾਰੀ ਦੁਨੀਆਂ ਦੇ ਸਿੱਖ ਦੇ ਰਹੇ ਹਨ। ਇਸ ਪ੍ਰਾਜੈਕਟ ਦਾ ਵਿਚਾਰ 1995 ਵਿਚ ਆਇਆ ਸੀ ਉਦੋਂ ਦਿੱਲੀ ਕਮੇਟੀ ਨੇ ਯੋਜਨਾ ਬਾਰੇ ਤਤਕਾਲੀ ਗ੍ਰਹਿ ਮੰਤਰੀ ਐਸ.ਬੀ. ਚਵਾਨ ਨਾਲ ਵਿਚਾਰ ਕੀਤਾ ਸੀ। ਉਨ੍ਹਾਂ ਤੋਂ ਇਲਾਵਾ ਸੁਰੱਖਿਆ ਤੇ ਖੁਫੀਆ ਏਜੰਸੀਆਂ, ਦਿੱਲੀ ਦੀ ਟਰੈਫਿਕ ਪੁਲਿਸ ਸਣੇ ਉਸ ਦੀਆਂ ਹੋਰ ਸ਼ਾਖਾਵਾਂ ਨਾਲ ਵੀ ਮੀਟਿੰਗਾਂ ਕੀਤੀਆਂ ਸਨ। ਕਮੇਟੀ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਇਸ ਵੱਡੇ ਪ੍ਰਾਜੈਕਟ ਦਾ ਨੀਂਹ ਪੱਥਰ ਦੇਸ਼ ਦੇ ਸਿੱਖ ਪ੍ਰਧਾਨ ਮੰਤਰੀ ਤੋਂ ਇਲਾਵਾ ਹੋਰ ਕਿਸੇ ਤੋਂ ਰਖਵਾਉਣਾ ਠੀਕ ਨਹੀਂ।



*ਸੰਨੀਵੇਲ (ਕੈਲੀਫੋਰਨੀਆ) ਸ਼ਹਿਰ ਦੇ ਮੇਅਰ ਸ੍ਰੀ ਡੇਵਿਡ ਸਨਿਚਰਵਾਰ ਹਿੰਦੂ ਟੈਂਪਲ ਸੰਨੀਵੇਲ ਆਏ ਤਾਂ ਉਨ੍ਹਾਂ ਦਾ ਸੰਨੀਵੇਲ ਟੈਂਪਲ ਦੇ ਮੁੱਖ ਸੇਵਾਦਾਰ ਸ੍ਰੀ ਰਾਜ ਭਨੋਟ ਵਲੋਂ ਉਚੇਚਾ ਮਾਣ-ਸਤਿਕਾਰ ਕੀਤਾ ਗਿਆ। ਇਹ ਤਸਵੀਰ ਇਸ ਮੌਕੇ ਦੀ ਹੈ।*

## ਜਨਮ ਦਿਨ ਮੁਬਾਰਕ



ਤੇਜਰੂਪ ਸਿੰਘ ਸਪੁੱਤਰ ਸਵਰਗੀ ਸਰਪੰਚ ਮਨਿੰਦਰ ਸਿੰਘ ਅਤੇ ਬੀਬੀ ਰਵਿੰਦਰ ਕੌਰ ਵਾਸੀ ਪਿੰਡ ਨਬੀਪੁਰ ਨੂੰ

**14ਵੇਂ ਜਨਮ ਦਿਨ ਤੇ ਬਹੁਤ ਬਹੁਤ ਵਧਾਈ।**

*To Advertise with Punjab Times*
*Call: 847-359-0746*









# ਸ੍ਰੀ ਦਰਬਾਰ ਸਾਹਿਬ ਕੰਪਲੈਕਸ 127 ਕੈਮਰਿਆਂ ਨਾਲ ਲੈਸ

## ਤਕਰੀਬਨ ਡੇਢ ਕਰੋੜ ਰੁਪਏ ਖਰਚੇ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਪ੍ਰਬੰਧਾਂ ਦੀ ਨਿਗਰਾਨੀ ਤੇ ਚੌਕਸੀ ਵਧਾਉਣ ਦੇ ਮੰਤਵ ਨਾਲ ਇਥੇ ਤਕਰੀਬਨ ਡੇਢ ਕਰੋੜ ਰੁਪਏ ਨਾਲ 127 ਸੀ.ਸੀ.ਟੀ.ਵੀ. ਕੈਮਰੇ ਲੱਗ ਗਏ ਹਨ ਤੇ ਇਸ ਦਾ ਕੰਟਰੋਲ ਰੂਮ ਵੀ ਕਾਇਮ ਕਰ ਦਿੱਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਸੁਰੱਖਿਆ ਪ੍ਰਬੰਧਾਂ ਨੂੰ ਚੌਕਸ ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਥੇ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀ ਯੋਜਨਾ ਬਣਾਈ ਗਈ ਸੀ ਜਿਸ ਨੂੰ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਮਗਰੋਂ ਅਮਲ ਵਿਚ ਲਿਆਉਣ ਲਈ ਕੰਮ ਸ਼ੁਰੂ ਕੀਤਾ ਗਿਆ ਸੀ।ਪਰ ਇਸ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਲੰਮਾਂ ਸਮਾਂ ਲੱਗ ਗਿਆ ਹੈ।

ਕੰਪਲੈਕਸ ਵਿਖੇ 127 ਸੀ.ਸੀ.ਟੀ.ਵੀ. ਕੈਮਰੇ ਲਾ ਦਿੱਤੇ ਗਏ ਹਨ ਤੇ ਕਮਰਿਆਂ ਦੀ ਕਾਰਗੁਜ਼ਾਰੀ ਦੇਖਣ ਵਾਸਤੇ ਪਰਿਕਰਮਾ ਵਿਚ ਗੁ: ਝੰਡਾ ਬੁੰਗਾ ਨੇੜੇ ਵੱਖਰਾ ਕੰਟਰੋਲ ਰੂਮ ਕਾਇਮ ਕੀਤਾ ਗਿਆ ਹੈ। ਇਸ ਬਾਰੇ ਚੱਲ ਰਹੇ ਤਜਰਬੇ ਦੌਰਾਨ ਇਸ ਕੰਟਰੋਲ ਰੂਮ ਵਿਚ ਲੱਗੀਆਂ ਅੱਠ ਐਲ.ਸੀ.ਡੀ. ਸਕਰੀਨਾਂ ਤੇ ਹੋਰ ਉਪਕਰਨਾਂ ਰਾਹੀਂ ਕੰਪਲੈਕਸ 'ਤੇ ਨਜ਼ਰ ਰੱਖੀ ਜਾ ਰਹੀ ਹੈ। ਕੈਮਰਿਆਂ ਵਿਚ ਚਾਰ ਅਜਿਹੇ ਆਈ.ਆਰ. (ਇਨਫਰਾਰੈਡ) ਕੈਮਰੇ ਵੀ ਸ਼ਾਮਲ ਹਨ ਜੋ ਹਨ੍ਹੇਰੇ ਵਿਚ ਵੀ ਤਸਵੀਰ ਲੈਣ ਦੇ ਸਮਰੱਥ ਹੋਣਗੇ। ਇਨ੍ਹਾਂ ਤੋਂ ਇਲਾਵਾ 11 ਕੈਮਰੇ ਆਊਟ ਡੋਰ ਜ਼ੂਮ ਵਾਲੇ ਹਨ ਜੋ 360 ਡਿਗਰੀ 'ਤੇ ਘੁੰਮਦਿਆਂ ਦੂਰ ਤਕ ਨਿਗ੍ਹਾ ਰੱਖਣ ਦੇ ਸਮਰੱਥ ਹਨ। ਇਨ੍ਹਾਂ 'ਚ ਪੰਜ ਕੈਮਰੇ ਇਨ ਡੋਰ ਪੀ.ਟੀ. ਜ਼ੈਡ ਤੇ 101 ਕੈਮਰੇ ਆਊਟ ਡੋਰ ਬਾਕਸ ਸ਼ਾਮਲ ਹਨ। ਇਹ ਕੈਮਰੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੇ ਇਸ ਦੇ ਵਰਾਂਡਿਆਂ ਦੇ ਅੰਦਰ, ਚਾਰੋਂ ਦਿਸ਼ਾਵਾਂ ਵਿਚ ਬਣੀਆਂ ਛਬੀਲਾਂ, ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀਆਂ ਦੋਵਾਂ ਮੰਜ਼ਿਲਾਂ 'ਚ, ਇਸ ਦੇ ਭੰਡਾਰ ਘਰ, ਸ੍ਰੀ ਗੁਰੂ ਰਾਮਦਾਸ ਸਰਾਂ, ਸ੍ਰੀ ਗੁਰੂ ਅਰਜਨ ਦੇਵ ਨਿਵਾਸ, ਸ੍ਰੀ ਗੁਰੂ ਹਰਿਗੋਬਿੰਦ ਨਿਵਾਸ ਦੇ ਬਾਹਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ, ਘੰਟਾ ਘਰ ਦੇ ਬਾਹਰ ਕੈਮਰੇ, ਕੜਾਹਿ ਪ੍ਰਸ਼ਾਦਿ, ਗਠੜੀ ਘਰ, ਜੋੜਾ ਘਰ, ਗੋਲਕਾਂ, ਖਜ਼ਾਨਾ ਗਿਣਤੀ ਵਾਲੇ ਕਮਰੇ, ਸ਼੍ਰੋਮਣੀ ਕਮੇਟੀ ਦੇ ਪ੍ਰਸ਼ਾਸਕੀ ਦਫਤਰ ਵਿਚ ਤੇ ਹੋਰ ਜ਼ਰੂਰੀ ਥਾਵਾਂ 'ਤੇ ਇਹ ਲਾਏ ਗਏ ਹਨ। ਦਰਸ਼ਨੀ ਡਿਉਢੀ ਤੋਂ ਲੈ ਕੇ ਪੁਲ ਉਪਰ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੀ.ਸੀ.ਟੀ.ਵੀ. ਕੈਮਰੇ ਲਾਉਣੇ ਬਾਕੀ ਹਨ। ਇਸ ਥਾਂ 'ਤੇ ਵਾਇਰਲੈਸ ਕੈਮਰੇ ਲਾਉਣ ਦੀ ਯੋਜਨਾ ਹੈ ਤਾਂ ਜੋ ਇਸ ਸਥਾਨ ਦੀ ਸੁੰਦਰਤਾ ਨੂੰ ਤਾਰਾਂ ਦੇ ਜਾਲ ਤੋਂ ਬਚਾਇਆ ਜਾ ਸਕੇ। ਇਸ ਨੂੰ ਵੀ ਧਿਆਨ ਵਿਚ ਰੱਖਿਆ ਜਾਵੇਗਾ ਕਿ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਦੌਰਾਨ ਕੋਈ ਵਿਘਨ ਨਾ ਪਵੇ।



ਸ੍ਰੀ ਦਰਬਾਰ ਸਾਹਿਬ ਕੰਪਲੈਕਸ, ਅੰਮ੍ਰਿਤਸਰ ਵਿਚ ਲਾਏ ਕੈਮਰੇ

ਇਸ ਯੋਜਨਾ ਦੀ ਤਕਨੀਕੀ ਪੱਖੋਂ ਦੇਖ-ਰੇਖ ਕਰ ਰਹੇ ਨਿਸ਼ਾਨ ਸਿੰਘ ਨੇ ਦੱਸਿਆ ਕਿ ਕੰਟਰੋਲ ਰੂਮ ਦਾ ਕੰਮ ਵੀ ਮੁਕੰਮਲ ਹੋ ਚੁੱਕਾ ਹੈ ਤੇ ਕੈਮਰਿਆਂ ਦੀ ਕਾਰਗੁਜ਼ਾਰੀ ਨੂੰ ਦੇਖਣ ਵਾਸਤੇ 6 ਕਰਮਚਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ ਜਿਨ੍ਹਾਂ ਨੂੰ ਹੁਣ ਇਕ ਨਿੱਜੀ ਸੁਰੱਖਿਆ ਏਜੰਸੀ ਵਿਨਟੇਜ ਸਕਿਓਰਿਟੀ ਸਲਿਊਸ਼ਨ ਵੱਲੋਂ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਦੌਰਾਨ ਇਕ ਵਿਸ਼ੇਸ਼ ਸਾਫਟਵੇਅਰ ਵੀ ਲਾਂਚ ਕੀਤਾ ਜਾਵੇਗਾ ਜੋ ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਪ੍ਰਬੰਧਕਾਂ ਨੂੰ ਲਾਵਾਰਿਸ ਚੀਜ਼ਾਂ ਬਾਰੇ ਚੌਕਸ ਕਰੇਗਾ। ਇਸ ਦੀ ਮਦਦ ਨਾਲ ਪਵਿੱਤਰ ਸਰੋਵਰ ਦੀ ਵੀ ਨਿਗਰਾਨੀ ਹੋਵੇਗੀ। ਇਸ਼ਨਾਨ ਸਮੇਂ ਕਿਸੇ ਵਿਅਕਤੀ ਦੇ ਡੂੰਘੇ ਪਾਣੀ ਵਿਚ ਜਾਣ 'ਤੇ ਇਹ ਕੈਮਰੇ ਪ੍ਰਬੰਧਕਾਂ ਨੂੰ ਚੌਕਸ ਕਰਨਗੇ। ਇਸੇ ਤਰ੍ਹਾਂ ਖਜ਼ਾਨੇ ਦੀ ਗਿਣਤੀ ਸਮੇਂ ਹੇਰਾਫੇਰੀ ਹੋਣ 'ਤੇ ਵੀ ਇਹ ਕੈਮਰੇ ਚੌਕਸ ਕਰਨਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਾਂ ਦੀ ਨਿਗਰਾਨੀ ਅਤੇ ਸੁਰੱਖਿਆ ਪੱਖੋਂ ਚੌਕਸੀ ਅਹਿਮ ਹਨ। ਇਸੇ ਤਹਿਤ ਸੀ.ਸੀ.ਟੀ.ਵੀ. ਕੈਮਰੇ ਲਾਏ ਗਏ ਹਨ ਤੇ ਜਲਦੀ ਹੀ ਇਨ੍ਹਾਂ ਦਾ ਵਿਧੀਵਤ ਉਦਘਾਟਨ ਕਰਕੇ ਕੰਮ ਆਰੰਭ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਥੇ ਤਾਇਨਾਤ ਸੁਰੱਖਿਆ ਕਰਮਚਾਰੀਆਂ ਤੇ ਹੋਰ ਅਮਲੇ ਨੂੰ ਵੀ ਵਿਸ਼ੇਸ਼ ਸਿਖਲਾਈ ਦੇ ਕੇ ਵਧੇਰੇ ਸਮਰੱਥ ਬਣਾਇਆ ਜਾਵੇਗਾ ਤਾਂ ਜੋ ਉਹ ਹੰਗਾਮੀ ਹਾਲਤਾਂ ਵਿਚ ਕੰਮ ਕਰ ਸਕਣ। ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਮਿਲਣ ਵਾਲੀ ਸੂਚਨਾ ਨੂੰ ਸੁਰੱਖਿਆ ਕਰਮਚਾਰੀਆਂ ਤਕ ਪਹੁੰਚਾਉਣ ਲਈ ਉਨ੍ਹਾਂ ਨੂੰ ਵਾਕੀ ਟਾਕੀ ਸੈੱਟ ਵੀ ਦਿੱਤੇ ਜਾਣੇ।

# ਗੁਰਦੁਆਰਾ ਪੰਜਾ ਸਾਹਿਬ 'ਚ ਮਰਿਆਦਾ ਭੰਗ

### ਗੁਰਦੁਆਰੇ ਦੇ ਕੇਅਰ ਟੇਕਰ ਨੇ ਮੀਟ ਰਿੰਨ੍ਹਿਆ

**ਲਾਹੌਰ:** ਸਿੱਖਾਂ ਤੇ ਹਿੰਦੂਆਂ ਦੇ ਧਾਰਮਿਕ ਸਥਾਨਾਂ ਦੇ ਕਸਟੋਡੀਅਨ ਔਕਾਫ ਬੋਰਡ 'ਤੇ ਸਿੱਖ ਭਾਈਚਾਰੇ ਨੇ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ 'ਚ ਸਿੱਖ ਮਰਿਆਦਾ ਦੇ ਉਲਟ ਕੰਮ ਕਰਨ ਦੇ ਦੋਸ਼ ਲਾਏ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਪਵਿੱਤਰ ਅਸਥਾਨ 'ਤੇ ਮਾਸ, ਆਂਡੇ ਰਿੰਨ੍ਹੇ ਜਾਂਦੇ ਹਨ। ਦੁਨੀਆਂ ਭਰ ਦੇ ਸਿੱਖਾਂ ਲਈ ਹਸਨ ਅਬਦਾਲ ਦਾ ਗੁਰਦੁਆਰਾ ਸਾਹਿਬ ਸਭ ਤੋਂ ਪਵਿੱਤਰ ਮੁਕਾਮ ਹੈ। ਸਿੱਖ ਭਾਈਚਾਰੇ ਦੇ ਆਗੂ ਬਿਸ਼ਨ ਸਿੰਘ ਦਾ ਕਹਿਣਾ ਹੈ ਕਿ ਉਹ ਔਕਾਫ ਬੋਰਡ ਵਿਰੁੱਧ ਇਸ ਮਾਮਲੇ 'ਚ ਐਫ.ਆਈ.ਆਰ. ਦਰਜ ਕਰਵਾਉਣਾ ਚਾਹੁੰਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਬੋਰਡ ਕੁਤਾਹੀਆਂ ਕਰਨ ਵਾਲੇ ਲੋਕਾਂ ਵਿਰੁੱਧ ਕਾਰਵਾਈ ਦੀ ਥਾਂ ਮਾਮਲੇ ਨੂੰ ਅਣਡਿੱਠ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਰਿਪੋਰਟ ਦਰਜ ਕਰਕੇ ਗੁਰਦੁਆਰੇ 'ਚ ਮੀਟ ਰਿੰਨ੍ਹਣ ਵਾਲਿਆਂ ਨੂੰ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਿੱਖੀ 'ਚ ਮੀਟ-ਆਂਡੇ ਤੇ ਤੰਬਾਕੂ ਦੀ ਉਵੇਂ ਹੀ ਮਨਾਹੀ ਹੈ ਜਿਵੇਂ ਇਸਲਾਮ 'ਚ ਸੂਰ ਦੇ ਮਾਸ ਦੀ ਹੈ। ਗੁਰਦੁਆਰਾ ਪੰਜਾ ਸਾਹਿਬ ਸੇਵਾਦਾਰ ਸੁਸਾਇਟੀ ਦੇ ਪ੍ਰੀਤਮ ਸਿੰਘ ਨੇ ਦੱਸਿਆ ਕਿ ਸਥਾਨਕ ਮੁਸਲਿਮ ਸਟਾਫ ਨਾਲ ਗੁਰਦੁਆਰੇ ਦੇ ਕੇਅਰ ਟੇਕਰ ਨੇ ਐਤਵਾਰ ਨੂੰ ਗੁਰਦੁਆਰੇ ਅੰਦਰ ਮਾਸ ਪਕਾਇਆ। ਪ੍ਰੀਤਮ ਸਿੰਘ ਨੇ ਦੱਸਿਆ ਕਿ ਉਸ ਨੇ ਸਟਾਫ ਦੇ ਇਕ ਮੈਂਬਰ ਨੂੰ ਰਸੋਈ 'ਚ ਮੀਟ ਨਾਲ ਰੰਗੇ ਹੱਥੀਂ ਫੜ ਲਿਆ ਤੇ ਇਸ ਦੀ ਸ਼ਿਕਾਇਤ ਨਿਗਰਾਨ ਮਮਰੂਜ਼ ਖਾਨ ਨੂੰ ਕੀਤੀ ਜਿਸ ਨੇ ਉਸ ਦੀ ਗੱਲ ਨਹੀਂ ਸੁਣੀ। ਮਗਰੋਂ ਔਕਾਫ ਬੋਰਡ ਦੇ ਵਧੀਕ ਸਕੱਤਰ ਤੇ ਡਿਪਟੀ ਪ੍ਰਸ਼ਾਸਕ ਨੇ ਜਾਂਚ ਕਰਵਾ ਕੇ ਗੁਰਦੁਆਰੇ ਦਾ ਸਾਰਾ ਸਟਾਫ ਬਦਲ ਦਿੱਤਾ ਪਰ ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਦੋਸ਼ੀ ਮੁਲਜ਼ਮਾਂ ਨੂੰ ਘੱਟੋ-ਘੱਟ ਮੁਅੱਤਲ ਤਾਂ ਕੀਤਾ ਜਾਣਾ ਚਾਹੀਦਾ ਹੈ ਪਰ ਔਕਾਫ ਬੋਰਡ ਨੇ ਇਸ ਤੋਂ ਇਨਕਾਰ ਕਰ ਦਿੱਤਾ।

## ਕਤਲ ਦੇ ਮਾਮਲੇ 'ਚ ਦੋ ਔਰਤਾਂ ਸਣੇ ਪੰਜ ਨੂੰ ਉਮਰ ਕੈਦ

**ਨਵਾਂਸ਼ਹਿਰ:** ਢਾਈ ਸਾਲ ਪਹਿਲਾਂ ਪਿੰਡ ਸਹਾਬਪੁਰ 'ਚ ਹੋਏ ਕਤਲ ਦੇ ਮਾਮਲੇ ਵਿਚ ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਦੋ ਔਰਤਾਂ ਸਮੇਤ ਪੰਜ ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜ਼ਿਕਰਯੋਗ ਹੈ ਕਿ 26 ਨਵੰਬਰ 2008 ਨੂੰ ਪੁਲੀਸ ਥਾਣਾ ਸਦਰ ਵਿਚ ਮਨਜੀਤ ਕੌਰ ਪਤਨੀ ਤੀਰਥ ਵਾਸੀ ਸਹਾਬਪੁਰ ਨੇ ਸ਼ਿਕਾਇਤ ਕੀਤੀ ਕਿ ਉਸ ਨੂੰ ਉਸ ਦੇ ਸ਼ਰੀਕ ਆਪਣੇ ਘਰ ਦੀ ਵੰਡ ਵਿਚ ਮਿਲੇ ਕਮਰੇ ਵਿਚ ਰਹਿੰਦਿਆਂ ਪ੍ਰੇਸ਼ਾਨ ਕਰਦੇ ਰਹਿੰਦੇ ਸਨ। ਜਦੋਂ ਉਸ ਨੇ ਆਪਣੇ ਪੇਕੇ ਘਰ ਦੱਸਿਆ ਤਾਂ ਉਸ ਦਾ ਭਰਾ ਹਰਮੇਸ਼ ਕੁਮਾਰ ਵਾਸੀ ਭੱਜਲਾਂ ਪਿੰਡ ਸਹਾਬਪੁਰ ਗੱਲਬਾਤ ਕਰਨ ਆਇਆ ਤਾਂ ਉਸ ਨੂੰ ਕੁਲਦੀਪ ਪੁੱਤਰ ਹਰਭਜਨ ਸਿੰਘ, ਭੁਪਿੰਦਰ ਸਿੰਘ ਪੁੱਤਰ ਗੁਰਦਿਆਲ, ਗੁਰਦੀਪ ਕੌਰ ਪਤਨੀ ਕੁਲਦੀਪ ਸਿੰਘ ਤੇ ਹਰਭਜਨ ਸਿੰਘ ਪੁੱਤਰ ਕਰਮ ਸਿੰਘ ਨੇ ਕੁੱਟਮਾਰ ਕਰਦਿਆਂ ਮਾਰ ਦਿੱਤਾ। ਪੁਲੀਸ ਵਲੋਂ ਇਸ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ ਜਿਸ ਦੀ ਸੁਣਵਾਈ ਕਰਦਿਆਂ ਜ਼ਿਲ੍ਹਾ ਅਦਾਲਤ ਵੱਲੋਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਤੇ ਤਿੰਨ-ਤਿੰਨ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ।

# ਮਤਰੇਏ ਪਿਉ ਨੇ ਸੱਤ ਸਾਲਾ ਬੱਚੇ ਨੂੰ ਭੱਠੀ 'ਚ ਸੁੱਟਿਆ

**ਅੰਮ੍ਰਿਤਸਰ:** ਮਤਰੇਏ ਪਿਉ ਵੱਲੋਂ ਸੱਤ ਸਾਲਾ ਬੱਚੇ ਨੂੰ ਅੱਗ ਦੀ ਭੱਠੀ ਵਿਚ ਸੁੱਟ ਕੇ ਮਾਰ ਦਿੱਤਾ ਗਿਆ। ਪੁਲੀਸ ਅਨੁਸਾਰ ਜੰਡਿਆਲਾ ਗੁਰੂ ਵਾਸੀ ਪਰਮਜੀਤ ਸਿੰਘ ਨੇ ਪਿਛਲੇ ਵਰ੍ਹੇ ਦਸੰਬਰ ਵਿੱਚ ਜੰਡਿਆਲਾ ਗੁਰੂ ਥਾਣੇ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਸੱਤ ਸਾਲਾ ਬੇਟਾ ਪ੍ਰਭਦੀਪ ਸਿੰਘ 20 ਦਸੰਬਰ ਤੋਂ ਲਾਪਤਾ ਹੈ। ਉਸ ਨੇ ਪੁਲੀਸ ਨੂੰ ਦੱਸਿਆ ਕਿ ਪ੍ਰਭਦੀਪ ਨੂੰ ਫਿਰੌਤੀ ਦੇ ਲਾਲਚ ਹੇਠ ਅਗਵਾ ਕੀਤਾ ਗਿਆ ਹੈ ਤੇ ਅਗਵਾਕਾਰਾਂ ਨੇ ਉਸਦੇ ਘਰ ਫੋਨ ਕਰਕੇ ਦੋ ਲੱਖ ਰੁਪਏ ਫਿਰੌਤੀ ਵਜੋਂ ਮੰਗੇ ਹਨ।

ਪੁਲੀਸ ਵੱਲੋਂ ਵੀ ਇਸੇ ਦਿਸ਼ਾ ਵਿਚ ਹੀ ਕੰਮ ਕੀਤਾ ਜਾ ਰਿਹਾ ਸੀ ਪਰ ਇਸ ਦੌਰਾਨ ਜਦੋਂ ਪਰਿਵਾਰਕ ਮੈਂਬਰ ਅਗਵਾਕਾਰਾਂ ਵੱਲੋਂ ਮੰਗੀ ਗਈ ਫਿਰੌਤੀ ਦੇਣ ਲਈ ਗਏ ਤਾਂ ਫਿਰੌਤੀ ਲੈਣ ਲਈ ਕੋਈ ਨਹੀਂ ਆਇਆ। ਇਸ 'ਤੇ ਪੁਲੀਸ ਨੂੰ ਸ਼ੱਕ ਪੈ ਗਿਆ।

ਜਾਂਚ ਦੌਰਾਨ ਪੁਲੀਸ ਨੂੰ ਪਤਾ ਲੱਗਾ ਕਿ ਪਰਮਜੀਤ ਸਿੰਘ ਨੇ ਆਪਣਾ ਗੁਨਾਹ ਛੁਪਾਉਣ ਲਈ ਅਗਵਾ ਦਾ ਡਰਾਮਾ ਰਚਿਆ ਹੈ।

ਪੁਲੀਸ ਨੇ ਉਸ ਨੂੰ ਹਿਰਾਸਤ ਵਿਚ ਲੈ ਕੇ ਜਦੋਂ ਪੁੱਛ ਪੜਤਾਲ ਕੀਤੀ ਤਾਂ ਉਸ ਨੇ ਦੱਸਿਆ ਕਿ ਪ੍ਰਭਦੀਪ ਸਿੰਘ ਉਸ ਦਾ ਮਤਰੇਆ ਪੁੱਤਰ ਸੀ ਤੇ ਪਰਮਜੀਤ ਸਿੰਘ ਨੂੰ ਡਰ ਸੀ ਕਿ ਇਹ ਵੱਡਾ ਹੋ ਕੇ ਉਸ ਦੀ ਸਾਰੀ ਜਾਇਦਾਦ ਦਾ ਵਾਰਸ ਬਣੇਗਾ। ਇਸੇ ਲਈ ਉਸ ਨੇ ਉਸ ਨੂੰ ਰਾਹ ਵਿਚੋਂ ਹਟਾਉਣ ਦੀ ਯੋਜਨਾ ਬਣਾ ਲਈ। ਪਰਮਜੀਤ ਸਿੰਘ ਲੋਹੇ ਦੀ ਢਲਾਈ ਦਾ ਕੰਮ ਕਰਦਾ ਹੈ ਤੇ ਆਪਣੀ ਯੋਜਨਾ ਅਨੁਸਾਰ ਉਸ ਨੇ ਸੱਤ ਸਾਲਾਂ ਦੇ ਮਾਸੂਮ ਬੱਚੇ ਨੂੰ ਅੱਗ ਦੀ ਭੱਠੀ ਵਿਚ ਸੁੱਟ ਕੇ ਮਾਰ ਦਿੱਤਾ। ਆਪਣਾ ਇਸ ਗੁਨਾਹ ਲੁਕਾਉਣ ਲਈ ਉਸ ਨੇ ਬੱਚੇ ਦੇ ਅਗਵਾ ਹੋਣ ਦਾ ਡਰਾਮਾ ਰਚਿਆ। ਪ੍ਰਭਦੀਪ ਦੀ ਮਾਂ ਰਜਵੰਤ ਕੌਰ ਨੇ ਪਰਮਜੀਤ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਸ ਨੇ ਦੱਸਿਆ ਕਿ ਪਰਮਜੀਤ ਨਾਲ ਉਸ ਦਾ ਦੂਜਾ ਵਿਆਹ ਸੀ। ਪਰਮਜੀਤ ਸਿੰਘ ਦੇ ਪਹਿਲੇ ਵਿਆਹ ਤੋਂ ਦੋ ਬੱਚੇ ਹਨ।

# ਹਰਿਮੰਦਰ ਸਾਹਿਬ ਦੀ ਪਰਿਕਰਮਾ ਸੌਰ ਊਰਜਾ ਨਾਲ ਜਗਮਗਾਏਗੀ

### ਪੇਡਾ ਵੱਲੋਂ 25 ਕਿਲੋਵਾਟ ਦਾ ਸੌਰ ਊਰਜਾ ਪਲਾਂਟ ਕਾਇਮ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੇ ਸ੍ਰੀ ਗੁਰੂ ਅਰਜਨ ਦੇਵ ਨਿਵਾਸ ਤੋਂ ਗੁਰਦੁਆਰਾ ਬਾਬਾ ਅਟੱਲ ਰਾਏ ਤਕ ਜਾਂਦੇ ਰਸਤੇ ਦੀਆਂ ਸਮੁੱਚੀਆਂ ਲਾਈਟਾਂ ਹੁਣ ਸੂਰਜੀ ਊਰਜਾ ਨਾਲ ਜਗਣਗੀਆਂ। ਇਸ ਬਾਰੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ੍ਰੀ ਗੁਰੂ ਰਾਮਦਾਸ ਸਰਾਂ ਦੀ ਛੱਤ 'ਤੇ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (ਪੇਡਾ) ਵੱਲੋਂ 25 ਕਿਲੋਵਾਟ ਦਾ ਸੂਰਜੀ ਊਰਜਾ ਪਲਾਂਟ ਕਾਇਮ ਕੀਤਾ ਗਿਆ ਹੈ।

ਇਹ ਸੂਰਜੀ ਊਰਜਾ ਪਲਾਂਟ ਲਾਉਣ ਦਾ ਕੰਮ ਪੰਜ ਮਾਰਚ ਨੂੰ ਆਰੰਭ ਕੀਤਾ ਗਿਆ ਸੀ ਤੇ ਦੋ ਮਹੀਨਿਆਂ ਵਿਚ ਇਸ ਪਲਾਂਟ ਦੀ ਸਥਾਪਤੀ ਦਾ ਕੰਮ ਮੁਕੰਮਲ ਹੋ ਗਿਆ ਹੈ। ਹੁਣ ਸਿਰਫ ਇਸ ਨੂੰ ਇਕ ਕੇਬਲ ਰਾਹੀਂ ਹੇਠਾਂ ਬਣਾਏ ਗਏ ਕੰਟਰੋਲ ਰੂਮ ਨਾਲ ਜੋੜਨਾ ਬਾਕੀ ਹੈ ਤੇ ਇਸ ਤੋਂ ਬਾਅਦ ਇਸ ਨੂੰ ਚਾਲੂ ਕਰਨ ਲਈ ਉਦਘਾਟਨ ਦੀ ਉਡੀਕ ਹੈ। ਪੇਡਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੂਰਜੀ ਊਰਜਾ ਪਲਾਂਟ ਕਾਇਮ ਕਰਨ ਦਾ ਕੰਮ ਲਗਪਗ ਤਕਰੀਬਨ ਹੋ ਗਿਆ ਹੈ ਤੇ ਜਲਦੀ ਹੀ ਇਸ ਦੇ ਉਦਘਾਟਨ ਉਪਰੰਤ ਇਸ ਖੇਤਰ ਵਿਚ ਸੂਰਜੀ ਊਰਜਾ ਨਾਲ ਲਾਈਟਾਂ ਜਗਣੀਆਂ ਸ਼ੁਰੂ ਹੋ ਜਾਣਗੀਆਂ। 25 ਕਿਲੋਵਾਟ ਸੂਰਜੀ ਊਰਜਾ ਦੇ ਵਾਧੇ ਨਾਲ ਇਸ ਰੂਹਾਨੀ ਸਥਾਨ 'ਤੇ ਦੂਜੀ ਬਿਜਲੀ ਦਾ ਬੋਝ ਕੁਝ ਘਟੇਗਾ। ਇਸ ਕੰਮ ਦੀ ਦੇਖ-ਰੇਖ ਕਰ ਰਹੇ ਨਿਸ਼ਾਨ ਸਿੰਘ ਨੇ ਦੱਸਿਆ ਕਿ ਸੂਰਜੀ ਊਰਜਾ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਕਾਇਮ 65 ਟਿਊਬਾਂ ਤੇ ਸਰਾਵਾਂ ਵਾਲੇ ਪਾਸੇ ਰਸਤੇ ਵਿਚ 35 ਟਿਊਬਾਂ ਜਗਣਗੀਆਂ। ਇਹ ਸਾਰੀਆਂ ਟਿਊਬਾਂ ਦਾ ਕੁੱਲ ਲੋਡ 18 ਕਿਲੋਵਾਟ ਦੇ ਕਰੀਬ ਹੈ ਜਦੋਂਕਿ ਇਥੇ 25 ਕਿਲੋਵਾਟ ਸੂਰਜੀ ਊਰਜਾ ਦੀ ਪੈਦਾਵਾਰ ਹੋਵੇਗੀ। ਬਾਕੀ ਸੂਰਜੀ ਬਿਜਲੀ ਨੂੰ ਸਰਾਵਾਂ ਦੇ ਕਮਰਿਆਂ ਵਿਚ ਟਿਊਬਾਂ ਜਗਾਉਣ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ 90 ਫੀਸਦੀ ਤੋਂ ਵਧੇਰੇ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਜਲਦੀ ਹੀ ਉਦਘਾਟਨ ਉਪਰੰਤ ਇਥੇ ਗੁਰੂ ਘਰ ਦੇ ਆਲੇ-ਦੁਆਲੇ ਸੂਰਜੀ ਊਰਜਾ ਨਾਲ ਲਾਈਟਾਂ ਜਗਮਗਾਉਣਗੀਆਂ। ਇਸ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਖੇ ਵੀ ਪੰਜ ਹਜ਼ਾਰ ਲੀਟਰ ਪਾਣੀ ਨੂੰ ਗਰਮ ਕਰਨ ਦੀ ਸਮਰੱਥਾ ਵਾਲਾ ਸੂਰਜੀ ਊਰਜਾ ਪਲਾਂਟ ਕਾਇਮ ਕੀਤਾ ਜਾ ਚੁੱਕਾ ਹੈ।



ਸ੍ਰੀ ਦਰਬਾਰ ਸਾਹਿਬ ਕੰਪਲੈਕਸ, ਅੰਮ੍ਰਿਤਸਰ ਵਿਚ ਲਾਇਆ ਸੌਰ ਊਰਜਾ ਪ੍ਰੋਜੈਕਟ

ਪੇਡਾ ਦੇ ਚੇਅਰਮੈਨ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਾਏ ਗਏ 25 ਕਿਲੋਵਾਟ ਦੇ ਇਸ ਸੂਰਜੀ ਊਰਜਾ ਪਲਾਂਟ ਦਾ ਸਾਰਾ ਖਰਚਾ ਵਿਭਾਗ ਵੱਲੋਂ ਕੀਤਾ ਗਿਆ ਹੈ। ਇਸੇ ਤਰ੍ਹਾਂ ਦਾ ਇਕ 10 ਕਿਲੋਵਾਟ ਦਾ ਪਲਾਂਟ ਸ੍ਰੀ ਦੁਰਗਿਆਨਾ ਮੰਦਿਰ ਵਿਖੇ ਵੀ ਸਥਾਪਤ ਕੀਤਾ ਜਾ ਰਿਹਾ ਹੈ।

## ਵਰਲਡ ਸਿੱਖ ਕੌਂਸਲ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਵਰਲਡ ਸਿੱਖ ਕੌਂਸਲ-ਅਮਰੀਕਾ ਰੀਜਨ ਨੇ 2003 ਵਿਚ ਜਾਰੀ ਹੋਏ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦੇਣ ਦਾ ਐਲਾਨ ਕੀਤਾ ਹੈ। ਇਸ ਬਾਰੇ ਜਥੇਬੰਦੀ ਦੇ ਸਕੱਤਰ ਜਨਰਲ ਡਾ. ਤਰੁਣਜੀਤ ਸਿੰਘ ਨੇ ਕਿਹਾ ਕਿ 2003 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਾਨਤਾ ਨਾਲ ਜਾਰੀ ਕੀਤਾ ਗਿਆ ਕੈਲੰਡਰ ਹੀ ਅਸਲੀ ਨਾਨਕਸ਼ਾਹੀ ਕੈਲੰਡਰ ਹੈ। ਇਹ ਕੈਲੰਡਰ ਗੁਰਬਾਣੀ ਵਿਚ ਦਿੱਤੇ ਗਏ ਰੁੱਤਾਂ ਤੇ ਮਹੀਨਿਆਂ ਮੁਤਾਬਕ ਠੀਕ ਹੈ। ਇਸ ਤੋਂ ਇਲਾਵਾ ਇਸ ਨਾਨਕਸ਼ਾਹੀ ਕੈਲੰਡਰ ਵਿਚ ਗੁਰਪੁਰਬਾਂ ਦੀਆਂ ਦਿੱਤੀਆਂ ਗਈਆਂ ਤਰੀਖ਼ਾਂ ਸਥਿਰ ਹਨ ਜਿਨ੍ਹਾਂ ਨੂੰ ਹਮੇਸ਼ਾਂ ਹੀ ਯਾਦ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਗੁਰਪੁਰਬਾਂ ਦੀਆਂ ਤਰੀਕਾਂ ਸੂਰਜੀ ਪ੍ਰਣਾਲੀ ਅਨੁਸਾਰ ਕੱਢੀਆਂ ਹੋਈਆਂ ਹਨ ਤੇ ਉਨ੍ਹਾਂ ਵਿਚ ਕਦੇ ਵੀ ਕੋਈ ਫਰਕ ਨਹੀਂ ਆ ਸਕਦਾ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਦੀ ਥਾਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਅਸਲੀ ਕੈਲੰਡਰ ਵਜੋਂ ਮਾਨਤਾ ਦਿੱਤੀ ਜਾਵੇ। ਉਨ੍ਹਾਂ ਨੇ ਵਿਸ਼ਵ ਦੇ ਸਮੂਹ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਅਪਨਾਉਣ।

# Global Multi Services

## ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।

> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**Financing Available For Buying Trucks**

**High Five Plaza #207**
**16925 S. Harlan Rd.**
**Lathrop CA 95330**
Exactly on I-5 and Louise Exit
Opposite Dennys Restaurant

DMV Lic No. 62822
Insurance Lic No. 0G73739





*Rajinder Singh*



*Manitpal Singh*

**ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ, ਫੋਨ 209-982-9996**

**ਫੈਕਸ:209-982-9997**

# 2-ਜੀ ਸਪੈਕਟ੍ਰਮ ਘੁਟਾਲਾ:ਪਾਰਟੀ ਨੇ ਵੀ ਰਾਜਾ ਦਾ ਸਾਥ ਛੱਡਿਆ

**ਨਵੀਂ ਦਿੱਲੀ:** ਡੀ.ਐਮ.ਕੇ. ਦੀ ਐਮ.ਪੀ. ਕਨੀਮੋਝੀ ਨੇ 2-ਜੀ ਕੇਸ ਵਿਚ ਆਪਣੀ ਗ੍ਰਿਫ਼ਤਾਰੀ ਖ਼ਿਲਾਫ਼ ਛੇ ਮਈ ਨੂੰ ਦਿੱਲੀ ਦੀ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਘੁਟਾਲੇ ਦਾ ਦੋਸ਼ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਸਿਰ ਮੜਿਆ ਜੋ ਕਿ ਕਨੀਮੋਝੀ ਦੀ ਪਾਰਟੀ ਦਾ ਹੀ ਆਗੂ ਹੈ ਤੇ ਜੇਲ੍ਹ 'ਚ ਬੰਦ ਹੈ। ਵਿਸ਼ੇਸ਼ ਸੀ.ਬੀ.ਆਈ. ਜੱਜ ਓ.ਪੀ. ਸੈਣੀ ਨੇ ਹੁਕਮ ਦਿੱਤਾ ਕਿ ਜ਼ਮਾਨਤ ਅਰਜ਼ੀਆਂ ਦਾ ਨਬੇੜਾ ਹੋਣ ਤੱਕ ਸਥਿਤੀ ਜਿਉਂ ਦੀ ਤਿਉਂ ਰੱਖੀ ਜਾਵੇ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕਰੁਣਾਨਿਧੀ ਦੀ 43 ਸਾਲਾ ਧੀ ਅਦਾਲਤ 'ਚ ਪੇਸ਼ ਹੋਣ ਸਮੇਂ ਕਾਫੀ ਘਬਰਾਈ ਹੋਈ ਨਜ਼ਰ ਆ ਰਹੀ ਸੀ ਜਦਕਿ ਉਨ੍ਹਾਂ ਦੇ ਵਕੀਲ ਜੇਠਮਲਾਨੀ ਨੇ ਕਿਹਾ ਕਿ ਸਮੁੱਚੀ ਸਾਜ਼ਿਸ਼ ਏ. ਰਾਜਾ ਵੱਲੋਂ ਬੁਣੀ ਗਈ ਸੀ ਤੇ ਕਨੀਮੋਝੀ ਦੀ ਇਸ ਵਿਚ ਕੋਈ ਭੂਮਿਕਾ ਨਹੀਂ ਸੀ। ਕਨੀਮੋਝੀ ਦਾ ਪਤੀ ਅਰਵਿੰਦਨ ਤੇ ਟੀ.ਆਰ. ਬਾਲੂ ਸਣੇ ਪਾਰਟੀ ਦੇ 11 ਐਮ.ਪੀ. ਉਨ੍ਹਾਂ ਦੇ ਨਾਲ ਅਦਾਲਤ ਪੁੱਜੇ ਸਨ। ਕਨੀਮੋਝੀ ਨੂੰ ਅਪਰਾਧਿਕ ਸਾਜ਼ਿਸ਼ ਰਚਣ ਤੇ ਕਲਾਇਗਨਾਰ ਟੀ.ਵੀ. ਲਈ ਰਿਸ਼ਵਤ ਲੈਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਮੌਕੇ ਰਾਜਾ ਤੇ ਕਈ ਕਾਰਪੋਰੇਟ ਕੰਪਨੀਆਂ ਦੇ ਮੁਖੀ ਵੀ ਅਦਾਲਤ ਦੇ ਕਮਰੇ ਵਿਚ ਮੌਜੂਦ ਸਨ ਤੇ ਇਸ ਦੌਰਾਨ ਜੇਠਮਲਾਨੀ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀਆਂ ਦਲੀਲਾਂ ਦਾ ਹੋਰਾਂ ਮੁਲਜ਼ਮਾਂ ਦੇ ਕੇਸਾਂ ਨਾਲ ਕੋਈ ਸਬੰਧ ਨਹੀਂ ਹੈ। ਅਦਾਲਤ ਤੋਂ ਬਾਹਰ ਡੀ.ਐਮ.ਕੇ. ਦੇ ਬੁਲਾਰੇ ਤੇ ਐਮ.ਪੀ. ਟੀ.ਕੇ.ਐਸ. ਇਲਾਂਗੋਵਾਨ ਨੇ ਕਿਹਾ ਕਿ ਇਹ ਸਹੀ ਨਹੀਂ ਹੈ ਕਿ ਪਾਰਟੀ ਨੇ ਰਾਜਾ ਨੂੰ ਤਿਆਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਠਮਲਾਨੀ ਡੀ.ਐਮ.ਕੇ. ਨਾਲ ਨਹੀਂ ਜੁੜੇ ਹੋਏ। ਉਹ ਕਨੀਮੋਝੀ ਦਾ ਬਚਾਅ ਕਰ ਰਹੇ ਹਨ ਤੇ ਰਾਜਾ ਦਾ ਬਚਾਅ ਉਨ੍ਹਾਂ ਦੇ ਵਕੀਲ ਕਰਨਗੇ। ਉਧਰ ਆਸਿਫ ਬਲਵਾ ਤੇ ਰਾਜੀਵ ਅਗਰਵਾਲ ਦੇ ਵਕੀਲ ਵਿਜੈ ਅਗਰਵਾਲ ਨੇ ਕਿਹਾ ਕਿ ਸੀ.ਬੀ.ਆਈ. ਉਨ੍ਹਾਂ ਦੇ ਮੁਵੱਕਿਲਾਂ ਖ਼ਿਲਾਫ਼ ਵੈਰ ਭਾਵ ਅਪਣਾ ਰਹੀ ਹੈ ਜਦਕਿ ਕਨੀਮੋਝੀ ਤੇ ਸ਼ਰਦ ਕੁਮਾਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ।

ਸ੍ਰੀ ਜੇਠਮਲਾਨੀ ਨੇ ਦਲੀਲ ਪੇਸ਼ ਕਰਦਿਆਂ ਕਿਹਾ ਕਿ ਕਨੀਮੋਝੀ ਦਾ ਘੁਟਾਲੇ 'ਚ ਉੱਕਾ ਰੋਲ ਨਹੀਂ ਸੀ।ਤੇ ਉਸ ਦਾ ਦੁਰਭਾਗ ਇਹ ਹੈ ਕਿ ਉਹ ਕਰੁਣਾਨਿਧੀ ਦੀ ਧੀ ਤੇ ਇਕ ਐਮ.ਪੀ. ਹੈ। ਕਲਾਇਗਨਾਰ ਟੀ.ਵੀ. ਵਿਚ ਉਸ ਦਾ ਹਿੱਸਾ 20 ਫ਼ੀਸਦੀ ਹੈ ਤੇ ਉਸ ਦੀ ਕੋਈ ਇਕ ਵੀ ਜ਼ਾਹਰਾ ਕਾਰਵਾਈ ਦਿਖਾਓ ਜੋ ਉਸ ਨੂੰ ਅਪਰਾਧ ਨਾਲ ਜੋੜਦੀ ਹੋਵੇ। ਟੀ.ਵੀ. ਦੇ ਰੋਜ਼ਾਨਾ ਕੰਮਕਾਜ ਵਿਚ ਉਸ ਦਾ ਕੋਈ ਦਖ਼ਲ ਨਹੀਂ ਹੈ। ਇਸ ਕੇਸ ਬਾਰੇ ਸੀ.ਬੀ.ਆਈ. ਤੇ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਇਕ ਸਾਂਝੀ ਟੀਮ 2-ਜੀ ਸਪੈਕਟ੍ਰਮ ਕੇਸ ਵਿਚ 200 ਕਰੋੜ ਰੁਪਏ ਦੇ ਤਬਾਦਲੇ ਦੀ ਪੈੜ ਕੱਢਣ ਲਈ 15 ਮਈ ਨੂੰ ਮਾਰੀਸ਼ਸ ਤੇ ਸਾਈਪ੍ਰਸ ਰਵਾਨਾ ਹੋਵੇਗੀ। ਸੀ.ਬੀ.ਆਈ. ਦੇ ਦੋ ਅਫ਼ਸਰ ਈ.ਡੀ. ਅਫਸਰਾਂ ਨਾਲ 15 ਮਈ ਨੂੰ ਮਾਰਿਸ਼ਸ ਜਾਣਗੇ। ਉਹ ਕਲਾਇਗਨਾਰ ਟੀ.ਵੀ. ਨੂੰ ਹੋਈਆਂ ਅਦਾਇਗੀਆਂ ਦੇ ਪੈਸੇ ਦੀ ਪੈੜ ਨੱਪਣ ਲਈ ਫੇਰ ਸਾਈਪ੍ਰਸ ਜਾਣਗੇ। ਸੀ.ਬੀ.ਆਈ. ਨੇ ਪਹਿਲਾਂ ਇਨ੍ਹਾਂ ਦੋਵਾਂ ਦੇਸ਼ਾਂ ਨੂੰ ਅਦਾਲਤੀ ਬਿਨੈ-ਪੱਤਰ ਭੇਜੇ ਸਨ।

## ਕਨੀਮੋਝੀ ਨੇ ਸਾਰਾ ਦੋਸ਼ ਰਾਜਾ ਸਿਰ ਮੜ੍ਹਿਆ





## ਕਨੀਮੋਝੀ ਵੀ ਕਸੂਤੀ ਫਸੀ

**ਨਵੀਂ ਦਿੱਲੀ:** 2-ਜੀ ਘੁਟਾਲੇ 'ਚ ਘਿਰੀ ਡੀ.ਐਮ.ਕੇ. ਦੀ ਸੰਸਦ ਮੈਂਬਰ ਕਾਨੀਮੋਝੀ ਦੀ ਕਿਸੇ ਪਾਸਿਓਂ ਵੀ ਜਾਣ ਛੁੱਟਦੀ ਨਜ਼ਰ ਨਹੀਂ ਆ ਰਹੀ ਤੇ ਦਿੱਲੀ ਦੀ ਵਿਸ਼ੇਸ਼ ਅਦਾਲਤ ਨੇ ਉਸ ਵੱਲੋਂ ਜ਼ਮਾਨਤ ਲਈ ਔਰਤ ਹੋਣ ਦੇ ਅਧਾਰ 'ਤੇ ਰਹਿਮ ਲਈ ਪਾਈ ਅਰਜ਼ੀ ਬਾਰੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਸੀ.ਬੀ.ਆਈ. ਨੇ ਇਹ ਕਹਿੰਦਿਆਂ ਅਰਜ਼ੀ ਦਾ ਵਿਰੋਧ ਕੀਤਾ ਕਿ ਪਰਦੇ ਦੇ ਪਿੱਛੋਂ ਕਲਾਇਗਨਾਰ ਟੀ.ਵੀ. ਦਾ ਅਸਲ 'ਚ ਕੰਟਰੋਲ ਉਹੀ ਕਰ ਰਹੀ ਹੈ। ਇਸ ਟੀ.ਵੀ. ਨੂੰ ਬਲਵਾ ਸਮੂਹ ਤੋਂ 200 ਕਰੋੜ ਰੁਪਏ ਮਿਲੇ ਹਨ। ਵਿਸ਼ੇਸ਼ ਜੱਜ ਓ.ਪੀ. ਸੈਣੀ ਨੇ ਕਿਹਾ ਕਿ ਉਹ ਕਾਨੀਮੋਝੀ ਤੇ ਕਲਾਇਗਨਾਰ ਟੀ.ਵੀ. ਦੇ ਐਮ.ਡੀ. ਸ਼ਰਦ ਕੁਮਾਰ ਦੀ ਜ਼ਮਾਨਤ ਅਰਜ਼ੀ 'ਤੇ ਆਪਣਾ ਫੈਸਲਾ 14 ਮਈ ਨੂੰ ਸੁਣਾਉਣਗੇ। ਇਹ ਫੈਸਲਾ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਇਕ ਦਿਨ ਬਾਅਦ ਆਵੇਗਾ। ਸੀ.ਬੀ.ਆਈ. ਵੱਲੋਂ ਪੇਸ਼ ਵਿਸ਼ੇਸ਼ ਸਰਕਾਰੀ ਵਕੀਲ ਯੂ.ਯੂ. ਲਲਿਤ ਨੇ ਕਿਹਾ ਕਿ ਕਲਾਇਗਨਾਰ ਟੀ.ਵੀ. ਦਾ ਕੰਟਰੋਲ ਕਾਨੀਮੋਝੀ ਕੋਲ ਹੈ।

# ਹਸਨ ਅਲੀ ਖ਼ਿਲਾਫ਼ ਹੋਰ ਸ਼ਿਕੰਜਾ ਕੱਸਿਆ

**ਮੁੰਬਈ (ਬਿਊਰੋ):** ਐਨਫੋਰਸਮੈਂਟ ਡਾਇਰੈਕਟੋਰੇਟ ਨੇ ਦੇਸ਼ ਦੇ ਸਭ ਤੋਂ ਵੱਡੇ ਟੈਕਸ ਚੋਰ ਪੁਣੇ ਦੇ ਘੋੜਿਆਂ ਦੇ ਵਪਾਰੀ ਹਸਨ ਅਲੀ ਖ਼ਾਨ ਤੇ ਉਸ ਦੇ ਸਹਿਯੋਗੀ ਕਾਸ਼ੀਨਾਥ ਟਪੂਰੀਆ ਨੂੰ ਕਾਲੇ ਧਨ ਦੇ ਕੇਸ ਵਿਚ ਚਾਰਜਸ਼ੀਟ ਕੀਤਾ ਹੈ।



ਖ਼ਾਨ (53) 'ਤੇ ਦੋਸ਼ ਹਨ ਕਿ ਉਸ ਨੇ ਜ਼ਿਊਰਿਖ ਵਿਚ ਯੂਨੀਅਨ ਬੈਂਕ ਆਫ਼ ਸਵਿਟਜ਼ਰਲੈਂਡ ਵਿਚ ਅੱਠ ਅਰਬ ਡਾਲਰ ਜਮ੍ਹਾਂ ਕੀਤੇ ਹੋਏ ਹਨ। ਖ਼ਾਨ ਨੂੰ ਲੰਘੀ ਸੱਤ ਮਾਰਚ ਨੂੰ ਮੁੰਬਈ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ ਖ਼ਾਨ ਤੇ ਕਈ ਹੋਰਾਂ ਧਨ ਕੁਬੇਰਾਂ ਦੇ ਮਾਮਲੇ 'ਤੇ ਸਰਕਾਰ ਦੀ ਸਖ਼ਤ ਝਾੜਝੰਬ ਕੀਤੀ ਸੀ ਤੇ ਥੋੜ੍ਹੀ ਦੇਰ ਮਗਰੋਂ ਕੋਲਕਾਤਾ ਦੇ ਇਕ ਕਾਰੋਬਾਰੀ ਟਪੂਰੀਆ ਦੀ ਗ੍ਰਿਫ਼ਤਾਰੀ ਹੋਈ ਸੀ। ਦੋਵੇਂ ਇਸ ਸਮੇਂ ਮੁੰਬਈ ਦੀ ਇਕ ਜੇਲ੍ਹ 'ਚ ਬੰਦ ਹਨ। ਈ.ਡੀ ਮੁਤਾਬਕ ਖ਼ਾਨ ਨੇ ਹੈਦਰਾਬਾਦ ਰਿਆਸਤ ਦੇ ਸਾਬਕਾ ਸ਼ਾਸਕ ਨਿਜ਼ਾਮ ਦੇ ਪਰਿਵਾਰ ਨਾਲ ਸਬੰਧਤ ਪੁਰਾਤਨ ਚੀਜ਼ਾਂ ਪ੍ਰਸਿੱਧ ਸਲਾਰ ਜੰਗ ਅਜਾਇਬਘਰ 'ਚੋਂ ਚੋਰੀ ਕਰਕੇ ਵਿਦੇਸ਼ੀਆਂ ਨੂੰ 50 ਲੱਖ ਰੁਪਏ ਵਿਚ ਵੇਚਣ ਦਾ ਦੋਸ਼ ਕਬੂਲ ਕੀਤਾ ਹੈ।

ਇਸੇ ਦੌਰਾਨ 2007 ਵਿਚ ਹਸਨ ਅਲੀ ਖ਼ਾਨ ਕੇਸ ਦੀ ਢਿੱਲੇ ਢੰਗ ਨਾਲ ਜਾਂਚ ਕਰਨ ਵਾਲੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਇਕ ਅਫ਼ਸਰ ਅਮਰਿੰਦਰ ਕੁਮਾਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਏਜੰਸੀ ਵੱਲੋਂ ਉਸ ਦੇ ਖ਼ਿਲਾਫ਼ ਜਾਂਚ ਕਰਵਾਈ ਜਾਵੇਗੀ।

ਹਸਨ ਅਲੀ ਖ਼ਾਨ ਦੇ ਅਤਿਵਾਦੀਆਂ ਨਾਲ ਸਬੰਧਾਂ ਦੀ ਵੀ ਪੜਤਾਲ ਹੋ ਰਹੀ ਹੈ ਤੇ ਸ਼ੱਕ ਹੈ ਕਿ ਉਹ ਹਥਿਆਰਾਂ ਦੇ ਕੌਮਾਂਤਰੀ ਵਪਾਰੀ ਅਦਨਾਨ ਖਾਸ਼ੋਗੀ ਦੇ ਕਾਲੇ ਧਨ ਨੂੰ ਸਫੇਦ ਬਣਾਉਂਦਾ ਰਿਹਾ ਹੈ ਤੇ। ਖਸ਼ੋਗੀ ਦੇ ਕਈ ਦਹਿਸ਼ਤਗਰਦ ਜਥੇਬੰਦੀਆਂ ਨਾਲ ਸਬੰਧ ਦੱਸੇ ਜਾਂਦੇ ਹਨ। ਖ਼ਾਨ ਖ਼ਿਲਾਫ ਕਾਲੇ ਧਨ ਨੂੰ ਸਫੇਦ ਬਣਾਉਣਾ, ਹਵਾਲਾ ਕਾਰੋਬਾਰ ਕਰਨ, ਨਕਦੀ ਤੇ ਬੇਸ਼ਕੀਮਤੀ ਅਸਾਸੇ ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ ਤੋਂ ਬਾਹਰ ਭਿਜਵਾਉਣ ਦੇ ਦੋਸ਼ ਹਨ। ਉਸ 'ਤੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਮੁੰਬਈ ਤੇ ਪਟਨਾ ਤੋਂ ਪਾਸਪੋਰਟ ਬਣਾਉਣ ਦੇ ਵੀ ਦੋਸ਼ ਹਨ।।ਜ਼ਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਇਕ ਪਾਸਪੋਰਟ ਬਣਾਉਣ ਦੇ ਮਾਮਲੇ 'ਤੇ ਪੁੱਡੂਚੇਰੀ ਦੇ ਉਪ ਰਾਜਪਾਲ ਇਕਬਾਲ ਸਿੰਘ ਤੋਂ ਵੀ ਪੁੱਛ-ਪੜਤਾਲ ਕੀਤੀ ਗਈ ਸੀ। ਚਾਰਜਸ਼ੀਟ ਵਿਚ ਇਕਬਾਲ ਸਿੰਘ ਤੇ ਖ਼ਾਨ ਦੇ ਬਿਆਨ ਵੀ ਸ਼ਾਮਲ ਕੀਤੇ ਗਏ ਹਨ।

# ਅਮਰੀਕਾ ਵੱਲੋਂ ਪਾਕਿ ਨੂੰ ਅਤਿਵਾਦੀਆਂ ਖਿਲਾਫ ਸਖ਼ਤੀ ਦੀ ਹਦਾਇਤ

**ਵਾਸ਼ਿੰਗਟਨ:** ਓਬਾਮਾ ਸਰਕਾਰ ਨੇ ਪਾਕਿਸਤਾਨ ਨੂੰ ਅਤਿਵਾਦ ਵਿਰੁੱਧ ਆਪਣੀ ਦ੍ਰਿੜ੍ਹਤਾ ਨੂੰ ਸਾਬਤ ਕਰਨ ਲਈ ਠੋਸ ਕਦਮ ਚੁੱਕਣ ਲਈ ਕਿਹਾ ਹੈ। ਅਮਰੀਕੀ ਕਾਂਗਰਸ ਮੈਂਬਰਾਂ ਤੇ ਬੁੱਧੀਜੀਵੀਆਂ ਵੱਲੋਂ ਪਾਕਿਸਤਾਨ ਦੀ ਭਰੋਸੇਯੋਗਤਾ 'ਤੇ ਉਠਾਏ ਸਵਾਲਾਂ ਕਾਰਨ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਮਾਰਕ ਟੋਨਰ ਨੇ ਬਿਆਨ 'ਚ ਕਿਹਾ ਕਿ ਪਾਕਿਸਤਾਨ ਆਪਣੀ ਭਰੋਸੇਯੋਗਤਾ ਤੇ ਦ੍ਰਿੜ੍ਹਤਾ ਸਾਬਤ ਕਰਨ ਲਈ ਆਪਣੀ ਧਰਤੀ 'ਤੇ ਪਨਾਹ ਲਈ ਬੈਠੇ ਅਤਿਵਾਦੀ ਸੰਗਠਨਾਂ ਖ਼ਿਲਾਫ਼ ਠੋਸ ਕਾਰਵਾਈ ਕਰੇ। ਅਤਿਵਾਦ ਪਾਕਿਸਤਾਨ ਦੀ ਹੋਂਦ ਲਈ ਖਤਰਾ ਹੈ। ਹਜ਼ਾਰਾਂ ਪਾਕਿਸਤਾਨੀ ਅਲ-ਕਾਇਦਾ ਤੇ ਹੋਰ ਅਤਿਵਾਦੀ ਜਥੇਬੰਦੀਆਂ ਹੱਥੋਂ ਮੌਤ ਦਾ ਸ਼ਿਕਾਰ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ 9/11 ਤੋਂ ਬਾਅਦ ਅਮਰੀਕਾ ਤੇ ਪਾਕਿਸਤਾਨ ਅਤਿਵਾਦ ਵਿਰੁੱਧ ਸਾਂਝੀ ਲੜਾਈ ਲੜ ਰਹੇ ਹਨ ਤੇ ਇਸ ਵਿਚ ਸਫਲਤਾ ਵੀ ਮਿਲੀ ਹੈ। ਪਾਕਿਸਤਾਨ ਅੰਦਰ ਜਾ ਕੇ ਕੀਤੇ ਇਸ ਹਮਲੇ ਨੂੰ ਜਾਇਜ਼ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਹਜ਼ਾਰਾਂ ਲੋਕਾਂ ਦੇ ਕਾਤਲ ਨੂੰ ਖਤਮ ਕਰਨਾ ਉਨ੍ਹਾਂ ਦਾ ਅਧਿਕਾਰ ਸੀ। ਉਹ ਭਵਿੱਖ ਵਿਚ ਵੀ ਅਮਰੀਕਾ, ਯੂਰਪ, ਏਸ਼ੀਆ ਤੇ ਅਫਰੀਕਾ ਦੇ ਦੇਸ਼ਾਂ ਦੇ ਬੇਗੁਨਾਹ ਲੋਕਾਂ ਦੀ ਜਾਨ ਲਈ ਖਤਰਾ ਬਣ ਸਕਦਾ ਸੀ।

ਉਧਰ ਆਈ.ਐਸ.ਆਈ. ਮੁਖੀ ਲੈਫਟੀਨੈਂਟ ਜਨਰਲ ਅਹਿਮਦ ਸ਼ੁਜਾ ਪਾਸ਼ਾ ਪਾਕਿਸਤਾਨ 'ਚ ਓਸਾਮਾ ਬਿਨ ਲਾਦਿਨ ਦੀ ਮੌਜੂਦਗੀ ਬਾਰੇ ਸਪਸ਼ਟੀਕਰਨ ਦੇਣ ਲਈ ਅਮਰੀਕਾ ਪਹੁੰਚ ਗਏ ਹਨ। ਇਹ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਪਾਸ਼ਾ ਨੂੰ ਇਸ ਵਿਵਾਦ ਕਾਰਨ ਅਸਤੀਫਾ ਦੇਣਾ ਪੈ ਸਕਦਾ ਹੈ। 'ਡਾਅਨ' ਅਖ਼ਬਾਰ ਅਨੁਸਾਰ ਪਾਸ਼ਾ ਅਮਰੀਕਾ ਵਿਚ ਪਾਕਿਸਤਾਨ ਬਾਰੇ ਪੈਦਾ ਹੋਈ ਬੇਭਰੋਸਗੀ ਨੂੰ ਦੂਰ ਕਰਨ ਦੇ ਉਦੇਸ਼ ਨਾਲ ਗਏ ਹਨ। ਵਿਦੇਸ਼ ਦੌਰੇ ਤੋਂ ਇਕ ਦਿਨ ਪਹਿਲਾਂ ਫੌਜ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਦੀ ਫ਼ੌਜ ਦੇ ਕਰੋਪਸ ਕਮਾਂਡਰਾਂ ਨਾਲ ਹੋਈ ਮੀਟਿੰਗ ਤੋਂ ਬਾਅਦ ਜਾਰੀ ਬਿਆਨ 'ਚ ਕਿਹਾ ਗਿਆ ਸੀ ਕਿ ਫ਼ੌਜ ਨੇ ਲਾਦਿਨ ਬਾਰੇ ਖੁਫ਼ੀਆ ਜਾਣਕਾਰੀ ਹਾਸਲ ਨਾ ਕਰ ਸਕਣ ਲਈ ਆਪਣੀ ਅਸਫਲਤਾ ਕਬੂਲੀ ਹੈ। ਫ਼ੌਜ ਨੇ ਇਸ ਬਾਰੇ ਜਾਂਚ ਕਰਵਾਉਣ ਦਾ ਵੀ ਹੁਕਮ ਦਿੱਤਾ ਹੈ।ਤੇ ਫ਼ੌਜ ਨੇ ਜਨਤਾ ਦੇ ਮਨ ਵਿਚ ਆਪਣੀ ਕਾਬਲੀਅਤ ਬਾਰੇ ਸੰਸਿਆਂ ਨੂੰ ਦੂਰ ਕਰਨ ਦਾ ਵੀ ਯਤਨ ਕੀਤਾ ਹੈ। ਡਾਅਨ ਨੇ ਲਿਖਿਆ ਹੈ ਕਿ ਪਾਸ਼ਾ ਨੇ ਵਾਸ਼ਿੰਗਟਨ ਜਾਣ ਤੋਂ ਪਹਿਲਾਂ ਇਸਲਾਮਾਬਾਦ ਵਿਚ ਸੀ.ਆਈ.ਏ. ਦੇ ਸਟੇਸ਼ਨ ਮੁਖੀ ਨਾਲ ਮੁਲਾਕਾਤ ਕਰਕੇ ਉਸ ਨੂੰ ਅਤਿਵਾਦ ਖ਼ਿਲਾਫ਼ ਲੜਾਈ 'ਚ ਪਾਕਿਸਤਾਨ ਵੱਲੋਂ ਪਾਏ ਯੋਗਦਾਨ ਦਾ ਚੇਤਾ ਦਿਵਾਇਆ ਤੇ ਲਾਦਿਨ ਨੂੰ ਕੂਰੀਅਰ ਬਾਰੇ ਦਿੱਤੀ ਜਾਣਕਾਰੀ ਦਾ ਹਵਾਲਾ ਵੀ ਦਿੱਤਾ ਜਿਸ ਤੋਂ ਅਮਰੀਕਾ ਨੂੰ ਲਾਦਿਨ ਦੀ ਛੁਪਣਗਾਹ ਬਾਰੇ ਪਤਾ ਲੱਗਾ ਪਰ ਇਸ ਖ਼ਬਰ ਦੀ ਪੁਸ਼ਟੀ ਨਹੀਂ ਹੋ ਸਕੀ ਹੈ।

ਉਧਰ ਅਮਰੀਕਾ ਨੇ ਭਾਵੇਂ ਮੰਨਿਆ ਹੈ ਕਿ ਉਸ ਕੋਲ ਅਜਿਹਾ ਕੋਈ ਸਬੂਤ ਨਹੀਂ ਹੈ ਜਿਸ ਤੋਂ ਇਹ ਸਾਬਤ ਹੋਵੇ ਕਿ ਪਾਕਿਸਤਾਨੀ ਫ਼ੌਜ ਜਾਂ ਸੂਹੀਆ ਏਜੰਸੀਆਂ ਦੇ ਮੁੱਖ ਅਧਿਕਾਰੀ ਪਾਕਿਸਤਾਨ 'ਚ ਲਾਦਿਨ ਦੀ ਮੌਜੂਦਗੀ ਬਾਰੇ ਜਾਣਦੇ ਸਨ ਪਰ ਉਸ ਨੇ ਪਾਕਿਸਤਾਨ ਨੂੰ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਨੇ ਕਿਹਾ ਸੀ ਕਿ ਆਈ.ਐਸ.ਆਈ. ਜਾਂ ਸਰਕਾਰੀ ਅਧਿਕਾਰੀਆਂ ਦੀ ਅਲ-ਕਾਇਦਾ ਨਾਲ ਮਿਲਵਰਤਣ ਦੀਆਂ ਖ਼ਬਰਾਂ ਬੇਬੁਨਿਆਦ ਹਨ।



*ਪਾਕਿਸਤਾਨ ਦਾ ਇਕ ਮਦਰੱਸਾ ਜਿੱਥੇ ਬੱਚਿਆਂ ਨੂੰ ਧਾਰਮਿਕ ਕੱਟੜਤਾ ਦੀ ਸਿੱਖਿਆ ਦਿੱਤੀ ਜਾਂਦੀ ਹੈ*

# ਸੁਪਰੀਮ ਕੋਰਟ ਵੱਲੋਂ ਛੱਤੀਸਗੜ੍ਹ ਸਰਕਾਰ ਦੀ ਝਾੜਝੰਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਕਸਲੀਆਂ ਦੇ ਟਾਕਰੇ ਲਈ ਕਬਾਇਲੀਆਂ ਨੂੰ ਹਥਿਆਰ ਦੇ ਕੇ ਸਪੈਸ਼ਲ ਪੁਲਿਸ ਆਫ਼ੀਸਰ (ਐਸ.ਪੀ.ਓਜ਼) ਬਣਾਉਣ ਦੀ ਨੀਤੀ 'ਤੇ ਛਤੀਸਗੜ੍ਹ ਸਰਕਾਰ ਦੀ ਸਖ਼ਤ ਅਲੋਚਨਾ ਕੀਤੀ ਹੈ। ਅਦਾਲਤ ਨੇ ਸਰਕਾਰ ਦੀ ਝਾੜਝੰਬ ਕਰਦਿਆਂ ਕਿਹਾ ਜੇ ਇਹ ਹਥਿਆਰਬੰਦ ਲੋਕ ਸਰਕਾਰ ਦੇ ਹੀ ਵਿਰੁੱਧ ਹੋ ਗਏ ਤਾਂ ਬਹੁਤ ਖ਼ਤਰਨਾਕ ਹਾਲਤ ਪੈਦਾ ਹੋ ਜਾਏਗੀ।

## ਐਸ.ਪੀ.ਓਜ਼ ਦੀ ਭਰਤੀ ਅੱਗ ਨਾਲ ਖੇਡ ਵਾਲੀ ਗੱਲ

ਜਸਟਿਸ ਬੀ. ਸੁਦਰਸ਼ਨ ਰੈਡੀ ਤੇ ਐਸ.ਐਸ. ਨਿੱਜਰ 'ਤੇ ਆਧਾਰਤ ਬੈਂਚ ਨੇ ਸਰਕਾਰ ਦੀ ਇਸ ਨੀਤੀ ਦੀ ਅਲੋਚਨਾ ਕਰਦਿਆਂ ਤਰਕ ਪੇਸ਼ ਕੀਤਾ ਕਿ ਸਰਕਾਰ ਇਨ੍ਹਾਂ ਕਬਾਇਲੀਆਂ ਨੂੰ ਹਥਿਆਰ ਦੇ ਕੇ ਖ਼ਤਰਨਾਕ ਚਾਲ ਖੇਡ ਰਹੀ ਹੈ ਤੇ ਜੇ ਇਹ ਸਰਕਾਰ ਦੇ ਵਿਰੁੱਧ ਹੋ ਗਏ ਤਾਂ ਫਿਰ ਰੱਬ ਵੀ ਇਸ ਦੇਸ਼ ਨੂੰ ਨਹੀਂ ਬਚਾ ਸਕੇਗਾ।

ਬੈਂਚ ਨੇ ਸਰਕਾਰ ਨੂੰ ਅੱਗ ਨਾਲ ਨਾ ਖੇਡਣ ਦੀ ਮੱਤ ਦਿੰਦਿਆਂ ਸਵਾਲ ਕੀਤੇ ਕਿ ਉਹ (ਸਰਕਾਰ) ਸੋਚਦੀ ਹੈ ਕਿ ਨਕਸਲੀਆਂ ਨਾਲ ਲੜਾਈ 'ਚ ਇਹ ਅਸਰਦਾਇਕ ਹਨ। ਅਦਾਲਤ ਨੇ ਕਿਹਾ ਕਿ। ਤੁਸੀਂ ਕਹਿੰਦੇ ਹੋ ਕਿ ਇਹ ਰਣਨੀਤੀ ਦਾ ਹਿੱਸਾ ਹਨ ਤੇ ਇਨ੍ਹਾਂ ਨੂੰ ਸ਼ੁਰੂ 'ਚ ਤਿੰਨ ਮਹੀਨੇ ਲਈ ਭਰਤੀ ਕੀਤਾ ਜਾ ਰਿਹਾ ਹੈ। ਪਰ ਜ਼ਰਾ ਸੋਚੋ ਜੇ ਇਹ ਸਰਕਾਰ ਵਿਰੁੱਧ ਹੋ ਗਏ ਤਾਂ ਹਾਲਾਤ ਕਿੰਨੇ ਭਿਆਨਕ ਹੋਣਗੇ। ਬੈਂਚ ਨੇ ਇਹ ਟਿੱਪਣੀਆਂ ਛੱਤੀਸਗੜ੍ਹ ਸਰਕਾਰ ਵੱਲੋਂ ਐਸ.ਪੀ.ਓਜ਼ ਦੀ ਭਰਤੀ ਦੇ ਨੇਮਾਂ ਬਾਰੇ ਹਾਲ ਹੀ 'ਚ ਦਿੱਤੇ ਹਲਫ਼ਨਾਮੇ ਮਗਰੋਂ ਕੀਤੀਆਂ।

ਅਦਾਲਤ ਨਕਸਲ ਪ੍ਰਭਾਵਿਤ ਖਿੱਤਿਆਂ 'ਚ ਮਾਓਵਾਦੀਆਂ ਨਾਲ ਲੜਨ ਲਈ ਸਲਵਾ ਜੁਡੂਮ ਦੀ ਹਾਜ਼ਰੀ ਵਿਰੁੱਧ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਇਹ ਪਟੀਸ਼ਨ ਸਮਾਜ ਵਿਗਿਆਨੀ ਨੰਦਿਨੀ ਸੁੰਦਰ, ਇਤਿਹਾਸਕਾਰ ਰਾਮਚੰਦਰ ਗੁਹਾ ਤੇ ਸਾਬਕਾ ਅਧਿਕਾਰੀ ਈ.ਏ.ਐਸ. ਸ਼ਰਮਾ ਤੇ ਹੋਰਾਂ ਵੱਲੋਂ ਪਾਈ ਗਈ ਹੈ ਜੋ ਅਦਾਲਤ ਤੋਂ ਸਰਕਾਰ ਨੂੰ ਇਹ ਨਿਰਦੇਸ਼ ਦਿੱਤੇ ਜਾਣ ਦੀ ਅਪੀਲ ਕਰ ਰਹੇ ਹਨ ਕਿ ਰਾਜ ਸਰਕਾਰ ਸਲਵਾ ਜੁਡੂਮ ਦੀ ਮਦਦ ਨਾ ਕਰੇ।



*ਸਰਕਾਰ ਵੱਲੋਂ ਭਰਤੀ ਕੀਤੇ ਸਲਵਾ ਜੁਡੂਮ ਕਾਰਕੁਨ ਜਿਨ੍ਹਾਂ ਬਾਰੇ ਅਦਾਲਤ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ।*

## ਕਤਲ ਕੇਸ 'ਚ ਬਸਪਾ ਵਿਧਾਇਕ ਸਣੇ 10 ਨੂੰ ਉਮਰ ਕੈਦ

**ਲਖਨਊ:** ਲੋਕ ਨਿਰਮਾਣ ਵਿਭਾਗ ਦੇ ਇੰਜੀਨੀਅਰ ਮਨੋਜ ਕੁਮਾਰ ਗੁਪਤਾ ਦੀ ਹੱਤਿਆ ਦੇ ਦੋਸ਼ ਵਿਚ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਸ਼ੇਖਰ ਤਿਵਾੜੀ ਤੇ ਨੌਂ ਹੋਰਾਂ ਨੂੰ 6 ਮਈ ਨੂੰ ਇੱਥੋਂ ਦੀ ਸੈਸ਼ਨ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

2008 ਵਿਚ ਮੁੱਖ ਮੰਤਰੀ ਮਾਇਆਵਤੀ ਦੇ ਜਨਮ ਦਿਨ 'ਤੇ ਚੰਦਾ ਦੇਣ ਤੋਂ ਇਨਕਾਰ ਕਰਨ 'ਤੇ ਤਿਵਾੜੀ ਤੇ ਉਸ ਦੇ ਸਾਥੀਆਂ ਨੇ ਸ੍ਰੀ ਗੁਪਤਾ ਦੀ ਹੱਤਿਆ ਕਰ ਦਿੱਤੀ ਸੀ। ਵਿਸ਼ੇਸ਼ ਵਧੀਕ ਜ਼ਿਲ੍ਹਾ ਜੱਜ ਵਿਰੇਂਦਰ ਕੁਮਾਰ ਨੇ ਵਿਧਾਇਕ ਦੀ ਪਤਨੀ ਵਿਭਾ ਤਿਵਾੜੀ ਨੂੰ ਵੀ ਸਬੂਤ ਮਿਟਾਉਣ ਦੇ ਜੁਰਮ ਵਿਚ ਢਾਈ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਜੱਜ ਨੇ ਸਾਰੇ ਦੋਸ਼ੀਆਂ ਨੂੰ 68000-68000 ਰੁਪਏ ਤੇ ਵਿਭਾ ਨੂੰ 4500 ਰੁਪਏ ਜ਼ੁਰਮਾਨਾ ਕੀਤਾ ਹੈ। ਇਸ ਬਾਰੇ ਮ੍ਰਿਤਕ ਇੰਜੀਨੀਅਰ ਦੀ ਪਤਨੀ ਸ਼ਸ਼ੀ ਗੁਪਤਾ ਨੇ ਔਰਈਆ ਪੁਲਿਸ ਸਟੇਸ਼ਨ ਵਿਚ ਐਫ.ਆਈ.ਆਰ. ਦਰਜ ਕਰਾਈ ਸੀ।

# ਅਣਖ ਲਈ ਕਤਲਾਂ ਨੂੰ ਰੋਕਣ ਲਈ ਮੌਤ ਦੀ ਸਜ਼ਾ ਜ਼ਰੂਰੀ: ਸੁਪਰੀਮ ਕੋਰਟ

**ਨਵੀਂ ਦਿੱਲੀ:** ਫੋਕੀ ਅਣਖ ਦੇ ਨਾਂ 'ਤੇ ਕੀਤੇ ਜਾਂਦੇ ਕਤਲਾਂ ਨੂੰ ਹਰਿਆਣਾ ਤੇ ਦੇਸ਼ ਦੇ ਕਈ ਹੋਰ ਹਿੱਸਿਆਂ ਵਿਚ ਇਕ ਰੁਝਾਨ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ 9 ਮਈ ਨੂੰ ਫੈਸਲਾ ਦਿੱਤਾ ਹੈ ਕਿ ਇਹ ਅਪਰਾਧ ਵਿਰਲੇ ਵਿਲੱਖਣ ਕੇਸਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ ਤੇ ਜਿਸ ਬਦਲੇ ਮੌਤ ਦੀ ਸਜ਼ਾ ਦੇਣੀ ਬਣਦੀ ਹੈ। ਜਸਟਿਸ ਮਾਰਕੰਡੇ ਕਾਟਜੂ ਤੇ ਗਿਆਨ ਸੁਧਾ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਇਨ੍ਹਾਂ ਵਹਿਸ਼ੀ ਤੇ ਜਗੀਰੂ ਰੀਤਾਂ ਨੂੰ ਜੜ੍ਹੋਂ ਪੁੱਟਣ ਦੀ ਲੋੜ ਹੈ ਜੋ ਦੇਸ਼ 'ਤੇ ਇਕ ਧੱਬਾ ਹਨ। ਇਸ ਤਰ੍ਹਾਂ ਦੇ ਧੱਕੜ ਤੇ ਅਸੱਭਿਅਕ ਵਤੀਰੇ ਤੋਂ ਡਰਾਵੇ ਲਈ ਜ਼ਰੂਰੀ ਹੈ ਕਿ ਫੋਕੀ ਅਣਖ ਦੀ ਖਾਤਰ ਕਤਲਾਂ ਦੀਆਂ ਵਿਉਂਤਾਂ ਬਣਾ ਰਹੇ ਸਾਰੇ ਵਿਅਕਤੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਫਾਂਸੀ ਦਾ ਫੰਦਾ ਉਨ੍ਹਾਂ ਦੀ ਉਡੀਕ ਕਰ ਰਿਹਾ ਹੈ। ਸੁਪਰੀਮ ਕੋਰਟ ਨੇ ਇਹ ਟਿੱਪਣੀਆਂ ਇਕ ਵਿਅਕਤੀ ਨੂੰ ਉਸ ਦੀ ਧੀ ਦੇ ਕਤਲ ਦੇ ਦੋਸ਼ ਵਿਚ ਸੁਣਾਈ ਸਜ਼ਾ ਬਰਕਰਾਰ ਰੱਖਦਿਆਂ ਕੀਤੀਆਂ। ਇਹ ਘਟਨਾ ਮਈ 2006 ਨੂੰ ਦਿੱਲੀ ਵਿਚ ਵਾਪਰੀ ਸੀ।

ਬੈਂਚ ਨੇ ਆਖਿਆ ਕਿ ਦੇਸ਼ ਦੇ ਕਈ ਹਿੱਸਿਆਂ ਜਿਵੇਂ ਹਰਿਆਣਾ, ਪੱਛਮੀ ਉਤਰ ਪ੍ਰਦੇਸ਼ ਤੇ ਰਾਜਸਥਾਨ ਵਿਚ ਅਣਖ ਦੇ ਨਾਂ 'ਤੇ ਕਤਲ ਆਮ ਗੱਲ ਬਣ ਗਈ ਹੈ। ਅਕਸਰ ਪਿਆਰ ਕਰਨ ਵਾਲੇ ਜੋੜਿਆਂ ਨੂੰ ਖਾਪ ਪੰਚਾਇਤਾਂ ਦੀ ਕਰੋਪੀ ਤੋਂ ਬਚਣ ਲਈ ਪੁਲੀਸ ਲਾਈਨਾਂ ਜਾਂ ਪ੍ਰੋਟੈਕਸ਼ਨ ਹੋਮਾਂ 'ਚ ਸ਼ਰਨ ਲੈਣੀ ਪੈਂਦੀ ਹੈ। ਅਦਾਲਤ ਦੀ ਰਾਇ ਮੁਤਾਬਕ ਅਣਖ ਲਈ ਕਤਲ ਭਾਵੇਂ ਕਿਸੇ ਵੀ ਕਾਰਨ ਕਰਕੇ ਕੀਤਾ ਗਿਆ ਹੋਵੇ, ਵਿਰਲੇ ਕੇਸਾਂ ਦੀ ਉਸ ਸ਼੍ਰੇਣੀ ਵਿਚ ਆਉਂਦਾ ਹੈ ਜਿੱਥੇ ਮੌਤ ਦੀ ਸਜ਼ਾ ਦੇਣੀ ਬਣਦੀ ਹੈ।

# ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਦਰਬਾਰ ਸਾਹਿਬ ਸਮੂਹ 'ਚ ਯਾਦਗਾਰ ਬਣਾਈ ਜਾਵੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠਾਂ ਬਣੇ ਹਾਲ ਨੂੰ ਸ਼ਹੀਦ ਗੈਲਰੀ ਵਜੋਂ ਖੋਲ੍ਹਿਆ ਜਾਵੇ। ਇਸ ਬਾਰੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਨ ਵਾਲਿਆਂ ਵਿਚ ਕੁਲਬੀਰ ਸਿੰਘ ਬੜਾਪਿੰਡ, ਅਮਰੀਕ ਸਿੰਘ, ਬਲਦੇਵ ਸਿੰਘ ਸਿਰਸਾ, ਬਲਵਿੰਦਰ ਸਿੰਘ ਝਬਾਲ, ਸੰਤੋਖ ਸਿੰਘ, ਰਾਜਵਿੰਦਰ ਸਿੰਘ ਰਾਜੂ ਤੇ ਹੋਰ ਆਗੂ ਹਾਜ਼ਰ ਸਨ।

ਦੋ ਸਫਿਆਂ ਦੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਮਤਾ ਪਾਸ ਕਰਕੇ ਸ਼ਹੀਦੀ ਸਮਾਰਕ ਬਣਾਉਣ ਦਾ ਫੈਸਲਾ ਕੀਤਾ ਸੀ ਪਰ ਹੁਣ ਤਕ ਇਸ ਨੂੰ ਅਮਲ ਵਿਚ ਨਹੀਂ ਲਿਆਂਦਾ ਗਿਆ। ਉਨ੍ਹਾਂ ਅਪੀਲ ਕੀਤੀ ਕਿ ਇਹ ਸ਼ਹੀਦੀ ਸਮਾਰਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਕਾਇਮ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਚ ਕਾਇਮ ਕੀਤੀ ਗਈ ਗੈਲਰੀ ਜੋ ਹੁਣ ਤਕ ਬੰਦ ਹੈ, ਨੂੰ ਵੀ ਸ਼ਹੀਦ ਗੈਲਰੀ ਵਜੋਂ ਅਰੰਭ ਕੀਤਾ ਜਾਵੇ। ਇਸ ਮੰਗ ਪੱਤਰ ਦੀਆਂ ਕਾਪੀਆਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਭੇਜੀਆਂ ਜਾ ਰਹੀਆਂ ਹਨ ਤੇ ਜੇਕਰ 27 ਮਈ ਤਕ ਸ਼ਹੀਦੀ ਗੈਲਰੀ ਕੌਮ ਨੂੰ ਸਮਰਪਿਤ ਨਾ ਕੀਤੀ ਗਈ ਤੇ ਸ਼ਹੀਦੀ ਯਾਦਗਾਰੀ ਬਣਾਉਣ ਸਬੰਧੀ ਕੋਈ ਠੋਸ ਕਾਰਵਾਈ ਨਾ ਹੋਈ ਤਾਂ 30 ਮਈ ਤੋਂ ਸਮੂਹ ਸਿੱਖ ਜਥੇਬੰਦੀਆਂ ਪੰਥਕ ਰੂਪ ਰੇਖਾ ਅਨੁਸਾਰ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੀਆਂ।

# ਓਬਾਮਾ ਬਨਾਮ ਉਸਾਮਾ

**ਚਰਨਜੀਤ ਸਿੰਘ ਪੰਨੂ**

ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਏਗੀ, ਉਸ ਨੇ ਤਾਂ ਆਖਰ ਟੋਕੇ ਅੱਗੇ ਜਾਣਾ ਹੀ ਹੈ। ਦਹਿਸ਼ਤਗਰਦ ਦਾ ਵੀ ਬਿਲਕੁਲ ਅਜੇਹੀ ਹੀ ਇਕ ਜੂਨ ਹੈ ਜਿਸ ਨੇ ਦੇਰ-ਸਵੇਰ ਇਨਸਾਫ ਦੇ ਢਹੇ ਚੜ੍ਹਨਾ ਹੈ। ਉਸਾਮਾ ਬਿਨ ਲਾਦਿਨ ਦੇ ਮਾਰੇ ਜਾਣ 'ਤੇ ਇਹ ਅਟੱਲ ਸੱਚਾਈ ਉਜਾਗਰ ਹੋ ਗਈ ਹੈ। ਇੰਤਹਾਪਸੰਦ ਇਤਿਹਾਸ ਦੇ ਪੰਨਿਆਂ ਉਤੇ ਕਤਲੋਗਾਰਤ ਅਤੇ ਨਫਰਤ ਦੀ ਇਬਾਰਤ ਲਿਖਣਾ ਚਾਹੁਦੇ ਹਨ ਜੋ ਇਨਸਾਫਪਸੰਦ ਸ਼ਹਿਰੀਆਂ ਦੇ ਜ਼ਿਹਨ ਵਿਚ ਨਹੀਂ ਉਤਰਦੀ। ਇਸ ਵਖਰੇਵੇਂ ਕਰਕੇ ਸਰਕਾਰਾਂ, ਜਿਨ੍ਹਾਂ ਦਾ ਕੰਮ ਜਨਤਾ ਦੇ ਜਾਨ ਮਾਲ ਦੀ ਰਾਖੀ ਕਰਨਾ ਹੈ ਅਤੇ ਅਤਿਵਾਦੀ-ਵੱਖਵਾਦੀ ਜੋ ਮਰਜੀ ਕਹਿ ਲਓ, ਵਿਚਾਲੇ ਲੁਕਣਮੀਚੀ ਸ਼ੁਰੂ ਹੋ ਜਾਂਦੀ ਹੈ। ਅਤਿਵਾਦੀ ਆਪਣੇ ਮਕਸਦ ਦੀ ਪੂਰਤੀ ਲਈ ਜਨਤਾ ਵਿਚ ਦਹਿਸ਼ਤ ਦੀ ਵਰਤੋਂ ਕਰਦੇ ਹਨ। ਆਪਣੇ ਲਈ ਰੰਗਰੂਟ ਭਰਤੀ ਕਰਨ ਲਈ ਨੌਜਵਾਨਾਂ ਅਤੇ ਕਮਉਮਰ ਬੱਚਿਆਂ ਵਿਚ ਇਹ ਆਪਣੇ ਆਪ ਨੂੰ ਪਰਮਾਤਮਾ ਦੇ ਭੇਜੇ ਹੋਏ ਜਹਾਦੀ ਗਰਦਾਨਦੇ ਹਨ। ਵਿਹਲੇ ਸਮੇਂ ਪਾਠ ਪੂਜਾ ਕਰਦੇ ਵੀ ਵੇਖੇ ਸੁਣੇ ਗਏ ਹਨ। ਛੋਟੇ ਛੋਟੇ ਬੱਚੇ ਕੁੜੀਆਂ ਮੁੰਡਿਆਂ ਦੀਆ ਅਣਭੋਲ ਕੱਚੀਆਂ ਮਾਨਸਿਕ ਭਾਵਨਾਵਾਂ ਝੰਜੋੜ ਭੜਕਾ ਕੇ ਉਨ੍ਹਾਂ ਦੀ ਝੋਲੀ ਬੰਬ ਥੰਮ੍ਹਾ ਦਿੰਦੇ ਹਨ। ਮਾਸੂਮ ਜਿਹੀ ਕਮਰ ਨਾਲ ਬਾਰੂਦ ਬੰਨ੍ਹ ਦਿੰਦੇ ਹਨ। ਅਤਿਵਾਦ ਦਾ ਪੂਰ ਭਰ ਕੇ ਡੁੱਬਦਾ ਹੈ।

ਸਦਰ ਓਬਾਮਾ ਨੇ ਠੀਕ ਕਿਹਾ ਹੈ ਕਿ ਗਿਆਰਾਂ ਨਵੰਬਰ 2001 ਨੂੰ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਤੇ ਹਮਲਾ ਕਰਵਾ ਕੇ ਤਬਾਹੀ ਮਚਾਉਣ ਵਾਲੇ ਉਸਾਮਾ ਬਿਨ ਲਾਦਿਨ ਨੂੰ ਮਾਰ ਕੇ ਉਸ ਬਰਬਾਦੀ ਤੇ ਹਜਾਰਾਂ ਬੁਗੁਨਾਹਾਂ/ਮੌਤਾਂ ਦਾ ਬਦਲਾ ਲੈ ਕੇ ਇਨਸਾਫ ਕਰ ਦਿੱਤਾ ਗਿਆ ਹੈ। ਅਮਰੀਕਾ ਤੇ ਪੂਰੇ ਜਹਾਨ ਵਿਚ ਇਸ ਬਾਰੇ ਜੇਤੂ ਖੁਸ਼ੀਆਂ ਮਨਾਈਆਂ ਗਈਆਂ। ਬਰਾਕ ਓਬਾਮਾ ਨੇ ਇਸ ਆਪਣੀ ਪਰਾਪਤੀ ਨਾਲ ਇਕੇਰਾਂ ਕੁੱਲ ਦੁਨੀਆਂ ਤੇ ਆਪਣੀ ਪੈਂਠ ਬਿਠਾ ਲਈ ਹੈ।

ਓਬਾਮਾ, ਹਿਲੇਰੀ ਕਲਿੰਟਨ, ਬੁੱਸ਼ ਤੇ ਕਈ ਹੋਰ ਅਹਿਮ ਅਧਿਕਾਰੀ ਵਾਈਟ ਹਾਊਸ ਵਿਚ ਬੈਠੇ ਟੀ ਵੀ ਸਕਰੀਨ ਤੇ ਕਿਵੇਂ ਸਾਹ ਰੋਕ ਗੰਭੀਰ ਉਤਸੁਕਤਾ ਨਾਲ ਐਬਟਾਬਾਦ ਵਿਚ ਚੱਲ ਰਿਹਾ ਉਪਰੇਸ਼ਨ ਵੇਖ ਰਹੇ ਸਨ। ਚਿੰਤਾ ਫਿਕਰ ਦੀਆਂ ਲਕੀਰਾਂ ਸਾਫ ਉਨ੍ਹਾਂ ਦੀ ਮਨੋਅਵਸਥਾ ਤੋਂ ਝਲਕ ਰਹੀਆਂ ਸਨ। ਅੰਤਰਰਾਸ਼ਟਰੀ ਅਤਿਵਾਦ ਨੇ ਸਾਰੇ ਜਹਾਨ ਦੇ ਸ਼ਹਿਰੀਆਂ ਤੇ ਸਰਕਾਰਾਂ ਦੀ ਨੀਂਦ ਹਰਾਮ ਕਰ ਰੱਖੀ ਹੈ।

ਓਬਾਮਾ ਦੀ ਉਸਾਮਾ ਨਾਲ ਕੀਤੀ ਤੁਰੰਤ ਚਟਕ ਪਟਕ ਕਾਰਵਾਈ ਇਨਸਾਫ ਦਾ ਅਖੀਰਲਾ ਡੰਡਾ ਹੈ ਪਰ ਇੱਥੋਂ ਤੱਕ ਹਰ ਕੋਈ ਨਹੀਂ ਪਹੁੰਚ ਸਕਦਾ ਨਾ ਹੀ ਇਹ ਹਰ ਕਿਸੇ ਦੇ ਅਧਿਕਾਰ ਖੇਤਰ ਵਿਚ ਹੈ। ਜਾਦੂਗਰ ਦੇ ਖੇਲ੍ਹ ਵਾਂਗ ਉਨ੍ਹਾਂ ਦੀ ਇਹ ਕਲਾਮਈ ਚੜ੍ਹਾਈ ਕਈ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਆਮ ਜਨਤਾ ਨੂੰ ਦੁਨੀਆਂ ਦੇ ਸਭ ਤੋਂ ਖਤਰਨਾਕ ਸਮਝੇ ਜਾਂਦੇ ਦਹਿਸ਼ਤਪਸੰਦ ਦਾ ਇਸ ਤਰ੍ਹਾਂ ਸਹਿਜੇ ਹੀ ਖਾਲੀ ਹੱਥੀਂ ਦਬੋਚਿਆ ਜਾਣਾ ਇਕ ਮਹਿਜ ਡਰਾਮਾ ਲਗਦਾ ਹੈ। ਇਸ ਕਹਾਣੀ ਦੀ ਅਸਲੀਅਤ ਬਾਰੇ ਸ਼ੱਕ ਦੀ ਬਹੁਤ ਗੁੰਜਾਇਸ਼ ਹੈ। ਹੋ ਸਕਦਾ ਹੈ ਏਜੰਸੀਆਂ ਨੇ ਉਸ ਨੂੰ ਪਹਿਲਾਂ ਫੜ ਕੇ ਪੂਰੀ ਪੁੱਛ ਪੜਤਾਲ ਪਿੱਛੋਂ ਹੀ ਇਸ ਛਾਪਾਮਾਰੀ ਦਾ ਢਕਵੰਜ ਰਚਿਆ ਹੋਵੇ। ਏਨਾ ਕੁਝ ਹੋਇਆ, ਕੁੱਤੀ ਨਹੀਂ ਭੌਂਕੀ, ਕੁੰਡਾ ਨਹੀਂ ਖੜਕਿਆ, ਗਵਾਂਢੀ ਨਹੀਂ ਜਾਗੇ, ਚੌਕੀਦਾਰ ਸੁੱਤਾ ਰਹਿ ਗਿਆ ਤੇ ਬਲੋਚ ਕਾਰਾ ਕਰਕੇ ਉਡ ਗਏ? ਇਸ ਨਾਲ ਪਾਕਿਸਤਾਨ ਦਾ ਝੂਠ ਵੀ ਨੰਗਾ ਹੋ ਗਿਆ ਹੈ ਕਿ ਉਸਾਮਾ ਪਾਕਿਸਤਾਨ ਵਿਚ ਨਹੀਂ।

ਮੈਨੂੰ ਅੰਮ੍ਰਿਤਸਰ ਵਿਚ ਸੁੱਖੇ ਸਖੀਰੇ ਜੋ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੋਂ ਬਾਦ ਬਾਬਾ ਜੀ ਅਖਵਾਉਂਦਾ ਸੀ, ਦੇ ਕਤਲ ਦੀ ਕਹਾਣੀ ਯਾਦ ਆਉਂਦੀ ਹੈ। ਉਪਰੇਸ਼ਨ ਬਲੈਕ ਥੰਡਰ ਵੇਲੇ ਉਸ ਦੇ ਹਮਦਰਦ ਪੰਜਾਬ ਪੁਲਿਸ ਦੇ ਕਾਰਿੰਦੇ ਉਸ ਨੂੰ ਕੱਢ ਕੇ ਬਾਬਾ ਦੀਪ ਸਿੰਘ ਦੇ ਗੁਰਦੁਆਰੇ ਲੈ ਗਏ ਸਨ, ਇਹ ਕਹਿ ਕਿ ਦਰਬਾਰ ਸਾਹਿਬ ਇਕੇਰਾਂ ਫਿਰ ਘੇਰਾ ਪੈਣ ਵਾਲਾ ਹੈ। ਸੁਖਾ ਆਪਣੀਆਂ ਕਾਰਵਾਈਆਂ ਜਿਆਦਾ ਕਰਕੇ ਪੁਲਿਸ ਦੀਆਂ ਗੱਡੀਆਂ ਤੇ ਪੁਲਿਸ ਦੀ ਵਰਦੀ ਵਿਚ ਕਰਦਾ ਸੀ। ਪੁਲਿਸ ਵਿਚ ਉਸ ਦੀ ਆਪਣੀ ਨਜ਼ਦੀਕੀ ਵਿਸ਼ਵਾਸ਼ਪਾਤਰ ਪਹੁੰਚ ਸੀ। ਪੁਲਿਸ ਮੁਖੀ ਰਿਬੈਰੋ ਨੇ ਪੁਲਿਸ ਅਧਿਕਾਰੀਆਂ ਨੂੰ ਲਾਲਚ ਦਿੱਤਾ ਕਿ ਜੋ ਕਿਸੇ ਅਤਿਵਾਦੀ ਨੂੰ ਫੜੇ-ਫੜ੍ਹਾਏਗਾ ਉਸ ਨੂੰ ਇਨਾਮ ਤੇ ਤਰੱਕੀ ਦਿੱਤੀ ਜਾਵੇਗੀ। ਸ਼ਹੀਦਾਂ ਦੇ ਗੁਰਦੁਆਰੇ ਬਾਬੇ ਸੁੱਖੇ ਕੋਲ ਇਕ ਵਿਸ਼ਵਾਸਪਾਤਰ ਸਿਪਾਹੀ ਗਿਆ ਕਿ ਬਾਬਾ ਜੀ ਇੱਥੇ ਵੀ ਤਲਾਸ਼ੀ ਹੋਣ ਵਾਲੀ ਹੈ, ਆਓ! ਤੁਹਾਨੂੰ ਕਿਸੇ ਹੋਰ ਸੁਰਖਿਅਤ ਜਗ੍ਹਾ ਪਹੁੰਚਾ ਦੇਈਏ। ਹਮੇਸ਼ਾ ਦੇ ਭਰੋਸੇ ਅਨੁਸਰ ਉਹ ਜੀਪ ਵਿਚ ਬੈਠਣ ਲੱਗਾ ਹੀ ਸੀ ਕਿ ਅੰਦਰੋਂ ਤਾੜ ਤਾੜ ਚਲੀਆਂ ਗੋਲੀਆਂ ਨੇ ਉਸ ਨੂੰ ਢੇਰੀ ਕਰ ਦਿੱਤਾ। ਉਹ ਜੀਪ ਚਲੇ ਗਈ ਤੇ ਜਲਦੀ ਹੀ ਇਕ ਹੋਰ ਜੀਪ ਆ ਕੇ ਉਸ ਦੀ ਲਾਸ਼ ਉਠਾ ਕੇ ਲੈ ਗਈ। ਕਿਸੇ ਨੂੰ ਭਿਣਕ ਨਹੀਂ ਪੈਣ ਦਿੱਤੀ। ਸੈਂਕੜੇ ਪੰਜਾਬੀ ਜਵਾਨੀਆਂ ਦਾ ਹਤਿਆਰਾ ਤਰਨ ਤਾਰਨ ਦਾ ਐਸ ਐਸ ਪੀ ਅਜੀਤ ਸਿੰਘ ਸੰਧੂ ਜਿਸ ਬਾਰੇ ਖਬਰਾਂ ਛਪੀਆਂ ਸਨ ਕਿ ਉਸ ਨੇ ਰੇਲ ਗਡੀ ਥਲੇ ਆ ਕੇ ਖੁਦਕੁਸ਼ੀ ਕਰ ਲਈ ਸੀ, ਸੁਣਿਆ ਹੈ, ਅਮਰੀਕਾ ਵਿਚ ਹੀ ਕਿਧਰੇ ਭੇਸ ਬਦਲ ਕੇ ਸੁਖ ਮਾਣ ਰਿਹਾ ਹੈ।

ਉਸਾਮੇ ਦਾ ਅੰਤ ਹੋਣ ਨਾਲ ਅਤਿਵਾਦ ਦਾ ਅੰਤ ਨਹੀਂ ਹੋ ਗਿਆ। ਉਸਾਮਾ ਦੇ ਪੈਰੋਕਾਰ ਇਹ ਮੰਨਣ ਨੂੰ ਤਿਆਰ ਨਹੀਂ ਕਿ ਉਹ ਇਸ ਦੁਨੀਆਂ ਵਿਚ ਨਹੀਂ ਰਿਹਾ। ਉਨ੍ਹਾਂ ਅਨੁਸਾਰ ਉਸਾਮਾ ਆਪਣੀ ਅਗਲੀ ਪਲੈਨ ਬਾਰੇ ਜਲਦੀ ਹੀ ਇਕ ਨਵੀਂ ਟੇਪ ਦੇਣਗੇ। ਸਦਰ ਓਬਾਮਾ ਨੇ ਉਸਾਮਾ ਦੀ ਤਸਵੀਰ ਜਾਰੀ ਕਰਨ ਤੋਂ ਨਾਂਹ ਕਰਦਿਆਂ ਕਿਹਾ ਹੈ, ਮੈਂ ਉਸ ਬਾਰੇ ਨਵੇਂ ਤੋਂ ਨਵੇਂ ਬਿਆਨ ਤੇ ਉਸ ਦੀਆਂ ਮਰੀਆਂ ਵਲੂੰਧਰੀਆਂ ਫੋਟੋ ਜਾਰੀ ਕਰ ਕੇ ਉਸ ਨੂੰ ਜ਼ੀਰੋ ਤੋਂ ਹੀਰੋ ਨਹੀਂ ਬਣਾਉਣਾ ਚਾਹੁੰਦਾ। ਮੈਂ ਨਹੀਂ ਚਾਹੁੰਦਾ, ਉਸ ਦੀਆਂ ਯਾਦਗਾਰਾਂ ਬਣਦੀਆਂ ਰਹਿਣ ਤੇ ਭਵਿੱਖੀ ਪਨੀਰੀ ਲਈ ਨਵੇਂ ਬਖੇੜੇ ਖੜੇ ਕਰਦੀਆਂ ਰਹਿਣ, ਇਸ ਲਈ ਉਸ ਦੇ ਚੀਥੜੇ ਸਮੁੰਦਰ ਵਿਚ ਸੁੱਟ ਕੇ ਇਹ ਮੁੱਦਾ ਟੰਟਾ ਹਮੇਸ਼ਾਂ ਲਈ ਖਤਮ ਕਰ ਦਿੱਤਾ ਹੈ। ਉਹ ਆਪਣੀ ਮੌਤੇ ਆਪਣੇ ਕਰਤੱਬੀਂ ਮਰਿਆ ਹੈ ਤੇ ਹੋਰਾਂ ਨੂੰ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਮੈਂ ਨਹੀਂ ਚਾਹੁੰਦਾ ਇਸ ਬੰਦ ਹੋਏ ਕਾਂਡ ਦਾ ਕਿਤੇ ਵੀ ਜਿਕਰ ਹੋਵੇ। ਡੱਨ ਇਜ਼ ਡੱਨ, ਵੈਲ ਡੱਨ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627



Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਕਾਂਗਰਸ ਦੇ ਦਾਬੇ ਕਾਰਨ ਬਾਦਲ ਨੇ 'ਨਸ਼ਾ ਰੋਕਥਾਮ ਬੋਰਡ' ਬਣਾਇਆ

**ਲੁਧਿਆਣਾ:** ਪੰਜਾਬ ਸਰਕਾਰ ਨੇ ਯੂਥ ਕਾਂਗਰਸ ਦੇ ਪ੍ਰਧਾਨ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਰੱਖੀ ਭੁੱਖ ਹੜਤਾਲ ਅੱਗੇ ਗੋਡੇ ਟੇਕਦਿਆਂ 'ਪੰਜਾਬ ਨਸ਼ਾ ਰੋਕਥਾਮ ਬੋਰਡ' ਬਣਾਉਣ ਦੀ ਹਾਮੀ ਭਰ ਦਿੱਤੀ ਹੈ। ਬਿੱਟੂ ਨੇ ਛੇ ਮਈ ਨੂੰ ਸਰਕਾਰ ਵੱਲੋਂ ਬੋਰਡ ਬਣਾਉਣ ਦੇ ਇਸ ਰਸਮੀ ਐਲਾਨ ਤੋਂ ਬਾਅਦ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ। ਇਸ ਬੋਰਡ ਦੇ ਗਠਨ ਬਾਰੇ ਸੂਚਨਾ ਬਾਦਲ ਸਰਕਾਰ ਵੱਲੋਂ ਫੈਕਸ ਸੁਨੇਹੇ ਰਾਹੀਂ ਭੇਜੀ ਗਈ ਜਿਸ ਨੂੰ ਲੈ ਕੇ ਅਡੀਸ਼ਨਲ ਡਿਪਟੀ ਕਮਿਸ਼ਨਰ ਐਸ.ਆਰ. ਕਲੇਰ ਭੁੱਖ ਹੜਤਾਲ ਵਾਲੀ ਥਾਂ 'ਤੇ ਪੁੱਜੇ ਤੇ ਮੁੱਖ ਮੰਤਰੀ ਵੱਲੋਂ ਭੇਜਿਆ ਗਿਆ ਇਹ ਫੈਕਸ ਸੁਨੇਹਾ ਮਾਈਕ ਤੋਂ ਉਥੇ ਜੁੜੇ ਕਾਂਗਰਸ ਆਗੂਆਂ ਨੂੰ ਪੜ੍ਹ ਕੇ ਸੁਣਾਇਆ ਗਿਆ।

ਜ਼ਿਕਰਯੋਗ ਹੈ ਕਿ ਸ. ਬਿੱਟੂ ਵੱਲੋਂ ਨਸ਼ਿਆਂ ਵਿਰੁੱਧ ਰੱਖੀ ਭੁੱਖ ਹੜਤਾਲ ਦੇ 5ਵੇਂ ਦਿਨ ਉਨ੍ਹਾਂ ਦੀ ਸਿਹਤ ਕਾਫੀ ਖ਼ਰਾਬ ਹੋ ਗਈ ਸੀ ਤੇ ਉਨ੍ਹਾਂ ਨੇ ਡਾਕਟਰੀ ਇਲਾਜ ਕਰਵਾਉਣ ਤੋਂ ਮਨ੍ਹਾ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਸ ਨੂੰ ਬੇਹੋਸ਼ ਹੋਣਾ ਮਨਜ਼ੂਰ ਹੈ ਪਰ ਇਲਾਜ ਕਰਵਾਉਣਾ ਨਹੀਂ। ਉਨ੍ਹਾਂ ਨਾਲ ਬੈਠੇ ਹੋਰ ਨੌਜਵਾਨਾਂ ਦੀ ਹਾਲਤ ਦਿਨ-ਬ-ਦਿਨ ਖ਼ਰਾਬ ਹੁੰਦੀ ਜਾ ਰਹੀ ਸੀ। ਪੰਜਾਬ ਯੂਥ ਕਾਂਗਰਸ ਦੀ ਮੰਗ ਸੀ ਕਿ ਸੂਬੇ ਵਿਚੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਨਸ਼ਾ ਰੋਕੂ ਬੋਰਡ ਦੀ ਸਥਾਪਨਾ ਕੀਤੀ



*ਬੀਬੀ ਹਰਨਾਮ ਕੌਰ, ਐਮਪੀ ਰਵਨੀਤ ਬਿੱਟੂ ਦੀ ਭੁੱਖ ਹੜਤਾਲ ਕਰਵਾਉਂਦੀ ਹੋਈ*

ਜਾਵੇ ਤੇ ਵਿਧਾਨ ਸਭਾ ਦੀ ਹਾਊਸ ਕਮੇਟੀ ਦਾ ਗਠਨ ਕੀਤਾ ਜਾਵੇ। ਇਸ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਵਾਨ ਤਾਂ ਕਰ ਲਿਆ ਸੀ ਪਰ ਕੋਈ ਵੀ ਲਿਖਤੀ ਪ੍ਰਸਤਾਵ ਜਾਰੀ ਨਾ ਕੀਤੇ ਜਾਣ ਕਾਰਨ ਕਾਂਗਰਸੀਆਂ ਨੇ ਭੁੱਖ ਹੜਤਾਲ ਜਾਰੀ ਰੱਖੀ। ਸ. ਬਿੱਟੂ ਨੇ ਸਰਕਾਰ ਦੀ ਕਾਰਗੁਜ਼ਾਰੀ ਤੇ ਇਰਾਦਿਆਂ ਉਤੇ ਪ੍ਰਸ਼ਨ ਚਿੰਨ੍ਹ ਲਾਉਂਦਿਆਂ ਕਿਹਾ ਸੀ ਕਿ ਸਾਰੇ ਲੋਕ ਸਰਕਾਰ ਵੱਲ ਵੇਖ ਰਹੇ ਹਨ ਪਰ ਬਾਦਲ ਸਾਹਿਬ ਵੱਲੋਂ ਸਿਰਫ਼ ਬਿਆਨ ਤੋਂ ਸਿਵਾ ਕੁਝ ਨਹੀਂ ਕੀਤਾ ਗਿਆ। ਕਾਂਗਰਸੀਆਂ ਦੀ ਮੰਗ ਪੂਰੀ ਹੋਣ 'ਤੇ ਅੰਮ੍ਰਿਤਸਰ ਦੇ ਪਿੰਡ ਮਕਬੂਲਪੁਰਾ ਤੋਂ ਪੁੱਜੀ ਬੀਬੀ ਹਰਨਾਮ ਕੌਰ ਨੇ ਸ. ਬਿੱਟੂ ਸਣੇ ਹੜਤਾਲ 'ਤੇ ਬੈਠੇ 11 ਯੂਥ ਕਾਂਗਰਸੀ ਆਗੂਆਂ ਨੂੰ ਨਾਰੀਅਲ ਦਾ ਪਾਣੀ ਪਿਲਾਇਆ।

ਇਥੇ ਦੱਸਣਯੋਗ ਹੈ ਕਿ ਬੀਬੀ ਹਰਨਾਮ ਕੌਰ ਦੇ ਛੇ ਪੁੱਤਰ ਨਸ਼ਿਆਂ ਦੇ ਆਦੀ ਹੋਣ ਕਰਕੇ ਇਸ ਦੁਨੀਆ ਵਿਚ ਨਹੀਂ ਰਹੇ ਤੇ ਸੱਤਵਾਂ ਲੜਕਾ ਵੀ ਨਸ਼ਿਆਂ ਦਾ ਆਦੀ ਹੋ ਚੁੱਕਿਆ ਹੈ। ਪਿੰਡ ਵਿਚ ਨਸ਼ੇ ਕਾਰਨ 455 ਔਰਤਾਂ ਵਿਧਵਾ ਹੋ ਚੁੱਕੀਆਂ ਹਨ।

ਬੀਬੀ ਹਰਨਾਮ ਕੌਰ ਅਖ਼ਬਾਰਾਂ ਵਿਚ ਨਸ਼ਿਆਂ ਖ਼ਿਲਾਫ਼ ਆਰੰਭ ਕੀਤੀ ਭੁੱਖ ਹੜਤਾਲ ਬਾਰੇ ਪੜ੍ਹ ਕੇ ਲੁਧਿਆਣਾ ਵਿਚ ਬਿੱਟੂ ਨੂੰ ਅਸੀਸਾਂ ਦੇਣ ਲਈ ਹਾਲੇ ਪੁੱਜੀ ਹੀ ਸੀ ਕਿ ਮੁੱਖ ਮੰਤਰੀ ਦਾ ਫੈਕਸ ਸੁਨੇਹਾ ਆ ਗਿਆ। ਸੁਨੇਹੇ ਵਿਚ ਕਿਹਾ ਗਿਆ ਹੈ ਕਿ ਇਹ ਬੋਰਡ ਦੋ ਮਹੀਨੇ ਦੇ ਅੰਦਰ ਗਠਿਤ ਕਰ ਦਿੱਤਾ ਜਾਵੇਗਾ। ਸ. ਬਿੱਟੂ ਨੇ ਵੀ ਮੁੱਖ ਮੰਤਰੀ ਵੱਲੋਂ ਉਨ੍ਹਾਂ ਦੀ ਮੰਗ ਨੂੰ ਸਵੀਕਾਰ ਕਰਨ ਲਈ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਵੇਂ ਯੁਗ ਦੀ ਸ਼ੁਰੂਆਤ ਹੋ ਗਈ ਹੈ। ਇਸ ਕਦਮ ਨਾਲ ਡਰੱਗ ਮਾਫੀਏ ਨੂੰ ਨੱਥ ਪਵੇਗੀ। ਉਨ੍ਹਾਂ ਸਰਕਾਰ ਨੂੰ ਸੁਝਾਅ ਦਿੱਤਾ ਕਿ ਬੋਰਡ ਵਿਚ ਸੇਵਾ ਮੁਕਤ ਜੱਜ, ਆਈ.ਏ.ਐਸ. ਤੇ ਸਾਬਕਾ ਪੁਲਿਸ ਅਧਿਕਾਰੀ ਲਏ ਜਾਣ ਜਿਨ੍ਹਾਂ ਦਾ ਦਾਮਨ ਸਾਫ਼ ਹੋਵੇ।

## ਕੇਂਦਰ ਨਸ਼ਾ ਤਸਕਰੀਆਂ ਨੂੰ ਸ਼ਹਿ ਦੇ ਰਿਹੈ: ਬਾਦਲ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 'ਪੰਜਾਬ ਨਸ਼ਾ ਰੋਕਥਾਮ ਬੋਰਡ' ਦੇ ਰਸਮੀ ਐਲਾਨ ਤੋਂ ਬਾਅਦ ਨਸ਼ਾ ਤਕਸਰੀ ਦਾ ਸਾਰਾ ਭਾਂਡਾ ਕੇਂਦਰ ਸਰਕਾਰ ਸਿਰ ਭੰਨਦਿਆਂ ਕਿਹਾ ਕਿ ਨਸ਼ਾ ਪੰਜਾਬ 'ਚ ਨਹੀਂ ਬਣਦਾ।ਸਗੋਂ ਨਸ਼ੀਲੇ ਪਦਾਰਥ ਪਾਕਿਸਤਾਨ ਤੋਂ ਆਉਂਦੇ ਹਨ ਜਦਕਿ ਭੁੱਕੀ ਰਾਜਸਥਾਨ ਤੋਂ ਇੱਥੇ ਪਹੁੰਚਦੀ ਹੈ ਤੇ ਇਸ ਨੂੰ ਬੰਦ ਕਰਵਾਉਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਬਿੱਟੂ ਨੂੰ ਭੁੱਖ ਹੜਤਾਲ 'ਤੇ ਬੈਠਣ ਦੀ ਥਾਂ ਉਨ੍ਹਾਂ ਨੂੰ ਮਿਲ ਲੈਣਾ ਚਾਹੀਦਾ ਸੀ ਕਿਉਂਕਿ ਗੱਲਬਾਤ ਰਾਹੀਂ ਪੰਜਾਬ ਦੇ ਸਾਂਝੇ ਮਸਲੇ ਸੁਲਝਾਏ ਜਾ ਸਕਦੇ ਹਨ। ਸ. ਬਾਦਲ ਨੇ ਇਹ ਵੀ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨਸ਼ਿਆਂ ਦੇ ਖ਼ਿਲਾਫ਼ ਹੈ ਤੇ ਇਨ੍ਹਾਂ ਨੂੰ ਰੋਕਣ ਲਈ ਹਰ ਕਦਮ ਚੁੱਕਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਹਿਲਾਂ ਤੋਂ ਹੀ ਨਸ਼ਿਆਂ ਦਾ ਵਿਰੋਧ ਕਰਦੀ ਆਈ ਹੈ ਤੇ ਉਹ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਹਰ ਬਣਦਾ ਕਦਮ ਚੁੱਕਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾ ਦਾ ਧਿਆਨ ਨਸ਼ਿਆਂ ਤੋਂ ਹਟਾਉਣ ਲਈ ਪਿੰਡਾਂ 'ਚ ਖੇਡ ਕਲੱਬ ਬਣਾ ਰਹੀ ਹੈ ਤੇ ਉਨ੍ਹਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਜਗ੍ਹਾ-ਜਗ੍ਹਾ ਕੈਂਪ ਲਾਏ ਜਾ ਰਹੇ ਹਨ।

# ਕੈਪਟਨ ਵੱਲੋਂ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਪੈਰਵੀ

**ਲੁਧਿਆਣਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕਰਦਿਆਂ ਕਿਹਾ ਹੈ ਕਿ ਰਾਜ ਵਿਚ ਭ੍ਰਿਸ਼ਟਾਚਾਰ ਸਾਰੇ ਹੱਦ ਬੰਨ੍ਹੇ ਟੱਪ ਚੁੱਕਾ ਹੈ ਤੇ ਰਾਜ ਦੇ ਅੱਠ ਮੰਤਰੀ ਤੇ ਪਾਰਲੀਮਾਨੀ ਸਕੱਤਰ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਫਸੇ ਹੋਏ ਹਨ ਜਿਨ੍ਹਾਂ 'ਚ ਸਪੀਕਰ ਵਿਧਾਨ ਸਭਾ, ਸਨਅਤੀ ਮੰਤਰੀ, ਸਮਾਜਿਕ ਸੁਰੱਖਿਆ ਮੰਤਰੀ ਤੇ ਸੰਸਦੀ ਸਕੱਤਰ ਸ਼ਾਮਲ ਹਨ। ਉਨ੍ਹਾਂ ਦੋਸ਼ ਲਾਇਆ ਕਿ ਭ੍ਰਿਸ਼ਟਾਚਾਰ ਦੀ ਇਹ ਹਨ੍ਹੇਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਹਿਣ 'ਤੇ ਚੱਲ ਰਹੀ ਹੈ।

ਕੈਪਟਨ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਦੋ ਵਿਧਾਇਕ ਕਤਲ ਦੇ ਕੇਸਾਂ ਵਿਚ ਸ਼ਾਮਲ ਹਨ। ਇਸ ਲਈ ਅਜਿਹੀ ਸਰਕਾਰ ਨੂੰ ਰਾਜ ਵਿਚ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੈ ਤੇ ਰਾਸ਼ਟਰਪਤੀ ਰਾਜ ਲਾਗੂ ਹੋਣਾ ਜ਼ਰੂਰੀ ਹੈ। ਕੈਪਟਨ ਅਮਰਿੰਦਰ ਸਿੰਘ ਸੱਤ ਮਈ ਨੂੰ ਇੱਥੇ ਸਿਟੀ ਸੈਂਟਰ ਘੁਟਾਲੇ ਸਬੰਧੀ ਪੇਸ਼ੀ ਭੁਗਤਣ ਆਏ ਸਨ। ਕੈਪਟਨ ਨੇ ਦੋਸ਼ ਲਾਇਆ ਕਿ ਬਠਿੰਡਾ ਦੇ ਕਾਟਨ ਰਿਸਰਚ ਸੈਂਟਰ ਦੀ 25 ਕਿੱਲੇ ਜ਼ਮੀਨ ਕੌਡੀਆਂ ਦੇ ਭਾਅ ਵੇਚ ਕੇ ਮੁੱਖ ਮੰਤਰੀ ਨੇ ਕਿਸਾਨਾਂ ਨਾਲ ਧੋਖਾ ਕੀਤਾ ਹੈ। ਜਲੰਧਰ ਵਿਚ ਪਹਿਲਾਂ ਪੰਜਾਬ ਮੈਡੀਕਲ ਇੰਸਟੀਚਿਊਟ ਆਫ ਸਰਵਿਸਜ਼ ਨੂੰ ਤੇ ਹੁਣ ਏ.ਪੀ.ਜੇ. ਸਕੂਲ ਨੂੰ



ਜ਼ਮੀਨ ਕੌਡੀਆਂ ਦੇ ਭਾਅ ਦਿੱਤੀ ਗਈ ਹੈ। ਪਹਿਲਾਂ ਵੀ ਸਰਕਾਰ ਨੇ ਪੁੱਡਾ ਦੀ ਜ਼ਮੀਨ ਇਸੇ ਤਰ੍ਹਾਂ ਕੌਡੀਆਂ ਦੇ ਭਾਅ ਵੇਚ ਕੇ ਖਜ਼ਾਨੇ ਨੂੰ ਰਗੜਾ ਲਾਇਆ ਸੀ। ਹੁਣ ਵੀ ਇਹ ਉਸੇ ਲੀਹ ਉਤੇ ਚੱਲ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਰਿਸਰਚ ਸੈਂਟਰ ਵੇਚਣਾ ਤਕਰੀਬਨ ਤੈਅ ਹੋ ਗਿਆ ਸੀ ਪਰ ਉਪ ਕੁਲਪਤੀ ਡਾ. ਮਨਜੀਤ ਸਿੰਘ ਕੰਗ ਨੇ ਹਾਮੀ ਨਹੀਂ ਭਰੀ ਜਿਸ ਕਰਕੇ ਡਾ. ਕੰਗ ਦੀ ਛੁੱਟੀ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਟੈਕਸ ਵਾਪਸ ਲੈ ਕੇ ਤੇਲ ਦੀਆਂ ਕੀਮਤਾਂ ਸਹੀ ਕਰ ਸਕਦੀ ਹੈ।

# ਭਾਰਤੀ ਫ਼ੌਜ ਅਮਰੀਕਾ ਨਾਲੋਂ ਕਿਸੇ ਗੱਲੋਂ ਘੱਟ ਨਹੀਂ: ਜਨਰਲ

**ਲਖਨਾਊ:** ਅਮਰੀਕਾ ਵੱਲੋਂ ਪਾਕਿਸਤਾਨ ਵਿਚ ਅਲ-ਕਾਇਦਾ ਮੁਖੀ ਓਸਾਮਾ ਬਿਨ ਲਾਦਿਨ ਖ਼ਿਲਾਫ਼ ਕੀਤੀ ਕਾਰਵਾਈ ਤੋਂ ਬਾਅਦ ਭਾਰਤੀ ਥਲ ਸੈਨਾ ਦੇ ਮੁਖੀ ਜਨਰਲ ਵੀ.ਕੇ. ਸਿੰਘ ਨੇ ਕਿਹਾ ਕਿ ਭਾਰਤੀ ਫ਼ੌਜ ਦੇ ਤਿੰਨ ਅੰਗ ਵੀ ਇਸ ਤਰ੍ਹਾਂ ਦੀ ਕਾਰਵਾਈ ਕਰਨ ਦੇ ਸਮਰੱਥ ਹਨ। ਇਥੇ ਸੈਨਿਕ ਸਕੂਲ ਦੇ ਸਮਾਗਮ ਵਿਚ ਸ਼ਿਰਕਤ ਕਰਨ ਲਈ ਆਏ ਜਨਰਲ ਸਿੰਘ ਨੇ ਕਿਹਾ ਕਿ ਜੇਕਰ ਕਦੇ ਅਜਿਹੀ ਚੁਣੌਤੀ ਸਾਹਮਣੇ ਆਈ ਤਾਂ ਸਾਡੀਆਂ ਤਿੰਨੇ ਸੈਨਾਵਾਂ (ਜਲ, ਥਲ ਤੇ ਵਾਯੂ) ਅਜਿਹਾ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹਨ।

ਅਮਰੀਕੀ ਕਾਰਵਾਈ ਤੋਂ ਕੁਝ ਸਮੇਂ ਬਾਅਦ ਭਾਰਤੀ ਹਵਾਈ ਫ਼ੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਪੀ.ਵੀ. ਨਾਇਕ ਨੇ ਵੀ ਕਿਹਾ ਸੀ ਕਿ ਭਾਰਤ ਕੋਲ ਵੀ ਅਤਿਵਾਦੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਸਮਰੱਥਾ ਹੈ ਪਰ ਉਨ੍ਹਾਂ ਨੇ ਇਸ ਬਾਰੇ ਖੁੱਲ੍ਹ ਕੇ ਕੁਝ ਨਹੀਂ ਸੀ ਦੱਸਿਆ। ਲਾਦਿਨ ਦੀ ਮੌਤ ਮਗਰੋਂ ਉਨ੍ਹਾਂ ਨੇ ਆਸ ਪ੍ਰਗਟਾਈ ਕਿ ਇਸ ਨਾਲ ਅਤਿਵਾਦੀਆਂ ਦਾ ਲੱਕ ਟੁੱਟ ਗਿਆ ਹੈ। ਅਮਰੀਕਾ ਨੇ ਬੜੀ ਵਧੀਆ ਕਾਰਵਾਈ ਕੀਤੀ ਹੈ। ਲਾਦਿਨ ਦੇ ਮਰਨ ਮਗਰੋਂ ਭਾਰਤ ਦੇ ਚੌਕਸ ਹੋਣ ਬਾਰੇ ਉਨ੍ਹਾਂ ਕਿਹਾ ਕਿ ਉਹ (ਲਾਦਿਨ) ਇਕ ਵੱਡੇ ਗਰੁੱਪ ਦਾ ਮੁਖੀ ਸੀ ਤੇ ਹੋ ਸਕਦਾ ਹੈ ਕਿ ਉਸ ਦਾ ਗਰੁੱਪ ਬਦਲਾ ਲੈਣ ਲਈ ਕੁਝ ਕਰੇ। ਇਸ ਲਈ ਭਾਰਤ ਸਣੇ ਸਾਰੇ ਆਪਣੀ ਸੁਰੱਖਿਆ ਵੱਲ ਧਿਆਨ ਦੇ ਰਹੇ ਹਨ।

# ਹਰਪ੍ਰੀਤ ਹੱਤਿਆ ਕੇਸ: ਕਮਲਜੀਤ ਮੁੜ ਪੁਰਾਣੇ ਬਿਆਨਾਂ 'ਤੇ ਦ੍ਰਿੜ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਉਰਫ਼ ਰੋਜ਼ੀ ਦੀ ਹੱਤਿਆ ਦੇ ਮਾਮਲੇ ਵਿਚ ਮੁੱਖ ਗਵਾਹ ਕਮਲਜੀਤ ਸਿੰਘ ਦੇ ਬਿਆਨ ਮੁੜ ਤੋਂ ਲਏ ਜਾਣ ਦੀ ਪ੍ਰਕਿਰਿਆ ਆਰੰਭ ਹੋ ਗਈ ਹੈ। ਇਥੇ ਸੀ.ਬੀ.ਆਈ. ਅਦਾਲਤ ਵਿਚ ਸ਼ੁਰੂ ਹੋਈ ਕਾਰਵਾਈ ਦੇ ਪਹਿਲੇ ਦਿਨ ਉਸ ਨੇ ਮੰਨਿਆ ਕਿ 12 ਸਾਲ ਪਹਿਲਾਂ ਹਰਪ੍ਰੀਤ ਕੌਰ ਦੀ ਮੌਤ ਬਾਰੇ ਜਾਂਚ ਕਰਵਾਉਣ ਦੀ ਅਪੀਲ 'ਤੇ ਆਧਾਰਤ ਪਟੀਸ਼ਨ ਉਸ ਵੱਲੋਂ ਹੀ ਦਾਇਰ ਕੀਤੀ ਗਈ ਸੀ। ਉਸ ਨੇ ਪਹਿਲਾਂ ਇਨਕਾਰ ਕੀਤੀਆਂ ਕਈ ਹੋਰ ਗੱਲਾਂ ਦੀ ਵੀ ਹਾਮੀ ਭਰੀ।

ਦੂਜੇ ਪਾਸੇ ਸੀ.ਬੀ.ਆਈ. ਦੇ ਵਕੀਲਾਂ ਵੱਲੋਂ ਮੁਲਜ਼ਮਾਂ ਤੋਂ ਧਾਰਾ 313 ਅਧੀਨ ਦਰਜ ਕੀਤੇ ਜਾ ਰਹੇ ਸਵਾਲਾਂ ਦਾ ਸਿਲਸਿਲਾ ਮੁੜ ਤੋਂ ਗਵਾਹੀ ਸ਼ੁਰੂ ਹੋਣ ਕਾਰਨ ਰੋਕ ਦਿੱਤਾ ਗਿਆ ਹੈ। ਇਹ ਸਵਾਲ ਗਵਾਹੀਆਂ ਮੁਕੰਮਲ ਹੋਣ ਤੋਂ ਬਾਅਦ ਹੀ ਪੁੱਛੇ ਜਾਂਦੇ ਹਨ। ਆਪਣੇ ਵਕੀਲ ਐਡਵੋਕੇਟ ਅਰੁਣ ਕੁਮਾਰ ਸਿੰਗਲਾ ਨਾਲ ਅਦਾਲਤ ਵਿਚ ਪੁੱਜੇ ਕਮਲਜੀਤ ਸਿੰਘ ਤੋਂ ਸੀ.ਬੀ.ਆਈ ਦੇ ਵਕੀਲਾਂ ਵੱਲੋਂ ਸਭ ਤੋਂ ਪਹਿਲਾਂ ਹਰਪ੍ਰੀਤ ਕੌਰ ਦੀ ਮੌਤ ਬਾਰੇ ਹਾਈ ਕੋਰਟ ਵਿਚ ਪਾਈ ਗਈ ਪਟੀਸ਼ਨ ਬਾਰੇ ਪੁੱਛਿਆ ਗਿਆ। ਉਸ ਨੇ ਮੰਨਿਆ ਕਿ ਹਾਈ ਕੋਰਟ ਵਿਚ ਪਾਈ ਪਟੀਸ਼ਨ 'ਤੇ ਕੀਤੇ ਗਏ ਦਸਤਖ਼ਤ ਉਸ ਦੇ ਹੀ ਹਨ। ਇਸੇ ਤਰ੍ਹਾਂ ਅੱਜ ਸੀ.ਬੀ.ਆਈ ਵੱਲੋਂ ਹਰਪ੍ਰੀਤ ਦੇ ਗਰਭਵਤੀ ਹੋਣ ਬਾਰੇ ਪੁੱਛੇ ਸਵਾਲ ਦਾ ਜਵਾਬ ਵੀ ਉਸ ਨੇ ਹਾਂ ਵਿਚ ਦਿੱਤਾ। ਸਵਾਲਾਂ ਦੇ ਜਵਾਬ ਦੌਰਾਨ ਕਮਲਜੀਤ ਨੇ ਕਿਹਾ ਕਿ ਗਰਭਵਤੀ ਹੋਣ ਬਾਰੇ ਕਰਵਾਏ ਗਏ ਟੈਸਟ ਮੌਕੇ ਪਰਚੀ ਬਣਵਾਉਣ ਵੇਲੇ ਹਰਪ੍ਰੀਤ ਕੌਰ ਦਾ ਨਾਂ ਉਸ ਦੀ ਪਤਨੀ ਵਜੋਂ ਲਿਖਵਾਇਆ ਗਿਆ ਸੀ।

ਇਸੇ ਦੌਰਾਨ ਉਸ ਨੂੰ ਪੁੱਛਿਆ ਗਿਆ ਕਿ ਉਸ ਦੇ ਪਹਿਲਾਂ ਵਾਲੇ ਬਿਆਨ ਸਹੀ ਸਨ ਜਾਂ ਫਿਰ ਇਹ ਬਿਆਨ ਦਰੁਸਤ ਹਨ? ਜਿਸ 'ਤੇ ਉਸ ਨੇ ਅੱਜ ਵਾਲੇ ਬਿਆਨਾਂ ਨੂੰ ਸਹੀ ਕਿਹਾ। ਜਦੋਂ ਉਸ ਨੂੰ ਪਹਿਲਾਂ ਇਨ੍ਹਾਂ ਸਭ ਗੱਲਾਂ ਤੋਂ ਇਨਕਾਰੀ ਹੋਣ ਦਾ ਕਾਰਨ ਪੁੱਛਿਆ ਗਿਆ ਤਾਂ ਕਮਲਜੀਤ ਸਿੰਘ ਨੇ ਇਸ ਪਿੱਛੇ ਸਿਆਸੀ ਤੇ ਮਾਨਸਿਕ ਦਬਾਅ ਹੋਣ ਦੀ ਗੱਲ ਆਖੀ। ਇਸੇ ਦੌਰਾਨ ਦਲਵਿੰਦਰ ਕੌਰ ਦੇਸੀ ਤੇ ਨਿਸ਼ਾਨ ਸਿੰਘ ਨੂੰ ਪੇਸ਼ੀ ਤੋਂ ਛੋਟ ਮਿਲੀ ਹੋਈ ਸੀ ਜਦਕਿ ਬੀਬੀ ਜਗੀਰ ਕੌਰ ਸਮੇਤ ਬਾਕੀ ਮੁਲਜ਼ਮ ਆਪਣੇ ਵਕੀਲਾਂ ਨਾਲ ਅਦਾਲਤ ਵਿਚ ਪੁੱਜੇ ਹੋਏ ਸਨ। ਸੀ.ਬੀ.ਆਈ. ਦੇ ਜੱਜ ਬਲਬੀਰ ਸਿੰਘ ਦੀ ਅਗਵਾਈ ਹੇਠਲੀ ਅਦਾਲਤ ਵੱਲੋਂ ਇਸ ਕੇਸ ਦੀ ਅਗਲੀ ਪੇਸ਼ੀ 13 ਮਈ ਪਾ ਦਿੱਤੀ ਗਈ ਹੈ। ਉਸ ਦਿਨ ਵੀ ਕਮਲਜੀਤ ਸਿੰਘ ਦੇ ਬਿਆਨ ਹੋਣਗੇ। ਜ਼ਿਕਰਯੋਗ ਹੈ ਕਿ ਕਮਲਜੀਤ ਸਿੰਘ ਵੱਲੋਂ ਆਪਣੇ ਵਕੀਲ ਰਾਹੀਂ 21 ਮਾਰਚ ਨੂੰ ਮੁੜ ਬਿਆਨ ਦਰਜ ਕਰਵਾਉਣ ਦੀ ਅਪੀਲ ਕੀਤੀ ਗਈ ਸੀ।

# ਪੰਜਾਬ ਪੁਲਿਸ ਦਾ ਆਪਣਾ ਸ਼ਾਸਨ ਹੀ ਡਗਮਗਾਇਆ

**ਚੰਡੀਗੜ੍ਹ:** ਲੋਕਾਂ ਦੀਆਂ ਜੇਬਾਂ 'ਚੋਂ ਡੰਡੇ ਦੇ ਜ਼ੋਰ 'ਤੇ ਪੈਸਾ ਘਡਵਾਉਣ ਵਜੋਂ ਜਾਣੀ ਜਾਂਦੀ ਪੰਜਾਬ ਪੁਲਿਸ ਕੋਲ ਤਕਰੀਬਨ 50 ਫ਼ੀਸਦੀ ਥਾਣਿਆਂ ਦੀ ਅਪਣੀ ਕੋਈ ਜਗ੍ਹਾ ਜਾਂ ਸਥਾਨ ਹੀ ਨਹੀਂ ਹੈ। ਇਹ ਪੁਲਿਸ ਥਾਣੇ ਕਿਰਾਏ ਜਾਂ ਹੋਰ ਸਰਕਾਰੀ ਸਥਾਨਾਂ ਵਿਚ ਚਲਾਏ ਜਾ ਰਹੇ ਹਨ। ਜਦਕਿ ਕਈ ਥਾਵਾਂ 'ਤੇ ਥਾਣਿਆਂ ਲਈ ਨਿੱਜੀ ਤੇ ਸਰਕਾਰੀ ਸਥਾਨਾਂ ਉਤੇ ਕਬਜ਼ਾ ਕੀਤਾ ਗਿਆ ਹੈ। ਇਹ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਵੀ ਪੁੱਜ ਚੁੱਕਾ ਹੈ। ਪੰਜਾਬ ਪੁਲਿਸ ਦੇ ਸੂਤਰਾਂ ਅਨੁਸਾਰ ਇਸ ਵੇਲੇ ਸੂਬੇ ਅੰਦਰ ਕੁੱਲ 355 ਥਾਣੇ ਹਨ। ਇਨ੍ਹਾਂ ਵਿਚੋਂ ਇਸ ਵੇਲੇ 152 ਥਾਣਿਆਂ ਕੋਲ ਅਪਣੀ ਕੋਈ ਜਗ੍ਹਾ ਨਹੀਂ। ਇਹ ਥਾਣੇ ਕਈ ਹੋਰ ਸਰਕਾਰੀ ਤੇ ਗ਼ੈਰ ਸਰਕਾਰੀ ਸਥਾਨਾਂ ਤੋਂ ਚਲਾਏ ਜਾ ਰਹੇ ਹਨ। ਹਾਲਾਂਕਿ ਪੰਜਾਬ ਪੁਲਿਸ ਦਾ ਬਜਟ ਅਰਬਾਂ ਵਿਚ ਪਹੁੰਚ ਗਿਆ ਹੈ ਪਰ ਹੁਣ ਤੱਕ ਪੁਲਿਸ ਪ੍ਰਸ਼ਾਸਨ ਨੇ ਥਾਣਿਆਂ ਬਾਰੇ ਕੋਈ ਗ਼ੌਰ ਨਹੀਂ ਕੀਤਾ।

ਦੂਜੇ ਪਾਸੇ ਕੇਂਦਰੀ ਗ੍ਰਹਿ ਮੰਤਰਾਲੇ

## 50 ਫ਼ੀਸਦੀ ਥਾਣੇ ਕਿਰਾਏ ਦੀਆਂ ਇਮਾਰਤਾਂ 'ਚ!



*ਡਿਊਟੀ ਦੇ ਤਣਾਅ ਕਾਰਨ ਸੁੱਤੇ ਪਏ ਪੁਲਿਸ ਮੁਲਾਜ਼ਮ।*

ਅਨੁਸਾਰ ਪੁਲਿਸ ਕੋਲ ਥਾਣਿਆਂ ਲਈ ਘੱਟੋ-ਘੱਟ 40 ਫ਼ੀਸਦੀ ਆਪਣੀ ਜਗ੍ਹਾ ਹੋਣੀ ਚਾਹੀਦੀ ਹੈ ਪਰ ਪੰਜਾਬ ਪੁਲਿਸ ਵਿਚ ਸਮੇਂ-ਸਮੇਂ ਸਿਰ ਅਫ਼ਸਰਾਂ ਦੀ ਗਿਣਤੀ ਤਾਂ ਵਧਦੀ ਗਈ ਪਰ ਥਾਣਿਆਂ ਬਾਰੇ ਕਿਸੇ ਨੇ ਨਾ ਸੋਚਿਆ। ਪੰਜਾਬ ਵਿਚ ਆਪਣੀ 40 ਫ਼ੀਸਦੀ ਜਗ੍ਹਾ ਦੇ ਮੁਕਾਬਲੇ ਸਿਰਫ਼ 12 ਫ਼ੀਸਦੀ ਹੈ ਜੋ ਬਾਕੀ ਸੂਬਿਆਂ ਦੇ ਮੁਕਾਬਲੇ ਬਹੁਤ ਘੱਟ ਹੈ। ਖਾੜਕੂਵਾਦ ਦੌਰਾਨ ਕਈ ਆਰਜ਼ੀ ਥਾਣੇ ਕਾਇਮ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਸੀ ਪਰ ਉਸ ਤੋਂ ਬਾਅਦ ਪੰਜਾਬ ਦਾ ਮਾਹੌਲ ਠੀਕ ਹੋਣ ਦੇ ਬਾਵਜੂਦ ਆਰਜ਼ੀ ਥਾਣੇ ਬੰਦ ਨਹੀਂ ਕੀਤੇ ਗਏ। ਦੂਜੇ ਪਾਸੇ ਹੁਣ ਦੀ ਅਕਾਲੀ ਸਰਕਾਰ ਨੇ ਕਿਸੇ ਗਲਤ ਭਰਮ-ਭੁਲੇਖੇ ਨਾਲ ਆਪਣੇ ਫ਼ਾਇਦੇ ਲਈ 249 ਥਾਣਿਆਂ ਦੀ ਗਿਣਤੀ 355 ਤੱਕ ਪਹੁੰਚਾ ਦਿੱਤੀ ਜਦਕਿ ਕਈ ਪੁਲਿਸ ਚੌਕੀਆਂ ਨੂੰ ਥਾਣਿਆਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਸਰਕਾਰ ਵੱਲੋਂ ਕਾਇਮ ਕੀਤੇ ਆਮ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਦੀ ਸਰਕਾਰ ਨੂੰ ਰਾਏ ਹੈ ਕਿ ਰਾਜ ਅੰਦਰ ਘੱਟੋ-ਘੱਟ 70 ਦੇ ਕਰੀਬ ਹੋਰ ਥਾਣੇ ਕਾਇਮ ਕੀਤੇ ਜਾਣ।

ਇਥੋਂ ਤੱਕ ਕਿ ਥਾਣਿਆਂ ਨੂੰ ਵਿਧਾਨ ਸਭਾ ਹਲਕਿਆਂ ਦੇ ਪੈਟਰਨ 'ਤੇ ਤਬਦੀਲ ਕਰ ਦਿੱਤਾ ਗਿਆ ਪਰ ਥਾਣਿਆਂ ਨੂੰ ਸਰਕਾਰੀ ਛੱਤ ਦੇਣ ਲਈ ਪੰਜਾਬ ਸਰਕਾਰ ਨੇ ਕਿਸੇ ਕਿਸਮ ਦਾ ਧਿਆਨ ਨਹੀਂ ਦਿੱਤਾ। ਦੂਜੇ ਪਾਸੇ ਇਸ ਵੇਲੇ ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ 'ਚ ਪੁਲਿਸ ਕਮਿਸ਼ਨਰ ਪ੍ਰਣਾਲੀ ਲਾਗੂ ਹੋਣ ਸਮੇਤ 25 ਪੁਲਿਸ ਜ਼ਿਲ੍ਹੇ ਬਣਾ ਦਿੱਤੇ ਗਏ ਹਨ। ਇਹ ਸਭ ਕੁਝ ਪੁਲਿਸ ਅਫ਼ਸਰਾਂ ਨੂੰ ਖ਼ੁਸ਼ ਕਰਨ ਲਈ ਹੀ ਕੀਤਾ ਜਾ ਰਿਹਾ ਹੈ ਕਿਉਂਕਿ ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ 'ਚ ਪੁਲਿਸ ਕਮਿਸ਼ਨਰ ਪ੍ਰਣਾਲੀ ਲਾਗੂ ਹੋਣ ਦੇ ਬਾਵਜੂਦ ਅਪਰਾਧ ਘਟਿਆ ਨਹੀਂ ਬਲਕਿ ਪਹਿਲਾਂ ਨਾਲੋਂ ਵਧਿਆ ਹੈ। ਯਾਦ ਰਹੇ ਕਿ ਮੁਹਾਲੀ ਪੁਲਿਸ ਜ਼ਿਲ੍ਹੇ ਵਿਚ ਵੀ ਤਿੰਨ ਥਾਣੇ ਕਮਿਊਨਿਟੀ ਕੇਂਦਰਾਂ ਵਿਚ ਸਥਾਪਤ ਕੀਤੇ ਗਏ ਹਨ ਜਿਸ ਕਰਕੇ ਲੋਕਾਂ ਨੂੰ ਆਪਣੇ ਨਿੱਜੀ ਪ੍ਰੋਗਰਾਮਾਂ ਵੇਲੇ ਹੋਰ ਕੇਂਦਰਾਂ ਦੇ ਪ੍ਰਬੰਧ ਕਰਨੇ ਪੈਂਦੇ ਹਨ। ਇਸ ਮਾਮਲੇ ਬਾਰੇ ਮੁਹਾਲੀ ਦੇ ਸਾਬਕਾ ਕੌਂਸਲਰ ਕੁਲਜੀਤ ਸਿੰਘ ਬੇਦੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਪਾ ਦਿੱਤੀ ਜਿਸ 'ਤੇ ਅਦਾਲਤ ਨੇ ਮੁਹਾਲੀ ਪੁਲਿਸ ਸਮੇਤ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਆਦੇਸ਼ ਦਿੱਤੇ ਸਨ ਕਿ ਥਾਣਿਆਂ ਨੂੰ ਕਮਿਊਨਿਟੀ ਕੇਂਦਰਾਂ ਵਿਚੋਂ ਬਾਹਰ ਕੱਢ ਕੇ ਕੇਂਦਰ ਜਨਤਾ ਦੇ ਹਵਾਲੇ ਕੀਤੇ ਜਾਣ ਪਰ ਹਾਲੇ ਵੀ ਮੁਹਾਲੀ ਸਮੇਤ ਬਾਕੀ ਜ਼ਿਲ੍ਹਿਆਂ ਵਿਚ ਕਿਸੇ ਤਰ੍ਹਾਂ ਦੀ ਕੋਈ ਹਿਲਜੁਲ ਨਹੀਂ ਹੋਈ ਤੇ ਪੁਲਿਸ ਦੇ ਉਚ ਅਧਿਕਾਰੀ ਵੀ ਪੰਜਾਬ ਸਰਕਾਰ ਵੱਲ ਦੇਖ ਰਹੇ ਹਨ।

# ਉਬਾਮਾ, ਨਾ ਸੱਚ ਖਸਮਾਂ ਨੂੰ ਖਾਣਾ ਉਸਾਮਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਕੁਝ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਜ਼ਬਾਨ ਦੀ ਉਕਾਈ ਦੇ ਸਿੱਟੇ ਵਜੋਂ ਜੋ ਗਲਤ ਉਚਰਿਆ ਜਾਂਦਾ ਹੈ ਉਸ ਪਿਛੇ ਦੱਬੀ ਹੋਈ ਖਾਹਿਸ਼ ਹੁੰਦੀ ਹੈ। ਸਭ ਜਾਣਦੇ ਹਨ ਕਿ ਫੌਕਸ ਚੈਨਲ ਰਾਜਸੀ ਮਾਮਲਿਆਂ ਵਿਚ ਪਰਲੇ ਦਰਜੇ ਦਾ ਪਿਛਾਂਹਖਿਚੂ ਪੈਂਤੜਾ ਲੈਂਦਾ ਹੈ। ਡੈਮੋਕਰੇਟਿਕ ਰਾਜਨੀਤੀ ਅਤੇ ਖਾਸ ਤੌਰ 'ਤੇ ਬਰਾਕ ਉਬਾਮਾ ਇਸ ਨੂੰ ਉਕਾ ਨਹੀਂ ਸੁਖਾਉਂਦੇ। ਉਸ ਦੀ ਹਰ ਗੱਲ ਦਾ ਮਜ਼ਾਕ ਉਡਾਇਆ ਜਾਂਦਾ ਹੈ। ਉਬਾਮਾ ਨੂੰ ਉਬਾਮਾ ਡਰਾਮਾ ਕਿਹਾ ਜਾਂਦਾ ਹੈ। ਇਸ ਚੈਨਲ ਦੇ ਐਂਕਰ ਨੇ ਉਸਾਮਾ ਦੀ ਮੌਤ ਦੀ ਖਬਰ ਸੁਣਾਉਣ ਲੱਗਿਆਂ ਤਾਂ ਹੱਦ ਹੀ ਕਰ ਦਿੱਤੀ, ਮਾਨੋ ਆਪਣੇ ਮਨ ਦੀ ਗੱਲ ਹੀ ਕਹਿ ਦਿੱਤੀ। ਉਸ ਨੇ ਆਪਣੇ ਦਰਸ਼ਕਾਂ ਨੂੰ ਦੱਸਿਆ, "ਰਾਸ਼ਟਰਪਤੀ ਉਬਾਮਾ ਸੱਚਮੁਚ ਮਰ ਗਿਆ ਹੈ।" ਯੂ ਟਿਊਬ ਰਾਹੀਂ ਦੁਨੀਆਂ ਭਰ ਦੇ ਲੋਕਾਂ ਨੇ ਇਹ ਯਭਲੀ ਸੁਣੀ। ਧਰਤ ਗੋਲੇ ਦੇ ਹੋਰ ਕਈ ਸਮਾਚਾਰ ਮਾਧਿਅਮਾਂ ਨੇ ਇਹ ਗਫਲਤ ਕੀਤੀ ਹੈ ਪਰ ਫੌਕਸ ਨੇ ਉਬਾਮਾ ਦੇ ਨਾਂ ਨਾਲ ਰਾਸ਼ਟਰਪਤੀ ਜੋੜ ਕੇ ਕੋਈ ਕਸਰ ਨਹੀਂ ਛੱਡੀ। ਖਬਰ 'ਤੋੜਨ' ਦੀ ਕਾਹਲ ਵਿਚ, "ਉਬਾਮਾ ਬਿਨ ਲਾਦਿਨ ਹਲਾਕ" ਉਚਰ ਕੇ ਕਈ ਮਾਧਿਅਮਾਂ ਨੇ ਆਪਣਾ ਜਲੂਸ ਕਢਿਆ ਹੈ। ਭਾਰਤ ਦੇ ਟੀ.ਵੀ. ਚੈਨਲ ਐਨ.ਡੀ.ਟੀ.ਵੀ. ਨੇ ਆਪਣੇ ਬਾਕਾਇਦਾ ਪ੍ਰਸਾਰਨ ਦੌਰਾਨ ਹੇਠਾਂ ਹਿੰਦੀ ਵਿਚ ਇਬਾਰਤ ਪੇਸ਼ ਕੀਤੀ, "ਉਬਾਮਾ ਕੇ ਸਿਰ ਪਰ ਗੋਲੀ ਲਗੀ ਹੈ।" ਫੌਕਸ-40 ਨਾਂ ਦੇ ਇਕ ਹੋਰ ਚੈਨਲ ਨੇ ਸੰਦੇਸ਼ ਦਿੱਤਾ, "ਰਿਪੋਰਟਾਂ ਹਨ ਕਿ ਉਬਾਮਾ ਬਿਨ ਲਾਦਿਨ ਮਰ ਗਿਆ ਹੈ।" ਏ.ਬੀ.ਸੀ. ਨਿਊਜ਼ ਚੈਨਲ ਅਤੇ ਸੀ.ਬੀ.ਐਸ. ਰੇਡੀਓ ਦੇ ਪੱਤਰਕਾਰਾਂ ਨੇ ਵੀ ਅਜਿਹਾ ਘਾਲਾ-ਮਾਲਾ ਕੀਤਾ ਹੈ। ਐਨ.ਬੀ.ਸੀ. ਦੀ ਨੋਰਾ ਨੇ ਟਵਿਟਰ ਵਿਚ ਏਹੀ ਕੜ੍ਹੀ ਘੋਲੀ। ਅਨੇਕਾਂ ਵੈਬਸਾਈਟਾਂ ਅਤੇ ਬਲੌਗਾਂ 'ਚ ਵੀ ਏਹੀ ਗੜਬੜੇਸ਼ਨ ਦੇਖਣ ਨੂੰ ਮਿਲੀ। ਵਰਲਡ ਨਿਊਜ਼ ਬਲੌਗ ਦੀ ਰਿਪੋਰਟ ਅਨੁਸਾਰ, "ਉਬਾਮਾ ਨੂੰ ਸਮੁੰਦਰ ਵਿਚ ਦਫਨਾਇਆ ਜਾਵੇਗਾ।" ਮਜ਼ੇ ਦੀ ਗੱਲ ਹੈ ਕਿ ਕੈਥ ਓਲਬਰਮਾਨ ਨੇ ਆਪਣੀ ਵੈਬਸਾਈਟ 'ਤੇ ਫੌਕਸ ਦੀ ਗਲਤੀ ਦਾ ਮਜ਼ਾਕ ਉਡਾਉਂਦਿਆਂ ਖੁਦ ਏਹੀ ਗਲਤ ਦੁਹਰਾ ਦਿੱਤੀ, "ਬੁਸ਼ ਨੇ ਤਾਂ ਨਿੱਜੀ ਤੌਰ 'ਤੇ ਉਬਾਮਾ ਨੂੰ ਲਭਣ ਦੀ ਤਰਜੀਹ ਹੀ ਛੱਡ ਦਿੱਤੀ ਸੀ।"

ਉਬਾਮਾ-ਉਸਾਮਾ ਨੂੰ ਰਲਗੱਡ ਕਰਨ ਦੀ ਕੋਸ਼ਿਸ਼ ਚਿਰਾਂ ਤੋਂ ਹੁੰਦੀ ਆਈ ਹੈ। ਉਸ ਦੇ ਨਾਂ ਦੇ ਹਰ ਹਿੱਸੇ ਦੀ ਕੁਝ ਇਸ ਤਰ੍ਹਾਂ ਆਲੋਚਨਾ ਕੀਤੀ ਜਾਂਦੀ ਰਹੀ ਹੈ ਕਿ ਉਬਾਮਾ ਅਲ-ਕਾਇਦਾ ਦੀ ਦਹਿਸ਼ਤਗਰਦੀ ਜਾਂ ਮੁਸਲਮਾਨ ਧਰਮ ਨਾਲ ਜੁੜਦਾ ਪ੍ਰਤੀਤ ਹੋਵੇ। ਸੀ. ਐਨ. ਐਨ. ਨੇ 2007 ਦੌਰਾਨ ਇਕ ਸ਼ੋਅ ਵਿਚ ਸੁਰਖੀ ਲਾਈ ਸੀ, 'ਉਬਾਮਾ ਕਿਥੇ ਹੈ?' ਜੂਨ 2007 ਵਿਚ ਰਿਪਬਲਿਕਨ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਰੋਮਨੀ ਦੀ ਇਕ ਔਰਤ ਨਾਲ ਫੋਟੋ ਸੀ ਜਿਸ ਦੇ ਹੱਥ ਵਿਚ ਫੜੀ ਤਖਤੀ 'ਤੇ ਲਿਖਿਆ ਹੋਇਆ ਸੀ , "ਉਬਾਮਾ, ਉਸਾਮਾ ਤੇ ਚੈਲਸੀਆ ਮਾਮਾ ਲਈ ਨਾਂਹ।" ਅਕਤੂਬਰ




2007 ਵਿਚ ਰੋਮਨੀ ਨੇ ਕਿਹਾ, "ਮੇਰਾ ਖਿਆਲ ਹੈ ਇਹ ਪੈਂਤੜਾ ਤੱਥਾਂ ਦੇ ਅਨੁਸਾਰ ਨਹੀਂ ਹੈ, ਜ਼ਰਾ ਧਿਆਨ ਦਿਉ, ਉਸਾਮਾ, ਨਾ ਸੱਚ ਬਰਾਕ ਉਬਾਮਾ ਨੇ ਕਲ੍ਹ ਕੀ ਕਿਹਾ। ਬਰਾਕ ਉਬਾਮਾ ਸਭ ਤਰ੍ਹਾਂ ਦੇ ਅਤਿਵਾਦੀਆਂ, ਜਹਾਦੀਆਂ ਆਦਿ ਨੂੰ ਇਰਾਕ ਵਿਚ ਇਕੱਠੇ ਜੁੜ ਜਾਣ ਦਾ ਸੱਦਾ ਦੇ ਰਿਹਾ ਹੈ।" ਦਸੰਬਰ 2007 ਵਿਚ ਗਲੈਨ ਬੈਕ ਨੇ ਏ.ਬੀ.ਸੀ. ਦੇ ਗੁਡ ਮੌਰਨਿੰਗ ਅਮੈਰਿਕਾ ਵਿਚ ਰਾਸ਼ਟਰਪਤੀ ਦੇ ਉਮੀਦਵਾਰਾਂ ਦੀ ਚਰਚਾ ਦੌਰਾਨ ਉਬਾਮਾ ਦੀ ਥਾਂ ਉਸਾਮਾ ਬੋਲਿਆ। ਇਸੇ ਦਸੰਬਰ ਵਿਚ ਸੀ.ਐਨ.ਐਨ. ਦੀ ਐਂਕਰ ਐਲੀਨਾ ਚੋਅ ਦੇ ਮੂੰਹੋਂ ਨਿਕਲਿਆ, "ਸੈਨੇਟਰ ਉਬਾਮਾ ਦੀ ਰਾਸ਼ਟਰਪਤੀ ਚੋਣ ਦੀ ਮੁਹਿਮ ਅਫਵਾਹਾਂ ਨਾਲ ਘਿਰ ਗਈ ਹੈ ਜਿਨ੍ਹਾਂ ਵਿਚੋਂ ਇਕ ਹੈ ਕਿ ਉਸਾਮਾ ਮੁਸਲਮਾਨ ਹੈ...।" ਅਪਰੈਲ 2008 ਦੌਰਾਨ ਸਕਿਡਮੋਰ ਕਾਲਿਜ ਵਿਚ ਇਕ ਟਾਕ ਸ਼ੋਅ ਦੌਰਾਨ ਅਮਰੀਕਾ ਦੇ ਪੈਟਰੀਅਟ ਐਕਟ ਦੀ ਚਰਚਾ ਕਰਦਿਆਂ ਸਾਬਕਾ ਅਟਾਰਨੀ ਜਨਰਲ ਐਸ਼ਕਰੌਫਟ ਨੇ ਕਿਹਾ, "ਪੈਟਰੀਅਟ ਐਕਟ ਬਾਰੇ ਮੈਂ ਏਨਾ ਹੀ ਕਹਿ ਰਿਹਾ ਹਾਂ ਕਿ ਉਸਾਮਾ ਸਮੇਤ ਦੇਸ਼ ਦੇ ਚੁਣੇ ਹੋਏ ਨੁਮਾਇੰਦੇ, ਨਹੀਂ ਨਹੀਂ ਉਹ ਨਹੀਂ...।"

ਅਪਰੈਲ 2008 ਵਿਚ ਹਿਲਰੀ ਕਲਿੰਟਨ ਵਲੋਂ ਰਾਸ਼ਟਰਪਤੀ ਲਈ ਆਪਣੀ ਮੁਢਲੀ ਮੁਹਿਮ ਮੁਕਾ ਦੇਣ ਪਿਛੋਂ ਡਿਟਰਾਇਟ ਨਿਊਜ਼ ਨੇ ਸੁਰਖੀ ਪ੍ਰਕਾਸ਼ਤ ਕੀਤੀ, "ਏਕਤਾ 'ਤੇ ਵਿਚਾਰ ਕਰਨ ਲਈ ਕਲਿੰਟਨ, ਉਸਾਮਾ ਦੀ ਮਿਲਣੀ।" ਅਜਿਹੀਆਂ ਉਕਾਈਆਂ ਜੀਭ ਦੇ ਟਪਲੇ ਕਾਰਨ ਵੀ ਹੋ ਸਕਦੀਆਂ ਹਨ ਤੇ ਇਨ੍ਹਾਂ ਦੇ ਤਕਨੀਕੀ ਕਾਰਨ ਵੀ ਹੋ ਸਕਦੇ ਹਨ। ਪਰ ਇਕ ਰੋਲ-ਘਚੋਲੇ ਦੇ ਰੂਪ ਵਿਚ ਪੇਸ਼ ਕਰਕੇ ਸੁਆਰਥੀ ਤਾਕਤਾਂ ਸੂਖਮ ਢੰਗ ਨਾਲ ਲਾਭ ਉਠਾਉਣ ਦੀ ਕੋਸ਼ਿਸ਼ ਕਰਦੀਆਂ ਹਨ।

ਉਸਾਮਾ ਤੇ ਉਬਾਮਾ ਨਾਂਵਾਂ ਵਿਚ ਕਾਫੀ ਧੁਨੀ ਸਮਾਨਤਾ ਤੋਂ ਇਲਾਵਾ ਕਾਫੀਆ ਵੀ ਮਿਲਦਾ ਹੈ। ਆਓ, ਜ਼ਰਾ ਦੋਨਾਂ ਦੇ ਅਰਥਾਂ ਵੱਲ ਜਾਈਏ। ਹੋਨੋਲੂਲੂ, ਹਵਾਈ ਵਿਚ ਜਨਮੇ ਰਸ਼ਟਰਪਤੀ ਉਬਾਮਾ ਦਾ ਪੂਰਾ ਨਾਂ ਹੈ, ਬਰਾਕ ਹੁਸੈਨ ਉਬਾਮਾ। ਉਸ ਦੀ ਮਾਂ ਕੈਂਸਸ ਦੀ ਰਹਿਣ ਵਾਲੀ ਸੀ ਤੇ ਪਿਉ ਬਰਾਕ ਉਬਾਮਾ ਕੀਨੀਆ, ਅਫਰੀਕਾ ਤੋਂ ਸੀ। ਉਸ ਦਾ ਸਬੰਧ ਕੀਨੀਆ ਦੇ ਲੂਓ ਕਬੀਲੇ ਨਾਲ ਸੀ। 'ਉਬਾਮਾ' ਰਾਸ਼ਟਰਪਤੀ ਉਬਾਮਾ ਦੇ ਨਕੜਦਾਦੇ ਦਾ ਪਹਿਲਾ ਨਾਂ ਸੀ। ਇਹ ਨਾਮ ਨੀਲ ਵਾਦੀ ਦੀਆਂ ਭਾਸ਼ਾਵਾਂ ਨਾਲ ਸਬੰਧ ਰਖਦੀ ਲੂਓ ਭਾਸ਼ਾ ਦੇ ਸ਼ਬਦ ਬਾਮ ਤੋਂ ਬਣਾਇਆ ਗਿਆ ਹੈ। ਇਸ ਸ਼ਬਦ ਦਾ ਉਸ ਭਾਸ਼ਾ ਵਿਚ ਅਰਥ ਹੈ, ਵਿੰਗ। 'ਬਾਮ' ਸ਼ਬਦ ਦੇ ਅੱਗੇ ਲੱਗੇ ਅਗੇਤਰ 'ਉ' ਦਾ ਅਰਥ ਪੰਜਾਬੀ ਦੇ 'ਉਹ' ਵਾਲਾ ਹੀ ਹੈ। ਲੂਓ ਲੋਕਾਂ ਵਿਚ ਮਰਦ ਦੇ ਨਾਂ ਅੱਗੇ ਓ ਅਗੇਤਰ ਲਾਉਣ ਦੀ ਰੀਤ ਹੈ। ਬੱਚੇ ਦੇ ਜਨਮ ਸਮੇਂ ਉਸ




ਦੀ ਕੋਈ ਖਾਸੀਅਤ ਦਰਸਾਉਂਦੇ ਸ਼ਬਦ ਦੇ ਅੱਗੇ 'ਉ' ਲਾ ਦਿੱਤਾ ਜਾਂਦਾ ਹੈ। ਖਿਆਲ ਹੈ ਕਿ ਉਬਾਮਾ ਦੇ ਨਕੜਦਾਦੇ ਦੀ ਮਾਂ ਨੇ ਆਪਣੇ ਬੇਟੇ ਦੇ ਜਨਮ ਸਮੇਂ ਉਸ ਦੀ ਕਿਸੇ ਲੱਤ ਬਾਂਹ ਵਿਚ ਵਿੰਗ ਦੇਖਿਆ ਤਾਂ ਨਾਂ ਧਰ ਦਿੱਤਾ, ਉਬਾਮਾ। ਕਈ ਕਹਿੰਦੇ ਹਨ ਕਿ ਹੋ ਸਕਦਾ ਹੈ ਉਬਾਮਾ ਪੁਠਾ ਹੀ ਜੰਮਿਆ ਹੋਵੇ। ਇਸ ਹਿਸਾਬ ਨਾਲ ਪੰਜਾਬੀ ਵਿਚ ਇਸ ਨਾਂ ਦਾ ਅੱਖਰੀ ਅਨੁਵਾਦ ਬਣੇਗਾ, ਉਹਵਿੰਗਾ ਜਾਂ ਉਬਿੰਗੜਾ! ਗਰੀਸ ਦੇ ਮਿਥਿਹਾਸਿਕ ਰਾਜੇ 'ਈਦੀਪਸ' ਦੇ ਨਾਂ ਦਾ ਅਰਥ ਹੈ, ਸੁੱਜੇ ਪੈਰਾਂ ਵਾਲਾ। ਇਸ ਰਾਜੇ ਦੀ ਹੋਣੀ ਬਾਰੇ ਸੋਫੋਕਲੀਜ਼ ਨੇ ਜਗਤ ਪ੍ਰਸਿਧ ਦੁਖਾਂਤ ਨਾਟਕ ਰਚਿਆ ਹੈ। ਉਬਾਮਾ 'ਤੇ ਝੂਠਾ ਦੋਸ਼ ਲਾਇਆ ਜਾਂਦਾ ਹੈ ਕਿ ਉਹ ਅੰਦਰੋਂ ਮੁਸਲਮਾਨ ਹੈ। ਉਸ ਦੇ ਨਾਂ ਤੋਂ ਉਸ ਦੇ ਅਫਰੀਕੀ ਮੁਸਲਮਾਨ ਹੋਣ ਦਾ ਭੁਲੇਖਾ ਪੈਂਦਾ ਹੈ ਕਿਉਂਕਿ ਉਸ ਦਾ ਨਾਂ ਉਸ ਦੇ ਪਿਉ ਦੇ ਨਾਂ ਪਿਛੇ ਹੀ ਧਰਿਆ ਗਿਆ ਸੀ। ਉਸ ਦਾ ਪਹਿਲਾ ਨਾਂ 'ਬਰਾਕ' ਅਫਰੀਕਾ ਦੀ ਸਹੇਲੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਮੂਲ ਸੈਮਿਟਿਕ ਤੇ ਅਰਬੀ ਵਿਚ ਲਭੇ ਜਾ ਸਕਦੇ ਹਨ। ਬਰਾਕ ਸ਼ਬਦ ਦਾ ਸੈਮਿਟਿਕ ਧਾਤੂ ਹੈ 'ਬ-ਰ-ਕ' ਜਿਸ ਦੇ ਅਰਥ ਹਨ, ਵਰਦਾਨ ਦੇਣਾ, ਦਾਤ ਦੇਣਾ। 'ਮੁਬਾਰਕ' ਤੇ 'ਬਰਕਤ' ਦੋਵੇਂ ਲਫ਼ਜ਼ ਇਸੇ ਤੋਂ ਬਣੇ ਹਨ। ਭਾਰਤੀ ਭਾਸ਼ਾਵਾਂ ਵਿਚ ਇਸ ਦਾ ਖੂਬ ਦਖਲ ਹੈ। ਕਿਸੇ ਦੀ ਪ੍ਰਾਪਤੀ 'ਤੇ ਅਸੀਂ ਉਸ ਨੂੰ ਮੁਬਾਰਕ ਦਿੰਦੇ ਹਾਂ। ਕਈ ਨਾਂਵਾਂ ਵਿਚ ਮੁਬਾਰਕ ਸ਼ਬਦ ਆਉਂਦਾ ਹੈ। ਪੰਜਾਬੀ ਦੇ ਇਕ ਲੇਖਕ ਤੇ ਸਿਆਸਤਦਾਨ ਦਾ ਨਾਂ ਮੁਬਾਰਕ ਸਿੰਘ ਸੀ। ਬਰਕਤ ਤਾਂ ਪੰਜਾਬੀ ਵਿਚ ਆਮ ਹੀ ਵਰਤਿਆ ਜਾਂਦਾ ਹੈ। ਪੰਜਾਬੀ ਕਵੀ ਬਰਕਤ ਰਾਮ ਯੁਮਨ ਨੂੰ ਵੀ ਇਸ ਬਹਾਨੇ ਯਾਦ ਕਰ ਲਓ। ਬਰਾਕ ਸ਼ਬਦ ਬਾਈਬਲ ਵਿਚ ਅਨੇਕਾਂ ਵਾਰੀ ਆਇਆ ਹੈ। ਉਬਾਮਾ ਦੇ ਵਿਚਕਾਰਲਾ ਨਾਂ ਹੁਸੈਨ ਹੈ ਜੋ ਉਸ ਦੇ ਦਾਦੇ ਦਾ ਪਹਿਲਾ ਨਾਂ ਸੀ। ਹੁਸੈਨ ਦਾ ਅਰਥ ਚੰਗਾ, ਸੁਹਣਾ, ਸੁਣੱਖਾ ਹੁੰਦਾ ਹੈ। ਇਹ ਅਰਬੀ ਸ਼ਬਦ 'ਹੁਸਨ' ਅਤੇ 'ਹੁਸੀਨ' ਸ਼ਬਦਾਂ ਦਾ ਸੁਜਾਤੀ ਹੈ। ਕਿਹੜਾ ਪੰਜਾਬੀ ਇਨ੍ਹਾਂ ਨੂੰ ਨਹੀਂ ਜਾਣਦਾ। ਭਾਰਤ ਦੇ ਇਕ ਰਾਸ਼ਟਰਪਤੀ ਦਾ ਨਾਂ ਜ਼ਾਕਿਰ ਹੁਸੈਨ ਸੀ। ਮਿਸਰ ਦੇ ਲਾਹੇ ਗਏ ਰਾਸ਼ਟਰਪਤੀ ਦਾ ਨਾਂ ਹੁਸਨੇ ਮੁਬਾਰਕ ਹੈ।

ਅਮਰੀਕਾ ਦੇ ਕਈ ਨਾਂਵਾਂ ਵਿਚ ਇਸਲਾਮੀਅਤ ਅਤੇ ਅਰਬੀ/ਸੈਮਿਟਿਕ ਝਾਕਦੀ ਹੈ। ਜਨਰਲ ਉਮਰ ਨੈਲਸਨ ਵਿਚਲੇ 'ਉਮਰ' ਤੇ 'ਬੈਂਜਾਮਿਨ' ਫ੍ਰੈਂਕਲਿਨ ਵਿਚਲੇ ਬੈਂਜਾਮਿਨ ਵਿਚ ਹਿਬਰੂ ਪ੍ਰਤੱਖ ਹੈ: ਬੈਂਜਾਮਿਨ= ਬਿਨ+ਯਾਮਿਨ। ਬਿਨ ਦਾ ਮਤਲਬ ਪੁਤਰ ਤੇ ਯਾਮਿਨ ਦਾ ਮਤਲਬ ਸੱਜਾ। ਸੋ ਨਾਂ ਦਾ ਅਰਥ ਬਣਿਆ ਸੱਜੇ (ਹੱਥ) ਦਾ ਪੁੱਤਰ। ਸੱਜਾ ਹੱਥ ਸ਼ਕਤੀ ਦਾ ਪ੍ਰਤੀਕ ਹੈ, ਪੰਜਾਬ ਵਿਚ ਭਰਾ ਸੱਜੀ ਬਾਂਹ ਹੁੰਦੇ ਹਨ। ਅਮਰੀਕਾ ਦੇ 43 ਰਾਸ਼ਟਰਪਤੀਆਂ ਵਿਚੋਂ 14 ਦੇ ਨਾਂਵਾਂ ਵਿਚ ਸੈਮਿਟਿਕ ਝਲਕਦੀ ਹੈ। ਜੌਹਨ ਐਡਮਜ਼ ਵਿਚ ਜੌਹਨ ਦਾ ਪਿਛਾ ਹਿਬਰੂ ਯੋਚਾਨਨ (ਰੱਬ ਦੀ ਦਾਤ) ਹੈ। ਐਡਮਜ਼ ਬਾਈਬਲ ਦਾ ਬਾਬਾ ਆਦਮ ਹੀ ਹੈ। ਥੌਮਸ ਜੈਫਰਸਨ ਵਿਚਲੇ ਥੌਮਸ ਦਾ ਸਬੰਧ ਸੈਮਿਟਿਕ ਭਾਸ਼ਾ ਅਰਾਮਿਕ ਦੇ ਸ਼ਬਦ ਤੁਮਾ ਨਾਲ ਹੈ ਜਿਸ ਦਾ ਅਰਥ ਜੌੜਾ ਹੁੰਦਾ ਹੈ। ਜੇਮਜ਼ ਮੈਡੀਸਨ, ਜੇਮਜ਼ ਮੌਨਰੋ ਅਤੇ ਜੇਮਜ਼ ਪੋਲਕ ਵਿਚਲਾ ਜੇਮਜ਼ ਹਿਬਰੂ ਯਾਕੋਵ ਦਾ ਵਿਉਤਪਤ ਰੂਪ ਹੈ। ਅਰਬੀ ਦਾ ਯਾਕੂਬ ਵੀ ਏਹੋ ਹੈ। ਅਬਰਾਹਮ ਲਿੰਕਨ ਵਿਚਲਾ ਅਬਰਾਹਮ ਤਾਂ ਹੈ ਹੀ ਬਾਈਬਲ ਵਾਲਾ। ਇਸ ਵਿਚ ਅਬ ਦਾ ਮਤਲਬ ਪਿਤਾ ਹੈ ਤੇ ਰਾਹਮ ਦਾ ਸਮੂਹ।

ਉਸਾਮਾ ਬਿਨ ਲਾਦਿਨ ਦਾ ਪੂਰਾ ਨਾਂ ਉਸਾਮਾ ਬਿਨ ਮਹੰਮਦ ਬਿਨ ਅਵਦ ਬਿਨ ਲਾਦਿਨ ਹੈ। ਇਸ ਦਾ ਅਰਥ ਬਣਦਾ ਹੈ, ਉਸਾਮਾ ਪੁੱਤਰ ਮੁਹੰਮਦ ਪੁੱਤਰ ਅਵਦ ਪੁੱਤਰ ਲਾਦਿਨ। ਲਾਦਿਨ ਉਸ ਦੇ ਵੱਡੇ ਵਡੇਰੇ ਦਾ ਨਾਂ ਹੈ। 'ਉਸਾਮਾ ਬਿਨ ਲਾਦਿਨ' ਦੇ ਰੂਪ ਵਿਚ ਇਹ ਨਾਂ ਅਰਬੀ ਰੀਤ ਅਨੁਸਾਰ ਨਹੀਂ ਹੈ, ਬਲਕਿ ਅੰਗਰੇਜ਼ੀ/ਇਸਾਈ ਨੁਹਾਰ ਦੇਣ ਲਈ ਸੰਕੁਚਿਤ ਕੀਤਾ ਗਿਆ ਹੈ। ਇਸ ਵਿਚ ਬਿਨ ਲਾਦਿਨ ਇਕ ਉਪਨਾਮ ਵਜੋਂ ਸਾਹਮਣੇ ਆਉਂਦਾ ਹੈ ਜੋ ਕਿ ਇਸਾਈ ਰੀਤ ਹੈ। ਪਰ ਉਸਾਮਾ ਪਰਿਵਾਰ ਨੂੰ ਸ਼ਾਇਦ ਇਸ ਗੱਲ ਦਾ ਕੋਈ ਉਜ਼ਰ ਨਹੀਂ ਕਿਉਂਕਿ ਖੁਦ ਇਸ ਪਰਿਵਾਰ ਦੇ ਕਈ ਕਾਰੋਬਾਰਾਂ ਦਾ ਨਾਂ ਬਿਨ ਲਾਦਿਨ ਹੀ ਹੈ। ਉਸਾਮਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮਤਲਬ ਸ਼ੇਰ ਹੁੰਦਾ ਹੈ। ਲਾਦਿਨ ਦਾ ਅਰਥ ਹੈ ਸੁਸ਼ੀਲ। 'ਬਿਨ' ਜਾਂ 'ਇਬਨ' ਦਾ ਮਤਲਬ ਹੈ ਪੁੱਤਰ। ਇਬਨੇ ਮਰੀਅਮ ਭਾਵ ਮਰੀਅਮ ਦਾ ਪੁੱਤਰ ਅਰਥਾਤ ਈਸਾ। ਕਈ ਸਭਿਅਤਾਵਾਂ ਵਿਚ ਪਿਓ ਜਾਂ ਵੱਡੇ ਬਜ਼ੁਰਗ ਦਾ ਨਾਂ ਅਸਲੀ ਨਾਂ ਦੇ ਨਾਲ ਤਾਂ ਆਉਂਦਾ ਹੀ ਹੈ ਪਰ ਨਾਲ ਹੀ 'ਪੁੱਤਰ' ਸ਼ਬਦ ਦੇ ਸਮਾਨਅਰਥੀ ਸ਼ਬਦ ਵੀ ਸਮਾਂ ਪੈਣ 'ਤੇ ਨਾਂ ਦਾ ਹਿੱਸਾ ਹੀ ਬਣ ਜਾਂਦੇ ਹਨ। ਅਨੇਕਾਂ ਇਸਾਈ ਨਾਂਵਾਂ ਦੇ ਅਰੰਭ ਵਿਚ Mc ਜਾਂ Mac ਆਉਂਦਾ ਹੈ ਜਿਵੇਂ ਮੈਕਡੌਨਲਡ, ਮੈਕਡੌਵਲਜ਼, ਮੈਕ ਕਿਨਸੇ। ਏਥੇ ਮੈਕ ਦਾ ਅਰਥ ਪੁਤਰ ਹੀ ਹੈ। ਇਹ ਆਇਰਲੈਂਡ ਅਤੇ ਸਕਾਟਲੈਂਡ ਦੀ ਰੀਤ ਹੈ ਤੇ ਸ਼ਬਦ ਮੁਢਲੇ ਤੌਰ 'ਤੇ ਗੈਲਿਕ ਭਾਸ਼ਾ ਦਾ ਹੈ। ਕਈ ਵਾਰੀ Mc ਜਾਂ Mac ਹਟਾ ਕੇ ਸਿਰਫ Donald ਹੀ ਰਹਿਣ ਦਿੱਤਾ ਗਿਆ ਹੈ ਪਰ ਕਈ ਥਾਈਂ ਅੰਤ ਵਿਚ ਸੋਨ ਜੋੜ ਦਿੱਤਾ ਗਿਆ ਹੈ ਜਿਵੇਂ Donaldson.

## ਪ੍ਰਤੀਕਰਮ

### 1984 ਦਾ ਕਹਿਰ ਭੁੱਲਣਯੋਗ ਨਹੀਂ

ਪੰਜਾਬ ਟਾਈਮਜ਼ ਦੇ 30 ਅਪਰੈਲ ਦੇ ਅੰਕ ਵਿਚ ਕਰਮ ਬਰਸਟ ਦਾ ਲੇਖ '1984 ਦਾ ਕਹਿਰ ਬਖਸ਼ਣਯੋਗ ਨਹੀਂ ਪਰ ਮੰਨਣਯੋਗ ਤੇ ਭੁੱਲਣਯੋਗ' ਛਪਿਆ ਹੈ। ਪਰ ਹਕੀਕਤ ਇਹ ਹੈ ਕਿ ਇਹ ਕਹਿਰ ਨਾ ਬਖਸ਼ਣਯੋਗ ਹੈ ਅਤੇ ਨਾ ਭੁੱਲਣਯੋਗ। ਕਰਮ ਬਰਸਟ ਨੂੰ ਪਤਾ ਹੈ ਕਿ ਇੰਦਰਾ ਗਾਂਧੀ ਨੇ ਅਪਰੇਸ਼ਨ ਬਲੂ ਸਟਾਰ ਦੇ ਕਹਿਰ ਲਈ ਉਚੇਚਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦਾ ਦਿਨ ਹੀ ਚੁਣਿਆ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸ਼ਹੀਦੀ ਜਾਮ ਪੀਣ ਤੋਂ ਬਾਅਦ ਸਿੱਖ ਰੈਫਰੈਂਸ ਲਾਇਬਰੇਰੀ ਸਾੜੀ ਗਈ ਸੀ ਅਤੇ ਅਜਾਇਬ ਘਰ ਲੁੱਟਿਆ ਗਿਆ ਸੀ। ਇੰਦਰਾ ਗਾਂਧੀ ਦੇ ਕਾਤਲ ਸ਼ਹੀਦ ਬੇਅੰਤ ਸਿੰਘ ਨੂੰ ਬਿਨਾ ਮੁਕੱਦਮਾ ਚਲਾਏ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਹਜ਼ਾਰਾਂ ਅਣਭੋਲ ਸਿੱਖਾਂ ਨੂੰ ਕਤਲ ਕੀਤਾ ਗਿਆ, ਜਿਊਂਦੇ ਸਾੜਿਆ ਗਿਆ। ਸਿੱਖਾਂ ਦੇ ਕਾਤਲਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ।

ਕਰਮ ਬਰਸਟ ਪੰਜਾਬੀ ਮਾਂ ਦੇ ਮਹਾਨ ਕਪੁੱਤਰ ਜਗਤ ਨਰਾਇਣ ਨੂੰ ਸਤਿਕਾਰ ਨਾਲ ਲਾਲਾ ਜਗਤ ਨਰਾਇਣ ਲਿਖਦਾ ਹੈ ਪਰ ਦਲਬੀਰ ਸਿੰਘ ਦੀ ਕਿਤਾਬ 'ਨੇੜਿਓਂ ਡਿੱਠੇ ਭਿੰਡਰਾਂਵਾਲੇ' ਨੂੰ ਨੇੜਿਓਂ ਡਿੱਠਾ ਭਿੰਡਰਾਂਵਾਲਾ ਲਿਖਦਾ ਹੈ। ਜੇ ਜਗਤ ਨਰਾਇਣ ਨਿਰੰਕਾਰੀ ਬਾਬੇ ਦੇ ਹੱਕ ਵਿਚ ਕਰਨਾਲ ਵਿਚ ਗਵਾਹੀ ਨਾ ਦਿੰਦਾ ਤਾਂ ਸ਼ਾਇਦ ਨਿਰੰਕਾਰੀ ਬਾਬੇ ਨੂੰ 13 ਸਿੰਘਾਂ ਦੇ ਕਤਲ ਦੇ ਦੋਸ਼ ਵਿਚ ਫਾਂਸੀ ਲੱਗ ਜਾਂਦੀ ਅਤੇ ਪੰਜਾਬ ਦੇ ਹਾਲਾਤ ਅਤਿ ਸੁਖਾਲੇ ਰਹਿੰਦੇ। ਇਹੀ ਆਰੀਆ ਸਮਾਜੀ ਲਾਲਾ ਜਗਤ ਨਰਾਇਣ ਪੰਜਾਬੀ ਹਿੰਦੂਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਦੀ ਬਜਾਏ ਹਿੰਦੀ ਲਿਖਵਾਉਣ ਲਈ ਉਕਸਾਉਣ ਵਾਸਤੇ ਜ਼ਿੰਮੇਵਾਰ ਹੈ ਅਤੇ ਇਥੋਂ ਹੀ ਪੰਜਾਬ ਦਾ ਸਾਰਾ ਮਾਮਲਾ ਸ਼ੁਰੂ ਹੁੰਦਾ ਹੈ।

ਬਾਕੀ ਹਿੰਦੂਆਂ ਦੀ ਸਿੱਖਾਂ ਪ੍ਰਤੀ ਨਫਰਤ ਉਸ ਦਿਨ ਤੋਂ ਹੀ ਸ਼ੁਰੂ ਹੋ ਗਈ ਸੀ ਜਿਸ ਦਿਨ ਗੁਰੂ ਨਾਨਕ ਨੇ ਜੰਞੂ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਨੌਂ ਸਾਲ ਦੀ ਉਮਰ ਵਿਚ ਆਪਣੇ ਬਾਪ ਨੂੰ ਇਨ੍ਹਾਂ ਦੀ ਰੱਖਿਆ ਕਰਨ ਲਈ ਸ਼ਹੀਦ ਹੋ ਜਾਣ ਲਈ ਦਿੱਲੀ ਭੇਜ ਦਿੱਤਾ ਸੀ। ਦਸਮ ਗੁਰੂ ਦੀ ਪਹਿਲੀ ਲੜਾਈ ਵਿਚ ਦੁਸ਼ਮਣ ਪਹਾੜੀ ਹਿੰਦੂ ਰਾਜੇ ਹੀ ਸਨ। ਗੁਰੂ ਸਾਹਿਬ ਦੀ ਮਦਦ ਲਈ ਸਿਰਫ ਇਕ ਮੁਸਲਮਾਨ ਪੀਰ ਬੁੱਧੂ ਸ਼ਾਹ ਹੀ ਨਿੱਤਰਿਆ ਸੀ ਜਿਸ ਨੇ ਆਪਣੇ ਚਾਰੇ ਹੀ ਪੁੱਤਰ ਸ਼ਹੀਦ ਕਰਵਾ ਲਏ ਸਨ।

ਹਿੰਦੂ ਦੁਸਹਿਰਾ ਹਮੇਸ਼ਾ ਹਰ ਸਾਲ ਮਨਾਉਂਦੇ ਹਨ। ਰਾਵਣ ਖਬਰੇ ਹੋਇਆ ਕਿ ਨਹੀਂ ਹਿੰਦੂ ਅਜੇ ਤੱਕ ਨਹੀਂ ਭੁੱਲੇ। ਸਿੱਖ ਕਿਵੇਂ ਭੁੱਲ ਜਾਣ? ਸਿੱਖ ਚੌਰਾਸੀ ਦੇ ਘੱਲੂਘਾਰੇ ਨੂੰ ਕਿਵੇਂ ਭੁੱਲ ਸਕਦੇ ਹਨ? ਹਿੰਦੂਆਂ ਦੀ ਸਿੱਖਾਂ ਪ੍ਰਤੀ ਦੁਸ਼ਮਣੀ ਦੀਆਂ ਖਾਸ ਜੜਾਂ ਹਨ। ਸਿੱਖ ਧਰਮ ਕਿਰਤੀਆਂ ਦਾ ਧਰਮ ਹੈ, ਹਿੰਦੂ ਬਾਹਮਣਵਾਦੀਆਂ ਦਾ। ਸ. ਅਜਮੇਰ ਸਿੰਘ ਨੇ ਪੂਰੀ ਖੋਜ ਪੜਤਾਲ ਤੋਂ ਬਾਅਦ ਹੀ ਲਿਖਿਆ ਹੈ ਅਤੇ ਕਰਮ ਬਰਸਟ ਇਸ ਨੂੰ ਮੰਨਣਯੋਗ ਤੇ ਭੁੱਲਣਯੋਗ ਦੱਸ ਰਿਹਾ ਹੈ। ਜਦੋਂ ਕਿ ਹਿੰਦੂ ਦੁਸਹਿਰਾ ਨਹੀਂ ਭੁੱਲ ਸਕੇ। ਕਰਮ ਚੰਦ ਬਰਸਟ ਨੂੰ ਨਹੀਂ ਪਤਾ ਕਿ ਹਿੰਦੂ ਚਾਣਕੀਆ ਨੀਤੀ ਅਨੁਸਾਰ ਸਾਮ, ਦਾਮ ਅਤੇ ਦੰਡ ਸਿੱਖਾਂ ਨੂੰ ਦੇ ਰਿਹਾ ਹੈ। ਕਰਮ ਚੰਦ ਬਰਸਟ ਦਾ ਜੇ ਕੋਈ ਰਿਸ਼ਤੇਦਾਰ ਪੁਲਿਸ ਦੇ ਸਾਹਮਣੇ ਹਿੰਦੂ ਹਜੂਮ ਵਲੋਂ ਜਲਾਇਆ ਗਿਆ ਹੁੰਦਾ ਤਾਂ ਸ੍ਰੀ ਕਰਮ ਚੰਦ ਜੀ ਨਾ ਲਿਖਦੇ ਕਿ 1984 ਦਾ ਕਹਿਰ ਬਖਸ਼ਣ ਨਹੀਂ ਪਰ ਮੰਨਣ ਤੇ ਭੁੱਲਣਯੋਗ ਹੈ।

-ਦੇਵਿੰਦਰ ਸਿੰਘ ਖਟਕੜ
ਸਟਾਕਟਨ।
ਫੋਨ: 209-606-7452

### ਗੁਰੂ ਗ੍ਰੰਥ ਸਾਹਿਬ ਦਾ ਜਰਮਨ ਅਨੁਵਾਦ

ਪੰਜਾਬ ਟਾਈਮਜ਼ ਦੇ 30 ਅਪਰੈਲ ਦੇ ਅੰਕ ਵਿਚ ਚਿੰਤਨ ਸਿਰਲੇਖ ਅਧੀਨ ਗੁਰੂ ਗ੍ਰੰਥ ਸਾਹਿਬ ਦੇ ਜਰਮਨ ਭਾਸ਼ਾ ਵਿਚ ਅਨੁਵਾਦ ਵਾਲਾ ਮਸਲਾ ਪੜ੍ਹਿਆ ਅਤੇ ਇਸ ਨੂੰ ਗੰਭੀਰਤਾ ਨਾਲ ਵਿਚਾਰਿਆ। 2-3 ਦਿਨ ਇਸ ਮਸਲੇ ਬਾਰੇ ਸੋਚ ਸੋਚ ਕੇ ਇਕ ਅਜੀਬ ਜਿਹੀ ਅੱਚਵੀ ਲੱਗੀ ਰਹੀ ਤੇ ਮਨ ਡਾਢਾ ਪ੍ਰੇਸ਼ਾਨ ਤੇ ਦੁਖੀ ਰਿਹਾ। ਸੋਚ ਆ ਰਹੀ ਸੀ ਕਿਸ ਦੇ ਕੋਲ ਅਤੇ ਕਿਸ ਤਰ੍ਹਾਂ ਇਸ ਵਰਤਾਰੇ ਬਾਰੇ ਨਾਰਾਜ਼ਗੀ ਅਤੇ ਵਿਰੋਧ ਜਤਾਇਆ ਜਾਵੇ। ਪਿਛਲੇ ਕੁਝ ਸਮੇਂ ਵਿਚ ਇਕ ਗੈਰ ਸਿੱਖ ਵਿਦੇਸ਼ੀ ਬੀਬੀ ਮੀਰੂ ਅਲਿਜ਼ਬੈਥ ਵਲੋਂ ਜਦੋਂ ਨਿਰਸਵਾਰਥ ਹੋ ਕੇ ਇਹ ਮਾਮਲਾ ਕੁਝ ਸਿਰਮੌਰ ਸਿੱਖ ਸੰਸਥਾਵਾਂ ਅਤੇ ਪੰਜਾਬੀ ਯੂਨੀਵਰਸਿਟੀ ਦੇ ਅਹੁਦੇਦਾਰਾਂ ਕੋਲ ਪਹੁੰਚਾਇਆ ਗਿਆ ਤਾਂ ਉਨ੍ਹਾਂ ਕੋਈ ਢੁਕਵੀਂ ਕਾਰਵਾਈ ਕਰਨ ਦੀ ਥਾਂ ਉਦਾਸੀਨਤਾ ਵਾਲਾ ਵਤੀਰਾ ਹੀ ਦਿਖਾਇਆ। ਇਹ ਗੱਲ ਸਾਡੀ ਕੌਮ ਵਾਸਤੇ ਬੇਹੱਦ ਨਿਰਾਸ਼ਾਜਨਕ ਅਤੇ ਨਿੰਦਣਯੋਗ ਹੈ।

ਸ਼ੋਹਰਤ, ਪੈਸਾ ਅਤੇ ਪ੍ਰਸਿੱਧੀ ਹਾਸਲ ਕਰਨ ਲਈ ਬਹੁਤ ਢੰਗ ਤਰੀਕੇ ਅਤੇ ਬੇਸ਼ੁਮਾਰ ਤਰੀਕੇ ਹੋ ਸਕਦੇ ਹਨ ਪਰ ਡਾ. ਜਰਨੈਲ ਸਿੰਘ ਨੂੰ ਆਪਣੇ ਧਰਮ ਦੇ ਮਹਾਨ ਗ੍ਰੰਥ ਨੂੰ ਕਿਸੇ ਵਿਦੇਸ਼ੀ ਭਾਸ਼ਾ ਵਿਚ ਅਨੁਵਾਦ ਕਰਨ ਵਰਗੇ ਬੇਹੱਦ ਨਾਜ਼ੁਕ ਅਤੇ ਪੇਚੀਦਾ ਕਾਰਜ ਨੂੰ (ਭਾਸ਼ਾ ਦੇ ਪੂਰਨ ਗਿਆਨ ਤੋਂ ਬਗੈਰ) ਹੱਥ ਨਹੀਂ ਸੀ ਪਾਉਣਾ ਚਾਹੀਦਾ। ਜਿਥੇ ਮੀਰੂ ਅਲਿਜ਼ਬੈਥ ਦਾ ਉਪਰਾਲਾ ਬਹੁਤ ਸਲਾਹੁਣਯੋਗ ਹੈ, ਉਥੇ ਸਿੱਖੀ ਸਰੂਪ ਵਿਚ ਅਲੱਗ ਅਲੱਗ ਸੰਸਥਾਵਾਂ ਵਿਚ ਵੱਡੇ ਵੱਡੇ ਅਹੁਦਿਆਂ 'ਤੇ ਬੈਠੇ ਕਰੀਬ ਕਰੀਬ ਸਾਰੇ ਹੀ ਵਿਅਕਤੀਆਂ ਦਾ ਗੈਰ ਜ਼ਿੰਮੇਵਾਰਾਨਾ ਅਤੇ ਚਲੋ ਸਾਨੂੰ ਕੀ ਵਾਲਾ ਵਤੀਰਾ ਘੋਰ ਨਿਰਾਸ਼ਾ ਵਾਲਾ ਅਤੇ ਨਿੰਦਣਯੋਗ ਹੈ। ਇਸ ਮਾਮਲੇ ਵਿਚ ਜਰਮਨ ਅਨੁਵਾਦ ਦੇ ਪ੍ਰਕਾਸ਼ਕ ਸਿੰਘ ਬ੍ਰਦਰਜ਼ ਨੇ ਵੀ ਪੈਸਾ ਕਮਾਉਣ ਦੇ ਹਿੱਤ ਨੂੰ ਹੀ ਆਪਣੇ ਸਾਹਮਣੇ ਰੱਖਿਆ ਅਤੇ ਸਿੱਖੀ ਸੇਵਾ ਨੂੰ ਉਕਾ ਹੀ ਵਿਸਾਰ ਦਿੱਤਾ। ਅਨੁਵਾਦ ਦੀਆਂ ਗਲਤੀਆਂ ਧਿਆਨ ਵਿਚ ਲਿਆਏ ਜਾਣ ਦੇ ਬਾਵਜੂਦ ਉਨ੍ਹਾਂ ਕੋਈ ਕਾਰਵਾਈ ਨਾ ਕੀਤੀ। ਜਦੋਂ ਤੱਕ ਆਪਣੇ ਧਰਮ ਤੇ ਸਮਾਜ ਨਾਲ ਜੁੜਿਆ ਹਰੇਕ ਪ੍ਰਾਣੀ ਜਾਗਰੂਕ ਹੋ ਕੇ ਆਪਣਾ ਫਰਜ਼ ਨਹੀਂ ਪਛਾਣਦਾ ਅਤੇ ਗਲਤ ਵਰਤਾਰੇ ਨੂੰ ਰੋਕਣ ਲਈ ਆਪਣੇ ਵਿੱਤ ਮੁਤਾਬਕ ਯੋਗਦਾਨ ਨਹੀਂ ਪਾਉਂਦਾ ਉਦੋਂ ਤੱਕ ਚੰਗੇ ਸਮਾਜ ਅਤੇ ਧਰਮ ਦੀ ਚੜ੍ਹਦੀ ਕਲਾ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ।

-ਮੋਹਣ ਸਿੰਘ, ਕਾਰਟਰੇਟ
ਫੋਨ: 732-804-8182

# ਕੇਤੀਆ ਕੰਨ੍ਹ ਕਹਾਣੀਆਂ ਕੇਤੇ ਬੇਦ ਬੀਚਾਰ

**ਡਾ. ਗੁਰਨਾਮ ਕੌਰ**

ਡਾ. ਜੋਧ ਸਿੰਘ ਦੀ ਤਰ੍ਹਾਂ ਹੀ ਦਸਮ ਗ੍ਰੰਥ ਵਿਚ ਸ਼ਾਮਲ ਸਾਰੀਆਂ ਦੀਆਂ ਸਾਰੀਆਂ ਰਚਨਾਵਾਂ ਨੂੰ ਦਸਮ ਪਾਤਿਸ਼ਾਹ ਹਜ਼ੂਰ ਦੇ ਨਾਮ ਨਾਲ ਜੋੜਨ ਵਾਲੇ ਹੋਰ ਵੀ ਕਈ ਵਿਦਵਾਨ ਹਨ ਜੋ ਆਮ ਤੌਰ 'ਤੇ ਇਹੀ ਦਲੀਲ ਦਿੰਦੇ ਹਨ ਕਿ ਖ਼ਾਲਸਾ ਪੰਥ ਵਿਚ ਜੋਸ਼ ਅਤੇ ਬਹਾਦਰੀ ਦੇ ਜਜ਼ਬੇ ਦਾ ਸੰਚਾਰ ਕਰਨ ਲਈ ਇਹ ਰਚਨਾਵਾਂ ਰਚੀਆਂ ਗਈਆਂ। ਇਸ ਸਬੰਧ ਵਿਚ ਉਹ ਕ੍ਰਿਸ਼ਨ ਅਵਤਾਰ ਦਾ ਖਾਸ ਜ਼ਿਕਰ ਕਰਦੇ ਹਨ।



ਡਾ. ਗੁਰਨਾਮ ਕੌਰ

ਪਿਛਲੇ ਲੇਖ ਵਿਚ ਇਹ ਵੀ ਜ਼ਿਕਰ ਹੋ ਚੁਕਾ ਹੈ ਕਿ 'ਚੌਬੀਸ ਅਉਤਾਰ' ਰਚਨਾ ਦੇ ਅਵਤਾਰਾਂ ਦੀ ਕਥਾ ਦੇ ਅੰਤ ਵਿਚ ਆਮ ਤੌਰ 'ਤੇ ਬਚਿਤ੍ਰ ਨਾਟਕ ਦੀ ਕਥਾ ਹੋਣ ਦਾ ਹਵਾਲਾ ਦਿੱਤਾ ਹੈ ਜਿਵੇਂ ਉਦਾਹਰਣ ਲਈ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਮੱਛ ਅਵਤਾਰ, ਸੰਖਾਸੁਰ ਬਧਹ, ਸਮਾਪਤਮ ਸਤੁ, ਸੁਭਮ ਸਤੁ' ਆਦਿ। ਧਿਆਨ ਦੇਣ ਯੋਗ ਤੱਥ ਇਹ ਹੈ ਕਿ 'ਕ੍ਰਿਸ਼ਨ ਅਵਤਾਰ' ਦੇ ਇਸ ਵਰਣਨ ਵਿਚ ਕੀ ਗੁਰਮਤਿ ਸਿਧਾਂਤਾਂ ਅਨੁਸਾਰ ਹੀ ਖ਼ਾਲਸੇ ਦਾ ਬਹਾਦਰੀ ਲਈ ਮਾਰਗ ਦਰਸ਼ਨ ਹੁੰਦਾ ਹੈ? ਇਸ ਰਚਨਾ ਵਿਚ ਇੱਕ ਥਾਂ ਵਰਣਨ ਹੈ ਕਿ ਕ੍ਰਿਸ਼ਨ ਗੋਪੀਆਂ ਦੇ ਕਪੜੇ ਚੁਰਾਉਣ ਤੋਂ ਬਾਅਦ ਉਨ੍ਹਾਂ ਨੂੰ ਕਹਿੰਦਾ ਹੈ ਕਿ ਉਹ ਉਸ ਨੂੰ ਆਪਣੇ ਨਾਲ ਪ੍ਰੇਮ-ਕ੍ਰੀੜਾ ਕਰਨ ਦੀ ਖੁਲ੍ਹ ਦੇਣ:

ਅਰ ਤੋਰ ਰਨ ਦੇਹੁ ਕਹਿਯੋ ਸਭ ਹੀ
ਕੁਚ ਨਾਤਰ ਹਉ ਤੁਮ ਕੋ ਹਨਿ ਹੋ। (266)
ਭਗਵਾਨਿ ਲਖੀ ਅਪੁਨੇ ਮਨ ਮੈਂ
ਇਹ ਗਵਾਰਨਿ ਮੋ ਪਿਖਿ ਮੈਲ ਭਰੀ।
ਤਬ ਹੀ ਤਜਿ ਸੰਕ ਸਭੈ ਮਨ ਕੀ
ਤਿਨ ਕੇ ਸੰਗਿ ਮਾਨੁਖ ਕੇਲ ਕਰੀ।
ਹਰਿ ਜੀ ਕਰਿ ਖੇਲ ਕਿਧੋ ਇਨ ਸੋ
ਜਨੁ ਕਾਮ ਜਰੀ ਇਹ ਕੀਨ ਜਰੀ।
ਕਬਿ ਸਯਾਮ ਕਹੈ ਪਿਖਵੋ ਤੁਮ ਕੌਤੁਕ
ਕਾਨ੍ਹ ਹਰਿਯੋ ਕਿ ਹਰੀ ਸੁ ਹਰੀ। (472)

ਇੱਕ ਵਿਦਵਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਬਾਰੇ ਗੱਲ ਕਰਦਿਆਂ ਕਿਹਾ ਹੈ, "ਇਨ ਰਿਐਲਿਟੀ ਦਾ ਓਬਜੈਕਟਿਵ ਆਫ ਦਾ ਬਾਣੀ ਆਫ ਦਸਮ ਗ੍ਰੰਥ ਇਜ਼ ਆਈਡੈਂਟੀਕਲ ਟੂ ਗੁਰੂ ਗ੍ਰੰਥ ਸਾਹਿਬ ਬਟ ਨੌਟ ਸਿਮੀਲਰ" ਭਾਵ ਦਸਮ ਗ੍ਰੰਥ ਦੀ ਬਾਣੀ ਦਾ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗਾ ਹੈ ਪਰ ਬਿਲਕੁਲ ਉਹੀ ਨਹੀਂ ਹੈ। ਮੇਰਾ ਆਪਣਾ ਖਿਆਲ ਹੈ ਕਿ ਇਸ ਵਿਦਵਾਨ ਨੂੰ ਬਾਣੀ ਅਤੇ ਕਥਾ (ਨੈਰੇਸ਼ਨ) ਵਿਚਲਾ ਅੰਤਰ ਪਤਾ ਨਹੀਂ ਹੈ। ਦਸਮ ਗ੍ਰੰਥ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਬਾਣੀ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ ਅਤੇ ਨਾ ਹੀ ਸਾਰੀਆਂ ਰਚਨਾਵਾਂ ਦਾ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗਾ ਹੈ। ਬਾਣੀ ਧੁਰੋਂ ਆਇਆ 'ਸ਼ਬਦ' ਹੈ ਜਿਸ ਦਾ ਸੋਮਾ ਕਰਤਾ ਪੁਰਖ ਆਪ ਹੈ ਅਤੇ ਉਹ 'ਸ਼ਬਦ' ਗੁਰੂ ਦੇ ਰਾਹੀਂ ਪ੍ਰਗਟ ਹੋਇਆ ਹੈ, "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥" ਪੰਨਾ 763॥

ਦਸਮ ਗ੍ਰੰਥ ਵਿਚ ਸ਼ਾਮਲ ਰਚਨਾਵਾਂ ਵਿਚੋਂ ਕੁਝ ਚੋਣਵੀਆਂ ਰਚਨਾਵਾਂ ਨੂੰ ਹੀ ਇਲਾਹੀ ਕਿਹਾ ਜਾ ਸਕਦਾ ਹੈ ਅਤੇ ਬਾਣੀ ਦਾ ਦਰਜਾ ਦਿੱਤਾ ਜਾ ਸਕਦਾ ਹੈ। ਬਾਕੀ ਦੀਆਂ ਰਚਨਾਵਾਂ ਮਹਿਜ ਕਥਾ (ਨੈਰੇਸ਼ਨ) ਹਨ ਅਤੇ ਕਿਸੇ ਬਚਿੱਤ੍ਰ ਨਾਟਕ ਦਾ ਹਿੱਸਾ ਹਨ ਅਤੇ ਉਹ ਕਿਸੇ ਵਧੀਆ ਸੂਹਜ ਦਾ ਇਜ਼ਹਾਰ ਨਹੀਂ ਕਰਦੀਆਂ। ਇਨ੍ਹਾਂ ਵਿਚੋਂ ਬਹੁਤੀਆਂ ਹਿੰਦੂ ਧਰਮ ਦੇ ਸਿਮ੍ਰਤੀ ਗ੍ਰੰਥਾਂ ਭਾਵ ਪੁਰਾਣਾਂ ਦਾ ਹਿੱਸਾ ਹਨ। ਹਿੰਦੂ ਸ਼ਾਸਤ੍ਰਾਂ ਦੇ ਵਿਦਵਾਨ ਵੀ ਪੁਰਾਣਾਂ ਨੂੰ ਕੋਈ ਬਹੁਤ ਉਚਾ ਦਰਜਾ ਨਹੀਂ ਦਿੰਦੇ, ਉਨ੍ਹਾਂ ਨੂੰ ਮਹਿਜ ਕਥਾ-ਕਹਾਣੀਆਂ ਸਮਝਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਤਾਂ ਵੇਦਾਂ ਦੀ ਸਿੱਖਿਆ ਨੂੰ ਵੀ ਕਥਾ-ਕਹਾਣੀਆਂ ਹੀ ਮੰਨਿਆ ਗਿਆ ਹੈ ਜੋ ਮਨੁੱਖ ਲਈ ਸਿਰਫ ਨਰਕ-ਸੁਰਗ ਦਾ ਰਸਤਾ ਦਸਦੀਆਂ ਹਨ ਕਿਉਂਕਿ ਇਨ੍ਹਾਂ ਵਿਚ ਇਹੀ ਵਿਚਾਰ ਮਿਲਦਾ ਹੈ ਕਿ ਪਾਪ ਕੀ ਹੈ ਅਤੇ ਪੁੰਨ ਕੀ ਹੈ? ਇਨ੍ਹਾਂ ਅਨੁਸਾਰ ਜੋ ਕੁਝ ਅਸੀਂ ਦੇਂਦੇ ਹਾਂ ਮੁੜ ਕੇ ਉਹੀ ਕੁਝ ਅਗਲੇ ਜਨਮ ਵਿਚ ਵਾਪਸ ਲੈਂਦੇ ਹਾਂ ਅਤੇ ਆਪਣੇ ਕੀਤੇ ਕਰਮਾਂ ਅਨੁਸਾਰ ਨਰਕ ਜਾਂ ਸਵਰਗ ਵਿਚ ਪਹੁੰਚਦੇ ਹਾਂ। ਵੇਦਾਂ ਦੀ ਵਿਚਾਰਧਾਰਾ ਅਨੁਸਾਰ ਦੁਨੀਆਂ ਉਚੀਆਂ ਨੀਵੀਆਂ ਜਾਤਾਂ ਵਿਚ ਅਤੇ ਕਈ ਕਿਸਮ ਦੇ ਵਹਿਮਾਂ-ਭਰਮਾਂ ਵਿਚ ਖੁਆਰ ਹੁੰਦੀ ਹੈ:

ਕਥਾ ਕਹਾਣੀ ਬੇਦ ਕੀ
ਆਣੀ ਪਾਪੁ ਪੁੰਨੁ ਬੀਚਾਰੁ॥
ਦੇ ਦੇ ਲੈਣਾ ਲੈ ਲੈ ਦੇਣਾ
ਨਰਕਿ ਸੁਰਗਿ ਅਵਤਾਰ॥
ਉਤਮ ਮਧਮ ਜਾਤੀ ਜਿਨਸੀ
ਭਰਮਿ ਭਵੈ ਸੰਸਾਰੁ॥ (ਪੰਨਾ 1243)

ਦੂਸਰੇ ਪਾਸੇ ਗੁਰੂ ਦੀ ਉਚਾਰੀ ਹੋਈ ਬਾਣੀ ਹੈ ਜਿਸ ਦੇ ਡੂੰਘੇ ਭੇਤ ਨੂੰ ਗੁਰੂ ਨੇ ਸਮਝਿਆ ਹੈ ਅਤੇ ਸੁਰਤਿਆਂ ਨੇ ਜਪਿਆ ਹੈ। ਇਹ ਬਾਣੀ ਨਾਮ ਰੂਪੀ ਅੰਮ੍ਰਿਤ ਨਾਲ ਭਰੀ ਹੋਈ ਹੈ ਅਤੇ ਪਰਮਾਤਮਾ ਦੇ ਗੁਣ ਬਿਆਨ ਕਰਦੀ ਹੈ। ਇਹ ਬਾਣੀ ਪਰਮਾਤਮਾ ਦੇ ਗੁਣਾਂ ਤੇ ਵਿਚਾਰ ਕੀਤਿਆਂ ਅਤੇ ਪਰਮਾਤਮਾ ਨਾਲ ਸੁਰਤਿ ਜੋੜ ਕੇ ਉਸ ਨਾਲ ਇੱਕਸੁਰ ਹੋਇਆਂ ਪ੍ਰਗਟ ਹੋਈ ਹੈ। ਇਹ ਬਾਣੀ ਦੱਸਦੀ ਹੈ ਕਿ ਪਰਮਾਤਮਾ ਨੇ ਸਭ ਕੁਝ ਆਪਣੇ ਹੁਕਮ ਵਿਚ ਸਾਜਿਆ ਹੈ ਅਤੇ ਉਹ ਆਪਣੇ ਹੁਕਮ ਵਿਚ ਰੱਖ ਕੇ ਹੀ ਸਭ ਜੀਵਾਂ ਦੀ ਸੰਭਾਲ ਕਰਦਾ ਹੈ। ਬਾਣੀ ਅਨੁਸਾਰ ਪਹਿਲਾਂ ਜੀਵ ਅੰਦਰੋਂ ਹਉਮੈ ਦੂਰ ਹੁੰਦੀ ਹੈ ਅਤੇ ਫਿਰ ਉਹ ਪਰਮਾਤਮਾ ਦੇ ਦਰ ਤੇ ਪ੍ਰਵਾਨ ਹੁੰਦਾ ਹੈ:

ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ
ਸੁਰਤੀ ਕਰਮਿ ਧਿਆਈ॥
ਹੁਕਮਿ ਸਾਜਿ ਹੁਕਮੈ ਵਿਚਿ ਰਖੈ
ਹੁਕਮੈ ਅੰਦਰਿ ਵੇਖੈ॥
ਨਾਨਕ ਅਗਹੁ ਹਉਮੈ ਤੁਟੈ
ਤਾ ਕੋ ਲਿਖੀਐ ਲੇਖੈ॥ (ਪੰਨਾ 1243)

ਇਨ੍ਹਾਂ ਕਥਾ-ਕਹਾਣੀਆਂ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਜ਼ਰੀਆ ਸਪਸ਼ਟ ਕਰਨ ਲਈ ਗੁਰੂ ਨਾਨਕ ਦੇਵ ਨੇ 'ਆਸਾ ਦੀ ਵਾਰ' ਵਿਚ ਫੁਰਮਾਇਆ ਹੈ ਕਿ ਇੱਕ ਨਿਰੰਕਾਰ ਹੀ ਭੈਅ ਤੋਂ ਰਹਿਤ ਹੈ, ਰਾਮ ਅਤੇ ਕ੍ਰਿਸ਼ਨ (ਵਿਸ਼ਨੂੰ ਦੇ ਅਵਤਾਰ) ਵਰਗੇ ਕਈ ਉਸ ਨਿਰੰਕਾਰ ਦੇ ਸਾਹਮਣੇ ਤੁੱਛ ਹਨ, ਉਨ੍ਹਾਂ ਦੀਆਂ ਕਹਾਣੀਆਂ ਅਤੇ ਵੇਦਾਂ ਦੇ ਵਿਚਾਰ ਵੀ ਉਸ ਨਿਰੰਕਾਰ ਦੇ ਸਾਹਮਣੇ ਤੁੱਛ ਹਨ:

ਨਾਨਕ ਨਿਰਭਉ ਨਿਰੰਕਾਰੁ
ਹੋਰਿ ਕੇਤੇ ਰਾਮ ਰਵਾਲ॥
ਕੇਤੀਆ ਕੰਨ ਕਹਾਣੀਆ
ਕੇਤੇ ਬੇਦ ਬੀਚਾਰ॥ (ਪੰਨਾ 464)

ਇਨ੍ਹਾਂ ਵਿਦਵਾਨਾਂ ਵੱਲੋਂ ਜੋ ਦੂਸਰਾ ਨੁਕਤਾ ਆਮ ਤੌਰ 'ਤੇ ਉਠਾਇਆ ਜਾਂਦਾ ਹੈ, ਉਹ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਫ ਅਧਿਆਤਮਿਕਤਾ ਦਾ ਸੋਮਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਥ (ਧਰਮ-ਰਿਲੀਜਨ) ਦੇ ਸੰਸਥਾਗਤ ਪ੍ਰਬੰਧ ਸਬੰਧੀ ਕੋਈ ਤਕਨੀਕ ਜਾਂ ਵਿਧੀ-ਵਿਗਿਆਨ, ਸੰਵਿਧਾਨ ਨਹੀਂ ਮਿਲਦਾ ਪਰ ਇਥੇ ਵੀ ਇਹ ਵਿਦਵਾਨ ਆਮ ਸਿੱਖ ਨੂੰ ਕੁਰਾਹੇ ਪਾਉਂਦੇ ਹਨ। ਸਿੱਖ ਧਰਮ ਹੀ ਇੱਕ ਅਜਿਹਾ ਧਰਮ ਹੈ ਜਿਥੇ ਅਧਿਆਤਮਿਕਤਾ ਅਤੇ ਸੰਸਾਰਿਕਤਾ ਨੂੰ ਇਕੱਠਾ ਕੀਤਾ ਗਿਆ ਹੈ, ਮੀਰੀ ਜੋ ਸੰਸਾਰਿਕਤਾ ਦੀ ਪ੍ਰਤੀਨਿਧ ਹੈ ਅਤੇ ਪੀਰੀ ਜੋ ਅਧਿਆਤਮਿਕਤਾ ਦੀ ਪ੍ਰਤੀਨਿਧ ਹੈ, ਦੋ ਅਲੱਗ ਅਲੱਗ ਅਸਤਿਤਵ ਨਹੀਂ ਹਨ। ਇਨ੍ਹਾਂ ਦੋਵਾਂ ਨੂੰ ਸਿੱਖ ਧਰਮ-ਚਿੰਤਨ ਵਿਚ ਇਕੱਠੇ ਕੀਤਾ ਗਿਆ ਹੈ। ਇਹ ਇੱਕ ਦੂਸਰੇ ਦੇ ਸਮਾਨੰਤਰ ਨਹੀਂ ਹਨ ਬਲਕਿ ਇੱਕ ਦੂਸਰੇ ਦੇ ਪੂਰਕ ਹਨ। ਖ਼ਾਲਸਾ ਹੋਣ ਲਈ ਗੁਰਮੁਖਿ ਹੋਣਾ ਜ਼ਰੂਰੀ ਹੈ। ਗੁਰਮੁਖਿ ਜਾਂ ਬ੍ਰਹਮਗਿਆਨੀ ਹੋਏ ਬਿਨਾ ਨਾ-ਇਨਸਾਫੀ ਜਾਂ ਬੁਰਾਈ ਦੇ ਨਾਲ ਲੜਿਆ ਨਹੀਂ ਜਾ ਸਕਦਾ, ਸਰਬੱਤ ਦੇ ਭਲੇ ਲਈ ਅਰਦਾਸ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਇਕੱਲੀ ਅਧਿਆਤਮਿਕਤਾ ਕਿਸੇ ਕੰਮ ਆ ਸਕਦੀ ਹੈ (ਜਿਵੇਂ ਯੋਗੀਆਂ ਦੇ ਸਿਲਸਿਲੇ ਵਿਚ) ਜੋ ਉਹ ਦੀਨ-ਦੁਖੀ ਅਤੇ ਧਰਮ ਦੀ ਰੱਖਿਆ ਨਹੀਂ ਕਰ ਸਕਦੀ।

ਧਰਮ ਦਾ ਮਤਲਬ ਸਿਰਫ ਸਿੱਖ ਧਰਮ ਨਹੀਂ। ਧਰਮ ਦਾ ਅਰਥ ਹੈ ਧਰਮ ਦੀ ਆਜ਼ਾਦੀ, ਕਿਸੇ ਨੂੰ ਵੀ ਆਪਣੇ ਆਪਣੇ ਵਿਸ਼ਵਾਸ ਅਨੁਸਾਰ ਧਰਮ ਨੂੰ ਮੰਨਣ ਦੀ ਆਜ਼ਾਦੀ। ਖ਼ਾਲਸਾ ਹੋਣ ਦੀ ਨੀਂਹ ਗੁਰੂ ਨਾਨਕ ਦੇਵ ਨੇ ਉਦੋਂ ਹੀ ਰੱਖ ਦਿੱਤੀ ਸੀ ਜਦੋਂ ਉਨ੍ਹਾਂ ਨੇ ਅਧਿਆਤਮਿਕਤਾ ਦੇ ਸੰਦਰਭ ਵਿਚ ਕਿਹਾ ਸੀ ਕਿ ਜੇ ਤੈਨੂੰ ਪਰਮਾਤਮਾ ਦੇ ਪ੍ਰੇਮ ਦਾ ਖੇਲ੍ਹ ਖੇਲ੍ਹਣ ਦਾ ਸ਼ੌਕ ਹੈ ਤਾਂ ਆਪਣਾ ਸੀਸ ਤਲੀ 'ਤੇ ਰੱਖ ਕੇ ਇਸ ਮਾਰਗ 'ਤੇ ਪੈਰ ਧਰ। ਇਸ ਮਾਰਗ 'ਤੇ ਪੈਰ ਰੱਖ ਕੇ ਜੇ ਫਿਰ ਸਿਰ ਵੀ ਦੇਣਾ ਪੈ ਜਾਵੇ ਤਾਂ ਬਿਨਾ ਕਿਸੇ ਹੀਲ-ਹੁੱਜਤ ਦੇ ਆਪਣਾ ਆਪ ਨਿਛਾਵਰ ਕਰ ਦੇਹ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ 1412)

ਅਸਲ ਵਿਚ ਖ਼ਾਲਸਾ ਇਸ ਇਲਹਾਮ ਦਾ ਹੀ ਅਮਲੀ ਪ੍ਰਕਾਸ਼ਨ ਹੈ। ਭਗਤ ਕਬੀਰ ਅਧਿਆਤਮਿਕ ਸੰਦਰਭ ਸਿਰਜਦੇ ਹੋਏ ਕਹਿੰਦੇ ਹਨ ਕਿ ਜਿਹੜਾ ਮਨੁੱਖ ਇਸ ਸੰਸਾਰ-ਰੂਪੀ ਰਣਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ 'ਤੇ ਅੜ ਜਾਂਦਾ ਹੈ ਤੇ ਇਸ ਜੀਵਨ ਨੂੰ ਇੱਕ ਮੌਕਾ ਸਮਝਦਾ ਹੈ ਕਿ ਇਹੀ ਇੱਕ ਮੌਕਾ ਹੈ ਜਿਸ ਵਿਚ ਲੜਿਆ ਜਾ ਸਕਦਾ ਹੈ, ਉਹੀ ਅਸਲ ਸੂਰਮਾ ਹੈ। ਉਸ ਦੇ ਦਸਮ-ਦੁਆਰ ਵਿਚ ਧੌਂਸਾ ਵਜਦਾ ਹੈ ਅਤੇ ਉਸ ਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ। ਉਸ ਮਨੁੱਖ ਨੂੰ ਸੂਰਮਾ ਸਮਝਣਾ ਚਾਹੀਦਾ ਹੈ ਜੋ ਗਰੀਬਾਂ ਦੀ ਖਾਤਰ ਲੜਦਾ ਹੈ, ਟੋਟੇ ਟੋਟੇ ਹੋ ਮਰਦਾ ਹੈ ਪਰ ਲੜਾਈ ਦਾ ਮੈਦਾਨ ਨਹੀਂ ਛੱਡਦਾ:

## ਗੁਰਮਤਿ ਚਿੰਤਨ

ਗਗਨ ਦਮਾਮਾ ਬਾਜਿਓ
ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ
ਅਬ ਜੂਝਨ ਕੋ ਦਾਉ॥1॥
ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ॥2॥2॥
(ਭਗਤ ਕਬੀਰ, ਪੰਨਾ 1105)

ਇਹ ਖ਼ਾਲਸੇ ਦਾ ਵਿਲੱਖਣ ਜੀਵਨ-ਢੰਗ ਹੈ ਜਿਸ ਦਾ ਦਿਸ਼ਾ-ਨਿਰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕਰ ਦਿੱਤਾ ਗਿਆ ਹੈ। ਅਧਿਆਤਮਿਕਤਾ ਤੋਂ ਹੀ ਗੁਰੂ ਦੇ ਰਸਤੇ ਤੇ ਚੱਲਣ ਵਾਲੇ ਗੁਰਮੁਖਿ ਨੇ ਦੁਨਿਆਵੀ ਜ਼ਿੰਦਗੀ ਦੀ ਅਗਵਾਈ ਲੈਣੀ ਹੈ, ਜਿਵੇਂ ਗੁਰੂ ਨਾਨਕ ਦੇਵ ਫੁਰਮਾਉਂਦੇ ਹਨ ਕਿ ਅਸਲ ਉਹੀ ਮਨੁੱਖ ਜਿਉਂਦਾ ਹੈ, ਜਿਸ ਦੇ ਮਨ ਵਿਚ ਪਰਮਾਤਮਾ ਵੱਸ ਰਿਹਾ ਹੈ। ਉਸ ਦੇ ਨਾਮ ਤੋਂ ਬਿਨਾ ਭਾਵੇਂ ਦੇਖਣ ਨੂੰ ਮਨੁੱਖ ਜਿਉਂ ਰਿਹਾ ਜਾਪੇ ਪਰ ਇਹ ਇੱਥੋਂ ਇਜ਼ਤ ਗੁਆ ਕੇ ਹੀ ਜਾਂਦਾ ਹੈ, ਜੋ ਕੁਝ ਉਹ ਇਥੇ ਖਾਂਦਾ ਜਾਂ ਪੀਂਦਾ ਹੈ ਉਹ ਸਭ ਹਰਾਮ ਹੀ ਖਾਂਦਾ ਹੈ:

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਖ਼ਾਲਸੇ ਦਾ ਮੂਲ-ਰੂਪ ਗੁਰਬਾਣੀ ਦਾ ਗੁਰਮੁਖਿ ਜਾਂ ਬ੍ਰਹਮਗਿਆਨੀ ਹੈ ਕੋਈ ਵਿਸ਼ਨੂੰ ਦਾ ਅਵਤਾਰ ਰਾਮ ਜਾਂ ਕ੍ਰਿਸ਼ਨ ਨਹੀਂ ਹੈ। ਧਰਮ ਦਾ ਪ੍ਰਬੰਧਕੀ ਜਾਂ ਕਹਿ ਲਈਏ ਜਥੇਬੰਦਕੀ ਪੱਖ ਗੁਰੂ ਨਾਨਕ ਦੇਵ ਤੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਉਨ੍ਹਾਂ ਨੇ ਉਦਾਸੀਆਂ ਤੋਂ ਬਾਅਦ ਕਰਤਾਰਪੁਰ (ਹੁਣ ਪਾਕਿਸਤਾਨ) ਵਸਾਇਆ ਅਤੇ ਭਾਈ ਲਹਿਣਾ ਵਿਚ ਨਾਨਕ ਜੋਤਿ ਰੱਖ ਕੇ ਉਨ੍ਹਾਂ ਨੂੰ ਆਪਣੇ ਜੀਵਨ-ਕਾਲ ਵਿਚ ਹੀ ਗੁਰੂ ਅੰਗਦ ਦੇਵ ਬਣਾ ਦਿੱਤਾ। ਗੁਰੂ ਅੰਗਦ ਦੇਵ ਨੇ ਖਡੂਰ ਨਗਰ ਵਸਾਇਆ ਅਤੇ ਮਾਤਾ ਖੀਵੀ ਨੇ ਲੰਗਰ ਦਾ ਪ੍ਰਬੰਧ ਸੰਭਾਲ ਲਿਆ। ਗੁਰੂ ਅੰਗਦ ਦੇਵ ਨੇ ਗੁਰਮੁਖੀ ਲਿਪੀ ਦੇ ਪੜ੍ਹਨ-ਲਿਖਣ ਦਾ ਪ੍ਰਬੰਧ ਕੀਤਾ, ਸਿੱਖਾਂ ਨੂੰ ਸਰੀਰਕ ਤੌਰ 'ਤੇ ਸਿਹਤਮੰਦ ਅਤੇ ਮਜ਼ਬੂਤ ਕਰਨ ਲਈ ਵੱਖੋ-ਵੱਖਰੀਆਂ ਖੇਡਾਂ ਦਾ ਪ੍ਰਬੰਧ ਕੀਤਾ। ਗੁਰੂ ਅਮਰਦਾਸ ਨੇ ਗੋਇੰਦਵਾਲ ਨਵਾਂ ਨਗਰ ਵਸਾਇਆ। ਗੁਰਮਤਿ ਦਾ ਪ੍ਰਚਾਰ ਕਰਨ ਲਈ ਦੂਰ-ਦੁਰਾਡੇ ਤੱਕ 22 ਵੱਡੇ ਪ੍ਰਚਾਰ ਕੇਂਦਰ ਖੋਲ੍ਹੇ ਜਿਨ੍ਹਾਂ ਨੂੰ ਮੰਜੀਆਂ ਕਿਹਾ ਜਾਂਦਾ ਸੀ ਅਤੇ ਅਨੇਕਾਂ ਛੋਟੇ ਪ੍ਰਚਾਰ ਕੇਂਦਰ (ਪੀੜ੍ਹੀਆਂ) ਖੋਲ੍ਹੇ। ਹਰ ਇੱਕ ਲਈ ਗੁਰੂ ਦਰਸ਼ਨਾਂ ਤੋਂ ਪਹਿਲਾਂ ਲੰਗਰ ਛੱਕਣਾ ਪ੍ਰਬੰਧਕੀ ਰੂਪ ਵਿਚ ਲਾਜ਼ਮ ਕਰ ਦਿੱਤਾ।

ਗੁਰੂ ਰਾਮ ਦਾਸ ਨੇ ਨਵਾਂ ਨਗਰ ਰਾਮਦਾਸ ਚੱਕ ਵਸਾਇਆ ਅਤੇ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ। ਗੁਰੂ ਅਰਜਨ ਦੇਵ ਨੇ ਸਰੋਵਰ ਸੰਪੂਰਨ ਕੀਤਾ, ਹਰਿਮੰਦਰ ਸਾਹਿਬ ਬਣਾਇਆ ਅਤੇ 'ਗ੍ਰੰਥ ਸਾਹਿਬ' ਦਾ ਪਹਿਲਾ ਸਰੂਪ ਤਿਆਰ ਕਰਾਇਆ। ਦੂਸਰਾ ਸਰੋਵਰ ਤਰਨਤਾਰਨ ਵਿਖੇ ਬਣਾਇਆ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਅਧਿਆਤਮਿਕਤਾ ਅਤੇ ਸੰਸਾਰਿਕਤਾ ਨੂੰ ਅਮਲੀ ਰੂਪ ਵਿਚ ਇਕੱਠਾ ਕੀਤਾ, ਸਿੱਖਾਂ ਨੂੰ ਹਥਿਆਰਬੰਦ ਕੀਤਾ ਅਤੇ ਜ਼ੁਲਮ ਨਾਲ ਟੱਕਰ ਲਈ। ਸਿੱਖ ਮਾਨਸਿਕਤਾ ਨੂੰ ਖ਼ਾਲਸੇ ਵਿਚ ਤਬਦੀਲ ਕਰਨ ਲਈ ਤਕਰੀਬਨ ਢਾਈ ਸੌ ਸਾਲ ਲੱਗੇ ਅਤੇ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ਸੌਂਪੀ, ਆਉਣ ਵਾਲੇ ਸਰਬ-ਸਮਿਆਂ ਵਾਸਤੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈਣ ਦਾ ਆਦੇਸ਼ ਕੀਤਾ ਨਾ ਕਿ 'ਦਸਮ ਗ੍ਰੰਥ' ਤੋਂ ਜਿਸ ਦਾ ਕੋਈ ਇਤਿਹਾਸਕ ਪ੍ਰਮਾਣ ਵੀ ਨਹੀਂ ਹੈ ਕਿਉਂਕਿ ਇਸ ਦਾ ਸੰਕਲਨ ਗੁਰੂ ਸਾਹਿਬ ਤੋਂ ਤਕਰੀਬਨ ਤੀਹ ਸਾਲ ਪਿੱਛੋਂ ਹੋਇਆ ਮੰਨਿਆ ਜਾਂਦਾ ਹੈ।

ਜਿਸ ਤਰ੍ਹਾਂ ਸਿੱਖ ਇਲਹਾਮ ਗੁਰੂ-ਜੋਤਿ ਅਤੇ ਗੁਰੂ-ਜੁਗਤਿ ਦੇ ਰੂਪ ਵਿਚ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਇੱਕ ਲਗਾਤਾਰ ਅਮਲ ਹੈ, ਇਸੇ ਤਰ੍ਹਾਂ ਪ੍ਰਬੰਧਕੀ ਪੱਖ ਵੀ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਇੱਕ ਨਿਰੰਤਰ ਅਮਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨਮੁਖਿ (ਮਨ ਦੀ ਮੱਤ ਅਨੁਸਾਰ ਚੱਲਣ ਵਾਲਾ) ਅਤੇ ਗੁਰਮੁਖਿ (ਗੁਰੂ ਦੀ ਸਿੱਖਿਆ ਦਾ ਅਨੁਸਾਰੀ ਹੋ ਕੇ ਚੱਲਣ ਵਾਲਾ) ਵਿਚ ਨਿਖੇੜ ਪੂਰੀ ਤਰ੍ਹਾਂ ਸਥਾਪਤ ਕਰ ਦਿੱਤਾ ਗਿਆ ਹੈ। 'ਚੌਬੀਸ ਅਉਤਾਰ' ਵਿਚ ਸਾਨੂੰ ਇਸ ਦਾ ਕੋਈ ਜ਼ਿਕਰ ਨਹੀਂ ਮਿਲਦਾ। ਮਨੁੱਖ ਨੂੰ ਬੁਰਾਈਆਂ ਨਾਲ ਲੜਦੇ ਹੋਏ ਇੱਕ ਇਜ਼ਤ-ਭਰਪੂਰ ਜੀਵਨ ਜਿਉਣ ਦਾ ਆਦੇਸ਼ ਹੈ। 'ਖ਼ਾਲਸਾ' ਹੋਣਾ ਭਾਵ ਸਵੈ-ਅਨੁਭਵ ਅਧਿਆਤਮਿਕਤਾ ਦੇ ਰਸਤੇ 'ਤੇ ਸਰਬ-ਉਚ ਪ੍ਰਾਪਤੀ ਹੈ ਜਿਸ ਨੂੰ 'ਸਚਿਆਰ' ਜਾਂ 'ਬ੍ਰਹਮਗਿਆਨੀ' ਜਾਂ 'ਗੁਰਮੁਖਿ' ਕਿਹਾ ਹੈ। ਅੰਮ੍ਰਿਤਧਾਰੀ ਹੋਣਾ ਮਹਿਜ ਰਸਮ-ਪੂਰਤੀ ਨਹੀਂ ਹੈ, ਇਹ ਤਾਂ ਸਰਬ-ਉਚ ਅਧਿਆਤਮਿਕ ਪ੍ਰਾਪਤੀ ਹੈ। ਹਰ ਸਿੱਖ, ਜਿਸ ਨੂੰ ਜਪੁਜੀ, ਆਸਾ ਦੀ ਵਾਰ, ਸੁਖਮਨੀ ਜਾਂ ਅਨੰਦ ਸਾਹਿਬ ਬਾਰੇ ਪਤਾ ਹੈ, ਉਸ ਨੂੰ ਜਾਪੁ ਸਾਹਿਬ, ਅਕਾਲ ਉਸਤਤਿ ਅਤੇ ਸਵੱਈਆਂ ਬਾਰੇ ਵੀ ਉਨਾ ਹੀ ਪਤਾ ਹੈ ਭਾਵੇਂ ਉਹ ਅੰਮ੍ਰਿਤਧਾਰੀ ਹੈ ਜਾਂ ਨਹੀਂ ਕਿਉਂਕਿ ਇਹ ਵੀ ਸਤਿਕਾਰਤ ਬਾਣੀਆਂ ਹਨ। ਦਸਮ ਗ੍ਰੰਥ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਇਹ ਦਰਜਾ ਨਹੀਂ ਦਿੱਤਾ ਜਾ ਸਕਦਾ।

ਕੁਝ ਵਿਦਵਾਨ ਦਸਮ ਗ੍ਰੰਥ ਵਿਚ ਸ਼ਾਮਲ ਕਥਾ-ਕਹਾਣੀਆਂ ਦੇ ਹੱਕ ਵਿਚ ਕਹਿੰਦੇ ਹਨ ਕਿ ਕਿਸੇ ਵੀ ਕੌਮ ਵਿਚ ਅਧਿਆਤਮਿਕ ਮਾਰਗ ਨੂੰ ਇੱਕ ਪ੍ਰਬੰਧ ਵਿਚ ਸੂਤਰਬਧ ਕਰਨ ਲਈ, ਰਾਜਨੀਤੀ ਨੂੰ ਧਰਮ ਦਾ ਅਨਿਖੜਵਾਂ ਅੰਗ ਸਵੀਕਾਰ ਕਰਨਾ ਪਵੇਗਾ ਅਤੇ ਕੌਮ ਦੇ ਖਾਸ ਰਾਜਨੀਤਕ ਹਿਤਾਂ ਨੂੰ ਸੁਰੱਖਿਅਤ ਰੱਖਣਾ ਪਵੇਗਾ ਅਤੇ ਇਸ ਲਈ 'ਕਥਾਪੁਨੀਤ' (ਬੀਤੇ ਦੀਆਂ ਪਵਿੱਤਰ ਰਚਨਾਵਾਂ) ਨੂੰ ਧਰਮ ਦਾ ਅਨਿਖੜ ਅੰਗ ਮੰਨਣਾ ਪਵੇਗਾ। ਇਹ ਨੁਕਤਾ ਉਥੋਂ ਤੱਕ ਸਹੀ ਹੈ ਜਿੱਥੋਂ ਤੱਕ ਕਿਸੇ ਖਾਸ ਕੌਮ ਦੇ ਰਾਜਨੀਤਕ ਹਿਤਾਂ ਨੂੰ ਸੁਰੱਖਿਅਤ ਰੱਖਣ ਲਈ 'ਪਵਿੱਤਰ ਰਚਨਾਵਾਂ' ਦਾ ਧਰਮ ਦਾ ਅਨਿਖੜਵਾਂ ਅੰਗ ਹੋਣਾ ਜ਼ਰੂਰੀ ਹੈ ਪਰ ਧਿਆਨ ਮੰਗਦਾ ਨੁਕਤਾ ਇਹ ਹੈ ਕਿ ਸਿੱਖ ਧਰਮ ਪੂਰਨ ਤੌਰ 'ਤੇ ਇੱਕ ਸੁਤੰਤਰ ਧਰਮ ਹੈ। ਇਸ ਦਾ ਆਪਣਾ ਸੁਤੰਤਰ 'ਪਵਿੱਤਰ ਸਾਹਿਤ' ਹੈ ਜਿਸ ਦਾ ਹਿੰਦੂ ਧਰਮ ਨਾਲ ਕੋਈ ਸਬੰਧ ਨਹੀਂ ਹੈ। ਭਗਤਾਂ ਦੀ ਬਾਣੀ, ਭਾਵੇਂ ਉਹ ਹਿੰਦੂ ਸਨ ਜਾਂ ਮੁਸਲਮਾਨ, ਜਿਨ੍ਹਾਂ ਦੀ ਪਹੁੰਚ ਅਤੇ ਸਿਧਾਂਤ ਗੁਰਬਾਣੀ ਅਨੁਸਾਰ ਸੀ, ਨੂੰ ਪਵਿੱਤਰ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਗਿਆ। ਇਸ ਲਈ ਇਹ ਕਹਿਣ ਦੀ ਕੋਈ ਜ਼ਰੂਰਤ ਨਹੀਂ ਹੈ ਕਿ ਉਨ੍ਹਾਂ ਮੁਢਲੀਆਂ ਕਥਾ-ਕਹਾਣੀਆਂ ਨੂੰ ਗਾਉਣ ਦੀ ਲੋੜ ਹੈ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਨੇ ਨਕਾਰ ਦਿੱਤਾ।

ਇੱਕ ਸਿੱਖ ਨੂੰ ਸਤਿ ਦੇ ਮਾਰਗ ਤੋਂ ਕਦੇ ਵੀ ਨਾ ਭਟਕਣ ਦਾ ਆਦੇਸ਼ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਨੇ ਵੀ ਖ਼ਾਲਸੇ ਨੂੰ ਆਪਣੇ ਪੂਰਵਜ ਗੁਰੂਆਂ ਦੇ ਦੱਸੇ ਰਾਹ ਤੋਂ ਕਦੇ ਵੀ ਵਿਚਲਿਤ ਹੋਣ ਲਈ ਨਹੀਂ ਕਿਹਾ। ਗੁਰੂ ਸਾਹਿਬ ਨੇ ਆਪਣੇ ਖ਼ਾਲਸੇ ਨੂੰ ਕਦੇ ਵੀ, ਕਿਸੇ ਨਾਲ ਵੀ, ਝੂਠੇ ਹੱਥਕੰਡਿਆਂ ਨਾਲ ਲੜਨਾ ਨਹੀਂ ਸਿਖਾਇਆ ਜਦਕਿ ਅਵਤਾਰਾਂ ਦੀਆਂ ਪੌਰਾਣਿਕ ਕਹਾਣੀਆਂ ਧੋਖੇ, ਫਰੇਬ ਅਤੇ ਹੋਰ ਹਰ ਕਿਸਮ ਦੇ ਹੱਥਕੰਡਿਆਂ ਨਾਲ ਭਰੀਆਂ ਪਈਆਂ ਹਨ।

(ਚਲਦਾ...)

## ਸਿਆਣਿਆਂ ਦਾ ਕਿਹਾ

(1) ਚੰਦਰੀ ਸ਼ਰਾਬ ਸਿੱਖ ਵਾਸਤੇ ਨਹੀਂ ਬਣੀ ਤੇ ਨਾ ਹੀ ਸਿੱਖ ਸ਼ਰਾਬ ਵਾਸਤੇ ਬਣਿਆ ਹੈ।

(2) ਗੁਰੂ ਦਾ ਸਿੱਖ ਤਾਂ ਹਰ ਸ਼ਰਾਬੀ ਦਾ ਵੈਰੀ ਅਤੇ ਹਰ ਭਲਾਈ ਦਾ ਮੀਤ ਹੈ। ਹਰ ਕਿਸਮ ਦੇ ਨਸ਼ਿਆਂ ਅਤੇ ਵਿਸ਼ੇ ਵਿਕਾਰਾਂ ਦੀ ਸੁਧਾਈ ਦਾ ਪ੍ਰਤੀਕ ਹੈ।

(3) ਸ਼ਰਾਬ ਤਾਂ ਬੰਦ ਬੋਤਲਾਂ ਦੇ ਪਾਣੀਆਂ ਵਿਚ ਲੁਕਿਆ ਜ਼ਹਿਰ ਹੈ ਜਿਸ ਦਾ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ, ਗੁਰਮਤਿ ਰਹਿਤਾਂ ਅਤੇ ਸਿੱਖ ਰਵਾਇਤਾਂ ਨਾਲ ਕਦੀਮੀ ਵੈਰ ਹੈ।

(4) ਗੁਰੂ ਦਾ ਸਿੰਘ ਜਾਮ ਦੀ ਬਜਾਏ ਨਾਮ ਨਾਲ ਪ੍ਰੀਤ ਪਾਵੇ, ਨਾਮ ਦੇ ਜਾਮ ਆਪ ਵੀ ਰੱਜ ਰੱਜ ਪੀਵੇ ਅਤੇ ਹੋਰਨਾਂ ਨੂੰ ਵੀ ਪਿਲਾਵੇ।

(5) ਐ ਅੰਮ੍ਰਿਤ ਦੇ ਦਾਤੇ, ਸਾਡੇ ਭੁੱਲੜਾਂ 'ਤੇ ਮਿਹਰ ਕਰ ਅਤੇ ਆਪਣੀ ਗੁਰਸਿੱਖ ਫੁਲਵਾੜੀ ਨੂੰ ਇਲਾਹੀ ਅੰਮ੍ਰਿਤ ਦੀ ਦਾਤ ਬਖਸ਼।

(6) ਮਮਤਾ ਵਿਚ ਮੱਤੀਏ, ਮਾਤੀਏ, ਤੇਰੇ ਮਨਮਤੀਏ ਸਿੱਖ, ਸਿੱਖੀ ਰਹਿਤਾਂ ਨਾਲੋਂ ਨਾਤਾ ਤੋੜ ਕੇ, ਸਿੱਖੀ ਦਾ ਬਾਣਾ ਛੋੜ ਕੇ ਅਤੇ ਗੁਰਮਤਿ ਦਾ ਅਮੁੱਲਾ ਖਜ਼ਾਨਾ ਰੋੜ੍ਹ ਕੇ ਸ਼ਾਇਦ ਰੱਚਕ ਮਾਤਰ ਤਾਂ ਸ਼ਰਮਾਏ ਹੋਣਗੇ।

(7) ਜਿਨ੍ਹਾਂ ਜ਼ਿਦੀ ਅਤੇ ਅਮੋੜ ਅਭਾਗੇ ਸਿੱਖਾਂ ਨੇ ਸਿੱਖਾਂ ਦੇ ਘਰ ਜਨਮ ਧਾਰ ਕੇ ਸਿੱਖੀ ਦੀ ਇਲਾਹੀ ਮੋਹਰ ਨੂੰ ਹੀ ਮਿਟਾ ਦਿੱਤਾ ਹੈ, ਸਾਬਤ ਸੂਰਤ ਨੂੰ ਦਾਗਦਾਰ ਬਣਾ ਦਿੱਤਾ ਹੈ, ਦਸਤਾਰ ਸਿਰਾਂ ਤੋਂ ਲਾਹ ਦਿੱਤੀ ਹੈ, ਸਰਦਾਰੀ ਦੀ ਆਬ ਗਵਾ ਦਿੱਤੀ ਹੈ, ਕੁੜੀ ਮਨ ਮਤਿ ਨਾਲ ਪ੍ਰੀਤ ਪਾ ਲਈ ਹੈ ਅਤੇ ਗੁਰਮਤਿ ਦੀ ਰੀਤ ਭੁਲਾ ਲਈ ਹੈ, ਇਹ ਨਾਫੁਰਮਾਨੀ ਕੀਤੀ ਹੈ ਇਹ ਤਾਂ ਪੰਥ ਦੀ ਭਾਰੀ ਹਾਨੀ ਕੀਤੀ ਹੈ।

(8) ਦਾਦੀ ਬਹਾਦਰ ਪੋਤਰਿਆਂ ਨੂੰ ਬੜੇ ਮਾਣ ਤੇ ਤਾਣ ਨਾਲ ਮੱਤਾਂ ਦਿੰਦੀ ਹੈ, ਮੇਰੇ ਲਾਡਲਿਓ, ਸ਼ਹੀਦ ਦਾਦੇ ਦੇ ਪੋਤਰਿਓ, ਜਾਓ, ਜ਼ਾਲਿਮਾਂ ਦੀ ਕਚਹਿਰੀ ਵਿਚ ਜਾਉ ਤੇ ਗੱਜ ਕੇ ਫਤਿਹ ਬੁਲਾਉ। ਕਿਸੇ ਵੀ ਜਬਰ ਅੱਗੇ ਝੁਕਣਾ ਨਹੀਂ ਅਤੇ ਸ਼ਹੀਦੀ ਮਾਰਗ 'ਤੇ ਤੁਰਨੋਂ ਰੁਕਣਾ ਨਹੀਂ।

(9) ਸਾਡਾ ਪੰਜਾਬ ਵੈਰਾਨ ਹੈ, ਮਸਾਣਾਂ ਜਿਹਾ ਸੁੰਨਸਾਨ ਹੈ ਅਤੇ ਬਿਲਕੁਲ ਬੇਜਾਨ ਹੈ। ਜਿਵੇਂ ਇਸ ਦੀ ਰੂਹ ਹੀ ਕਿਤੇ ਉਡ ਗਈ ਹੋਵੇ ਤੇ ਇਸ ਦੇ ਜੀਵਨ ਦੀ ਰਾਸ ਹੀ ਨਿਖੁੱਟ ਗਈ ਹੋਵੇ ਅਤੇ ਜੀਵਨ ਪੂੰਜੀ ਹੀ ਲੁਟ ਗਈ ਹੋਵੇ।

(10) ਪਤੀ ਤੇ ਪਤਨੀ ਦੋਵੇਂ ਹੀ ਹਮਰਾਜ਼ ਹੋਣੇ ਚਾਹੀਦੇ ਹਨ। ਹਮ ਆਵਾਜ਼ ਹੋਣੇ ਚਾਹੀਦੇ ਹਨ ਅਤੇ ਗ੍ਰਹਿਸਥ ਮੰਡਲਾਂ ਦੇ ਸੁਰ ਕੀਤੇ ਹੋਏ ਸੁਰੀਲੇ ਸਾਜ਼ ਹੋਣੇ ਚਾਹੀਦੇ ਹਨ।

(11) ਲੁਕ ਲੁਕ ਕੇ ਗੱਲਾਂ ਕਰਨ ਵਾਲਿਆਂ ਵਿਚ ਜ਼ਰੂਰ ਕੁਝ ਲੁਕਿਆ ਹੁੰਦਾ ਹੈ।

(12) ਮੇਰਾ ਅਮਨ ਪਸੰਦ ਮਨ ਹਮੇਸ਼ਾਂ ਹੀ ਇਕਾਂਤ ਭਾਲਦਾ ਹੈ ਅਤੇ ਪੰਜਾਬ ਅਤੇ ਸਮੁੱਚੇ ਸੰਸਾਰ ਲਈ ਸੁੱਖ ਸ਼ਾਂਤੀ ਭਾਲਦਾ ਹੈ।

(13) ਭਾਰਤੀ ਲੋਕੋ, ਤੁਸੀਂ ਮਾਨਵਤਾ ਦਾ ਭਲਾ ਲੋਚਦੇ ਹੋ, ਜ਼ਾਲਿਮਾਂ ਨੂੰ ਆਪਣੀ ਕਲਮ ਦੀ ਤਾਕਤ ਨਾਲ ਝੰਜੋੜਦੇ ਹੋ। ਤੁਹਾਨੂੰ ਦਖਣੀ ਅਫਰੀਕਨਾਂ ਦੇ ਦੁਖੀ ਅਫਰੀਕਨਾਂ ਦਾ ਕਾਫੀ ਦੁੱਖ ਹੈ ਅਤੇ ਅਰਬ ਫਲਸਤੀਨੀਆਂ ਦੀ ਦੁਰਦਸ਼ਾ ਦਾ ਵੀ ਅਸੀਮ ਦੁੱਖ ਹੈ ਅਤੇ ਉਨ੍ਹਾਂ ਦੁਖਿਆਰਿਆਂ ਦੀ ਹਰ ਪ੍ਰਕਾਰ ਦੀ ਸਹਾਇਤਾ ਲਈ ਸੰਘਰਸ਼ਸ਼ੀਲ ਵੀ ਹੋਏ ਹੋ ਪਰ ਹਿੰਦੋਸਤ ਸਿੱਖਾਂ ਦੇ ਨਵੰਬਰ 1984 'ਚ ਭਿਆਨਕ ਕਤਲੇਆਮ ਤੋਂ ਕਿਉਂ ਦੁਖੀ ਨਹੀਂ ਹੋਏ? ਉਨ੍ਹਾਂ ਮਜ਼ਲੂਮਾਂ ਦੀ ਵਿਆਕੁਲਤਾ ਵਿਚ ਤੁਸੀਂ ਵਿਆਕੁਲ ਕਿਉਂ ਨਹੀਂ ਹੋਏ? ਕਿਉਂ ਨਹੀਂ ਕਲਪੇ? ਕਿਉਂ ਨਹੀਂ ਰੋਏ?

(14) ਭਾਰਤ ਅੰਦਰ ਹਿੰਦੂ ਮਾਫੀਆ ਵੱਲੋਂ, ਮਜ਼ਲੂਮ ਸਿੱਖਾਂ ਨੂੰ ਬੜੀ ਹੀ ਬੇਰਹਿਮੀ ਨਾਲ ਮਾਰਿਆ ਗਿਆ, ਸਾੜਿਆ ਗਿਆ ਅਤੇ ਉਨ੍ਹਾਂ ਦੇ ਘਰ ਬਾਰ, ਕਾਰ ਵਿਹਾਰ ਅਤੇ ਕਾਰੋਬਾਰ ਜਲਾ ਕੇ ਬੁਰੀ ਤਰ੍ਹਾਂ ਉਜਾੜਿਆ ਗਿਆ, ਧੀਆਂ ਭੈਣਾਂ ਦੀ ਦਿਨ ਦਿਹਾੜੇ ਆਬਰੂ ਉਤਾਰੀ ਗਈ, ਪਵਿੱਤਰ ਅਸਥਾਨਾਂ ਦੀ ਮਾਣ ਮਰਯਾਦਾ ਪੈਰਾਂ ਹੇਠ ਲਿਤਾੜੀ ਗਈ, ਮਾਸੂਮ ਬੱਚਿਆਂ ਦੇ ਤਨ ਚੀਰੇ ਗਏ, ਬਜ਼ੁਰਗਾਂ ਦੇ ਤਨ ਮਨ ਪੀੜੇ ਗਏ। ਲੱਖਾਂ ਨੈਸ਼ਲਿਸਟ ਅਤੇ ਵਤਨਪ੍ਰਸਤ ਸਿੱਖਾਂ ਦਾ ਵਤਨਪ੍ਰਸਤੀ ਦਾ ਅਟੱਲ ਵਿਸ਼ਵਾਸ ਹੀ ਭੁਲਾ ਦਿੱਤਾ ਅਤੇ ਸਮੁੱਚੀ ਸਿੱਖ ਕੌਮ ਦਾ ਵੱਕਾਰ ਹੀ ਮਿੱਟੀ ਵਿਚ ਮਿਲਾ ਦਿੱਤਾ। ਹੁਣ ਸਿੱਖਾਂ ਵੱਲੋਂ ਖਾਲਿਸਤਾਨ ਦੀ ਮੰਗ ਜਾਇਜ਼ ਹੈ ਇਸ ਦੀ ਵਿਰੋਧਤਾ ਅਤਿਵਾਦ ਦੀ ਪੈਦਾਇਸ਼ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਬੋਹੜ ਦੀ ਛਾਂ, ਰੱਬ ਦਾ ਨਾਂ ਬਰਾਬਰ ਮਾਂ

*ਹਜ਼ਰਤ ਮੁਹੰਮਦ ਸਾਹਿਬ ਨੂੰ ਜਦੋਂ ਕਿਸੇ ਨੇ ਪੁੱਛਿਆ ਸੀ 'ਸਵਰਗ ਕਿਥੇ ਹੈ?' ਤਾਂ ਉਸ ਦਾ ਜਵਾਬ ਸੀ 'ਤੇਰੀ ਮਾਂ ਦੀਆਂ ਤਲੀਆਂ ਹੇਠਾਂ।' ਸਵਰਗ ਕਿਸੇ ਨੇ ਨਹੀਂ ਵੇਖਿਆ। ਪਰ ਇਹ ਮਾਂ ਦੇ ਰੂਪ ਵਿਚ ਤੁਹਾਡੀ ਸਰਦਲ ਤੋਂ ਅੱਗੇ ਆਂਗਣ ਵਿਚ ਹੈ। ਜੇ ਤੁਸੀਂ ਆਪਣੇ ਘਰ ਵਿਚ ਮਾਂ ਨੂੰ ਖੁਸ਼ਹਾਲ ਰੱਖਿਆ ਹੋਇਆ ਹੈ ਤਾਂ ਅਜਿਹੇ ਸਵਾਲ ਕਰਨ ਦੀ ਸੋਚ ਛੱਡ ਦਿਓ। ਪਰ ਜੇ ਮਾਂ ਤੁਹਾਡੀ ਸਤਾਈ ਹਉਕਿਆਂ ਦੇ ਤੰਦ ਪਾ ਰਹੀ ਹੈ ਤਾਂ ਤੁਸੀਂ ਨਰਕ ਦੀ ਤਪਦੀ ਭੱਠੀ ਦੀ ਅੱਗ ਪਹਿਲਾਂ ਹੀ ਸੇਕ ਰਹੇ ਹੋ। ਮੇਰੇ ਲਈ ਮਾਂ ਸਭ ਤੋਂ ਦਿਆਲੂ ਤੇ ਪਰਉਪਕਾਰੀ ਹੈ। ਉਹ ਭੁੱਖੀ ਵੀ ਹੋਵੇ ਤਦ ਵੀ ਆਪਣੀ ਥਾਲੀ ਵਿਚ ਖਾਣਾ ਨਹੀਂ ਪਾਉਂਦੀ, ਉਹ ਨਿੱਕੇ ਨਿੱਕੇ ਹੱਥਾਂ ਨਾਲ ਵੱਡੇ ਵੱਡੇ ਕੰਮ ਕਰਦਿਆਂ ਸਾਰਾ ਦਿਨ ਨਹੀਂ ਥੱਕਦੀ। ਮੇਰੇ ਹੱਡਾਂ ਨੂੰ ਮਾਂ ਦੀ ਮਮਤਾ ਗੁਆਚ ਜਾਣ ਦਾ ਝੋਰਾ ਖਾ ਰਿਹਾ ਹੈ। ਜਿਸ ਕਿਸੇ ਨੇ ਵੀ ਹਾਲੇ ਤੀਕਰ ਮਾਂ ਦੀ ਗਾਲ ਨਹੀਂ ਕੱਢੀ ਉਹ ਵਿਅਕਤੀ ਮਹਾਨ ਹੈ। ਜਿਨ੍ਹਾਂ ਧੀਆਂ-ਪੁੱਤਰਾਂ ਦੇ ਮਾਂ-ਪਿਓ ਇਕੋ ਵੇਲੇ ਟੁਰੇ, ਜਾਣੀ ਕਿ ਸ਼ਤੀਰ-ਬਾਲੇ 'ਕੱਠੇ ਟੁੱਟ ਗਏ ਉਨ੍ਹਾਂ ਘਰਾਂ ਦੀਆਂ ਛੱਤਾਂ ਪੈਣ ਨੂੰ ਦੇਰ ਬਹੁਤ ਲੱਗੀ। ਦੁੱਖ ਉਨ੍ਹਾਂ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਦੀ ਮਾਂ ਨਹੀਂ ਰਹੀ ਜਾਂ ਜਿਸ ਦਾ ਸਿਵਾ ਹਾਲੇ ਠੰਡਾ ਨਹੀਂ ਹੋਇਆ ਜਾਂ ਤਪਣ ਦਾ ਡਰ ਹੈ। ਸ਼ੁਕਰ ਕਰੋ ਜੇ ਹਾਲੇ ਮਾਂ ਦੀ ਬੁੱਕਲ ਦਾ ਨਿੱਘ ਮਿਲ ਰਿਹਾ ਹੈ ਤੇ 'ਮਾਂ ਦਿਵਸ' ਵੇਲੇ ਉਹ ਆਪਣੀ ਮੁਹੱਬਤ ਤੇ ਮਮਤਾ ਦੀਆਂ ਉਲਰੀਆਂ ਬਾਹਾਂ 'ਚ ਘੁੱਟ ਘੁੱਟ ਕੇ ਤੁਹਾਡੇ ਚੁੰਮਣ ਲੈ ਰਹੀ ਹੈ। ਇਸੇ ਦਿਨ ਫਰਾਂਸ ਤੋਂ ਤਾਜ ਮਹਿਲ ਵੇਖਣ ਆਈ ਬੱਚੀ ਇਸ ਕਰਕੇ ਫੁੱਟ ਫੁੱਟ ਰੋਈ ਕਿ ਮੇਰੀ ਮਾਂ ਇਸ ਨੂੰ ਵੇਖੇ ਬਿਨ ਕਿਉਂ ਤੁਰ ਗਈ?*

*ਇਹ ਲੇਖ ਪੰਜਾਬ ਟਾਈਮਜ਼ ਦੇ ਪੰਨਿਆਂ 'ਤੇ 'ਗੱਲੀਂ-ਬਾਤੀਂ' ਕਾਲਮ ਅਧੀਨ ਮਈ 2008 ਵਿਚ ਛਪਿਆ ਸੀ। ਬਹੁਤ ਸਾਰੇ ਪਾਠਕਾਂ ਵਲੋਂ ਮਾਂ ਦੀ ਮਮਤਾ ਪ੍ਰਤੀ ਭਾਵੁਕਤਾ ਨਾਲ ਲਬਰੇਜ਼ ਇਹ ਲੇਖ ਮਾਂ ਦਿਵਸ 'ਤੇ ਮੁੜ ਛਾਪਣ ਦੇ ਇਸਰਾਰ ਉਪਰ ਇਹ ਛਾਪਿਆ ਜਾ ਰਿਹਾ ਹੈ। -ਸੰਪਾਦਕ*

ਮਾਂ ਤੋਂ ਵੱਡਾ ਕੋਈ ਕਲਾਕਾਰ ਨਹੀਂ। ਇਸ ਸ੍ਰਿਸ਼ਟੀ ਦੀ ਸਿਰਜਣਹਾਰ ਮਾਂ ਹੈ। ਔਰਤ ਜੇ ਭੈਣ ਹੈ ਤਾਂ ਉਸ ਨੂੰ ਖੁਦਾ ਵਲੋਂ ਵੀ ਸਲਾਮ ਹੈ, ਜੇ ਬੀਵੀ ਹੈ ਤਾਂ ਮਰਦ ਦੇ ਘਰ ਦਾ ਸ਼ਿੰਗਾਰ ਹੈ, ਜੇ ਮਾਂ ਹੈ ਤਾਂ ਉਸ ਦੇ ਪੈਰਾਂ ਵਿਚ ਸਵਰਗ ਹੈ। ਪਰਮਾਤਮਾ ਤੋਂ ਉਤਰ ਕੇ ਅਸੀਂ ਮਾਂ ਦੇ ਕਰਜ਼ਦਾਰ ਹਾਂ, ਪਹਿਲਾਂ ਜ਼ਿੰਦਗੀ ਦੇਣ ਲਈ ਅਤੇ ਫਿਰ ਜ਼ਿੰਦਗੀ ਬਣਾਉਣ ਲਈ। ਮਾਂਵਾਂ ਕਹਿੰਦੇ ਨੇ ਰੱਬ ਨੇ ਇਸ ਕਰਕੇ ਬਣਾਈਆਂ ਸਨ ਕਿਉਂਕਿ ਉਹ ਹਰ ਥਾਂ ਹਾਜ਼ਰ ਨਹੀਂ ਸੀ ਹੋ ਸਕਦਾ। ਇਸੇ ਕਰਕੇ ਹੀ ਕਿਹਾ ਜਾਂਦਾ ਹੈ ਕਿ ਮਾਂ ਦੀ ਪੂਜਾ ਹੀ ਰੱਬ ਦੀ ਪੂਜਾ ਹੈ ਤੇ ਰੱਬ ਦਾ ਦੂਜਾ ਨਾਂ ਮਾਂ ਹੀ ਹੁੰਦਾ ਹੈ। ਇਕ ਪ੍ਰੇਮੀ ਆਪਣੀ ਮਹਿਬੂਬਾ ਦੇ ਨੈਣਾਂ ਦਾ ਰੰਗ ਵੇਖ ਰਿਹਾ ਹੁੰਦਾ ਹੈ ਜਦੋਂਕਿ ਇਕ ਕਲਾਕਾਰ ਉਸ ਅੱਖ ਵਿਚਲੇ ਸੁਪਨਿਆਂ ਨੂੰ ਗਹੁ ਨਾਲ ਵਾਚ ਰਿਹਾ ਹੁੰਦਾ ਹੈ। ਹਾਲੇ ਵੀ ਮਨੁੱਖ ਦੁਨੀਆਂ ਬਣਾ ਰਿਹਾ ਹੈ ਪਰ ਮਾਂ ਦੁਨੀਆਂ ਨੂੰ ਚਲਾਉਣ ਵਾਲੇ ਕਮਾਂਡਰ ਦਾ ਨਾਂ ਹੈ। ਸੰਸਾਰ ਦਾ ਇਕੋ ਵਿਧੀ-ਵਿਧਾਨ ਹਰ ਥਾਂ ਲਾਗੂ ਹੈ ਕਿ ਮਹਾਨ ਲੋਕਾਂ ਨੂੰ ਸਲਾਮ ਕਰਨ ਤੋਂ ਪਹਿਲਾਂ ਸਿਆਣੇ ਲੋਕ ਮਾਂ ਦੀ ਉਸ ਕੁੱਖ ਨੂੰ ਸਲਾਮ ਕਰਦੇ ਹਨ ਜਿਸ ਤੋਂ ਉਸ ਨੇ ਜਨਮ ਲਿਆ ਹੁੰਦਾ ਹੈ। ਇਸੇ ਕਰਕੇ ਮਾਂ ਬੱਚਿਆਂ/ਔਲਾਦ ਸਿਰ ਦੋਸ਼ ਨਹੀਂ ਮੜ੍ਹਦੀ, ਉਹ ਆਪਣੇ ਢਿੱਡ 'ਤੇ ਸੱਜਾ ਹੱਥ ਮਾਰ ਕੇ ਆਖਦੀ ਹੈ ਮੇਰੀ ਕੁੱਖ ਦਾ ਕਸੂਰ ਹੈ। ਜਿਨ੍ਹਾਂ ਪੁੱਤਰਾਂ ਨੇ ਆਪਣੀ ਮਾਂ ਦੇ ਦੁੱਧ ਦੀ ਲਾਜ ਪਾਲੀ ਹੈ, ਉਸ ਦੀ ਕੁੱਖ ਨੂੰ ਭਾਗ ਲਾਏ ਹਨ, ਲੋਕ ਕਤਾਰਾਂ ਵਿਚ ਲੱਗ ਕੇ ਉਨ੍ਹਾਂ ਅੱਗੇ ਗੋਡੇ ਟੇਕਣ ਲਈ ਖੜ੍ਹੇ ਹਨ।

ਇਕ ਮੁਟਿਆਰ ਗ੍ਰਹਿਸਥ ਦੀ ਗੱਡੀ ਚੜ੍ਹ ਕੇ ਏਨਾ ਖੁਸ਼ ਨਹੀਂ ਹੁੰਦੀ, ਜਿੰਨਾ ਉਹ ਬੱਚੇ ਨੂੰ ਜਨਮ ਦੇ ਕੇ ਹੁੰਦੀ ਹੈ, ਕਿਉਂਕਿ ਖੁਸ਼ੀ ਦਾ ਚੰਨ ਇਸ ਕਰਕੇ ਚੜ੍ਹ ਆਉਂਦਾ ਹੈ ਕਿ ਉਹ ਮਾਂ ਬਣ ਗਈ ਹੁੰਦੀ ਹੈ। ਜ਼ਿੰਦਗੀ ਵਿਚ ਸੱਟਾਂ-ਚੋਟਾਂ, ਵੱਢ ਟੁੱਕ ਦਾ ਦਰਦ ਬਹੁਤ ਹੁੰਦਾ ਹੈ ਪਰ ਪ੍ਰਸੂਤਾ ਪੀੜਾ ਦਾ ਦਰਦ ਅਸਹਿ ਹੈ, ਇਸ ਦਾ ਅਹਿਸਾਸ ਇਕ ਔਰਤ ਨੂੰ ਹੀ ਹੋ ਸਕਦਾ ਹੈ। ਜਦੋਂ ਉਹ ਬੱਚੇ ਨੂੰ ਜਨਮ ਦੇ ਕੇ ਹਟਦੀ ਹੈ ਤਾਂ ਬੱਚੇ ਦਾ ਮੂੰਹ ਦੇਖ ਕੇ ਆਪਣਾ ਚਿਹਰਾ ਲਾਲ ਕਰ ਲੈਂਦੀ ਹੈ। ਉਹ ਭੁੱਲ ਜਾਂਦੀ ਹੈ ਕਿ ਹੁਣੇ ਹੀ ਉਹ ਦਰਦ ਤੇ ਪੀੜਾ ਦਾ ਮਹਾਂਭਾਰਤ ਜਿੱਤ ਕੇ ਹਟੀ ਹੈ। ਉਸ ਨੇ ਆਪਣੀ ਜ਼ਿੰਦਗੀ ਵਿਚ ਮੁਕੰਮਲ ਔਰਤ ਵਾਲੇ ਸਾਰੇ ਰੰਗ ਭਰ ਲਏ ਹਨ ਤੇ ਮਾਂ ਬਣਨ ਦਾ ਸੁਪਨਾ ਪੂਰਾ ਕਰ ਲਿਆ ਹੈ। ਇਕ ਔਰਤ ਕਦੇ ਵੀ ਆਪਣੀ ਪ੍ਰਸੂਤਾ ਪੀੜਾ ਦਾ ਦਰਦ ਦੂਜੀ ਕੋਲ ਨਹੀਂ ਦੱਸਦੀ ਕਿਉਂਕਿ ਇਹ ਗੱਲ ਉਸ ਦੇ ਚੇਤੇ ਵਿਚੋਂ ਉਦੋਂ ਹੀ ਗੁਆਚ ਗਈ ਹੁੰਦੀ ਹੈ। ਜੇ ਕਿਤੇ ਕੁਦਰਤ ਨੇ ਇਹ ਕਾਇਦਾ-ਕਾਨੂੰਨ ਬਣਾ ਦਿੱਤਾ ਹੁੰਦਾ ਕਿ ਬੱਚੇ ਜੰਮਣ ਦਾ ਕੰਮ ਮਰਦ ਕਰਿਆ ਕਰਨਗੇ ਤੇ ਫਿਰ ਨਾ ਮਾਲਾ ਡੀ, ਨਾ ਕਾਪਰ ਟੀ ਦੀ ਲੋੜ ਪੈਣੀ ਸੀ, ਨਾ ਅਪ੍ਰੇਸ਼ਨ ਹੋਣੇ ਸਨ। ਕਿਉਂਕਿ 90 ਫੀਸਦੀ ਮਰਦਾਂ ਨੇ ਬਾਂਝ ਰਹਿਣਾ ਕਬੂਲ ਕਰ ਲੈਣਾ ਸੀ ਤੇ ਦੁਨੀਆਂ ਦੀ ਆਬਾਦੀ ਸ੍ਰੀ ਲੰਕਾ ਤੋਂ ਵੱਧ ਨਹੀਂ ਹੋਣੀ ਸੀ।

ਮਾਂ ਦੀ ਗੱਲ ਗੁਰਮਤਿ ਤੋਂ ਸ਼ੁਰੂ ਕਰਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ 'ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ'। ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ, 'ਗੁਰਦੇਵ ਮਾਤਾ, ਗੁਰਦੇਵ ਪਿਤਾ, ਗੁਰਦੇਵ ਸੁਆਮੀ ਪਰਮੇਸੁਰ ਪਿਤਾ' ਸਿੱਖ ਧਰਮ ਦੀ ਪਹਿਲੀ ਨਿੱਤਨੇਮ ਵਾਲੀ ਬਾਣੀ ਵਿਚ 'ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤ ਮਹੱਤ...' ਨਾਲ ਮਾਂ ਦੀ ਵਡਿਆਈ ਅੱਗੇ ਸਿਰ ਪਹਿਲਾਂ ਝੁਕਦਾ ਹੈ। 'ਦਿਵਸ ਰਾਤ ਦੋਇ ਦਾਈ ਦਾਇਆ ਖੇਲੇ ਸਗਲ ਜਗਤ' ਨਾਲ ਸਪਸ਼ਟ ਹੋ ਜਾਂਦਾ ਹੈ, ਦੁਨੀਆਂ ਦੇ ਵਿਹੜੇ ਵਿਚ ਰੌਣਕਾਂ ਮਾਂਵਾਂ ਨੇ ਹੀ ਲਗਾਈਆਂ ਹਨ। ਗੁਰੂ ਨਾਨਕ ਸਾਹਿਬ ਜਦੋਂ ਉਦਾਸੀਆਂ ਕਰਦੇ ਬਟਾਲੇ ਪਹੁੰਚੇ ਤਾਂ ਉਨ੍ਹਾਂ ਦਾ ਭੇੜ ਇਕ ਭੰਗਰ ਨਾਥ ਜੋਗੀ ਨਾਲ ਹੋ ਗਿਆ। ਉਸ ਨੇ ਬੜੀਆਂ ਕਰਾਮਾਤਾਂ ਵਿਖਾਈਆਂ ਕਿ ਅਸੀਂ ਬਾਲ ਜਤੀ ਹਾਂ ਤੇ ਇਹ ਗ੍ਰਹਿਸਥੀ ਹੈ, ਧੂਣੇ ਤਪਾਉਂਦੇ ਹਾਂ, ਤਾਂ ਗੁਰੂ ਸਾਹਿਬ ਨੇ ਉਸ ਜੋਗੀ ਨੂੰ ਓਹਦੀ ਸੌੜੀ ਸੋਚ ਤੋਂ ਮੁਕਤ ਕਰਦਿਆਂ ਸਹਿਣਸ਼ੀਲਤਾ ਨਾਲ ਆਖਿਆ, 'ਬਾਬਾ ਆਖੇ ਭੰਗਰ ਨਾਥ ਤੇਰੀ ਮਾਓ ਕੁਚੱਜੀ ਆਹੀ...' ਮਾਂ ਦੀ ਸਿਫਤ ਵਿਚ ਗੁਰਮਤਿ ਦਾ ਸਾਰਾ ਫਲਸਫਾ ਇਹੋ ਕਹਿੰਦਾ ਹੈ ਕਿ ਮਾਂ ਦੇ ਦੁੱਧ ਦੀ ਲਾਜ ਰੱਖਣਾ ਮਨੁੱਖ ਦਾ ਪਹਿਲਾ ਕਰਤੱਵ ਹੈ ਤੇ ਇਸ ਨਾਲ ਇਨਸਾਨ, ਇਨਸਾਨ ਬਣਿਆ ਰਹਿ ਸਕਦਾ ਹੈ। ਗਲਤੀ ਤੁਸੀਂ ਕਰੋਗੇ ਦੁਖੀ ਮਾਂ ਹੋਵੇਗੀ।

ਨੇਪੋਲੀਅਨ ਨੇ ਕਿਹਾ ਸੀ, 'ਮੈਨੂੰ ਚੰਗੀਆਂ ਮਾਂਵਾਂ ਦਿਓ ਮੈਂ ਤੁਹਾਨੂੰ ਬਹਾਦਰ ਸਿਪਾਹੀ ਦਿਆਂਗਾ।' ਉਹ ਜੰਗ ਦੇ ਮੈਦਾਨ ਵਿਚ ਵੀ ਆਪਣੀ ਮਹਿਬੂਬਾ ਜੋਸਫਿਨ ਨੂੰ ਘੋੜੇ ਦੀ ਕਾਠੀ 'ਤੇ ਬਹਿ ਕੇ ਰੋਜ਼ਾਨਾ ਇਕ ਖ਼ਤ ਲਿਖਦਾ ਸੀ ਪਰ ਉਸ ਦੀ ਆਖਰੀ ਸਤਰ ਹੁੰਦੀ ਸੀ, 'ਮੈਂ ਤੇਰੀਆਂ ਨਜ਼ਰਾਂ ਵਿਚ ਇਕ ਚੰਗਾ ਪ੍ਰੇਮੀ ਹੋ ਸਕਦਾ ਹਾਂ ਪਰ ਮੇਰੀ ਮਾਂ ਦੀਆਂ ਨਜ਼ਰਾਂ ਵਿਚ ਮੈਂ ਇਕ ਬਹਾਦਰ ਮਰਦ ਹਾਂ। ਉਹਨੇ ਜਦੋਂ ਵੀ ਮੈਨੂੰ ਜੰਗ ਦੇ ਮੈਦਾਨ ਵੱਲ ਤੋਰਿਆ ਸ਼ਗਨਾਂ ਨਾਲ ਤੋਰਿਆ ਤੇ ਮੇਰੀਆਂ ਜਿੱਤਾਂ ਦਾ ਸਿਹਰਾ ਉਸ ਦੇ ਸਿਰ ਹੈ। ਇਸੇ ਲਈ ਮਹਾਨ ਨੇਪੋਲੀਅਨ ਨਹੀਂ, ਮੇਰੀ ਮਾਂ ਹੈ। ਰਵਿੰਦਰ ਨਾਥ ਟੈਗੋਰ ਨੇ ਕਿਹਾ ਸੀ 'ਮੈਂ ਬੋਹੜਾਂ ਦੀਆਂ ਛਾਂਵਾਂ ਨਾ ਵੀ ਮਾਣੀਆਂ ਹੋਣ, ਮੇਰੀ ਮਾਂ ਦਾ ਅਸ਼ੀਰਵਾਦ ਇਨ੍ਹਾਂ ਛਾਂਵਾਂ ਨਾਲੋਂ ਕਿਤੇ ਸੰਘਣਾ ਹੈ। ਪ੍ਰੋ. ਮੋਹਨ ਸਿੰਘ ਨੇ;

ਮਾਂ ਵਰਗਾ ਘਣਛਾਵਾਂ ਬੂਟਾ  
ਮੈਨੂੰ ਜੱਗ 'ਤੇ ਨਜ਼ਰ ਨਾ ਆਏ  
ਜਿਸ ਤੋਂ ਲੈ ਕੇ ਛਾਂ ਉਧਾਰੀ  
ਰੱਬ ਨੇ ਸਵਰਗ ਬਣਾਏ...

ਨਾਲ ਆਪਣੀ ਜ਼ਿੰਦਗੀ ਦੀ ਸਾਰੀ ਪ੍ਰਾਪਤੀ ਮਾਂ ਦੀ ਝੋਲੀ ਵਿਚ ਪਾ ਦਿਤੀ ਸੀ।

ਮਰਦ ਦੀ ਸ਼ੈਤਾਨੀ ਹੈ ਕਿ ਗਾਲਾਂ ਦੀ ਪਾਤਰ ਮੁੱਖ ਰੂਪ ਵਿਚ ਔਰਤ ਨੂੰ ਹੀ ਬਣਾਈ ਰੱਖਿਆ ਹੈ। ਜਿਹੜੇ ਮਾਂ ਦੀ ਗਾਲ ਸੁਣ ਕੇ ਕੋਠੜੀ 'ਚ ਮੂੰਹ ਦੇ ਲੈਂਦੇ ਹਨ, ਲੱਖ ਲਾਹਣਤ ਹੈ ਅਜਿਹੇ ਪੁੱਤਰਾਂ ਦੇ ਤੇ ਜਿਹੜੇ ਮਾਂ ਦੀ ਗਾਲ ਕਿਸੇ ਨੂੰ ਕੱਢਦੇ ਹਨ, ਉਹ ਲੱਤਾਂ ਆਪਣੀ ਮਾਂ ਦੇ ਢਿੱਡ ਵਿਚ ਹੀ ਮਾਰ ਰਹੇ ਹਨ। ਅਜਿਹੇ ਬੇਲੱਜ ਲੋਕਾਂ ਨੂੰ ਨਾ ਮਾਂ ਸ਼ਬਦ ਦੇ ਅਰਥ ਪਤਾ ਹਨ, ਨਾ ਮਾਂ ਦੀ ਮਮਤਾ ਤੇ ਪਿਆਰ ਦਾ ਅਹਿਸਾਸ ਹੈ। ਇਹ ਉਹ ਲੋਕ ਹੋ ਸਕਦੇ ਹਨ ਜਿਨ੍ਹਾਂ ਨੇ ਆਪਣੀਆਂ ਮਾਂਵਾਂ ਨੂੰ ਘਰੋਂ ਧੱਕੇ ਦੇ ਕੇ ਕੱਢ ਦਿੱਤਾ ਹੋਵੇ।

ਮਾਂ ਦੇ ਪਿਆਰ ਭਰੇ ਦਰਦ ਦੀ ਚੀਸ ਉਦੋਂ ਉਠਦੀ ਹੈ ਜਦੋਂ ਮਾਂ ਅੱਖਾਂ ਮੀਚ ਲੈਂਦੀ ਹੈ। ਉਦੋਂ ਵਿਰਾਨ ਸ਼ਬਦ ਦੇ ਅਰਥ ਪੱਲੇ ਪੈਂਦੇ ਹਨ। ਕਿਉਂਕਿ ਉਹਦੇ ਤੁਰ ਜਾਣ ਨਾਲ ਘਰ 'ਚ ਪਈ ਵਿਰਾਨੀ ਛੇਤੀ ਪਿੱਛਾ ਨਹੀਂ ਛੱਡਦੀ। ਤੇ ਜਿਨ੍ਹਾਂ ਨੇ ਘਰ ਨੂੰ ਹੱਥੀਂ ਵਿਰਾਨ ਕਰ ਲਿਆ ਹੈ ਉਹ ਚੇਲੇ ਚਪਟਿਆਂ ਤੇ ਮੜੀਆਂ-ਮਸਾਣੀਆਂ 'ਤੇ ਕਿੰਨੇ ਵੀ ਨੱਕ ਰਗੜ ਲੈਣ ਨਾ ਘਰ 'ਚ ਸਰਘੀ ਆਵੇਗੀ, ਨਾ ਮਾਇਆ ਦੇ ਗੱਫੇ ਡਿੱਗਣਗੇ, ਨਾ ਬਿਮਾਰੀਆਂ ਪਿੱਛਾ ਛੱਡਣਗੀਆਂ। ਅਜਿਹੀ ਔਲਾਦ ਨੂੰ ਤਾਕੀਦ ਹੈ ਕਿ ਉਹ ਉਦਾਸ ਮਾਂ ਨੂੰ ਘਰ ਮੋੜ ਲਿਆਉਣ, ਮੁਹੱਬਤ ਤੇ ਖੁਸ਼ਹਾਲੀ ਦਾ ਬਾਗ ਮਾਲੋ-ਮਾਲ ਹੋ ਜਾਵੇਗਾ ਤੇ ਘਰ ਜੰਨਤ ਬਣ ਜਾਵੇਗਾ। ਉਹ ਬਿਮਾਰੀਆਂ, ਜਿਨ੍ਹਾਂ ਮੂਹਰੇ ਡਾਕਟਰ ਬਾਹਾਂ ਖੜ੍ਹੀਆਂ ਕਰ ਗਏ ਹਨ, ਠੀਕ ਹੋ ਸਕਦੀਆਂ ਹਨ ਪਰ ਜ਼ਰਾ ਮਾਂ ਦੇ ਗੋਡੇ ਨਾਲ ਲੱਗ ਕੇ ਤਾਂ ਵੇਖੋ। ਮਾਂਵਾਂ ਕਦੇ ਰੁੱਸਦੀਆਂ ਨਹੀਂ, ਕਿਉਂਕਿ ਸਬਰ-ਸੰਤੋਖ ਤੇ ਸਹਿਣਸ਼ੀਲਤਾ, ਨਿਮਰਤਾ ਦਾ ਪਾਠ ਕਰਨਾ ਸਿਰਫ ਮਾਂਵਾਂ ਨੂੰ ਹੀ ਆਉਂਦਾ ਹੈ।

ਮਾਂ ਦੀ ਮਮਤਾ ਦੇ ਦੀਵੇ 'ਚੋਂ ਬੱਤੀ ਉਦੋਂ ਸੜਨ-ਭੁੱਜਣ ਲੱਗਦੀ ਹੈ ਜਦੋਂ ਜੁਆਨ ਪੁੱਤ ਦੀ ਮੌਤ ਹੋ ਜਾਵੇ। ਇਸ ਕਰਕੇ ਕਹਿੰਦੇ ਨੇ 'ਮਾਂਵਾਂ ਰੋਂਦੀਆਂ ਢਿੱਡਾਂ 'ਤੇ ਹੱਥ ਧਰ ਕੇ ਜਿਨ੍ਹਾਂ ਦੇ ਪੁੱਤ ਖੋਲਦੇ ਮਰੇ।' ਜਿਨ੍ਹਾਂ ਨੂੰ ਮਾਂ ਦੇ ਪਿਆਰ ਦੀ ਛਾਂਵੇਂ ਬੈਠਣ ਦਾ ਮੌਕਾ ਜ਼ਿੰਦਗੀ ਭਰ ਮਿਲ ਜਾਵੇ ਉਹ ਰੱਜ ਕੇ ਖੁਸ਼ਕਿਸਮਤ ਹਨ ਤੇ ਉਨ੍ਹਾਂ ਨੂੰ ਸਵਰਗ ਦੀ ਕਲਪਨਾ ਛੱਡ ਦੇਣੀ ਚਾਹੀਦੀ ਹੈ ਕਿਉਂਕਿ ਜ਼ਿੰਦਗੀ ਦਾ ਸਵਰਗ ਉਨ੍ਹਾਂ ਨੇ ਵੇਖ ਲਿਆ ਹੁੰਦਾ



ਹੈ। ਜਿਨ੍ਹਾਂ ਘਰਾਂ ਵਿਚ ਮਾਂ ਦਾ ਬੁੱਢਾ ਚਿਹਰਾ ਵੀ ਗੁਲਾਬ ਵਾਂਗ ਖਿੜਿਆ ਰਹਿੰਦਾ ਹੈ, ਉਥੇ ਕੁਝ ਵੀ ਨਾ ਹੋਵੇ ਸਭ ਕੁਝ ਹੁੰਦਾ ਹੈ, ਉਥੇ ਸੁੱਕੀ ਰੋਟੀ ਵੀ ਪਰੌਂਠਿਆਂ ਵਰਗੀ ਲਗਦੀ ਹੈ ਤੇ ਜਿਥੇ ਮਾਂ ਉਦਾਸ ਹੈ, ਉਥੇ ਕਲੇਸ਼ ਝਗੜਾ ਮੁੱਕ ਹੀ ਨਹੀਂ ਸਕਦਾ। ਇਨ੍ਹਾਂ ਘਰਾਂ ਵਿਚ ਪੈਸਿਆਂ ਦੀਆਂ ਪੰਡਾਂ ਹੁੰਦੀਆਂ ਨੇ ਪਰ ਬੇਇਤਫਾਕੀ ਦਾ ਡਾਕਾ ਦਿਨ ਖੜ੍ਹੇ ਪਿਆ ਰਹਿੰਦਾ ਹੈ। ਅਜਿਹੇ ਘਰਾਂ ਵਿਚ ਸਭ ਕੁਝ ਹੁੰਦਿਆਂ ਵੀ ਦੀਵੇ ਗੁੱਲ ਹੁੰਦੇ ਹਨ। ਅਜਿਹੇ ਘਰਾਂ ਵਿਚ ਰਹਿਣ ਵਾਲੇ ਪਾਤਰਾਂ ਨੂੰ ਅਖੰਡ ਪਾਠ ਕਰਵਾਉਣਾ ਹੀ ਨਹੀਂ ਚਾਹੀਦਾ ਤੇ ਨਾ ਹੀ ਨਰਕ ਦਾ ਝੋਰਾ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਵੱਡਾ ਨਰਕ ਹੋਰ ਕਿਤੇ ਵੇਖਣ ਨੂੰ ਮਿਲੇਗਾ ਨਹੀਂ। ਜਿਨ੍ਹਾਂ ਔਰਤਾਂ ਦੀ ਕੁੱਖ ਸੁਲੱਖਣੀ ਨਹੀਂ, ਜਿਨ੍ਹਾਂ ਦਾ ਪੱਲਾ ਔਲਾਦ ਤੋਂ ਵਿਰਵਾ ਹੈ, ਜਿਨ੍ਹਾਂ ਨੂੰ ਮਾਂਵਾਂ ਬਣਨ ਦਾ ਅਵਸਰ ਨਹੀਂ ਮਿਲਦਾ ਉਹ ਸ਼ਰਮਿੰਦਗੀ ਤੇ ਝੋਰਿਆਂ ਦੀ ਬੁੱਕਲ 'ਚੋਂ ਨਹੀਂ ਨਿਕਲਦੀਆਂ। ਸਮਾਜ ਦੇ ਤਾਅਨੇ-ਮਿਹਣੇ ਉਨ੍ਹਾਂ ਦੇ ਹਿਰਦਿਆਂ ਨੂੰ ਛਾਨਣੀ ਕਰੀ ਹੀ ਰੱਖਦੇ ਹਨ ਕਿਉਂਕਿ ਔਰਤ ਨੂੰ ਸਿਰਫ ਮਾਂ ਦੇ ਰੂਪ ਵਿਚ ਹੀ ਸਭ ਤੋਂ ਵੱਧ ਸਤਕਾਰਿਆ ਜਾਂਦਾ ਹੈ। ਮਾਂ ਦੇ ਪੇਟ ਵਿਚ ਪਲਦਾ ਬੱਚਾ ਉਹਦੇ ਦਿਲ ਦੀ ਧੜਕਣ ਨਾਲ ਇਕਸੁਰ ਹੋ ਕੇ ਨਵੀਂ ਦੁਨੀਆਂ ਦੇਖਣ ਦੇ ਯੋਗ ਹੋ ਜਾਂਦਾ ਹੈ।

ਮਾਂ ਦੀ ਕੁੱਖ ਦੀ ਸਹੁੰ ਧਰਮ ਤੋਂ ਵੱਡੀ ਹੈ। ਇਸ ਕੁੱਖ ਦੀ ਲਾਜ ਰੱਖਣ ਲਈ ਸਰਹੱਦ 'ਤੇ ਲੜਦਾ ਫੌਜੀ ਵੀ ਆਪਾ ਵਾਰਨ ਲਈ ਤਿਆਰ ਹੋ ਜਾਂਦਾ ਹੈ। ਮਾਂ ਦਾ ਦੁੱਧ ਤੇ ਮਾਂ ਦੀ ਕੁੱਖ ਦੁਨੀਆਂ ਵਿਚ ਸਭ ਤੋਂ ਅਹਿਮ ਹੈ। ਜਿਹੜੀਆਂ ਮਾਂਵਾਂ ਬਦਲ ਕੇ ਦੁਨਿਆਵੀ ਘਟਨਾਕ੍ਰਮ ਵਿਚ ਗੋਦ ਲਿਟਾ ਕੇ ਬੱਚੇ ਨੂੰ ਦੁੱਧ ਚੁੰਘਾਉਣ ਤੋਂ ਮੁਨਕਰ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੁੱਤ ਫਿਰ 'ਬੁੜੀ' ਕਹਿਣ ਤੋਂ ਝਿਜਕੇਗਾ ਨਹੀਂ। ਜਿਸ ਔਲਾਦ ਨੇ ਬੁੱਢੀਆਂ ਨੂੰ ਬਾਹਰਲੇ ਦਰਵਾਜ਼ੇ ਮੂਹਰੇ ਮੰਜੀ ਡਾਹ ਕੇ ਬਿਠਾ ਦਿੱਤਾ ਹੈ ਤਾਂ ਕਿ ਕੋਈ ਕੁੱਤਾ-ਬਿੱਲਾ ਅੰਦਰ ਨਾ ਆ ਵੜੇ, ਉਹ ਇਸ ਗੱਲ ਤੋਂ ਕੋਰੇ ਹੋ ਗਏ ਹਨ ਕਿ ਬੈਕੁੰਠ ਉਨ੍ਹਾਂ ਨੂੰ ਸਵਰਗ ਵੱਲ ਜਾਣ ਲਈ ਬੈਟਰੀ ਨਹੀਂ ਮਾਰਨ ਦੇਵੇਗਾ। ਇਹ ਲੋਕ ਬਾਹਰੋਂ ਕਿੰਨੇ ਵੀ ਖੁਸ਼ ਕਿਉਂ ਨਾ ਹੋਣ ਅੰਦਰੋਂ ਬੁਝੇ ਹੋਏ ਚਿਰਾਗ ਹੀ ਹੁੰਦੇ ਹਨ। ਜਿਹੜੇ ਮਰਦ ਆਪਣੀਆਂ ਪਤਨੀਆਂ ਦੀ ਮੁਹੱਬਤ 'ਚ ਲੱਟੂ ਹੋ ਕੇ ਮਾਂਵਾਂ ਨੂੰ ਦੁਰਕਾਰਦੇ ਹਨ, ਉਨ੍ਹਾਂ ਨੂੰ ਫਿਰ ਉਨ੍ਹਾਂ ਦੀ ਔਲਾਦ ਠੇਡੇ ਖਾਣ ਲਈ ਗਿੱਠਮੁਠੀਏ ਬਣਾ ਦਿੰਦੀ ਹੈ। ਅਸੀਂ ਪਦਾਰਥਵਾਦੀ ਤੇ ਸੁਆਰਥੀ ਯੁੱਗ ਵਿਚ ਪਰਿਵਾਰ ਤੋੜਨ ਲੱਗੇ ਹੋਏ ਹਾਂ, ਪਰਿਵਾਰ ਵੰਡੇ ਜਾ ਰਹੇ ਹਨ, ਲੀੜਾ-ਲੱਤਾ, ਭਾਂਡਾ-ਟੀਂਡਾ, ਗਹਿਣਾ-ਗੱਟਾ, ਜ਼ਮੀ-ਜ਼ਮੀਨ ਭਰਾ ਵੰਡਣ ਲੱਗੇ ਹੋਏ ਹਨ ਪਰ ਦੁੱਖ ਸਭ ਤੋਂ ਵੱਧ ਉਦੋਂ ਹੁੰਦਾ ਹੈ ਜਦੋਂ ਮਾਂ-ਬਾਪ ਵੀ ਵੰਡ ਲਏ ਜਾਂਦੇ ਹਨ। ਮਾਂ ਵੱਡੇ ਨਾਲ ਰਹਿੰਦੀ ਹੈ ਤੇ ਬਾਪੂ ਛੋਟੇ ਨਾਲ। ਦੋਹਾਂ ਵਿਚਾਲੇ ਲਛਮਣ ਰੇਖਾ ਹੀ ਨਹੀਂ ਖਿੱਚੀ ਜਾਂਦੀ ਸਗੋਂ ਅੱਧਾ ਟੱਬਰ ਮਾਂ ਵੱਲ ਪਿੱਠ ਕਰ ਲੈਂਦਾ ਹੈ ਤੇ ਫਿਰ ਇਹ ਸਾਰੇ ਧਾਗੇ-ਤਵੀਤ ਕਰਵਾਉਣ ਤੁਰ ਪੈਂਦੇ ਹਨ। ਭੁੱਲ ਜਾਂਦੇ ਹਨ ਕਿ ਮੱਕੇ ਵੱਲ ਕੰਧ ਕਰ ਲਈ ਹੈ।

ਮਾਂ ਤੇ ਧੀ ਦਾ ਇਕ ਪਰਦਾ ਹੀ ਨਹੀਂ ਸਗੋਂ ਮਾਂਵਾਂ-ਧੀਆਂ ਸਹੇਲੀਆਂ ਵੀ ਹੁੰਦੀਆਂ ਹਨ। ਮਾਂ ਪਿਆਰ ਪੁੱਤ ਨੂੰ ਕਰਦੀ ਹੈ, ਕਲਾਵੇ 'ਚ ਧੀ ਨੂੰ ਘੁੱਟਦੀ ਹੈ। ਪੁੱਤਾਂ ਦੀਆ ਦੁਰਕਾਰੀਆਂ ਮਾਂਵਾਂ ਨੂੰ ਜਿਨ੍ਹਾਂ ਧੀਆਂ ਨੇ ਢੋਈ ਦਿੱਤੀ ਹੈ, ਉਥੇ ਤੰਦਰੁਸਤੀ ਤੇ ਖੁਸ਼ਹਾਲੀ 'ਕੱਠੀਆਂ ਰਹਿੰਦੀਆਂ ਹਨ। ਠੀਕ ਰਹੇਗਾ ਕਿਉਂਕਿ ਮੇਰੀ ਗੈਰ-ਹਾਜ਼ਰੀ ਵਿਚ ਮਾਂ ਜੁ ਤੁਹਾਡੇ ਆਂਗਣ ਵਿਚ ਹੈ। ਦੁੱਖ ਉਨ੍ਹਾਂ ਧੀਆਂ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਦੀਆਂ ਮਾਂਵਾਂ ਖੇਲ੍ਹਣ-ਮੱਲਣ ਦੀ ਉਮਰੇ ਤੁਰ ਗਈਆਂ। ਸਾਰੀ ਉਮਰ ਧੀ ਦਾ ਪੱਲਾ ਅੱਥਰੂਆਂ ਨਾਲ ਹੀ ਗਿੱਲਾ ਰਹਿੰਦਾ ਹੈ। ਕਿਉਂਕਿ ਮਾਂ ਉਸ ਨੂੰ ਸਹੁਰੇ ਵਸਣ ਜੋਗੀ ਮੱਤ ਦਿੰਦੀ ਹੈ ਤੇ ਜਿਹੜੀਆਂ ਧੀਆਂ ਨੂੰ ਮਾਂਵਾਂ ਇਹ ਮੱਤ ਨਹੀਂ ਦੇ ਸਕੀਆਂ ਉਨ੍ਹਾਂ ਨੂੰ ਮੱਤ ਮਹਿੰਗੀ ਬਹੁਤ ਮਿਲੀ ਹੈ। ਸਹੁਰਿਆਂ ਦੀ ਕੁਪੱਤੀ ਮਾਰ ਤੇ ਪਤੀ ਦੀਆਂ ਝਿੜਕਾਂ ਇਨ੍ਹਾਂ ਅਣਭੋਲ ਕੁੜੀਆਂ ਨੂੰ ਹੀ ਸਭ ਤੋਂ ਵੱਧ ਸਹਿਣੀਆਂ ਪਈਆਂ ਹਨ। ਧੀ ਜਦੋਂ ਮਾਂ ਬਣਦੀ ਹੈ ਤਾਂ ਮਾਂ ਇਸ ਪ੍ਰਵਾਨਗੀ ਦੇ ਦੂਹਰੇ ਸਰਟੀਫਿਕੇਟ ਮੂਹਰੇ ਝੁਕ ਕੇ ਚਾਵਾਂ ਤੇ ਸੱਧਰਾਂ ਵਿਚ ਖੀਵੀ ਹੋ ਜਾਂਦੀ ਹੈ। ਦੋਹਤੇ-ਦੋਹਤੀਆਂ ਵਿਚ ਮਾਂਵਾਂ ਇਸ ਕਰਕੇ ਗੜਿਗੱਚ ਹੁੰਦੀਆਂ ਹਨ, ਕਿਉਂਕਿ ਉਹ ਆਪਣੀ ਕੁੱਖ ਦੀ ਕੁੱਖ ਦੇ ਭਾਗ ਚਮਕਦੇ ਆਪਣੀਆਂ ਅੱਖਾਂ ਸਾਹਮਣੇ ਵੇਖਦੀਆਂ ਹਨ।

ਮਾਂ ਇਕ ਹੀ ਹੁੰਦੀ ਹੈ, ਇਸੇ ਲਈ ਦੂਜੀ ਔਰਤ ਨੂੰ ਮਾਂ ਨਹੀਂ ਮਤਰੇਈ ਮਾਂ ਆਖਿਆ ਜਾਂਦਾ ਹੈ। ਤੇ ਦਿਲੋਂ-ਮਨੋਂ ਬੱਚੇ ਉਸ ਨੂੰ ਕਦੇ ਵੀ ਮਾਂ ਮੰਨਣ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਦੇ ਦਿਲ ਦੀ ਧੜਕਣ ਆਪਣੀ ਮਾਂ ਦੇ ਦਿਲ ਨਾਲ ਬੱਝੀ ਹੋਈ ਹੁੰਦੀ ਹੈ। ਲੱਖ ਯਤਨ ਕਰਨ 'ਤੇ ਵੀ ਮਤਰੇਈ ਮਾਂ, ਮਾਂ ਵਾਲਾ ਪਿਆਰ ਦੇ ਨਹੀਂ ਸਕਦੀ। ਇਸ ਲਈ ਮਾਂ ਦੇ ਤੁਰ ਜਾਣ ਦਾ ਅਸਹਿ ਦਰਦ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਜਿਨ੍ਹਾਂ ਘਰਾਂ ਵਿਚ ਮਾਂ ਦੇ ਝੁਰੜੀਆਂ ਭਰੇ ਚਿਹਰੇ 'ਤੇ ਰੌਣਕ ਹੈ, ਜਿਥੇ ਮਾਂ ਦੀ ਮਮਤਾ ਦੁਪਹਿਰਖਿੜੀ ਵਾਂਗ ਹੱਸਦੀ ਹੈ, ਜਿਥੇ ਔਲਾਦ ਮਾਂ ਦੇ ਗੋਡੇ ਨਾਲ ਲੱਗ ਕੇ ਹਰ ਸੁੱਖ ਸਾਂਝਾ ਕਰਨਾ ਚਾਹੁੰਦੀ ਹੈ, ਉਸ ਘਰ ਵਿਚ ਕਿਸੇ ਦੇਵੀ-ਦੇਵਤੇ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਉਥੇ ਤਾਂ ਮਾਂ ਦੇ ਰੂਪ ਵਿਚ ਰੱਬ ਹਰ ਵੇਲੇ ਵਸਦਾ ਹੈ।

ਵਿਧਵਾ ਹੋਣ ਦੀ ਸੂਰਤ ਵਿਚ ਮਾਂ ਬੱਚਿਆਂ ਲਈ ਪਿਓ ਵਾਲਾ ਖਲਾਅ ਭਰਨ ਲਈ ਸੰਘਰਸ਼ ਕਰਦੀ ਹੈ। ਉਹ ਮਾਂ ਹੁੰਦਿਆਂ ਵੀ ਬਾਪ ਹੁੰਦੀ ਹੈ। ਜਿਹੜੇ ਬੱਚੇ ਮਾਂਵਾਂ ਨੇ ਇਕੱਲਿਆਂ ਰਹਿ ਕੇ ਪਾਲੇ ਹਨ, ਉਹ ਲਾਇਕ, ਇਮਾਨਦਾਰ, ਸਿਆਣੇ ਵੱਧ ਬਣੇ ਹਨ ਤੇ ਤਰੱਕੀ ਦੀ ਹਰ ਦਹਿਲੀਜ਼ 'ਤੇ ਸਫਲਤਾ ਨਾਲ ਚੜ੍ਹੇ ਹਨ। ਉਹ ਮਾਂ ਦੇ ਸੰਘਰਸ਼ ਨੂੰ ਆਪਣਾ ਜੀਵਨ ਸੰਘਰਸ਼ ਸਮਝਣ ਲਗਦੇ ਹਨ। ਇਸੇ ਲਈ ਵਿਧਵਾ ਔਰਤ ਮਾਂ ਦੇ ਰੂਪ ਵਿਚ ਹੋਰ ਵੀ ਸਫਲਤਾ ਨਾਲ ਕਾਰਜ ਕਰਨ ਦੇ ਸਮਰੱਥ ਹੋ ਜਾਂਦੀ ਹੈ।

ਆਪਣੇ ਢਿੱਡ ਦਾ ਦਰਦ ਤੁਹਾਡੇ ਨਾਲ ਇਸੇ ਹਵਾਲੇ ਨਾਲ ਸਾਂਝਾ ਕਰਨ ਲੱਗਾ ਹਾਂ। ਮੈਂ ਤਿੰਨ ਕੁ ਸਾਲਾਂ ਦਾ ਸਾਂ ਜਦੋਂ ਬਾਪ ਤੁਰ ਗਿਆ। ਅਸੀਂ ਚਾਰ ਭਰਾ, ਦੋ ਭੈਣਾਂ ਯਤੀਮਾਂ ਵਰਗੇ ਹੋ ਗਏ। ਸਭ ਤੋਂ ਛੋਟਾ ਮੈਂ ਸਾਂ। ਕਬੀਲਦਾਰੀ ਦਾ ਹਿਮਾਲਾ ਪਰਬਤ ਮਾਂ ਦੇ ਸਿਰ ਪੈ ਗਿਆ। ਨਾ ਕੋਈ ਚਾਚਾ, ਨਾ ਤਾਇਆ, ਨਾ ਬਾਬਾ, ਨਾ ਦਾਦੀ, ਨਾ ਜ਼ਮੀਨ, ਨਾ ਗਹਿਣਾ-ਗੱਟਾ। ਕਈ ਵਰ੍ਹੇ ਮਾਂ ਬਾਪ ਦੀ ਬਿਮਾਰੀ ਨਾਲ ਹੱਥੋਪਾਈ ਹੁੰਦੀ ਰਹੀ। ਫਿਕਰਾਂ ਦੀ ਪੰਡ ਮਾਂ ਦੀ ਹਿੰਮਤ ਮੂਹਰੇ ਲੰਮੀ ਪੈ ਗਈ। ਹੁਣ ਅਸੀਂ ਸਾਰੇ ਭੈਣ-ਭਰਾ ਆਪੋ ਆਪਣੇ ਰੰਗ-ਢੰਗ 'ਚ ਜੀਵਨ ਦਾ ਜੋਬਨ ਤੇ ਸਿਖਰ ਵੇਖ ਰਹੇ ਹਾਂ ਤੇ 96 ਵਰ੍ਹਿਆਂ ਦੀ ਮਾਂ ਆਪਣੀਆਂ ਨਜ਼ਰਾਂ ਵਾਲੀਆਂ ਐਨਕਾਂ ਥਾਣੀਂ ਖੁਸ਼ਹਾਲੀ ਦੇ ਵੱਜਦੇ ਘੁੰਗਰੂਆਂ ਦੀ ਛਣਕਾਰ ਵਿਚ ਮਸਤ ਹੈ। ਸਾਨੂੰ ਅਹਿਸਾਸ ਹੈ ਕਿ ਮਾਂ ਸੱਚੀ ਸਵਰਗ ਹੁੰਦੀ ਹੈ ਤੇ ਅਸੀਂ ਤਾਂ ਉਹਦੀ ਹਿੰਮਤ ਅੱਗੇ ਸਿਰ ਹੀ ਨੀਵਾਂ ਕਰ ਸਕਦੇ ਹਾਂ। ਹਾਲਾਂਕਿ ਉਹਦੀ ਜੀਵਨ ਮੱਸਿਆ ਇਸ਼ਾਰੇ ਕਰਨ ਲੱਗ ਪਈ ਹੈ ਤੇ ਹੋਣੀ ਮੌਤ ਦੇ ਵਾਰੰਟ ਕਿਸੇ ਵੇਲੇ ਵੀ ਸਾਈਨ ਕਰ ਸਕਦੀ ਹੈ। ਅਗਾਊਂ ਹੀ ਚਿੱਤ ਨੂੰ ਸਮਝਾਉਣਾ ਸ਼ੁਰੂ ਕਰ ਦਿਤਾ ਹੈ, 'ਮਾਂਵਾਂ ਤਾਂ ਕਿਸੇ ਦੀਆਂ ਵੀ ਸਦਾ ਨਹੀਂ ਰਹੀਆਂ।' (ਹੁਣ ਮਾਂ ਇਸ ਜਹਾਨ 'ਤੇ ਨਹੀਂ ਰਹੀ)।

ਮਾਂ ਆਪਣਾ ਉਦਰੇਵਾਂ ਕਦੇ ਵੀ ਬੱਚਿਆਂ ਨਾਲ ਸਾਂਝਾ ਨਹੀਂ ਕਰਦੀ ਕਿਉਂਕਿ ਮਾਂ ਔਲਾਦ ਦੇ ਉਤਰੇ ਚਿਹਰੇ ਵੇਖਣ ਲਈ ਤਿਆਰ ਹੀ ਨਹੀਂ ਹੁੰਦੀ। ਉਹ ਸਿਰ ਪਲੋਸਦਿਆਂ ਸਿਕੰਦਰ ਦੀ ਮਾਂ ਵਾਂਗ ਕਹੇਗੀ, 'ਡੋਲਦਾ ਕਿਉਂ ਏਂ, ਪੁੱਤ ਕੀਹਦਾ ਏਂ, ਦੁੱਧ ਕੀਹਦਾ ਚੁੰਘਿਆ ਏ? ਜਾ ਹੌਂਸਲੇ ਨਾਲ ਆਣੀ ਪਾ, ਸ਼ੇਰਨੀਆਂ ਮਾਂਵਾਂ ਦੇ ਪੁੱਤ ਗਿੱਦੜਾਂ ਦੇ ਵਿਹੜੇ ਵਿਚ ਨਹੀਂ ਕੰਬਦੇ।' ਉਹ ਮੱਖਣ ਦਾ ਪੇੜਾ ਮੱਕੀ ਦੀ ਰੋਟੀ 'ਤੇ ਇਸ ਕਰਕੇ ਰੱਖ ਕੇ ਦਿੰਦੀ ਹੈ ਕਿ ਲੋਕ ਚੜ੍ਹਦੀ ਜਵਾਨੀ ਵੇਖ ਇਹ ਪੁੱਛਣ 'ਇਹ ਕੀਹਦਾ ਪੁੱਤ ਹੈ?' ਦਰਅਸਲ ਉਹ ਆਪਣੀ ਕੁੱਖ 'ਤੇ ਹਰ ਵੇਲੇ ਗੁਲਾਬ ਲਟਕਦਾ ਤੇ ਮਹਿਕਦਾ ਵੇਖਣਾ ਚਾਹੁੰਦੀ ਹੈ। ਰਸੂਲ ਹਮਜ਼ਾਤੋਵ ਦਾ ਕਥਨ ਹੈ ਕਿ ਕਿਸੇ ਨੂੰ ਬਦ-ਦੁਆ ਦੇਣੀ ਹੋਵੇ ਤਾਂ ਕਿਹਾ ਜਾਂਦਾ, 'ਜਾਹ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।' ਸੱਚੀਂ ਜਦੋਂ ਮਾਂ ਦੀ ਬੋਲੀ ਭੁੱਲਦੀ ਹੈ ਤਾਂ ਰਾਹ ਕੁਰਾਹ ਬਣ ਜਾਂਦੇ ਹਨ। ਮਾਂ ਦਾ ਲੱਫਜ਼ ਗਿਆਨ ਦੇ ਅੰਦਰਲੇ ਬੰਦ ਪਏ ਸਾਰੇ ਦਰਵਾਜ਼ੇ ਖੋਲ੍ਹ ਦਿੰਦਾ ਹੈ। ਬਾਪ ਜਦੋਂ ਮਾਂ ਨੂੰ ਔਲਾਦ ਦੇ ਸਾਹਮਣੇ ਘੂਰਦਾ ਹੈ ਤਾਂ ਮਾਂ ਹੀ ਉਨ੍ਹਾਂ ਦੇ ਚਿਹਰਿਆਂ ਤੋਂ ਗੁੱਸੇ ਦਾ ਪਸੀਨਾ ਪੂੰਝ ਕੇ ਆਖਦੀ ਹੈ, 'ਮੈਂ 'ਕੱਲੀ ਤੁਹਾਡੀ ਮਾਂ ਹੀ ਨਹੀਂ ਕਿਸੇ ਦੀ ਪਤਨੀ ਵੀ ਹਾਂ ਤੇ ਕਿਸੇ ਦੀ ਧੀ ਵੀ।'

ਉਦਾਸ ਬੀਆਬਾਨ ਤੇ ਉਜੜੇ ਘਰਾਂ ਵਿਚ ਜਿਹੜੇ ਲੋਕ ਰੌਣਕ ਦੀ ਉਡੀਕ ਵਿਚ ਪਖੰਡੀ ਪੂਜਾ-ਪਾਠ ਕਰਵਾਉਂਦੇ ਹਨ, ਅਖੌਤੀ ਸਾਧਾਂ-ਸੰਤਾਂ ਦੀਆਂ ਗੁੱਗਲ ਧੂਣੀਆਂ ਪੂਜਦੇ ਫਿਰਦੇ ਹਨ, ਉਹ ਜ਼ਰਾ ਅੰਦਰ ਝਾਤੀ ਮਾਰ ਕੇ ਵੇਖ ਲੈਣ ਕਿਤੇ ਘਰ 'ਚ ਤੁਹਾਡੀ ਮਾਂ ਤਾਂ ਉਦਾਸ ਨਹੀਂ? ਜੇ ਏਦਾਂ ਹੈ ਤਾਂ ਧਰਮਰਾਜ ਵੀ ਤੁਹਾਡੀ ਬਨਾਉਟੀ ਫਰਿਆਦ ਨੂੰ ਫਿਟਕਾਰਾਂ ਪਾਵੇਗਾ। ਸੱਚੀਂ ਜੇ ਮਾਂਵਾਂ ਨੂੰ ਹਾਲੇ ਸਤਿਕਾਰ ਨਹੀਂ ਦਿੱਤਾ ਤਾਂ ਹੋਰ ਦੇਰੀ ਨਾ ਕਰੀਏ। ਸੱਚ ਇਹ ਹੈ ਕਿ ਇੱਜ਼ਤਦਾਰ ਘਰ ਵਿਚ ਮਾਂ ਦਾ ਰੁਤਬਾ ਵੱਡਾ ਹੀ ਰਿਹਾ ਹੈ ਤੇ ਕਮੀਨੇ ਟੱਬਰਾਂ ਵਿਚ ਮਾਂ ਦਾ ਨੁੱਕਰੇ ਲੱਗਣਾ ਸੁਭਾਵਿਕ ਹੈ ਤੇ ਜੇ ਹਾਲੇ ਇਨ੍ਹਾਂ ਟੱਬਰਾਂ ਨੇ ਬਰਬਾਦੀ ਦੇ ਉਜਾੜੇ ਨਹੀਂ ਵੇਖੇ ਤਾਂ ਪ੍ਰਮਾਣੂ ਬੰਬ ਫਟਣ ਦੀ ਉਡੀਕ ਕਰਨ।

ਵਿਚਾਰ-ਚਰਚਾ

## ਵੀਹਵੀਂ ਸਦੀ ਦੀ ਸਿੱਖ ਰਾਜਨੀਤੀ

# ਅਜਮੇਰ ਸਿੰਘ ਵਿਛਾ ਰਿਹਾ ਹੈ ਉਲਝਣਾਂ ਦਾ ਤੰਦੂਆ ਜਾਲ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਬਹਿਸ ਜਾਰੀ ਹੈ। ਇਸ ਬਹਿਸ ਦੇ ਸਿਲਸਿਲੇ ਵਿਚ ਸ. ਅਭੈ ਸਿੰਘ ਦਾ ਇਕ ਲੇਖ ਅਸੀਂ ਪਹਿਲਾਂ ਛਾਪ ਚੁਕੇ ਹਾਂ ਜੋ ਸ. ਅਜਮੇਰ ਸਿੰਘ ਦੀ ਪਹਿਲੀ ਪੁਸਤਕ ਉਤੇ ਟਿਪਣੀ ਸੀ। ਉਨ੍ਹਾਂ ਦੀ ਦੂਜੀ ਪੁਸਤਕ ਉਤੇ ਸ. ਅਭੈ ਸਿੰਘ ਦੀ ਇਹ ਟਿਪਣੀ ਅਸੀਂ ਛਾਪ ਰਹੇ ਹਾਂ। ਸਾਨੂੰ ਇਸ ਸਿਲਸਿਲੇ ਵਿਚ ਹੋਰ ਚਿੰਤਕਾਂ ਦੇ ਵਿਚਾਰਾਂ ਦੀ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

**ਅਭੈ ਸਿੰਘ**

ਸ. ਅਜਮੇਰ ਸਿੰਘ ਦੀਆਂ ਤਿੰਨ ਕਿਤਾਬਾਂ ਉਪਰ ਜਦੋਂ ਬਹਿਸ ਸ਼ੁਰੂ ਹੋਈ ਤਾਂ ਮੇਰੇ ਸਮੇਤ ਕਈ ਲੋਕਾਂ ਨੇ ਇਸ ਦਾ ਸਵਾਗਤ ਕੀਤਾ ਸੀ। ਮੈਂ ਇਕੋ ਕਿਤਾਬ 'ਕਿਸ ਬਿਧ ਰੁਲੀ ਪਾਤਸ਼ਾਹੀ' ਪੜ੍ਹੀ ਸੀ। ਪਹਿਲਾਂ ਮੈਂ ਲੇਖਕ ਨੂੰ ਜਾਤੀ ਪੱਤਰ ਲਿਖਿਆ, ਤੇ ਫੇਰ ਕਾਫ਼ੀ ਦੇਰ ਬਾਅਦ 'ਪੰਜਾਬ ਟਾਈਮਜ਼' ਵਿਚ ਛਪਣ ਨੂੰ ਭੇਜਿਆ। ਇਸ ਤੋਂ ਬਾਅਦ ਉਸ ਕਿਤਾਬ ਬਾਰੇ ਮੇਰਾ ਇਕ ਲੇਖ ਵੀ ਛਪਿਆ ਸੀ। ਸਾਰੀ ਬਹਿਸ ਨੂੰ ਸੌਖਿਆਂ ਤੇ ਛੋਟਾ ਕਰਨ ਦੀ ਗਰਜ਼ ਨਾਲ ਮੈਂ ਤਜਵੀਜ਼ ਕੀਤਾ ਸੀ ਕਿ ਸ. ਅਜਮੇਰ ਸਿੰਘ ਵੱਲੋਂ ਅੱਠ-ਦਸ ਅਜਿਹੇ ਨੁਕਤੇ ਨੋਟ ਕਰੇ ਜਾਣ ਜੋ ਦਰਸਾਉਂਦੇ ਹੋਣ ਕਿ ਇਸ ਮੁਲਕ ਵਿਚ ਸਿੱਖ ਗੁਲਾਮ ਹਨ ਜਾਂ ਕਿਸੇ ਹੋਰ ਧਰਮ ਜਾਂ ਫਿਰਕੇ ਦੇ ਲੋਕ ਵੀ ਗੁਲਾਮ ਹੋਣ ਤਾਂ ਪਤਾ ਕੀਤਾ ਜਾਵੇ। ਦੂਜਾ, ਅਜਿਹਾ ਕੀ ਪ੍ਰਬੰਧ ਹੋ ਜਾਵੇ ਕਿ ਕਿਹਾ ਜਾ ਸਕੇ ਕਿ ਇਸ ਸਿਸਟਮ ਵਿਚ ਹਰ ਮਜ਼ਹਬ ਵਾਲੇ ਲੋਕ ਆਜ਼ਾਦ ਹਨ, ਤੇ ਜਾਂ ਫਿਰ ਕੀ ਕਿਸੇ ਇਕ ਮਜ਼ਹਬ ਵਾਲੇ ਲੋਕਾਂ ਵਾਸਤੇ ਆਜ਼ਾਦੀ ਦਾ ਵੱਖਰਾ ਪ੍ਰਬੰਧ ਹੋ ਸਕਦਾ ਹੈ ਜੋ ਦੁਨੀਆ ਵਿਚ ਕਿਧਰੇ ਹੋਇਆ ਹੋਵੇ? ਇਨ੍ਹਾਂ ਕਾਰਨਾਂ ਕਰਕੇ ਹੀ ਮੈਂ ਲਿਖਿਆ ਸੀ ਕਿ ਅਗਲੀਆਂ ਦੋ ਕਿਤਾਬਾਂ ਪੜ੍ਹਨ ਦਾ ਵਿਚਾਰ ਨਹੀਂ।

ਅਮਰੀਕਾ ਤੋਂ ਤਿੰਨ ਵਾਰ ਗੁੱਸੇ ਨਾਲ ਫੋਨ ਕਰਦੇ ਇਕ ਸੱਜਣ ਮੈਨੂੰ ਕਹਿੰਦੇ ਰਹੇ ਕਿ ਤੂੰ ਇਹ ਕਿਉਂ ਲਿਖ ਰਿਹਾ ਹੈਂ ਕਿ ਸ. ਅਜਮੇਰ ਸਿੰਘ ਦੀਆਂ ਦੂਜੀਆਂ ਦੋ ਕਿਤਾਬਾਂ ਪੜ੍ਹਨ ਦਾ ਮਨ ਨਹੀਂ। ਮੈਂ ਬਹੁਤ ਨਿਮਰਤਾ ਨਾਲ ਕਹਿੰਦਾ ਰਿਹਾ ਕਿ ਪਹਿਲੀ ਕਿਤਾਬ ਨਾਲ ਹੀ ਮੈਨੂੰ ਆਈਡੀਆ ਮਿਲ ਗਿਆ ਹੈ। ਉਸ ਨੂੰ ਪੂਰੀ ਸੰਜੀਦਗੀ ਨਾਲ ਪੜ੍ਹਿਆ ਤੇ ਮੇਰੇ ਮਨ ਵਿਚ ਜੋ ਸਵਾਲ ਪੈਦਾ ਹੋਏ ਲੇਖਕ ਨੂੰ ਸਿੱਧਾ ਖ਼ਤ ਲਿਖ ਦਿੱਤਾ। ਕੋਈ ਜਵਾਬ ਨਾ ਮਿਲਣ ਬਾਅਦ ਉਹ ਖ਼ਤ 'ਪੰਜਾਬ ਟਾਈਮਜ਼' ਵਿਚ ਵੀ ਛਪਿਆ। ਅਧਿਆਪਕ ਵੀ ਵਿਦਿਆਰਥੀਆਂ ਨੂੰ ਕਹਿੰਦੇ ਹਨ ਕਿ ਪਹਿਲਾਂ ਇਕ ਸਬਕ ਸਮਝ ਲਵੋ, ਫਿਰ ਦੂਜੇ ਵੱਲ ਜਾਣਾ।

ਫਿਰ ਇਕ ਸੱਜਣ ਨੇ ਦੂਜੀ ਕਿਤਾਬ ਮੈਨੂੰ ਮੁਫ਼ਤ ਦਿੱਤੀ। ਧੰਨਵਾਦ ਕਰਦਾ ਹਾਂ ਤੇ ਇਹ ਸੋਚ ਕੇ ਪੜ੍ਹੀ ਕਿ ਸ਼ਾਇਦ ਮੇਰੇ ਸਵਾਲਾਂ ਦਾ ਜਵਾਬ ਇਸ ਵਿਚ ਹੋਵੇ ਪਰ ਕਵਰ ਦੇ ਟਾਈਟਲ ਸ਼ਬਦ ਹੀ ਦੱਸਦੇ ਹਨ ਕਿ ਕਿਤਾਬ ਦਾ ਆਧਾਰ ਦਰੁਸਤ ਨਹੀਂ। ਉਹ ਆਜ਼ਾਦੀ ਨੂੰ ਗ਼ੁਲਾਮੀ ਅਤੇ ਗ਼ੁਲਾਮੀ ਨੂੰ ਆਜ਼ਾਦੀ ਦੱਸਦੇ ਹਨ। ਕਿਤਾਬ ਦੇ ਪਿਛਲੇ ਟਾਈਟਲ 'ਤੇ ਸ਼ਬਦ ਹਨ ਕਿ "1849 ਵਿਚ ਆਜ਼ਾਦ ਸਿੱਖ ਰਾਜ ਦੇ ਖੁੱਸ ਜਾਣ ਨਾਲ ਆਜ਼ਾਦੀ ਦੀ ਇੱਛਾ ਖ਼ਤਮ ਨਹੀਂ ਸੀ ਹੋ ਗਈ। ਇਹ ਤੜਪ ਬਣ ਕੇ ਸਿੱਖ ਕੌਮ ਦੀ ਅੰਤਰ ਆਤਮਾ ਦੇ ਅੰਦਰ ਪਰਵੇਸ਼ ਕਰ ਗਈ ਸੀ।" ਲੇਕਿਨ ਹਕੀਕਤ ਕੁਝ ਹੋਰ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਵਕਤ ਸਤਿਲੁਜ ਤੋਂ ਪੂਰਬ ਤੇ ਦੱਖਣ ਦੇ ਪਾਸੇ ਵੀ ਸਿੱਖਾਂ ਦੀ ਵੱਡੀ ਅਬਾਦੀ ਸੀ ਜੋ ਅੰਗਰੇਜ਼ੀ ਰਾਜ ਵਿਚ ਸੀ। ਮੈਂ ਦਾਅਵਾ ਕੀਤਾ ਸੀ ਤੇ ਦੁਹਰਾਉਂਦਾ ਹਾਂ ਕਿ ਏਸ ਪਾਸੇ ਦੇ ਸਿੱਖ ਰਣਜੀਤ ਸਿੰਘ ਦੇ ਰਾਜ ਵਿਚਲੇ ਸਿੱਖਾਂ ਨਾਲੋਂ ਵਧੇਰੇ ਆਜ਼ਾਦ ਸਨ ਤੇ ਵਧੇਰੇ ਅਮਨ ਦੀ ਜ਼ਿੰਦਗੀ ਬਸਰ ਕਰ ਰਹੇ ਸਨ। ਮੈਂ ਇਹੀ ਸੋਚਦਾ ਹਾਂ ਕਿ ਕੋਈ ਦੱਸੇ ਤਾਂ ਸਹੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਿੱਖਾਂ ਨੂੰ ਕਿਸ-ਕਿਸ ਤਰ੍ਹਾਂ ਦੀ ਆਜ਼ਾਦੀ ਸੀ ਜੋ ਬਾਅਦ ਵਿਚ ਨਹੀਂ ਮਿਲੀ।

ਪਿਛਲੇ ਅੰਕ ਵਿਚ ਸ. ਕਰਨੈਲ ਸਿੰਘ ਖਾਲਸਾ ਦੇ ਲੇਖ ਨੇ ਮੇਰਾ ਧਿਆਨ ਉਨ੍ਹਾਂ ਦੇ ਸਿਰਲੇਖ ਦੇ ਸ਼ਬਦਾਂ ਕਰਕੇ ਖਿੱਚਿਆ ਜਿਸ ਵਿਚ ਲਕੀਰ ਪਿੱਟਣ ਦੀ ਬਜਾਏ ਕੰਮ ਦੀ ਗੱਲ ਉਪਰ ਆਉਣ ਵਾਸਤੇ ਕਿਹਾ ਗਿਆ ਸੀ। ਇਸ ਵਿਚ ਮੇਰੀ ਗੱਲ ਵੀ ਦੁਹਰਾਈ ਗਈ ਸੀ ਕਿ ਹੁਣ ਸਿਧਾਂਤਕ ਬਹਿਸਾਂ ਛੱਡ ਕੇ ਵਿਹਾਰਕ ਮੁੱਦਿਆਂ ਵੱਲ ਆਈਏ। ਉਨ੍ਹਾਂ ਨੇ ਮੁੱਖ ਤੌਰ 'ਤੇ ਆਜ਼ਾਦੀ ਤੇ ਗੁਲਾਮੀ ਦੇ ਮਸਲੇ ਉਪਰ ਬਹਿਸ ਕੇਂਦਰਤ ਕਰਨ ਨੂੰ ਕਿਹਾ ਪਰ ਇਨ੍ਹਾਂ ਦੇ ਅਰਥ ਨਹੀਂ ਸਮਝਾ ਸਕੇ। ਉਹ ਲਿਖਦੇ ਹਨ ਕਿ "ਅਭੈ ਸਿੰਘ ਨੇ ਭਾਰਤ ਦੇ ਲੋਕਤੰਤਰ ਨੂੰ ਸਲਾਹਿਆ ਹੈ ਪਰ ਇਹ ਦੇਖਣ ਨੂੰ ਹੀ ਲੋਕਤੰਤਰ ਹੈ ਕਿਉਂਕਿ ਸੰਸਦ ਤੇ ਵਿਧਾਨ ਸਭਾਵਾਂ ਵਿਚ 50 ਪ੍ਰਤੀਸ਼ਤ ਤੋਂ ਵੱਧ ਅਪਰਾਧੀ ਪਿਛੋਕੜ ਵਾਲੇ ਹੁੰਦੇ ਹਨ।" ਠੀਕ ਹੈ ਕਿ ਸਾਡੇ ਮੁਲਕ ਦੇ ਲੋਕਤੰਤਰ ਵਿਚ ਯੂਰਪ ਦੇ ਕਈ ਵਿਕਸਤ ਲੋਕਤੰਤਰਾਂ ਦੇ ਮੁਕਾਬਲੇ ਬਹੁਤ ਨੁਕਸ ਹਨ। ਉਥੇ ਲੋਕਤੰਤਰ ਲੰਮੇ ਸਮਿਆਂ ਨਾਲ ਮਜ਼ਬੂਤ ਹੋਇਆ ਪਰ ਅਸੀਂ ਵੀ ਉਸ ਮਜ਼ਬੂਤੀ ਵੱਲ ਵਧ ਜ਼ਰੂਰ ਰਹੇ ਹਾਂ। ਦੂਜਾ, ਇਤਨੀ ਹੀ ਪਕਿਆਈ ਨਾਲ ਕਿਹਾ ਜਾ ਸਕਦਾ ਹੈ ਕਿ ਸਾਡੇ ਮੁਲਕ ਦਾ ਲੋਕਤੰਤਰ ਕਈ ਹੋਰ ਮੁਲਕਾਂ, ਖਾਸ ਕਰਕੇ ਸਾਡੇ ਸਾਰੇ ਗੁਆਂਢੀ ਮੁਲਕਾਂ ਦੇ ਮੁਕਾਬਲੇ ਕਿਤੇ ਮਜ਼ਬੂਤ ਹੈ। ਅਸਲ ਵਿਚ ਆਜ਼ਾਦੀ ਦਾ ਮਤਲਬ ਹੀ ਲੋਕਤੰਤਰ ਹੈ।

ਜਿਥੋਂ ਤਕ ਅਪਰਾਧੀ ਪਿਛੋਕੜ ਵਾਲੇ ਨੁਮਾਇੰਦਿਆਂ ਦੀ ਗੱਲ ਹੈ, ਵੱਡਾ ਸਵਾਲ ਇਹ ਹੈ ਕਿ ਕੀ ਉਹ ਸੱਚ-ਮੁਚ ਲੋਕਾਂ ਦੇ ਚੁਣੇ ਹੋਏ ਹੁੰਦੇ ਹਨ? ਲੋਕਤੰਤਰ ਦੇ ਅਰਥ ਹੀ ਲੋਕਾਂ ਦੀ ਮਰਜ਼ੀ ਦਾ ਸਨਮਾਨ ਹੈ। ਉਹ ਜਿਸ ਨੂੰ ਵੀ ਚੁਣਨਾ ਚਾਹੁਣ, ਉਨ੍ਹਾਂ ਦੇ ਹੁਕਮ ਦੀ ਤਾਮੀਲ ਹੋਣੀ ਚਾਹੀਦੀ ਹੈ। ਲੋਕਤੰਤਰ ਵਿਚ ਉਹ ਜਹਾਂ ਪਨਾਂਹ ਹਨ। ਜੇ ਉਹ ਗ਼ਲਤ ਹੁਕਮ ਕਰਦੇ ਹਨ ਤਾਂ ਆਪੇ ਹੀ ਸੁਧਾਰਨਗੇ, ਕੋਈ ਹੋਰ ਨਹੀਂ। ਜਿਵੇਂ ਇਹੀ ਲੇਖਕ ਅੱਗੇ ਲਿਖਦੇ ਹਨ ਕਿ "ਖਾਲਸਤਾਨ ਦਾ ਮੁਖੀ ਸੱਚਾ ਹਿੰਦੂ ਤੇ ਸੱਚਾ ਮੁਸਲਮਾਨ ਕੋਈ ਵੀ ਬਣ ਸਕਦਾ ਹੈ ਪਰ ਉਹ ਬਣੇਗਾ ਗੁਣਾਂ ਅਨੁਸਾਰ।" ਇਥੇ ਹੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਉਸ ਦੇ ਗੁਣਾਂ ਬਾਰੇ ਫੈਸਲਾ ਕੌਣ ਕਰੇਗਾ? ਜ਼ਾਹਿਰ ਹੈ ਕਿ ਆਜ਼ਾਦ ਮੁਲਕ ਵਿਚ ਤਾਂ ਕੁੱਲ ਬਾਲਗ ਨਾਗਰਿਕਾਂ ਦੀ ਬਹੁਗਿਣਤੀ ਹੀ ਆਪਣੀ ਵੋਟ ਨਾਲ ਇਹ ਫੈਸਲਾ ਕਰ ਸਕਦੀ ਹੈ।

ਆਜ਼ਾਦੀ ਤੇ ਗ਼ੁਲਾਮੀ ਦੀਆਂ ਕਈ ਪਰਿਭਾਸ਼ਾਵਾਂ ਸਮਾਜ ਸ਼ਾਸਤਰ ਦੀਆਂ ਕਿਤਾਬਾਂ ਵਿਚੋਂ ਲੱਭਦੀਆਂ ਹਨ ਪਰ ਕੁਲ ਮਿਲਾ ਕੇ ਤੋੜਾ ਇਕ ਪੁਖ਼ਤਾ ਨੁਕਤੇ ਉਪਰ ਟੁੱਟਦਾ ਹੈ ਕਿ ਜੇ ਬਾਲਗ਼ ਵੋਟ ਦਾ ਅਧਿਕਾਰ ਹੈ ਤਾਂ ਅਜ਼ਾਦੀ ਹੈ ਤੇ ਇਸ ਦੀ ਅਣਹੋਂਦ ਗ਼ੁਲਾਮੀ ਹੈ। ਵਿਦੇਸ਼ੀ ਹਾਕਮ ਜਾਂ ਦੇਸੀ ਹਾਕਮਾਂ ਨਾਲ ਫ਼ਰਕ ਨਹੀਂ ਪੈਂਦਾ, ਲੋਕਾਂ ਦੀ ਆਜ਼ਾਦੀ ਤਾਂ ਹੀ ਹੋ ਸਕਦੀ ਹੈ ਜੇ ਲੋਕਾਂ ਦਾ ਆਪਣਾ ਰਾਜ ਹੋਵੇ ਤੇ ਬਾਲਗ਼ ਵੋਟ ਦੇ ਅਧਿਕਾਰ ਤੋਂ ਬਿਨਾਂ ਇਸ ਦਾ ਹਾਲ ਦੀ ਘੜੀ ਕੋਈ ਹੋਰ ਸਰੂਪ ਨਹੀਂ ਹੋ ਸਕਦਾ। ਇਸੇ ਸਵਾਲ ਦੀ ਵਜ਼ਾਹਤ ਮੈਂ ਦੋਸਤ ਲੇਖਕਾਂ, ਸਮੇਤ ਸ. ਅਜਮੇਰ ਸਿੰਘ ਤੋਂ ਤਲਾਸ਼ ਰਿਹਾ ਹਾਂ ਕਿ ਆਖ਼ਰ ਆਜ਼ਾਦੀ ਦੀ ਗੱਲ ਤਾਂ ਕਰਦੇ ਹਾਂ ਪਰ ਇਸ ਦੇ ਅਰਥ ਕੀ ਹਨ? ਇਸ ਦਾ ਵਿਹਾਰਕ ਰੂਪ ਕੀ ਹੋਵੇਗਾ ਜਿਸ ਨਾਲ ਧਰਤੀ ਦੇ ਕਿਸੇ ਟੁਕੜੇ ਦਾ ਸਿਰਫ਼ ਨਕਸ਼ਾ ਹੀ ਨਹੀਂ, ਉਥੇ ਵਸਦੇ ਲੋਕ ਵੀ ਕਹਿ ਸਕਣ ਕਿ ਅਸੀਂ ਆਜ਼ਾਦ ਹਾਂ?

ਬਾਦਸ਼ਾਹਾਂ ਦੇ ਰਾਜ ਨੂੰ ਆਜ਼ਾਦੀ ਕਹਿਣਾ, ਆਜ਼ਾਦੀ ਦੇ ਨਾਂ ਦਾ ਹੀ ਮਜ਼ਾਕ ਹੈ। ਅਸੀਂ ਜਦੋਂ ਬਾਦਸ਼ਾਹ ਦੇ ਫਿਰਕੇ ਨਾਲ ਰਾਜ ਨੂੰ ਜੋੜਦੇ ਹਾਂ ਤਾਂ ਬਹੁਤ ਗ਼ਲਤ ਕਰਦੇ ਹਾਂ। ਇਸ ਤਰ੍ਹਾਂ ਕਹਿਣਾ ਕਿ ਮੁਸਲਮਾਨਾਂ ਦਾ ਰਾਜ ਸੀ, ਹਿੰਦੂਆਂ ਦਾ ਰਾਜ ਸੀ ਜਾਂ ਸਿੱਖਾਂ ਦਾ ਰਾਜ ਸੀ ਤਾਂ ਹੀ ਦਰੁਸਤ ਹੋ ਸਕਦਾ ਸੀ ਜੇ ਅਜਿਹੇ ਰਾਜ ਘੱਟੋ-ਘੱਟ ਆਪਣੇ ਫਿਰਕੇ ਦੀਆਂ ਵੋਟਾਂ ਨਾਲ ਚੱਲਦੇ। ਇੰਗਲੈਂਡ ਦੀ ਇਸਾਈ ਜਨਤਾ ਨੇ ਇਸਾਈ ਬਾਦਸ਼ਾਹ ਦਾ ਸਿਰ ਕਲਮ ਕਰਕੇ ਆਜ਼ਾਦੀ ਦੀ ਨੀਂਹ ਰੱਖੀ। ਇਸੇ ਤਰ੍ਹਾਂ ਦੁਨੀਆਂ ਦੇ ਕਈ ਮੁਲਕਾਂ ਵਿਚ ਹੋਇਆ ਤੇ ਕਈਆਂ ਵਿਚ ਹੋ ਰਿਹਾ ਹੈ। ਇਸ ਸੰਬੰਧ ਵਿਚ ਮੈਂ ਤਾਜ਼ਾ ਉਦਾਹਰਣ ਦਿੱਤੀ ਸੀ ਕਿ ਸਾਡੇ ਹੀ ਸਿਰਹਾਣੇ ਬੈਠੇ ਨੇਪਾਲ ਦੇ ਲੋਕਾਂ ਨੇ ਹਿੰਦੂ ਪਾਤਸ਼ਾਹੀ, ਭਾਰੀ ਤਰੱਦਦ ਨਾਲ ਰੋਲ ਕੇ ਰੱਖ ਦਿੱਤੀ ਤੇ ਹਿੰਦੂ ਆਬਾਦੀ ਦੇ ਨੁਮਾਇੰਦਿਆਂ ਨੇ ਹੀ ਮਤਾ ਪਾਸ ਕੀਤਾ ਕਿ ਅੱਗੇ ਤੋਂ ਇਸ ਮੁਲਕ ਨੂੰ ਹਿੰਦੂ ਮੁਲਕ ਨਾ ਕਿਹਾ ਜਾਵੇ।

ਸ. ਅਜਮੇਰ ਸਿੰਘ ਦੀ ਇਸ ਕਿਤਾਬ ਦੇ ਸ਼ੁਰੂ ਵੀ ਹੀ ਸਰ ਜੋਗਿੰਦਰ ਸਿੰਘ ਦੇ ਇਕ ਫਿਕਰੇ ਨੂੰ ਪੂਰੇ ਸਫ਼ੇ ਦੀ ਜਗ੍ਹਾ ਦਿੱਤੀ ਹੈ। ਫਿਕਰਾ ਹੈ, "ਜੇ ਇਤਿਹਾਸ ਦੇ ਅਧਿਐਨ ਦੀ ਲੋਅ ਭਵਿੱਖ ਨੂੰ ਵਿਉਂਤਣ ਦੀ ਦਿਸ਼ਾ ਨਹੀਂ ਸੁਝਾਉਂਦੀ, ਤਾਂ ਇਹ ਅਧਿਐਨ ਬੇਕਾਰ ਹੈ।" ਇਹ ਸ਼ਬਦ ਬਿਲਕੁੱਲ ਠੀਕ ਹਨ ਪਰ ਦੂਰ ਦੇ ਇਤਿਹਾਸ ਦੀ ਗੱਲ ਹੀ ਛੱਡੋ, ਕੱਲ੍ਹ ਵਾਪਰੇ ਇਤਿਹਾਸ ਤੇ ਅੱਜ ਵਾਪਰ ਰਹੇ ਇਤਿਹਾਸ ਤੋਂ ਅਜਮੇਰ ਸਿੰਘ ਖੁਦ ਹੀ ਰੋਸ਼ਨੀ ਲੈਣ ਨੂੰ ਤਿਆਰ ਨਹੀਂ। ਆਖਰ ਉਹ ਕੀ ਅਰਥ ਕੱਢਦੇ ਹਨ ਕਿ ਕਿਸ ਬਿਧ ਰੁਲੀ ਨੇਪਾਲ ਦੀ ਪਾਤਸ਼ਾਹੀ ਤੇ ਕਿਸ ਬਿਧ ਰੁਲ ਰਹੀਆਂ ਹਨ ਮਿਸਰ ਤੇ ਅਰਬ ਦੀਆਂ ਪਾਤਸ਼ਾਹੀਆਂ। ਲੱਗਦਾ ਹੈ ਕਿ ਅਸੀਂ ਆਪਣੀ ਉਮਰ ਵਿਚ ਹੀ ਦੁਨੀਆਂ ਦੀਆਂ ਹੋਰ ਰਹਿੰਦੀਆਂ ਖੂੰਹਦੀਆਂ ਤੇ ਨਾਮ-ਮਾਤਰ ਪਾਤਸ਼ਾਹੀਆਂ ਨੂੰ ਵੀ ਰੁਲਦਿਆਂ ਵੇਖਾਂਗੇ। ਇਸ ਲਈ ਜੇ ਮੈਂ ਸਲਾਹ ਦਿੰਦਾ ਹਾਂ ਕਿ ਪਾਤਸ਼ਾਹੀਆਂ ਦੀ ਟੈਂਸ਼ਨ ਨਾ ਲਵੋ ਤਾਂ ਉਨ੍ਹਾਂ ਦੀ ਸਿਹਤ ਦੇ ਹਿਤ ਦੀ ਗੱਲ ਕਰ ਰਿਹਾ ਹਾਂ।

ਜਿਸ ਪਾਤਸ਼ਾਹੀ ਦਾ ਇਤਨਾ ਗ਼ਮ ਕੀਤਾ ਜਾ ਰਿਹਾ ਹੈ, ਦਰਅਸਲ ਉਹ ਅੰਗਰੇਜ਼ਾਂ ਨੇ ਉਤਨੀ ਦੇਰ ਹੀ ਚੱਲਦੀ ਰਹਿਣ ਦਿੱਤੀ ਜਿਤਨੀ ਦੇਰ ਤੱਕ ਉਨ੍ਹਾਂ ਨੂੰ ਇਸ ਦੀ ਲੋੜ ਸੀ। ਇਸ ਨੇ ਮਣਾਂ ਮੂੰਹੀਂ ਖ਼ੂਨ ਡੋਲ ਕੇ, ਫਰੰਟੀਅਰ ਤੇ ਕਸ਼ਮੀਰ 'ਤੇ ਕਬਜ਼ਾ ਕਰਕੇ, ਅੰਗਰੇਜ਼ਾਂ ਦਾ ਰਾਹ ਸੌਖਾ ਬਣਾ ਦਿੱਤਾ ਸੀ। ਸ਼ਾਹ ਮੁਹੰਮਦ ਸੋਹਣਾ ਲਿਖਦਾ ਸੀ ਪਰ ਉਹ ਭੁਲੇਖੇ ਵਿਚ ਸੀ ਕਿ ਫੌਜਾਂ 'ਇਕ ਸਰਕਾਰ ਬਾਝੋਂ' ਹਾਰੀਆਂ। ਫੌਜਾਂ ਇਸ ਕਰਕੇ ਹਾਰੀਆਂ ਕਿ ਹੁਣ ਅੰਗਰੇਜ਼ਾਂ ਨੂੰ ਉਨ੍ਹਾਂ ਦੀ ਲੋੜ ਨਹੀਂ ਰਹੀ ਸੀ। ਉਨ੍ਹਾਂ ਦਾ ਕੰਮ ਹੋ ਚੁੱਕਾ ਸੀ। ਇਹ ਜੰਗ ਹਿੰਦ ਤੇ ਪੰਜਾਬ ਦਾ ਨਹੀਂ, ਸਮੰਤਸ਼ਾਹੀ ਤੇ ਪੂੰਜੀਵਾਦੀ ਸਾਮਰਾਜ ਦਾ ਸੀ। ਸਮੰਤਸ਼ਾਹੀ ਨੇ ਹਾਰਨਾ ਹੀ ਸੀ; ਚਾਹੇ ਦੋ ਲੜਾਈਆਂ ਬਾਅਦ ਹਾਰ ਜਾਂਦੀ, ਚਾਹੇ ਚਾਰ ਬਾਅਦ। ਹਾਂ, ਜੇ 'ਸਰਕਾਰ' ਦੇ ਹੁੰਦੇ ਹਾਰ ਜਾਂਦੀ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਸਸਕਾਰ ਵੇਲੇ ਉਹਦੇ ਨਾਲ ਸਤੀ ਹੋਣ ਵਾਲੀਆਂ ਪੰਜ ਰਾਣੀਆਂ ਤੇ ਚਾਰ ਦਾਸੀਆਂ ਬਚ ਜਾਣੀਆਂ ਸਨ ਕਿਉਂਕਿ ਅੰਗਰੇਜ਼ਾਂ ਨੇ ਆਪਣੇ ਇਲਾਕੇ ਵਿਚ ਉਦੋਂ ਤੱਕ ਸਤੀ ਦੀ ਰਸਮ ਸਖ਼ਤੀ ਨਾਲ ਰੋਕ ਲਈ ਸੀ।

ਫੌਜਾਂ ਦੇ 'ਜਿੱਤ ਕੇ ਅੰਤ ਨੂੰ ਹਾਰਨ' ਤੋਂ ਬਾਅਦ ਸਾਰਾ ਪੰਜਾਬ ਅੰਗਰੇਜ਼ੀ ਰਾਜ ਦੇ ਅਧੀਨ ਹੋ ਗਿਆ ਸੀ ਜੋ ਵਿਦੇਸ਼ੀ ਰਾਜ ਸੀ। ਇਹ ਰਾਜ ਵੀ ਜ਼ੁਲਮ ਤੇ ਜਬਰ ਦਾ ਸੀ ਪਰ ਫਿਰ ਵੀ ਲੋਕਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਕਾਨੂੰਨੀ ਅਧਿਕਾਰ, ਇਨਸਾਫ਼ ਪ੍ਰਣਾਲੀ, ਸਿੱਖਿਆ ਅਤੇ ਸੁਰੱਖਿਆ ਦਾ ਹੱਕ ਪ੍ਰਾਪਤ ਹੋਇਆ ਸੀ। ਲਗਾਨ ਦੀ ਉਗਰਾਹੀ ਦਾ, ਲਾਹੌਰ ਰਾਜ ਵਾਲਾ ਜ਼ਾਲਮਾਨਾ ਤਰੀਕਾ ਨਰਮ ਹੋ ਗਿਆ ਸੀ। ਜਾਂਚ ਕਰਕੇ ਦੇਖ ਲਿਆ ਜਾਵੇ। ਅੰਗਰੇਜ਼ ਇਸ ਮੁਲਕ ਵਿਚ ਇਸ ਦਾ ਸੁਧਾਰ ਕਰਨ ਨਹੀਂ, ਲੁੱਟਣ ਆਏ ਸਨ। ਹਜ਼ਾਰਾਂ ਮੀਲਾਂ ਤੋਂ ਮੁਸ਼ਕਲ ਪੰਧ ਪਾਰ ਕਰਕੇ ਇਸ ਗਰਮ ਮੁਲਕ ਦਾ ਹਰ ਕੋਨਾ ਅੰਗਰੇਜ਼ੀ ਖ਼ੂਨ ਨਾਲ ਸਿਰਫ਼ ਇਸ ਕਰਕੇ ਰੰਗਿਆ ਗਿਆ ਕਿ ਇਥੋਂ ਦੀਆਂ ਦੌਲਤਾਂ ਲੁੱਟ ਕੇ ਓਥੋਂ ਦੀ ਪਾਤਸ਼ਾਹੀ ਦਾ ਖ਼ਜ਼ਾਨਾ ਭਰਨਾ ਸੀ। ਇਸੇ ਲੋੜ ਦੀ ਖ਼ਾਤਰ ਅੰਗਰੇਜ਼ਾਂ ਨੇ ਇਸ ਮੁਲਕ ਵਿਚ ਆਵਾਜਾਈ, ਸਿੱਖਿਆ ਤੇ ਕਾਨੂੰਨ ਪ੍ਰਣਾਲੀ ਲਾਗੂ ਕੀਤੀ ਜਿਸ ਦੇ ਕਈ ਕਿਸਮ ਦੇ ਪ੍ਰਭਾਵ ਪਏ।

ਅੰਗਰੇਜ਼ੀ ਰਾਜ, ਗ਼ੁਲਾਮੀ ਦਾ ਰਾਜ ਸੀ ਪਰ ਜੇ ਕਹੀਏ ਕਿ ਉਸ ਤੋਂ ਪਹਿਲਾਂ ਇਹ ਮੁਲਕ ਆਜ਼ਾਦ ਸੀ ਤਾਂ ਗ਼ਲਤ ਹੋਵੇਗਾ। ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੰਗਰੇਜ਼ੀ ਰਾਜ ਦੀ ਬਣਤਰ ਹੀ ਅਜਿਹੀ ਸੀ ਕਿ ਉਸੇ ਰਾਜ ਦੌਰਾਨ ਇਸ ਮੁਲਕ ਵਿਚ ਆਜ਼ਾਦੀ ਦੇ ਬੀਜ ਪੈਦਾ ਹੋਏ। ਬਹੁਤ ਕਿਸਮ ਦੀਆਂ ਦਰਦਨਾਕ ਜੰਮਣ ਪੀੜਾਂ ਤੋਂ ਬਾਅਦ ਇਹ ਬੀਜ ਅੰਗਰੇਜ਼ੀ ਰਾਜ ਦੇ ਖ਼ਾਤਮੇ ਨਾਲ ਪੁੰਗਾਰੇ ਵਿਚ ਆਏ। ਇਹ ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ ਦਾ ਸਫ਼ਰ ਨਹੀਂ, ਇਹ ਸਦੀਆਂ ਭਰ ਦੀ ਸਮੰਤਸ਼ਾਹੀ ਦੀ ਗ਼ੁਲਾਮੀ ਤੋਂ ਬਾਅਦ ਆਜ਼ਾਦੀ ਦਾ ਦਰਵਾਜ਼ਾ ਸੀ।

ਇਸ ਆਜ਼ਾਦੀ ਵਿਚ ਸੌ ਊਣਤਾਈਆਂ ਹੋਣਗੀਆਂ ਪਰ ਹਕੀਕਤ ਇਹ ਹੈ ਕਿ ਇਸ ਤੋਂ ਪਹਿਲਾਂ ਇਸ ਮੁਲਕ ਦੇ ਕਿਸੇ ਵੀ ਇਲਾਕੇ ਜਾਂ ਫਿਰਕੇ ਦੇ ਲੋਕਾਂ ਨੇ ਕਦੀ ਆਜ਼ਾਦੀ ਦਾ ਮੂੰਹ ਨਹੀਂ ਵੇਖਿਆ ਸੀ। ਰਾਮ ਰਾਜ ਦੀ ਇਤਿਹਾਸਕ ਹੋਂਦ ਨਹੀਂ ਪਰ ਜੇ ਹੋਵੇ ਵੀ ਤਾਂ ਉਹ ਆਜ਼ਾਦ ਰਾਜ ਨਹੀਂ ਸੀ ਹੋ ਸਕਦਾ ਕਿਉਂਕਿ ਉਸ ਵਿਚ ਲੋਕਾਂ ਦੀ ਮਰਜ਼ੀ ਨਹੀਂ ਸੀ, ਵੋਟ ਸਿਸਟਮ ਨਹੀਂ ਸੀ।

ਇਹ ਗੱਲਾਂ ਮੈਂ ਇਸ ਕਰਕੇ ਕੀਤੀਆਂ ਹਨ ਕਿ ਪਹਿਲਾਂ ਦੇਖੀਏ ਕਿ ਕੀ ਪੂਰਾ ਮੁਲਕ ਆਜ਼ਾਦ ਮੁਲਕ ਹੈ? ਆਜ਼ਾਦੀ ਤੇ ਜਮਹੂਰੀਅਤ ਸਮਾਨਰਥ ਸ਼ਬਦ ਹਨ। ਮੇਰਾ ਦਾਅਵਾ ਹੈ ਕਿ ਮੁਲਕ, ਮੂਲ ਰੂਪ ਵਿਚ ਆਜ਼ਾਦ ਵੀ ਹੈ ਤੇ ਜਮਹੂਰੀ ਵੀ। ਇਸ ਤੋਂ ਬਾਅਦ ਹੀ ਸ. ਅਜਮੇਰ ਸਿੰਘ ਦੀ ਦੂਸਰੀ ਕਿਤਾਬ ਦੇ ਮੂਲ ਮੁੱਦੇ ਵੱਲ ਆਇਆ ਜਾ ਸਕਦਾ ਹੈ। ਉਨ੍ਹਾਂ ਨੇ ਆਜ਼ਾਦੀ ਦੇ ਅਧਿਆਏ ਨੂੰ 'ਆਜ਼ਾਦੀ ਦੇ ਫੰਧੇ' ਦਾ ਸਿਰਲੇਖ ਦਿੱਤਾ ਹੈ। ਇਸ ਦੇ ਸਾਹਮਣੇ ਦੇ ਸਫ਼ੇ ਉਪਰ ਟਿੱਪਣੀ ਛਾਪੀ ਹੈ ਕਿ ਜੇਕਰ ਗੱਡੀ ਹੀ ਗ਼ਲਤ ਫੜ ਲਈ ਜਾਵੇ ਤਾਂ ਡੱਬੇ ਅੰਦਰ ਉਲਟੀ ਦਿਸ਼ਾ ਵਿਚ ਭੱਜਣ ਨਾਲ ਕੁਛ ਨਹੀਂ ਲੱਭਦਾ'। ਸਵਾਲ ਇਹ ਪੈਦਾ ਹੁੰਦਾ ਹੈ ਕਿ ਜੋ ਲੋਕ ਆਜ਼ਾਦੀ ਨੂੰ ਹੀ ਫੰਧਾ ਦੱਸਦੇ ਹਨ, ਉਹ ਕਿਹੜੀ ਗੱਡੀ 'ਤੇ ਸਵਾਰ ਹਨ? ਜੇ ਆਜ਼ਾਦੀ ਫੰਧਾ ਹੈ ਤਾਂ ਗੁਲਾਮੀ ਕੀ ਸੀ?

'ਮਛਲੀ ਜਾਲ ਨਾ ਜਾਣਿਆ' ਦੇ ਨਾਂ ਹੇਠ ਦੱਸਦੇ ਹਨ ਕਿ ਸਿੱਖ ਆਗੂਆਂ ਨੇ ਆਪਣੇ ਕੁਦਰਤੀ ਝੁਕਾਅ ਮੁਤਾਬਕ ਸਿੱਖ ਕੌਮ ਦੀ ਹੋਣੀ ਦਾ ਹਿੰਦੂ ਬਹੁ ਵਸੋਂ ਵਾਲੇ ਰਾਜ-ਭਾਰਤ ਨਾਲ ਸੰਜੋਗ ਕਰਨ ਦਾ ਨਿਰਣਾ ਕਰ ਲਿਆ। ਹਕੀਕਤ ਤਾਂ ਇਹ ਹੈ ਕਿ ਦੇਸ਼ ਦੇ ਬਟਵਾਰੇ ਵੇਲੇ ਕਿਸੇ ਵੀ ਮਜ਼ਹਬ ਦੇ ਲੋਕਾਂ ਨੂੰ ਨਹੀਂ ਪੁੱਛਿਆ ਗਿਆ ਕਿ ਦੱਸੋ ਤੁਸਾਂ ਕਿਧਰ ਰਲਣਾ ਹੈ? ਭਾਰੀ ਬਹੁਗਿਣਤੀ ਲੋਕਾਂ ਦੀ ਮਰਜ਼ੀ ਜਿੱਥੇ ਵੱਸਦੇ ਸਨ, ਉਥੇ ਹੀ ਰਹਿਣ ਦੀ ਸੀ। ਆਬਾਦੀ ਦਾ ਤਬਾਦਲਾ ਸਿਰਫ਼ ਫ਼ਸਾਦਾਂ ਤੇ ਕਤਲੋਗਾਰਤ ਕਰਕੇ ਹੋਇਆ। ਜਿਥੋਂ ਤੱਕ ਸਿੱਖਾਂ ਦੇ ਹਿੰਦੂ ਵਸੋਂ ਨਾਲ ਸੰਜੋਗ ਕਰਨ ਦੀ ਗੱਲ ਹੈ, ਇਸ ਦਾ ਕਿਧਰੇ ਫੈਸਲਾ ਨਹੀਂ ਕੀਤਾ ਗਿਆ। ਇਹ ਸੱਚਮੁੱਚ ਕੁਦਰਤੀ ਝੁਕਾ ਕਰਕੇ ਸੀ।

'ਹਮ ਹਿੰਦੂ ਨਹੀਂ' ਕਿਤਾਬ 47 ਤੋਂ ਪਹਿਲਾਂ ਛਪੀ ਸੀ ਪਰ ਇਹ ਚਰਚਾ ਵਿਚ ਸਿਰਫ਼ ਹੁਣ ਆਈ ਹੈ। ਓਦੋਂ ਸਿਰਫ਼ 5 ਫ਼ੀ ਸਦੀ ਸਿੱਖ ਪੜ੍ਹਨਾ-ਲਿਖਣਾ ਜਾਣਦੇ ਸਨ। 'ਹਮ ਇਸਾਈ ਨਹੀਂ' ਤੇ 'ਹਮ ਬੋਧੀ ਨਹੀਂ' ਦੀ ਕਿਤਾਬ ਲਿਖਣ ਦੀ ਲੋੜ ਨਹੀਂ ਪਈ। ਕਾਰਨ ਇਹ ਕਿ ਸੰਤਾਲੀ ਤੋਂ ਪਹਿਲਾਂ ਜਦੋਂ ਸਟੇਸ਼ਨਾਂ ਉਪਰ 'ਹਿੰਦੂ ਪਾਣੀ' ਤੇ 'ਮੁਸਲਿਮ ਪਾਣੀ' ਦੇ ਹੋਕੇ ਲੱਗਦੇ ਸਨ ਤਾਂ ਸਿੱਖ ਬਿਨਾਂ ਕਿਸੇ ਤੋਂ ਪੁੱਛੇ 'ਹਿੰਦੂ ਪਾਣੀ' ਹੀ ਪੀਂਦੇ ਸਨ। ਸ਼ਹਿਰਾਂ ਵਿਚ ਆ ਕੇ ਸਿੱਖ ਲੋਕ ਖ਼ਾਲਸਾ ਹੋਟਲ ਜਾਂ ਹਿੰਦੂ ਹੋਟਲ ਹੀ ਲੱਭ ਕੇ ਰੋਟੀ ਖਾਂਦੇ ਸਨ ਤੇ ਇਨ੍ਹਾਂ ਵਿਚ ਕੋਈ ਫ਼ਰਕ ਨਹੀਂ ਰੱਖਦੇ ਸਨ। 'ਪੱਛਮੀ ਸਭਿਆਚਾਰ' ਦੇ ਅਸਰ ਵਿਚ ਆਏ ਕੁਝ ਲੋਕਾਂ ਨੂੰ ਛੱਡ ਕੇ ਸਿੱਖ ਹਿੰਦੂਆਂ ਦੇ ਹੱਥ ਦਾ ਤਾਂ ਖਾ ਲੈਂਦੇ ਸਨ ਪਰ ਮੁਸਲਮਾਨਾਂ ਦੇ ਹੱਥ ਦਾ ਜਾਂ ਉਨ੍ਹਾਂ ਦੇ ਬਰਤਨਾਂ ਵਿਚ ਨਹੀਂ। ਸੰਨ 47 ਤੋਂ ਪਹਿਲਾਂ 90 ਫ਼ੀ ਸਦੀ ਸਿੱਖ ਸ਼ਾਦੀਆਂ ਵੇਦੀ ਨਾਲ ਹੁੰਦੀਆਂ ਸਨ।

ਇਸ ਇਤਿਹਾਸਕ ਪਿਛੋਕੜ ਵਿਚ ਇਹ ਕਹਿਣਾ ਕਿ ਇਸ ਮੁਲਕ ਵਿਚ ਸਿੱਖ ਗ਼ੁਲਾਮ ਹਨ ਤੇ ਬਾਕੀ ਦੇ ਮਜ਼ਹਬ ਆਜ਼ਾਦ ਹਨ, ਗ਼ਲਤ ਗੱਡੀ ਫੜਨਾ ਨਹੀਂ ਤਾਂ ਹੋਰ ਕੀ ਹੈ? ਸਿੱਖ ਦੁਨੀਆਂ ਦੇ ਕੋਨੇ-ਕੋਨੇ ਵਿਚ ਵੱਸਦੇ ਹਨ। ਜੇ ਬਾਕੀ ਮੁਲਕਾਂ ਵਿਚ ਇਹ ਆਜ਼ਾਦ ਹਨ ਤਾਂ ਜ਼ਰੂਰ ਦੱਸਿਆ ਜਾਣਾ ਚਾਹੀਦਾ ਹੈ ਕਿ ਇਹ ਮਲਾਇਆ, ਬਰਮਾ, ਪਾਕਿਸਤਾਨ ਤੇ ਅਮਰੀਕਾ ਜਾਂ ਯੂਰਪ ਵਿਚ ਕਿਹੜੇ ਹਕੂਕ ਦੇ ਮਾਲਕ ਹਨ ਜੋ ਹਿੰਦੁਸਤਾਨ ਵਿਚ ਨਹੀਂ ਮਿਲ ਰਹੇ? ਇਸੇ ਤਰ੍ਹਾਂ ਜੇ ਹਿੰਦੁਸਤਾਨ ਵਿਚ ਸਿੱਖ ਗ਼ੁਲਾਮ ਹਨ ਤਾਂ ਕੀ ਬਾਕੀ ਸਾਰੇ ਮਜ਼ਹਬ ਆਜ਼ਾਦ ਹਨ? ਇਸ ਸੰਬੰਧੀ ਜੇ ਇਨ੍ਹਾਂ ਨੂੰ ਕੌਮਾਂ ਕਹਿਣਾ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਮੇਰੇ ਹੀ ਸ਼ਹਿਰ ਵਿਚ ਇਕ ਬੰਦਾ ਲੋਹਾ-ਲਾਖਾ ਹੋਇਆ ਸ਼ੋਰ ਮਚਾ ਰਿਹਾ ਸੀ ਕਿ ਇਸ ਮੁਲਕ ਵਿਚ ਹਿੰਦੂ ਗ਼ੁਲਾਮ ਹਨ। ਮੈਂ ਸ. ਅਜਮੇਰ ਸਿੰਘ ਹੁਰਾਂ ਤੋਂ ਪੁੱਛਿਆ ਸੀ ਕਿ ਕੀ ਉਹ ਵੀ ਠੀਕ ਹੈ, ਮੈਨੂੰ ਅਜੇ ਤੱਕ ਜਵਾਬ ਤਾਂ ਨਹੀਂ ਮਿਲਿਆ ਪਰ ਮੇਰੀ ਜਾਨਣ ਦੀ ਉਤਸੁਕਤਾ ਜ਼ਰੂਰ ਕਾਇਮ ਹੈ।

ਸ. ਅਜਮੇਰ ਸਿੰਘ ਦਾ ਇਹ ਦਾਅਵਾ ਵੀ ਦਰੁਸਤ ਨਹੀਂ ਕਿ ਉਨ੍ਹਾਂ ਆਪਣੀਆਂ ਲਿਖਤਾਂ ਵਿਚ ਸੱਚ ਦਾ ਸਹਾਰਾ ਲਿਆ ਹੈ। ਦੂਜੀ ਕਿਤਾਬ ਵਿਚ ਉਹ ਲਿਖਦੇ ਹਨ, "1857 ਦੇ ਗਦਰ ਦੌਰਾਨ ਸਿੱਖ ਭਾਈਚਾਰੇ ਨੇ ਪੂਰਬੀਆਂ ਤੇ ਮਰਹੱਟਿਆਂ ਦਾ ਇਸ ਬਿਨਾਅ 'ਤੇ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਅਜੇ ਅੱਠ-ਦਸ ਸਾਲ ਪਹਿਲਾਂ ਇਹੀ ਪੂਰਬੀਏ ਐਂਗਲੋ-ਸਿੱਖ ਜੰਗਾਂ ਅੰਦਰ ਸਿੱਖਾਂ ਦੀ ਦੁਸ਼ਮਣ ਧਿਰ ਨਾਲ ਰਲ ਕੇ ਉਨ੍ਹਾਂ ਖ਼ਿਲਾਫ਼ ਲੜੇ ਸਨ।" ਅਸਲੀਅਤ ਇਹ ਹੈ ਕਿ ਨਾ ਤਾਂ ਕਿਧਰੇ ਪੂਰਬੀਆਂ ਤੇ ਮਰਹੱਟਿਆਂ ਨੇ ਸਿੱਖ ਭਾਈਚਾਰੇ ਦਾ ਸਾਥ ਮੰਗਿਆ ਤੇ ਨਾ ਹੀ ਕਿਧਰੇ ਸਿੱਖ ਭਾਈਚਾਰੇ ਨੇ ਸਾਥ ਦੇਣ ਜਾਂ ਨਾ ਦੇਣ ਬਾਰੇ ਵਿਚਾਰ ਕੀਤਾ। ਨਾ ਹੀ ਇਸ ਤੋਂ ਪਹਿਲਾਂ ਕਿਧਰੇ ਪੂਰਬੀਆਂ ਤੇ ਮਰਹੱਟਿਆਂ ਨੇ ਇਹ ਵਿਚਾਰ ਕੀਤਾ ਸੀ ਕਿ ਐਂਗਲੋ-ਸਿੱਖ ਜੰਗਾਂ ਵਿਚ ਕਿਸ ਦਾ ਸਾਥ ਦੇਣਾ ਹੈ। ਅੰਗਰੇਜ਼ੀ ਫੌਜ ਦੇ ਸਾਰੇ ਤਨਖਾਹਦਾਰ ਸਿਪਾਹੀ ਚਾਹੇ ਉਹ ਪੂਰਬੀਏ ਹੋਣ, ਪੱਛਮੀ ਜਾਂ ਉੱਤਰੀ; ਹਰ ਲੜਾਈ ਵਿਚ ਅਫ਼ਸਰਾਂ ਦੇ ਹੁਕਮ ਮੰਨਦੇ ਰਹੇ।

ਇਹ ਬਿਲਕੁੱਲ ਉਸੇ ਤਰ੍ਹਾਂ ਹੈ ਜਿਵੇਂ ਅੰਗਰੇਜ਼ ਅਫ਼ਸਰਾਂ ਦੇ ਹੁਕਮਾਂ ਨੂੰ ਮੰਨਦੇ ਹੋਏ ਹਿੰਦੁਸਤਾਨੀ ਫੌਜੀ, ਸਮੇਤ ਸਿੱਖ ਫੌਜੀਆਂ ਦੇ, ਯੂਰਪ ਦੀਆਂ ਲੜਾਈਆਂ ਵਿਚ ਲੜਨ ਵਾਸਤੇ ਗਏ; ਬਿਨਾਂ ਇਹ ਪੁੱਛੇ ਕਿ ਉਹ ਲੜਾਈ ਕਿਹੜੇ ਮੁਲਕ ਦੇ ਖ਼ਿਲਾਫ਼ ਸੀ ਤੇ ਕਿਉਂ? ਜੇ ਐਂਗਲੋ-ਸਿੱਖ ਜੰਗ ਦਾ ਗੁੱਸਾ ਸੀ ਤਾਂ ਸਾਰਾਗੜ੍ਹੀ ਤੇ ਯੂਰਪ ਵਿਚ ਅੰਗਰੇਜ਼ਾਂ ਦੀ ਖਾਤਰ ਖ਼ੂਨ ਕਿਉਂ ਵਹਾਇਆ? ਫਿਰ 1857 ਦਾ ਗ਼ਦਰ ਪੂਰਬੀਆਂ ਤੇ ਮਰਹੱਟਿਆਂ ਦਾ ਨਹੀਂ ਸੀ। ਇਨ੍ਹਾਂ ਦੀ ਇਕ ਗਿਣਤੀ ਅੰਗਰੇਜ਼ੀ ਫੌਜ ਵਿਚ ਰਹਿ ਕੇ ਗ਼ਦਰ ਦੇ ਵਿਰੁਧ ਲੜਦੀ ਰਹੀ। ਇਸੇ ਤਰ੍ਹਾਂ ਜਿੱਥੇ ਕੁਝ ਸਿੱਖਾਂ ਨੇ ਗ਼ਦਰ ਵਿਚ ਹਿੱਸਾ ਲਿਆ, ਕਈਆਂ ਨੇ ਗ਼ਦਰ ਦਬਾਉਣ ਵਿਚ ਅੰਗਰੇਜ਼ਾਂ ਦਾ ਸਾਥ ਵੀ ਦਿੱਤਾ ਪਰ ਉਸ ਦਾ ਕਾਰਨ ਐਂਗਲੋ-ਸਿੱਖ ਜੰਗਾਂ ਬਿਲਕੁਲ ਨਹੀਂ ਸੀ। ਉਨ੍ਹਾਂ ਜੰਗਾਂ ਵਿਚ ਅੰਗਰੇਜ਼ੀ ਫੌਜ ਅੰਦਰ ਸਿੱਖ ਵੀ ਸਨ।

ਹੋਰਨਾਂ ਨੂੰ ਨਸੀਹਤ ਦਿੰਦੇ ਹੋਏ ਵੀ ਸ.

*(ਅਗਲੇ ਸਫੇ 'ਤੇ ਜਾਰੀ)*

***ਇਸ ਕਿਤਾਬ ਨੂੰ ਮੋਟਿਆਂ ਕਰਨ ਵਾਸਤੇ ਸ. ਅਜਮੇਰ ਸਿੰਘ ਨੇ ਪੰਜਾਬੀ ਸੂਬੇ ਬਾਰੇ ਅਖ਼ਬਾਰਾਂ ਵਿਚ ਛਪਦੀਆਂ ਰਹੀਆਂ ਸਾਰੀਆਂ ਖ਼ਬਰਾਂ ਨੂੰ ਵੱਡੇ ਵਿਸਥਾਰ ਨਾਲ ਛਾਪਿਆ ਹੈ। ਇਸ ਵਿਚ 'ਹਿੰਦੂਆਂ ਨੇ ਇਹ ਕੀਤਾ' ਤੇ 'ਸਿੱਖਾਂ ਨੇ ਔਹ ਕੀਤਾ' ਦੀ ਚਰਚਾ ਵਾਰ-ਵਾਰ ਲਿਖ ਕੇ ਕਲਮ ਦਾ ਝੱਸ ਪੂਰਾ ਕੀਤਾ ਹੈ। ਕੇਵਲ ਇਕੋ ਹਕੀਕਤ ਗਾਇਬ ਹੈ ਕਿ ਪੰਜਾਬ ਦੇ ਲੋਕਾਂ ਦਾ ਇਨ੍ਹਾਂ ਚੰਦ ਸ਼ਰਾਰਤੀ ਮੰਡੀਰਾਂ ਨਾਲ ਕੋਈ ਵਾਸਤਾ ਨਹੀਂ ਸੀ। ਸਭ ਜਾਣਦੇ ਹਨ ਕਿ ਧਾਰਮਿਕ ਬਿਰਤੀਆਂ ਵਾਲਾ ਸਿੱਖ, ਮੰਦਰਾਂ ਅੱਗੇ ਗਊਆਂ ਦੇ ਹੱਡ ਨਹੀਂ ਸੁੱਟ ਸਕਦਾ ਤੇ ਨਾ ਹੀ ਰੱਬ ਦਾ ਖ਼ੌਫ਼ ਖਾਣ ਵਾਲਾ ਹਿੰਦੂ ਗੁਰਦੁਆਰੇ ਵਿਚ ਸਿਗਰਟਾਂ ਸੁੱਟ ਸਕਦਾ ਹੈ। ਪੰਜਾਬ ਦੇ ਪਿੰਡਾਂ ਵਿਚ ਨਾ ਤਾਂ 'ਧੋਤੀ ਟੋਪੀ ਯਮਨਾ ਪਾਰ' ਦੇ ਨਾਹਰੇ ਲੱਗੇ ਸਨ ਤੇ ਨਾ ਹੀ 'ਊੜਾ ਐੜਾ ਨਹੀਂ ਪੜ੍ਹਾਂਗੇ' ਦੇ; ਬਲਕਿ ਸਾਂਝੇ ਪੰਜਾਬ ਵਿਚ ਕੁੱਲੂ ਮਨਾਲੀ ਤੋਂ ਲੈ ਕੇ ਗੁੜਗਾਂਵਾਂ ਤੱਕ ਕੁਝ ਸਿਰਫਿਰੇ ਪਗਲੇ ਅਨਸਰਾਂ ਨੂੰ ਛੱਡ ਕੇ ਕਿਧਰੇ ਵੀ ਪੰਜਾਬੀ ਨੂੰ ਬਤੌਰ ਦੂਜੀ ਭਾਸ਼ਾ ਪੜ੍ਹਨ ਦਾ ਵਿਰੋਧ ਨਹੀਂ ਹੋਇਆ ਸੀ।***

ਅਜਮੇਰ ਸਿੰਘ ਇਸ ਕਰਕੇ ਉਲਟੀ ਦਿਸ਼ਾ ਵਾਲੀ ਗੱਡੀ ਚੜ੍ਹ ਗਏ ਹਨ ਕਿ ਉਨ੍ਹਾਂ ਪਲੇਟਫਾਰਮ ਹੀ ਗਲਤ ਚੁਣ ਲਿਆ। ਇਸ ਕਿਤਾਬ ਵਿਚ ਜਗ੍ਹਾ-ਜਗ੍ਹਾ 'ਹਿੰਦੂ ਹਕੂਮਤ, ਹਿੰਦੂ ਲੀਡਰ, ਹਿੰਦੂ ਪਾਰਟੀ' ਲਿਖਿਆ ਮਿਲਦਾ ਹੈ। ਜੇ ਮੁਖੀਆਂ ਦੇ ਮਜ਼ਹਬ ਨਾਲ ਹੀ ਸਰਕਾਰ ਦਾ ਮਜ਼ਹਬ ਬਣਨਾ ਹੋਵੇ ਤਾਂ ਦੁਨੀਆਂ ਦੀ ਹਰ ਹਕੂਮਤ ਜਾਂ ਇਸਾਈ ਹਕੂਮਤ ਹੋਵੇਗੀ ਜਾਂ ਮੁਸਲਿਮ ਹਕੂਮਤ, ਵਗੈਰਾ। ਫਿਰ ਇਹ ਨਹੀਂ ਸਮਝ ਆਉਂਦੀ ਕਿ ਇਨ੍ਹਾਂ ਸਰਕਾਰਾਂ ਦਾ ਵਿਰੋਧ ਇਨ੍ਹਾਂ ਹੀ ਧਰਮਾਂ ਦੇ ਲੋਕ ਕਿਉਂ ਕਰਦੇ ਹਨ? ਇਸ ਹਵਾਲੇ ਨਾਲ ਹੁਣ ਸਾਡੇ ਮੁਲਕ ਵਿਚ ਰਾਸ਼ਟਰਪਤੀ ਹਿੰਦੂ, ਉਪ ਰਾਸ਼ਟਰਪਤੀ ਮੁਸਲਮਾਨ, ਪ੍ਰਧਾਨ ਮੰਤਰੀ ਸਿੱਖ ਹੈ ਤਾਂ ਫਿਰ ਕੀ ਇਸ ਸਰਕਾਰ ਨੂੰ ਮਿਲਗੋਭਾ ਸਰਕਾਰ ਕਹਾਂਗੇ? ਜੇ ਇਹ ਨਿਰਣਾ ਉਨ੍ਹਾਂ ਵੋਟਰਾਂ ਦੇ ਮਜ਼ਹਬ ਨਾਲ ਕਰਨਾ ਹੈ ਜਿਹੜੇ ਸਰਕਾਰ ਨੂੰ ਚੁਣਦੇ ਹਨ ਤਾਂ ਨਿਰਸੰਦੇਹ ਪੰਜਾਬ ਦੀ ਸਰਕਾਰ ਸਿੱਖਾਂ ਦੀਆਂ ਵੋਟਾਂ ਨਾਲ ਬਣੀ ਹੈ ਤੇ ਉਸ ਨੂੰ ਸਿੱਖ ਹਕੂਮਤ ਕਹਾਂਗੇ। ਸਿੱਖਾਂ ਦੀ ਮਰਜ਼ੀ ਤੋਂ ਬਿਨਾਂ ਪੰਜਾਬ ਵਿਚ ਕੋਈ ਹਕੂਮਤ ਨਹੀਂ ਬਣ ਸਕਦੀ, ਸਭ ਜਾਣਦੇ ਹਨ।

ਇਸ ਕਿਤਾਬ ਨੂੰ ਮੋਟਿਆਂ ਕਰਨ ਵਾਸਤੇ ਸ. ਅਜਮੇਰ ਸਿੰਘ ਨੇ ਪੰਜਾਬੀ ਸੂਬੇ ਬਾਰੇ ਅਖ਼ਬਾਰਾਂ ਵਿਚ ਛਪਦੀਆਂ ਰਹੀਆਂ ਸਾਰੀਆਂ ਖ਼ਬਰਾਂ ਨੂੰ ਵੱਡੇ ਵਿਸਥਾਰ ਨਾਲ ਛਾਪਿਆ ਹੈ। ਇਸ ਵਿਚ 'ਹਿੰਦੂਆਂ ਨੇ ਇਹ ਕੀਤਾ' ਤੇ 'ਸਿੱਖਾਂ ਨੇ ਔਹ ਕੀਤਾ' ਦੀ ਚਰਚਾ ਵਾਰ-ਵਾਰ ਲਿਖ ਕੇ ਕਲਮ ਦਾ ਝੱਸ ਪੂਰਾ ਕੀਤਾ ਹੈ। ਕੇਵਲ ਇਕੋ ਹਕੀਕਤ ਗਾਇਬ ਹੈ ਕਿ ਪੰਜਾਬ ਦੇ ਲੋਕਾਂ ਦਾ ਇਨ੍ਹਾਂ ਚੰਦ ਸ਼ਰਾਰਤੀ ਮੰਡੀਰਾਂ ਨਾਲ ਕੋਈ ਵਾਸਤਾ ਨਹੀਂ ਸੀ। ਸਭ ਜਾਣਦੇ ਹਨ ਕਿ ਧਾਰਮਿਕ ਬਿਰਤੀਆਂ ਵਾਲਾ ਸਿੱਖ, ਮੰਦਰਾਂ ਅੱਗੇ ਗਊਆਂ ਦੇ ਹੱਡ ਨਹੀਂ ਸੁੱਟ ਸਕਦਾ ਤੇ ਨਾ ਹੀ ਰੱਬ ਦਾ ਖ਼ੌਫ਼ ਖਾਣ ਵਾਲਾ ਹਿੰਦੂ ਗੁਰਦੁਆਰੇ ਵਿਚ ਸਿਗਰਟਾਂ ਸੁੱਟ ਸਕਦਾ ਹੈ। ਪੰਜਾਬ ਦੇ ਪਿੰਡਾਂ ਵਿਚ ਨਾ ਤਾਂ 'ਧੋਤੀ ਟੋਪੀ ਯਮਨਾ ਪਾਰ' ਦੇ ਨਾਹਰੇ ਲੱਗੇ ਸਨ ਤੇ ਨਾ ਹੀ 'ਉੜਾ ਐੜਾ ਨਹੀਂ ਪੜ੍ਹਾਂਗੇ' ਦੇ; ਬਲਕਿ ਸਾਂਝੇ ਪੰਜਾਬ ਵਿਚ ਕੁੱਲੂ ਮਨਾਲੀ ਤੋਂ ਲੈ ਕੇ ਗੁੜਗਾਵਾਂ ਤੱਕ ਕੁਝ ਸਿਰਫਿਰੇ ਪਗਲੇ ਅਨਸਰਾਂ ਨੂੰ ਛੱਡ ਕੇ ਕਿਧਰੇ ਵੀ ਪੰਜਾਬੀ ਨੂੰ ਬਤੌਰ ਦੂਜੀ ਭਾਸ਼ਾ ਪੜ੍ਹਨ ਦਾ ਵਿਰੋਧ ਨਹੀਂ ਹੋਇਆ ਸੀ।

ਪੰਜਾਬੀ ਸੂਬੇ ਦੇ ਮੋਰਚੇ ਨੂੰ ਸਿੱਖ ਮੋਰਚਾ ਸਿਰਫ਼ ਵਿਰੋਧੀਆਂ ਨੇ ਹੀ ਨਹੀਂ ਦਰਸਾਇਆ ਸੀ, ਹੁਣ ਸ. ਅਜਮੇਰ ਸਿੰਘ ਨੇ ਵੀ ਪੁਸ਼ਟੀ ਕਰ ਦਿੱਤੀ ਹੈ। ਅਸਲੀਅਤ ਇਹ ਹੈ ਕਿ ਪੰਜਾਬੀ ਸੂਬਾ ਬਣਨ ਨਾਲ ਪੰਜਾਬੀ ਨੂੰ ਤਾਂ ਕਰਾਰੀ ਸੱਟ ਵੱਜੀ ਹੀ ਹੈ, ਸਿੱਖਾਂ ਦੇ ਰਸੂਖ ਦਾ ਖੇਤਰ ਵੀ ਘਟਿਆ ਹੈ। ਇਸ ਨੇ ਸਿੱਖਾਂ ਦਾ ਫਾਇਦਾ ਨਹੀਂ, ਨੁਕਸਾਨ ਕੀਤਾ ਹੈ। ਕਾਂਗੜਾ ਤੇ ਰੋਹਤਕ ਵਰਗੇ ਸ਼ਹਿਰਾਂ ਵਿਚ ਵੱਸੇ ਚੰਗੇ ਕਾਰੋਬਾਰੀ ਸਿੱਖਾਂ ਨੂੰ ਨਵੰਬਰ 1966 ਵਿਚ ਰਾਤੋ-ਰਾਤ ਪਰਦੇਸੀ ਬਣਾ ਦਿੱਤਾ ਗਿਆ।

ਫਿਰ ਲੰਬੀ ਕਥਾ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਦੇ ਮੋਰਚਿਆਂ ਦੀ ਚੱਲਦੀ ਹੈ। ਇਥੇ ਉਹੀ ਗੱਲ ਹੋਈ ਹੈ ਕਿ ਜੇ ਉਲਟੀ ਦਿਸ਼ਾ ਵਾਲੀ ਗੱਡੀ ਚੜ੍ਹੋਂ ਤਾਂ ਪਿੱਛੇ ਦੌੜਿਆਂ ਕੋਈ ਫਰਕ ਨਹੀਂ ਪੈਂਦਾ। ਇਹ ਸਾਰੇ ਮੋਰਚੇ ਅੰਮ੍ਰਿਤਸਰ ਲੱਗੇ। ਕੋਈ ਮੋਰਚਾ ਚੰਡੀਗੜ੍ਹ ਵਿਚ ਇਥੋਂ ਦੇ ਲੋਕਾਂ ਵੱਲੋਂ ਨਹੀਂ ਲੱਗਾ ਕਿ ਸਾਨੂੰ ਪੰਜਾਬ ਵਿਚ ਮਿਲਾਇਆ ਜਾਵੇ। ਨਾ ਹੀ ਅਜਿਹਾ ਮੋਰਚਾ 'ਪੰਜਾਬੀ ਬੋਲਦੇ ਇਲਾਕਿਆਂ' ਦੇ ਲੋਕਾਂ ਵੱਲੋਂ ਲੱਗਾ।

ਇਸ ਕਿਤਾਬ ਦੇ ਸ਼ੁਰੂ ਵਿਚ ਸ. ਅਜਮੇਰ ਸਿੰਘ ਦੋ ਸਫ਼ੇ ਆਪਣੀ ਮਾਤਾ ਨੂੰ ਯਾਦ ਕਰਦਿਆਂ ਬਹੁਤ ਜਜ਼ਬਾਤੀ ਰੌਂਅ ਵਿਚ ਲਿਖਦੇ ਹਨ। ਇਨ੍ਹਾਂ ਜਜ਼ਬਾਤ ਦੀ ਕਦਰ ਕਰਨੀ ਬਣਦੀ ਹੈ ਲੇਕਿਨ ਮਾਂ ਦੇ ਮੂੰਹ ਵਿਚ ਆਪ ਹੀ ਲਿਖ ਕੇ ਪਾਏ ਸ਼ਬਦਾਂ ਉਪਰ ਸ. ਅਜਮੇਰ ਸਿੰਘ ਪੂਰੇ ਨਹੀਂ ਉਤਰੇ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਪੁਸਤਕ ਦੀ ਸਿਰਜਣਾ 'ਮਾਂ ਧਰਤੀ' ਤੇ 'ਧਰਤੀ-ਮਾਂ' ਦਾ ਕਰਜ਼ ਚੁਕਾਉਣ ਦਾ ਛੋਟਾ ਜਿਹਾ ਜਤਨ ਹੀ ਹੈ ਲੇਕਿਨ ਜਿਥੋਂ ਤੱਕ ਕਿਤਾਬ ਦੀ ਇਬਾਰਤ ਦਾ ਸਵਾਲ ਹੈ, ਇਹ ਧਰਤੀ ਮਾਂ ਦੀ ਹਿੱਕ ਨੂੰ ਧਰਮਾਂ, ਜਾਤਾਂ ਤੇ ਕੌਮਾਂ ਦੀਆਂ ਲਕੀਰਾਂ ਨਾਲ ਚੀਰਨ ਦਾ ਜ਼ੋਰਦਾਰ ਜਨੂੰਨੀ ਉਪਰਾਲਾ ਹੈ।

ਅਜਿਹਾ ਜਜ਼ਬਾਤੀ ਦਾਅਵਾ ਕਰਨ ਤੋਂ ਬਾਅਦ ਵੀ ਸ. ਅਜਮੇਰ ਸਿੰਘ ਦੀ ਇਬਾਰਤ ਦੇ ਬੋਲ ਨੇ, "ਗੁੱਸੇ ਵਿਚ ਆਏ ਸਿੱਖ ਜੁਝਾਰੂਆਂ ਨੇ ਪੰਜਾਬ ਅੰਦਰ ਨਿਰੰਕਾਰੀਆਂ ਨੂੰ ਚੁਣ-ਚੁਣ ਕੇ ਕਤਲ ਕਰਨਾ ਸ਼ੁਰੂ ਕਰ ਦਿੱਤਾ।" ਹੁਣ ਜੇ ਗੁੱਸੇ ਵਿਚ ਆ ਕੇ ਕਤਲ ਕਰਨ ਵਾਲਿਆਂ ਨੂੰ ਵੀ ਜੁਝਾਰੂ ਕਹਿਣਾ ਹੈ ਤਾਂ ਇਸ ਮੁਲਕ ਵਿਚ ਜੁਝਾਰੂਆਂ ਦੀ ਕਮੀ ਹੀ ਕੋਈ ਨਹੀਂ। ਇਸ ਤਰ੍ਹਾਂ ਨਵੰਬਰ 84 ਵਿਚ ਇੰਦਰਾਂ ਗਾਂਧੀ ਦੇ ਕਤਲ ਤੋਂ ਗੁੱਸੇ ਵਿਚ ਆਏ ਹਿੰਦੂ, ਮੁਸਲਿਮ ਜੁਝਾਰੂਆਂ ਨੇ ਸਿੱਖਾਂ ਦੇ ਕਤਲ ਕੀਤੇ; 2002 ਵਿਚ ਮੁਸਲਿਮ ਜੁਝਾਰੂਆਂ ਨੇ ਗੋਧਰਾ ਵਿਚ ਗੱਡੀ ਦੇ ਡੱਬੇ ਨੂੰ ਅੱਗ ਲਗਾ ਦਿੱਤੀ ਤੇ ਫਿਰ ਹਿੰਦੂ ਜੁਝਾਰੂਆਂ ਨੇ ਕਤਲਾਂ ਦੀ ਝੜੀ ਲਗਾ ਦਿੱਤੀ। ਇਸ ਤੋਂ ਬਾਅਦ ਅਕਸ਼ਰਧਾਮ ਮੰਦਰ ਉਪਰ ਹਮਲਾ ਕਰਕੇ ਮੁਸਲਿਮ ਜੁਝਾਰੂਆਂ ਨੇ ਸੈਂਕੜੇ ਸ਼ਰਧਾਲੂ ਮੌਤ ਦੇ ਘਾਟ ਉਤਾਰੇ ਜਿਨ੍ਹਾਂ ਵਿਚ ਇਕ ਸਿੱਖ ਪਰਿਵਾਰ ਵੀ ਸੀ। ਇਸ ਤਰ੍ਹਾਂ ਤਾਂ ਸਿਰਫ ਹਿੰਦੁਸਤਾਨ ਹੀ ਨਹੀਂ, ਪਾਕਿਸਤਾਨ ਤੇ ਬੰਗਲਾ ਦੇਸ਼ ਸਮੇਤ ਸਾਰਾ ਉਪ ਮਹਾਂਦੀਪ ਹੀ ਜੁਝਾਰੂਆਂ ਦਾ ਭਰਿਆ ਹੈ ਜਿਨ੍ਹਾਂ ਨੇ ਬਾਬਰੀ ਮਸਜਿਦ ਗਿਰਾਏ ਜਾਣ ਤੋਂ ਬਾਅਦ ਉਨ੍ਹਾਂ ਹਿੰਦੂ ਕੁੜੀਆਂ ਦੇ ਰੇਪ ਕੀਤੇ ਜਿਹੜੀਆਂ ਕਦੇ ਅਯੁੱਧਿਆ ਗਈਆਂ ਹੀ ਨਹੀਂ ਸਨ।

ਹਰ ਇਕ ਨੂੰ ਆਪਣੇ ਵਿਚਾਰ ਰੱਖਣ ਦਾ ਪੂਰਾ ਹੱਕ ਹੈ। ਘੱਟੋ-ਘੱਟ ਮੇਰੇ ਮੁਲਕ ਵਿਚ ਇਹ ਹੱਕ ਦੁਨੀਆ ਦੇ ਕਈ ਮੁਲਕਾਂ ਨਾਲੋਂ ਵਧੇਰੇ ਹੈ। ਸ. ਅਜਮੇਰ ਸਿੰਘ ਹੋਰਾਂ ਕਾਫ਼ੀ ਮਿਹਨਤ ਨਾਲ ਮੋਟੀਆਂ ਕਿਤਾਬਾਂ ਲਿਖੀਆਂ ਹਨ ਪਰ ਚੰਗਾ ਹੁੰਦਾ ਜੇ ਇਸ ਕਿਤਾਬ ਵਿਚ ਮਾਂ ਅਤੇ ਧਰਤੀ ਮਾਂ ਦਾ ਜ਼ਿਕਰ ਨਾ ਘਸੀਟਿਆ ਜਾਂਦਾ। ਇਹ ਬਹੁਤ ਮੋਹ ਭਿੰਨੀਆਂ ਹਸਤੀਆਂ ਹਨ। ਮਾਂਵਾਂ ਤੇ ਧਰਤੀ ਮਾਂ ਵਾਸਤੇ ਸਭ ਪੁੱਤਰ ਬਰਾਬਰ ਹਨ। ਸ. ਅਜਮੇਰ ਸਿੰਘ ਨੇ 1978 ਵਿਚ ਹੋਏ ਨਿਰੰਕਾਰੀ ਸੰਮੇਲਨ ਦੇ ਦੁਖਾਂਤ ਦਾ ਜ਼ਿਕਰ ਕਰਦੇ 13 ਮੌਤਾਂ ਦਾ ਜ਼ਿਕਰ ਕੀਤਾ ਹੈ ਜਦ ਕਿ ਉਥੇ 16 ਕੀਮਤੀ ਇਨਸਾਨੀ ਜਾਨਾਂ ਗਈਆਂ ਸਨ। ਪਹਿਲਾਂ ਤਿੰਨ ਨਿਰੰਕਾਰੀ ਜਲਸੇ ਦੇ ਵਲੰਟੀਅਰ ਮਰੇ ਤੇ ਫਿਰ ਉਸ ਜਲਸੇ ਵਿਚ ਦਖਲ ਦੇਣ ਵਾਲੇ ਗਰੁੱਪ ਦੇ 13 ਬੰਦੇ ਮਰੇ। ਮਾਂ-ਹਿਰਦੇ ਵਾਸਤੇ ਸੋਲਾਂ ਦੀਆਂ ਸੋਲਾਂ ਮੌਤਾਂ ਬਰਾਬਰ ਦੀਆਂ ਦੁਖਦਾਈ ਹਨ। ਮਾਂ ਹਿਰਦਾ ਮੌਤਾਂ ਵਿਚ ਵੰਡੀਆਂ ਨਹੀਂ ਪਾਉਂਦਾ; ਇਕ ਕਤਲ ਦੀ ਸਰਾਹਨਾ ਤੇ ਦੂਜੇ ਦੀ ਨਿੰਦਿਆ ਨਹੀਂ ਕਰਦਾ। ਮਾਂ-ਹਿਰਦੇ ਵਾਸਤੇ ਇਨਸਾਨ ਦੇ ਹੱਥੋਂ ਇਨਸਾਨ ਦਾ ਹਰ ਕਤਲ ਗੁਨਾਹ ਹੈ। ਕਿਸੇ ਕ੍ਰਿਤਘਣ ਮੁਜਰਮ ਦੀ ਫਾਂਸੀ ਵੀ ਮਾਂ ਹਿਰਦੇ ਵਾਸਤੇ ਸਦਮਾ ਹੈ।

ਇਕ ਵਾਰ ਫਿਰ ਮੈਂ ਇਸ ਸਵਾਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਸਿੱਖ ਰਾਜ ਦਾ ਸੁਪਨਾ ਕਿਉਂ ਡਰਾਉਂਦਾ ਹੈ। ਮੈਨੂੰ ਸਿਰਫ਼ ਸਿੱਖ ਰਾਜ ਹੀ ਨਹੀਂ, ਸ਼ਬਦ 'ਰਾਜ' ਨਾਲ ਲੱਗਿਆ ਅਜਿਹਾ ਹਰ ਵਿਸ਼ਲੇਸ਼ਣ ਡਰਾਉਂਦਾ ਹੈ। ਹਿੰਦੂ ਰਾਜ, ਮੁਸਲਿਮ ਰਾਜ, ਇਸਾਈ ਰਾਜ ਅਤੇ ਇਥੋਂ ਤੱਕ ਕਿ ਰਾਮ ਰਾਜ ਵੀ ਡਰਾਉਂਦਾ ਹੈ। ਜੇ ਨਹੀਂ ਡਰਾਉਂਦਾ ਤਾਂ ਸਿਰਫ਼ ਲੋਕ ਰਾਜ, ਕਿਉਂਕਿ ਇਸ ਵਿਚ ਜੇ ਵਧੀਕੀਆਂ ਤੇ ਬੇ ਇਨਸਾਫ਼ੀਆਂ ਹੋਣਗੀਆਂ ਤਾਂ ਉਨ੍ਹਾਂ ਨੂੰ ਦੂਰ ਕਰਨ ਦਾ ਰਸਤਾ ਹੈ। ਇਸੇ ਰਾਜ ਵਿਚ ਆਜ਼ਾਦੀ ਹੈ। ਇਕ ਧਰਮ ਦੇ ਸੁੱਖਾਂ ਲੱਦੇ ਰਾਜ ਦੀ ਦੁਨੀਆ ਵਿਚ ਕਿਧਰੇ ਕੋਈ ਉਦਾਹਰਣ ਨਹੀਂ। ਆਖਰ ਜੇ ਇਨ੍ਹਾਂ ਰਾਜਾਂ ਨਾਲ ਸੁੱਖ ਮਿਲਦਾ ਹੁੰਦਾ ਤਾਂ ਨੇਪਾਲ ਵਾਲੇ ਕਿਉਂ ਆਪਣੇ ਰਾਜ ਨਾਲੋਂ ਸ਼ਬਦ 'ਪਾਤਸ਼ਾਹੀ' ਤੇ ਸ਼ਬਦ 'ਹਿੰਦੂ' ਮਤਾ ਪਾਸ ਕਰਕੇ ਹਟਾਉਂਦੇ? ਇਸ ਵਾਸਤੇ ਜਿਨ੍ਹਾਂ ਚੀਜ਼ਾਂ ਦੇ ਯੁੱਗ ਖ਼ਤਮ ਹੀ ਹੋ ਗਏ ਹਨ, ਕਿਉਂ ਬੇਲੋੜੇ ਸੁਪਨੇ ਲਏ ਜਾਣ? ਕਿਉਂ ਨਾ ਰਮਣੀਕ ਤੇ ਸੁੱਖਾਂ ਦੇ ਸੁਪਨੇ ਲਏ ਜਾਣ।

ਹਾਂ, ਇਸ ਦੇ ਬਾਵਜੂਦ ਮੈਂ ਆਪਣਾ ਵਾਅਦਾ ਦੁਹਰਾਉਂਦਾ ਹਾਂ ਕਿ ਜੇ ਕੋਈ ਸਮਝਾਵੇ ਕਿ ਐਸ ਕਿਸਮ ਦਾ ਰਾਜ ਹੋ ਸਕਦਾ ਹੈ ਜਿਸ ਵਿਚ ਵੱਡੀ ਪੱਧਰ ਦੀ ਸੁੱਖ-ਸ਼ਾਂਤੀ, ਅਮਨ, ਜਮਹੂਰੀਅਤ ਤੇ ਸ਼ਖ਼ਸੀ ਆਜ਼ਾਦੀ ਮਿਲ ਸਕਦੀ ਹੈ ਤਾਂ ਮੈਂ ਜ਼ਰੂਰ ਅਜਿਹੇ ਸੁਪਨੇ ਵਿਚ ਸ਼ਾਮਲ ਹੋਵਾਂਗਾ ਤੇ ਪੂਰਤੀ ਵਾਸਤੇ ਉਪਰਾਲਿਆਂ ਵਿਚ ਹੱਥ ਵਟਾਵਾਂਗਾ।

# ਮੁੱਲ ਪੈਣਾ ਏ ਕਰਮਾਂ ਤੇਰਿਆਂ ਦਾ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਸਿਆਲਾਂ ਦੀ ਰੁੱਤ ਵਿਚ ਜਿਉਂ ਹੀ ਸੂਰਜ ਦੀਆਂ ਸੁਨਹਿਰੀ ਕਿਰਨਾਂ ਸੂਬੇਦਾਰਾਂ ਦੇ ਭਰਤਾਂ 'ਤੇ ਪੈਂਦੀਆਂ, ਤਿਉਂ ਹੀ ਖੋਸਾਂ ਦੀਆਂ ਬੁੱਕਲਾਂ ਮਾਰ ਕੇ ਧੁੱਪ ਸੇਕਣ ਵਾਲੇ ਜਵਾਨ, ਬੁੱਢੇ ਆ ਬੈਠਦੇ। ਧੁੱਪ ਦਾ ਨਿੰਘ ਮਾਣਦੇ "ਖੁੰਡ ਚਰਚਾ" ਸ਼ੁਰੂ ਕਰ ਲੈਂਦੇ। ਲੰਘਦੇ-ਕਰਦੇ ਨੂੰ ਟਿੱਚਰ-ਮਖੌਲ ਕਰੀ ਜਾਂਦੇ। ਜਾਗਰ ਅਮਲੀ ਦੇ ਹੱਥ ਵਿਚ ਬੱਕਰੀ ਦੀ ਸੰਗਲੀ ਫੜੀ ਦੇਖ ਕੇ ਦੇਵ ਅਮਲੀ ਬੋਲਿਆ, "ਜਾਗਰਾ, ਲੱਗਦਾ ਪੰਜ ਸੌ ਦੇ ਨੋਟ ਨੂੰ ਧੂਫ ਦੇ ਹੀ ਦਿੱਤੀ।"

"ਆਹੋ! ਦੇਵ ਸਿਆਂ। ਨਿੱਤ ਕੀਹਦੇ ਦਰ ਜਾ ਕੇ ਦੁੱਧ ਮੰਗੀਏ। ਡੈਰੀ ਵਾਲੇ ਛਿੱਲ ਬਹੁਤੀ ਲਾਹੁੰਦੇ ਨੇ। ਨਾਲੇ ਸਵੇਰੇ-ਸਵੇਰੇ ਸਾਡਾ ਬੂਥਾ ਦੇਖ ਕੇ ਅਗਲਾ ਉਦਾਂ ਹੀ ਖੁਸ਼ ਨਹੀਂ ਹੁੰਦਾ, ਦੁੱਧ ਕਿੱਥੋਂ ਮਿਲਣਾ ਹੈ। ਤਿੰਨ ਸੇਰ ਪੱਕਾ ਦੁੱਧ ਦਿੰਦੀ ਹੈ, ਇਕ ਵੇਲੇ ਦਾ। ਜਿੰਨਾ ਖਾ-ਪੀ ਲਿਆ ਲਾਹੇ ਦਾ। ਬਾਕੀ ਇਸ ਦੀ ਖੁਰਾਕ ਜੋਗਾ ਡੈਰੀ ਪਾ ਦਿਆ ਕਰੂੰ।" ਜਾਗਰ ਆਪਣੇ ਭਵਿੱਖ ਦੀ ਵਿਉਂਤ ਸੁਣਾ ਗਿਆ।

"ਜਾਗਰਾ, ਲੱਗਦੀ ਤਾਂ ਨਰਮ ਜਿਹੀ ਉਮਰ ਦੀ ਹੈ। ਜੇ ਸੂਏ ਪੈ ਗਈ ਤਾਂ ਪਠੋਰਿਆਂ ਨਾਲ ਘਰ ਭਰ ਦੇਊ ਇਕ ਦਿਨ।" ਦੇਵ ਮਾਰ ਤਾਂ ਟਕੋਰ ਰਿਹਾ ਸੀ ਪਰ ਗੱਲ ਕੰਮ ਦੀ ਕਰ ਗਿਆ।

"ਦੇਵ ਸਿਆਂ, ਜੇ ਰੱਬ ਨੇ ਸਾਡੇ ਕਰਮਾਂ ਵਿਚ ਤੀਵੀਂ ਨਹੀਂ ਲਿਖੀ ਤਾਂ ਕੋਈ ਗੱਲ ਨਹੀਂ। ਆਪਾਂ ਇਸ ਵਿਚੋਂ ਹੀ ਆਰ-ਪਰਿਵਾਰ ਬਣਾ ਲਵਾਂਗੇ। ਪਠੋਰਿਆਂ ਨੂੰ ਪੁੱਤਾਂ ਵਾਲਾ ਪਿਆਰ ਦੇ ਦੇਵਾਂਗੇ। ਉਂਜ ਬਾਜਾਂ ਵਾਲੇ ਦਾ ਪਤਾ ਨਹੀਂ ਕਦੋਂ ਛੱਪਰ ਪਾੜ ਕੇ ਧੰਨ-ਧੰਨ ਕਰਵਾ ਦੇਵੇ।" ਜਾਗਰ ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁਝ ਕਹਿ ਗਿਆ।

"ਜਾਗਰਾ, ਤੀਵੀਆਂ ਵਾਲੇ ਕਿਹੜਾ ਸੌਖੇ ਨੇ। ਨਿੱਤ ਸਿੜ੍ਹੀ-ਸਿਆਪਾ ਪਿਆ ਰਹਿੰਦਾ। ਆਪਾਂ ਸੌ ਗੁਣ ਚੰਗੇ ਹਾਂ। ਬੀ.ਬੀ.ਸੀ. ਲੰਡਨ ਵਾਂਗੂੰ ਹਰ ਇਕ ਦੀ ਖ਼ਬਰ ਰੱਖਦੇ ਹਾਂ। ਕਿਹੜਾ ਕਿੱਥੇ ਖੰਘਦਾ ਹੈ ਤੇ ਕਿਹੜੀ ਕਿੱਥੇ ਵੜਦੀ ਹੈ।" ਦੇਵ ਚਸਕਾ ਲੈਂਦਿਆਂ ਬੋਲਿਆ।

"ਦੇਵ ਸਿਆਂ, ਹੋਰ ਅਸੀਂ ਕਿਹੜੀ ਭਜਨ-ਬੰਦਗੀ ਕਰਨੀ ਹੈ। ਜਿਹੋ ਜਿਹੀਆਂ ਕਰਤੂਤਾਂ ਦੇ ਮਾਲਕ ਹਾਂ, ਰੱਬ ਸਾਥੋਂ ਕਰਵਾਈ ਜਾਂਦਾ ਹੈ।" ਜਾਗਰ ਰੱਬ ਦੀ ਰਜ਼ਾ ਵਿਚ ਕਹਿ ਗਿਆ।

"ਜਾਗਰਾ, ਹੁਣ ਹੋ ਗਿਆ ਘਰਦਾ ਲਵੇਰਾ, ਤੇ ਨਾਲੇ ਘਰੇ ਹੋ ਗਈ ਰੌਣਕ।" ਬੰਤੇ ਸਿਪਾਹੀ ਨੇ ਟਿੱਚਰ ਕੀਤੀ।

"ਨੌਕਰਾ, ਅਸੀਂ ਤਾਂ ਬੱਕਰੀ ਨਾਲ ਹੀ ਰੌਣਕ ਬਣਾਉਣੀ ਆ। ਤੂੰ ਗਿਝਿਆਂ ਤੀਵੀਆਂ ਨਾਲ ਰੌਣਕ ਬਣਾਉਣ। ਜਦੋਂ ਚੜ੍ਹ ਗਿਆ ਸਿੰਘਾਂ ਦੇ ਅੜਿੱਕੇ ਫਿਰ ਪਤਾ ਲੱਗੂ ਕੀ ਭਾਅ ਵਿਕਦੀ ਐ।" ਜਾਗਰ ਬੰਤੇ ਦਾ ਹਮ-ਜਮਾਤੀ ਸੀ ਅਤੇ ਉਸ ਨੂੰ ਸਦਾ ਸਰਕਾਰ ਦਾ ਨੌਕਰ ਹੀ ਸੱਦਦਾ ਸੀ।

"ਜਾਗਰਾ, ਆਪਣੇ ਬੇਲੀ ਨੂੰ ਐਵੇਂ ਬਦਨਾਮ ਨਾ ਕਰ। ਉਦਾਂ ਸਾਡਾ ਮਹਿਕਮਾ ਹੀ ਥੋੜ੍ਹਾ ਬਦਨਾਮ ਆ।" ਅਮਲੀਆਂ ਵਾਂਗੂੰ ਬੰਤਾ ਗੱਲ ਗੋਲ-ਮੋਲ ਜਿਹੀ ਕਰ ਗਿਆ।

"ਜਾਗਰਾ ਚੱਲ ਘਰ। ਬੱਕਰੀ ਨੂੰ ਚਾਂਦੀ ਸੁੰਘਾ ਕੇ ਚੋਈਏ। ਨਾਲੇ ਚਾਹ ਬਣਾਈਏ।" ਦੇਵ ਨੇ ਟੁੱਟਦੇ ਨਸ਼ੇ ਨਾਲ ਕਿਹਾ।

"ਦੇਵ ਸਿਆਂ, ਚਮਚਾ ਕੁ ਮੈਨੂੰ ਵੀ ਲੁਆ ਦਿਓ। ਅੱਜ ਛੁੱਟੀ ਕੀਤੀ ਐ। ਮਾੜੀ ਜਿਹੀ ਅੱਖ ਖੜ੍ਹ ਜਊ।" ਬੰਤਾ ਚਾਹ ਦਾ ਸ਼ਰੀਕ ਬਣਦਾ ਬੋਲਿਆ।

ਬੱਕਰੀ ਕਿੱਲੇ 'ਤੇ ਬੰਨ੍ਹ ਕੇ ਜਾਗਰ ਨੇ ਚਾਂਦੀ ਸੁੰਘਾ ਦਿੱਤੀ ਤੇ ਡੋਲੂ ਲੈ ਕੇ ਪਾਣੀ ਦੇ ਛਿੱਟੇ ਮਾਰਨ ਲੱਗਿਆ। ਬੱਕਰੀ ਛਾਲ ਮਾਰ ਗਈ। ਜਾਗਰ ਪਿਛਲੇ ਪਾਸੇ ਨੂੰ ਡਿੱਗ ਪਿਆ ਤੇ ਬੋਲਿਆ, "ਨੌਕਰਾ, ਕਾਬੂ ਕਰ ਇਹਨੂੰ। ਤੈਨੂੰ ਪਤਾ ਇਹਦੀ ਨਾੜੀ ਦਾ।" ਬੰਤੇ ਨੇ ਬੱਕਰੀ ਦੀਆਂ ਪਿਛਲੀਆਂ ਦੋਵੇਂ ਲੱਤਾਂ ਘੁੱਟ ਕੇ ਫੜ ਲਈਆਂ। ਦੇਵ ਬੱਕਰੀ ਦਾ ਸਿਰ ਪਲੋਸਣ ਲੱਗ ਗਿਆ। ਜਾਗਰ ਨੇ ਦੁੱਧ ਦਾ ਡੋਲੂ ਭਰ ਲਿਆ ਤੇ ਰੱਬ ਵੱਲ ਮੂੰਹ ਕਰਕੇ ਬੋਲਿਆ, "ਬਾਜਾਂ ਵਾਲਿਆ ਜਿਵੇਂ ਅੱਜ ਜਾਗਰ ਦੇ ਘਰ ਦੁੱਧ ਦਿੱਤਾ ਹੈ, ਇਵੇਂ ਹੀ ਕਿਸੇ ਦਿਨ ਪੁੱਤ ਦੇ ਦੇਵੀਂ। ਮੈਂ ਡੰਡੌਤ ਕਰਦਾ ਹਜ਼ੂਰ ਸਾਹਿਬ ਜਾਵਾਂ।"

"ਜਾਗਰਾ, ਕਮਲਾ ਨਾ ਹੋ। ਮੈਂ ਇਕ-ਦੋ ਬੰਦਿਆਂ ਨਾਲ ਤੇਰੇ ਰਿਸ਼ਤੇ ਦੀ ਗੱਲ ਕੀਤੀ ਹੈ। ਜਿਸ ਦਿਨ ਗੱਲ ਬਣ ਗਈ, ਆਪਾਂ 'ਨੰਦ ਪੜ੍ਹਾ ਲਿਆਉਣੇ ਨੇ। ਬੰਤਾ ਜਿਵੇਂ ਸੱਚੀਂ ਆਪਣੇ ਮਿੱਤਰ ਦਾ ਘਰ ਵਸਾਉਣਾ ਚਾਹੁੰਦਾ ਹੋਵੇ।

ਦੇਵ ਨੇ ਪਤੀਲੀ ਮਾਂਜ ਕੇ ਚੁੱਲ੍ਹੇ ਧਰ ਦਿੱਤੀ। ਚਾਹ ਰਿੰਨ੍ਹ ਕੇ ਅਮਲੀਆਂ ਦੇ ਲਹੂ ਵਰਗੀ ਬਣਾ ਦਿੱਤੀ ਤੇ ਚਾਹ ਦੀਆਂ ਸਿਫ਼ਤਾਂ ਵੀ ਆਪ ਕਰ ਗਿਆ। 'ਆਪੇ ਮੈਂ ਮੱਥਾ ਟੇਕਾਂ, ਆਪੇ ਮੈਂ ਬੁੱਚ-ਸੁਹਾਗਣ' ਵਾਲੀ ਗੱਲ ਕੀਤੀ।

ਦੇਵ ਨੇ ਜਾਗਰ ਤੋਂ ਚਮਚਾ ਭੁੱਕੀ ਦਾ ਖਾਧਾ ਤੇ ਚਾਹ ਪੀ ਕੇ ਬੂਹਾ ਟੱਪ ਗਿਆ। ਬੰਤੇ ਨੇ ਵੀ ਚਮਚੇ ਦੀ ਫੱਕੀ ਮਾਰੀ ਤੇ ਚਾਹ ਪੀਤੀ। ਜਦੋਂ ਬੰਤਾ ਤੁਰਨ ਲੱਗਿਆ ਤਾਂ ਜਾਗਰ ਨੇ ਕਿਹਾ, "ਨੌਕਰਾ, ਪੁੰਨ ਦਾ ਇਕ ਕੰਮ ਕਰ ਦੇ ਮੇਰਾ। ਘਰ ਵਸਾ ਦੇ। ਤੀਵੀਂ ਲਿਆ ਦੇ ਮੈਨੂੰ। ਚੋਰੀ ਦੀ ਬੰਦੂਕ ਵਾਂਗ ਸਾਂਭ-ਸਾਂਭ ਰੱਖੂੰ। ਮੈਂ ਆਪਣੀ ਜ਼ਮੀਨ ਵਿਚ ਸ਼ਰੀਕ ਨਹੀਂ ਵੜਨ ਦੇਣੇ ਚਾਹੁੰਦਾ। ਮੇਰੀ ਜੜ੍ਹ ਲੱਗ ਜਾਵੇ। ਫਿਰ ਰੱਬ ਭਲਾਂ ਦੂਜੇ ਦਿਨ ਜਹਾਨੋਂ ਲੈ ਜਾਵੇ।"

"ਜਾਗਰਾ, ਫਿਕਰ ਨਾ ਕਰ। ਤੈਨੂੰ ਕਿਹਾ ਨਾ, ਇਹ ਤੇਰਾ ਕੰਮ ਆਪਾਂ ਕਰਨਾ ਹੀ ਹੈ। ਥਾਣੇ ਦੇ ਮੂਹਰੇ ਜਿਹੜਾ ਚਾਹ ਵਾਲਾ ਬੈਠਾ, ਉਸ ਦੀਆਂ ਤਿੰਨ ਕੁੜੀਆਂ ਵਿਆਹੁਣ ਵਾਲੀਆਂ ਨੇ। ਬੰਦਾ ਵਿਚਾਰਾ ਸਾਊ ਹੈ ਪਰ ਗਰੀਬ ਹੋਣ ਕਰਕੇ ਥੋੜ੍ਹਾ ਡਰਦਾ ਹੈ। ਬਾਕੀ ਤੂੰ ਵੀ ਨਸ਼ੇ ਵਾਲੀ ਚੂਤੀ ਘੱਟ ਕਰ ਦੇ। ਮਾੜਾ-ਮੋਟਾ ਬਣ-ਠਣ ਕੇ ਰਿਹਾ ਕਰ।" ਇਹ ਕਹਿੰਦਾ ਹੋਇਆ ਬੰਤਾ ਵੀ ਬੂਹਾ ਟੱਪ ਗਿਆ।

"ਨੌਕਰਾ, ਨਸ਼ਾ ਤਾਂ ਘੱਟ ਹੀ ਕਰੀਦਾ ਹੈ ਪਰ ਤੇਰੇ ਵਾਂਗੂੰ ਸਾਡਾ ਮਹਿਕਮਾ ਵੀ ਜ਼ਿਆਦਾ ਹੀ ਬਦਨਾਮ ਹੈ। ਚਾਹੇ ਚਮਚਾ ਖਾਵੇ, ਚਾਹੇ ਕੱਪੀ ਭਰ ਕੇ, ਅਮਲੀ ਦਾ ਲੇਬਲ ਤਾਂ ਲੋਕ ਲਾ ਹੀ ਦਿੰਦੇ ਨੇ।" ਜਾਗਰ ਨੇ ਆਪਣੀ ਸਫ਼ਾਈ, ਆਪੇ ਕਹੀ ਤੇ ਆਪੇ ਸੁਣੀ।

ਦੂਜੇ ਦਿਨ ਬੰਤੇ ਨੇ ਚਾਹ ਵਾਲੇ, ਭਾਗ ਨਾਲ ਗੱਲ ਕੀਤੀ, "ਦੇਖ ਭਾਗ ਸਿਆਂ, ਮੁੰਡਾ ਬੱਤੀਆਂ ਸਾਲਾਂ ਦਾ ਲਗਭਗ ਹੈ। ਬੇਟ ਦੇ ਇਲਾਕੇ ਵਿਚ ਜ਼ਮੀਨ ਹੋਣ ਕਰਕੇ ਨਸ਼ੇ-ਪੱਤੇ 'ਤੇ ਲੱਗ ਗਿਆ ਸੀ। ਅੱਧਾ ਕਿੱਲਾ ਜ਼ਮੀਨ ਨਿਆਈਂ ਵਿਚ ਹੈ। ਦੋ ਕਿੱਲੇ ਜਸੋਵਾਲ ਵਾਲੀ ਸੜਕ 'ਤੇ ਹਨ। ਬੇਟ ਵਾਲੀ ਜ਼ਮੀਨ ਵੇਚੀ ਤੋਂ ਵੀ ਪੰਜ ਲੱਖ ਆ ਗਿਆ ਸੀ ਜਿਹੜਾ ਡਾਕਖਾਨੇ ਰੱਖਿਆ ਹੋਇਆ ਤੇ ਵਿਆਜ ਨਾਲ ਆਪਣੀ ਰੋਟੀ-ਪਾਣੀ ਚਲਾਉਂਦਾ ਹੈ। ਆਪਣੇ ਭਾਈਆਂ ਤੋਂ ਅੱਡ ਹੈ। ਦੋ ਕਮਰੇ, ਇਕ ਰਸੋਈ, ਗੁਸਲਖਾਨਾ ਵੱਖਰਾ ਬਣਾਇਆ ਹੋਇਆ ਹੈ। ਤੇਰੀ ਕੁੜੀ ਮੌਜਾਂ ਕਰੂਗੀ। ਜਾਗਰ ਤਾਂ ਕਹਿੰਦਾ ਵਿਆਹ ਤੋਂ ਬਾਅਦ ਮੈਂ ਨਸ਼ਾ ਮੂੰਹ 'ਤੇ ਨਹੀਂ ਧਰਦਾ। ਮੇਰੀ ਮੰਨ, ਸਵੇਰੇ ਹੀ ਸ਼ਗਨ ਪਾ ਦੇ। ਫਿਰ ਵੇਲਾ ਹੱਥ ਨਹੀਂ ਆਉਣਾ। ਮੁੰਡੇ ਦੇ ਮੂੰਹ ਤਾਂ ਛੁਹਾਰਾ ਪੈ ਹੀ ਜਾਣਾ ਹੈ।" ਬੰਤੇ ਸਿਪਾਹੀ ਨੇ ਮਗਰਲਾ ਗੁਰਮਾਲਾ ਮਰ ਕੇ ਪਲਸਤਰ ਨੂੰ ਚਮਕਾਉਣ ਦੇ ਇਰਾਦੇ ਨਾਲ ਕਿਹਾ।

"ਸਾਬ੍ਹ, ਮੈਨੂੰ ਤੁਹਾਡੇ 'ਤੇ ਪੂਰਾ ਯਕੀਨ ਹੈ। ਤੁਸੀਂ ਰੁਪਈਆ ਬੇਸ਼ੱਕ ਹੁਣੇ ਲੈ ਜਾਵੋ ਪਰ ਕੁੜੀ ਤੇ ਬੁੜ੍ਹੀ ਨੂੰ ਇਕ ਵਾਰ ਮੁੰਡਾ ਦਿਖਾ ਦੇਵੋ। ਮੇਰੇ ਵੱਲੋਂ ਹਾਂ ਸਮਝੋ।" ਭਾਗ ਸਿਉਂ ਨੇ ਕਿਹਾ।

"ਸਵੇਰੇ ਅੱਠ ਵਜੇ ਛੇਵੀਂ ਪਾਤਸ਼ਾਹੀ ਦੇ ਗੁਰਦਆਰੇ ਮੈਂ ਜਾਗਰ ਨੂੰ ਲੈ ਕੇ ਆ ਜਾਵਾਂਗਾ। ਤੂੰ ਕੁੜੀ ਤੇ ਉਸ ਦੀ ਮਾਂ ਨੂੰ ਲੈ ਕੇ ਆ ਜਾਵੀਂ।" ਬੰਤੇ ਸਿਪਾਹੀ ਨੇ ਸਵੇਰ ਦਾ ਪ੍ਰੋਗਰਾਮ ਬਣਾਉਂਦਿਆਂ ਕਿਹਾ।

ਸ਼ਾਮ ਨੂੰ ਬੰਤਾ, ਜਾਗਰ ਕੋਲ ਪਹੁੰਚ ਗਿਆ। ਜਾਗਰਾ ਤੇਰੇ ਭਾਗ ਲੱਗਦਾ ਖੁੱਲ੍ਹਣ ਵਾਲੇ ਨੇ। ਸਵੇਰੇ ਸੱਤ ਵਜੇ ਤਿਆਰ ਹੋ ਜਾਵੀਂ, ਗੁਲਾਬੀ ਪੱਗ ਬੰਨ੍ਹ ਕੇ। ਕੁੜੀ ਤੇ ਬੁੜ੍ਹੀ ਨੇ ਤੈਨੂੰ ਦੇਖਣਾ ਹੈ।" ਬੰਤੇ ਤੋਂ ਜਿਵੇਂ ਵਿਚੋਲਾ ਬਣਨ ਦਾ ਚਾਅ ਚੁੱਕ ਨਹੀਂ ਸੀ ਹੁੰਦਾ।

"ਬਾਈ, ਸਵੇਰੇ ਹੱਡ ਔਖੇ ਜੁੜਦੇ ਨੇ। ਆਥਣ ਦੀ ਚਾਹ ਦਾ ਵੇਲਾ ਕਰ ਲੈਂਦਾ, ਫਿਰ ਨਹੀਂ ਸੀ ਠੀਕ।" ਜਾਗਰ ਨੇ ਪਹਿਲੀ ਵਾਰੀ ਬੰਤੇ ਨੂੰ 'ਬਾਈ' ਆਖਿਆ।

"ਤੇਰੇ ਉਸ ਪਿਉ ਨੇ ਫਿਰ ਆਪਣੀ ਚਾਹ ਦੀ ਦੁਕਾਨ ਖੋਲ੍ਹਣੀ ਹੈ ਜਿਸ ਦੀ ਧੀ ਦੇਖਣ ਜਾਣਾ ਹੈ।" ਬੰਤੇ ਨੇ ਗੁੱਸੇ ਵਿਚ ਆ ਕੇ ਜਾਗਰ ਨੂੰ ਘੂਰਿਆ।

"ਚੰਗਾ, ਬਾਈ ਮੈਂ ਤਿਆਰ ਹੋ ਜਾਊਂ। ਜੇ ਕਹੇ ਤਾਂ ਘੁੱਟ ਚਾਹ ਬਣਾਵਾਂ, ਬੱਕਰੀ ਚੋ ਕੇ।" ਜਾਗਰ ਜਾਅਲੀ ਹਾਸਾ ਹੱਸਿਆ।

"ਹਾਂ, ਬਣਾ ਲੈ। ਆਪਣੇ ਲਹੂ ਵਰਗੀ। ਜਾਗਰਾ ਦੇਖ ਲੈ ਸਮਾਂ ਕਿੰਨਾ ਬਦਲ ਜਾਂਦਾ। ਅਜੇ ਕੱਲ੍ਹ ਦੀ ਗੱਲ ਹੈ ਜਦੋਂ ਫੁੱਟਬਾਲ ਵਿਚ ਤੇਰੀ ਪੂਰੀ ਚੜ੍ਹਾਈ ਹੁੰਦੀ ਸੀ। ਇਕ ਵਾਰ ਬਾਲ ਤੇਰੇ ਪੈਰਾਂ ਨੂੰ ਮਿਲ ਜਾਂਦੀ ਤਾਂ ਤੂੰ ਗੋਲ ਕਰਕੇ ਵਾਪਸ ਮੁੜਦਾ। ਨਸ਼ੇ ਤਾਂ ਬੰਦੇ ਨੂੰ ਖੋਰ ਕੇ ਰੱਖ ਦਿੰਦੇ ਨੇ। ਤੇਰੀ ਮਾਂ ਮਰਨ ਨਾਲ ਹੀ ਦੁੱਖ ਤੇਰੇ ਬੂਹੇ ਆ ਬੈਠੇ। ਕੋਈ ਗੱਲ ਨਹੀਂ ਮਿੱਤਰਾ। ਰੱਬ ਭਲੀ ਕਰੂਗਾ। ਸਹੁੰ ਖਾਹ, ਨਸ਼ੇ ਨੂੰ ਹੱਥ ਨਾ ਲਾਵੀਂ।" ਬੰਤਾ ਸਿਪਾਹੀ ਜਿਵੇਂ ਬਰਫ ਵਾਂਗ ਪਿਘਲ ਗਿਆ ਹੋਵੇ।

ਅਗਲੇ ਦਿਨ ਬੰਤਾ, ਜਾਗਰ ਨੂੰ ਸਕੂਟਰ 'ਤੇ ਬਿਠਾ ਕੇ ਗੁਰਦਆਰੇ ਲੈ ਗਿਆ। ਦੋਵਾਂ ਨੇ ਅਰਦਾਸ ਬੇਨਤੀ ਕੀਤੀ। ਸਰੋਵਰ 'ਤੇ ਭਾਗ ਸਿਉਂ ਹੋਰੀਂ ਉਡੀਕਦੇ ਸਨ। ਕੁੜੀ ਦੀ ਮਾਂ ਨੇ ਜਾਗਰ ਤੋਂ ਜੋ ਪੁੱਛਿਆ, ਜਾਗਰ ਨੇ ਵਧੀਆ ਢੰਗ ਨਾਲ ਜਵਾਬ ਦਿੱਤਾ। ਉਨ੍ਹਾਂ ਨੂੰ ਜਾਗਰ ਪਸੰਦ ਆ ਗਿਆ। ਬੰਤਾ ਭੱਜ ਕੇ ਲੱਡੂਆਂ ਦਾ ਡੱਬਾ ਲੈ ਆਇਆ। ਜਾਗਰ ਤੇ ਕੁੜੀ ਦਾ ਮੂੰਹ ਮਿੱਠਾ ਉਥੇ ਹੀ ਕਰਵਾ ਦਿੱਤਾ। ਸ਼ਗਨ-ਵਿਹਾਰ ਕਰਕੇ ਜਾਗਰ ਦਾ ਪੱਕ ਹੋ ਗਿਆ।

ਜਦੋਂ ਪਿੰਡ ਵਾਲਿਆਂ ਨੂੰ ਜਾਗਰ ਦੇ ਮੰਗੇ ਦਾ ਪਤਾ ਲੱਗਿਆ ਤਾਂ ਸਾਰੇ ਕਹਿੰਦੇ, ਪੁਲਸੀਏ ਨੇ ਜਾਗਰ ਦੀ ਨਿਆਈਂ ਲਿਖਵਾਉਣੀ ਆ ਪਰ ਬੰਤਾ ਤਾਂ ਆਪਣੇ ਮਿੱਤਰ ਦਾ ਘਰ ਵਸਾ ਰਿਹਾ ਸੀ!

ਦੋ ਮਹੀਨਿਆਂ ਦੇ ਫਰਕ ਨਾਲ ਜਾਗਰ ਦਾ ਵਿਆਹ ਧਰ ਦਿੱਤਾ। ਹੌਸਲੇ ਨਾਲ ਜਾਗਰ ਦਿਨਾਂ ਵਿਚ ਰੰਗ ਕੱਢ ਆਇਆ। ਬੰਤਾ, ਜਾਗਰ ਦੀ ਭੁੱਕੀ ਚੁੱਕ ਕੇ ਲੈ ਗਿਆ। ਦਸ ਕੁ ਦਿਨ ਤਾਂ ਜਾਗਰ ਨੇ ਕੱਪੜੇ ਲਬੇੜੇ। ਡਾਕਟਰ ਤੋਂ ਤਾਕਤ ਦੇ ਟੀਕੇ ਲੁਆ ਲਏ। ਜਾਗਰ ਨੇ ਘਰ ਦੀ ਮੁਰੰਮਤ ਕਰਵਾ ਕੇ ਰੰਗ ਕਰਵਾ ਦਿੱਤਾ। ਬੱਕਰੀ ਵੇਚ ਕੇ ਮੱਝ ਲੈ ਆਂਦੀ। ਪੂਰਾ ਜੱਟਾਂ ਦਾ ਪੁੱਤ ਲੱਗਦਾ! ਨਸ਼ੇ ਤੋਂ ਪਾਸਾ ਵੱਟ ਲਿਆ।

ਬੰਤੇ ਹੋਰੀਂ ਗਿਆਰਾਂ ਬੰਦੇ ਜਾ ਕੇ ਜਾਗਰ ਨੂੰ ਵਿਆਹ ਲਿਆਏ। ਸਾਰਾ ਪਿੰਡ ਹੈਰਾਨ ਹੋ ਗਿਆ ਕਿ ਪੁਲਸੀਏ ਨੇ ਆਹ ਕੀ ਸੱਪ ਕੱਢ ਮਾਰਿਆ। ਜਿਹੜੇ ਗੇਟਾਂ 'ਤੇ ਕੁੱਤੇ ਮੂਤਦੇ ਸੀ, ਅੱਜ ਉਹੀ ਗੇਟ ਤੇਲ ਨਾਲ ਤਰ ਹੋਏ ਪਏ ਨੇ। ਸ਼ਰੀਕਾਂ ਦੀਆਂ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ, ਜਦੋਂ ਜਾਗਰ ਹਜ਼ੂਰ ਸਾਹਿਬ ਜਾ ਕੇ ਸੀਤੋ ਨਾਲ ਅੰਮ੍ਰਿਤ ਛਕ ਆਇਆ। ਸੀਤੋ ਨੇ ਵੀ ਘਰ ਵਿਚ ਰੌਣਕ ਲਾ ਦਿੱਤੀ।

ਲੋਕਾਂ ਨੂੰ ਯਕੀਨ ਨਾ ਆਉਂਦਾ ਕਿ ਇਹ ਉਹੀ ਜਾਗਰ ਹੈ ਪਰ ਜਾਗਰ 'ਤੇ ਬਾਜਾਂ ਵਾਲੇ ਦੀ ਅਪਾਰ ਬਖ਼ਸ਼ਿਸ਼ ਹੋ ਗਈ ਸੀ। ਬੰਤੇ ਨੇ ਫਿਰ ਜਾਗਰ ਨੂੰ ਰਾਹ ਉਪਰਲੀ ਬੈਠਕ ਵਿਚ ਕਰਿਆਨੇ ਦੀ ਦੁਕਾਨ ਕਰਵਾ ਦਿੱਤੀ ਜੋ ਹੌਲੀ-ਹੌਲੀ ਗਿਆਨੀ ਦੀ ਹੱਟੀ ਨਾਲ ਮਸ਼ਹੂਰ ਹੋ ਗਈ। ਜਾਗਰ ਦੇ ਦੋ ਮੁੰਡੇ ਹੋਏ। ਅੱਜ ਜਾਗਰ ਦੇ ਘਰ ਦੁੱਧ ਵੀ ਹੈ ਤੇ ਪੁੱਤ ਵੀ। ਜਾਗਰ ਬਾਜਾਂ ਵਾਲੇ ਦਾ ਨਾਮ ਲੈਂਦਾ ਥੱਕਦਾ ਨਹੀਂ!

ਬੰਤਾ ਸਿਪਾਹੀ ਇਕ ਦਿਨ ਡਿਊਟੀ ਤੋਂ ਵਾਪਸ ਆਉਂਦਾ ਸਿੰਘਾਂ ਦੇ ਅੜਿੱਕੇ ਚੜ੍ਹ ਗਿਆ। ਉਸ ਨੂੰ ਜਾਗਰ ਦੀ ਕਹੀ ਗੱਲ ਯਾਦ ਆ ਗਈ ਪਰ ਬੰਤਾ ਡੋਲਿਆ ਨਾ।

ਇਕ ਸਿੰਘ ਨੇ ਪੁੱਛਿਆ, "ਬੰਤਿਆ! ਹਾਂਸਾਂ ਵਾਲੇ ਮੁਕਾਬਲੇ ਵਿਚ ਤੂੰ ਸ਼ਾਮਲ ਸੀ ਜਾਂ ਨਹੀਂ?"

"ਬਾਬਿਓ, ਝੂਠ ਨਹੀਂ ਬੋਲਣਾ। ਮੈਂ ਉਸ ਮੁਕਾਬਲੇ ਵਿਚ ਹਾਜ਼ਰ ਸੀ।" ਬੰਤੇ ਨੇ ਸੱਚ ਕਹਿ ਦਿੱਤਾ।

"ਚਲੋ ਸੋਧੋ ਇਹਨੂੰ।" ਸਿੰਘ ਨੇ ਦੂਜਿਆਂ ਨੂੰ ਕਿਹਾ।

ਇਕ ਸਿੰਘ ਅੱਗੇ ਹੋਇਆ ਤਾਂ ਉਸ ਨੇ ਬੰਤੇ ਨੂੰ ਪਛਾਣ ਲਿਆ ਅਤੇ ਕਿਹਾ, "ਜਥੇਦਾਰ ਜੀ, ਇਹ ਉਹੀ ਬੰਦਾ ਜਿਸ ਨੇ ਹੱਟੀ ਵਾਲੇ ਦੀ ਜੂਨ ਸੁਧਾਰੀ ਹੈ। ਉਸ ਨੂੰ ਵਿਆਹ ਕੇ ਕੰਮ ਖੋਲ੍ਹ ਕੇ ਇਸ ਨੇ ਹੀ ਦਿੱਤਾ ਹੈ। ਇਸ ਵਾਰ ਇਸ ਨੂੰ ਮੁਆਫ਼ ਕਰ ਦੇਵੋ।" ਸਿੰਘਾਂ ਨੇ ਬੰਤੇ ਨੂੰ ਕਿਹਾ ਕਿ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਜਾ। ਤੇ ਸਿੰਘ ਚਲੇ ਗਏ।

ਬੰਤਾ ਖੜ੍ਹਾ ਸੋਚਦਾ ਰਿਹਾ ਕਿ ਜਾਗਰਾ, ਅੱਜ ਬਾਜਾਂ ਵਾਲੇ ਨੇ ਤੇਰੇ ਵਿਚ ਦੀ ਮੇਰੀ ਜਾਨ ਬਚਾਈ ਹੈ। ਇਹ ਜਾਨ ਅੱਜ ਤੋਂ ਗੁਰੂ ਦੀ ਹੋ ਗਈ। ਬਾਜਾਂ ਵਾਲਾ ਚੰਗੇ ਕੰਮ ਕੀਤਿਆਂ ਦਾ ਮੁੱਲ ਮੋੜ ਹੀ ਦਿੰਦਾ ਹੈ। ਬੰਤਾ ਵੀ ਫਿਰ ਅੰਮ੍ਰਿਤ ਛਕ ਕੇ ਗੁਰੂ ਵਾਲਾ ਬੰਤਾ ਸਿੰਘ ਬਣ ਗਿਆ।

# ਲਾਲਾ ਜਗਤ ਨਰਾਇਣ ਦੇ ਕਤਲ ਦੀ ਕਹਾਣੀ ਭਾਈ ਨਛੱਤਰ ਸਿੰਘ ਰੋਡੇ ਦੀ ਜ਼ੁਬਾਨੀ

**ਸਿੱਖ ਚਿੰਤਕ ਅਜਮੇਰ ਸਿੰਘ ਦੀਆਂ ਕਿਤਾਬਾਂ ਅਤੇ ਇਨ੍ਹਾਂ ਵਿਚ ਪੇਸ਼ ਵਿਚਾਰਾਂ ਬਾਰੇ 'ਪੰਜਾਬ ਟਾਈਮਜ਼' ਵਿਚ ਪਿਛਲੇ ਕੁਝ ਮਹੀਨਿਆਂ ਤੋਂ ਬੜੀ ਗਹਿ-ਗੱਡਵੀਂ ਬਹਿਸ ਚੱਲ ਰਹੀ ਹੈ। ਇਸ ਬਹਿਸ ਦੌਰਾਨ ਵਿਚ ਭਰਵਾਂ ਹਿੱਸਾ ਲੈ ਰਹੇ ਕਰਮ ਬਰਸਟ ਨੇ ਆਪਣੇ ਇਕ ਲੇਖ ਵਿਚ ਭਾਈ ਨਛੱਤਰ ਸਿੰਘ ਰੋਡੇ ਦਾ ਜ਼ਿਕਰ ਕੀਤਾ ਸੀ ਜਿਸ ਨੇ ਲਾਲਾ ਜਗਤ ਨਰਾਇਣ ਨੂੰ ਮਾਰਿਆ ਸੀ। ਪਾਠਕਾਂ ਦੇ ਕਹਿਣ 'ਤੇ ਅਸੀਂ ਪਿਛਲੇ ਅੰਕ ਵਿਚ ਕਰਮ ਬਰਸਟ ਦਾ ਭਾਈ ਨਛੱਤਰ ਸਿੰਘ ਰੋਡੇ ਬਾਰੇ ਲਿਖਿਆ ਤੇ 'ਪੰਜਾਬੀ ਟ੍ਰਿਬਿਊਨ' ਵਿਚ ਛਪਿਆ ਲੇਖ ਛਾਪਿਆ ਸੀ। ਐਤਕੀਂ ਭਾਈ ਨਛੱਤਰ ਸਿੰਘ ਰੋਡੇ ਵੱਲੋਂ ਲਾਲਾ ਜਗਤ ਨਰਾਇਣ ਬਾਰੇ ਲਿਖਿਆ ਲੇਖ ਛਾਪ ਰਹੇ ਹਾਂ। -ਸੰਪਾਦਕ**

ਸੰਤ ਜਰਨੈਲ ਸਿੰਘ ਜੀ ਪਿੰਡ ਰੋਡੇ ਵਿਖੇ ਇਕ ਲੜਕੀ ਦੇ ਵਿਆਹ 'ਤੇ 10 ਅਪਰੈਲ 1981 ਨੂੰ ਆਏ, ਨਾਲ ਸਾਰਾ ਜਥਾ ਸੀ ਤੇ ਹੋਰ ਸੰਗਤ ਵੀ ਸੀ। ਉਸ ਵੇਲੇ ਮੈਨੂੰ ਸੰਤਾਂ ਨੂੰ ਮਿਲਣ ਦੀ ਕੋਈ ਖਾਸ ਤਮੰਨਾ ਨਹੀਂ ਸੀ, ਕਿਉਂਕਿ ਸੰਤਾਂ ਦਾ ਸੁਭਾਅ ਕੁਝ ਗਰਮ ਸੀ ਤੇ ਮੈਂ ਦਾੜ੍ਹੀ ਕੱਟ ਕੇ ਰੱਖਦਾ ਸੀ ਪਰ ਕੇਸ ਰੱਖੇ ਹੋਏ ਸਨ। ਇਸ ਲਈ ਦੂਰ ਹੀ ਰਹਿੰਦਾ ਸੀ। ਅਚਾਨਕ ਮੈਂ ਵੀ ਉਸ ਵਿਆਹ ਵਿਚ ਹਾਜ਼ਰ ਸੀ ਤੇ ਸੰਤਾਂ ਨੂੰ ਕਿਸੇ ਨੇ ਦੱਸ ਦਿੱਤਾ ਕਿ ਨਛੱਤਰ ਸਿੰਘ ਇਥੇ ਹੀ ਹੈ। ਕਿਉਂਕਿ ਸੰਤਾਂ ਨੇ ਹੋਰ ਕਈਆਂ ਕੋਲੋਂ ਮੇਰੇ ਬਾਰੇ ਸੁਣਿਆ ਸੀ ਕਿ ਪੁਰਾਣਾ ਟਰੇਂਡ ਆਦਮੀ ਹੈ ਤੇ ਧਰਮ ਦੇ ਕੰਮਾਂ ਲਈ, ਲੋਕਾਂ ਦੇ ਹੱਕ ਲਈ ਹਰ ਵਕਤ ਤਿਆਰ ਰਹਿੰਦਾ ਹੈ, ਔਖੇ ਤੋਂ ਔਖੇ ਕੰਮ ਲਈ ਵੀ।

ਮੈਂ ਉਥੋਂ ਚੱਲਣਾ ਚਾਹੁੰਦਾ ਸੀ ਪਰ ਸੰਤਾਂ ਨੇ ਕਿਸੇ ਨੂੰ ਕਹਿ ਕੇ ਮੈਨੂੰ ਕੋਲ ਬੁਲਾਇਆ।

ਮੈਂ ਝਕਦਾ-ਝਕਦਾ ਕੋਲ ਚਲਾ ਗਿਆ। ਸੰਤਾਂ ਨੇ ਦਾੜ੍ਹੀ ਬਾਰੇ ਕੋਈ ਟਿੱਪਣੀ ਨਹੀਂ ਕੀਤੀ, ਸਗੋਂ ਕਿਹਾ ਕਿ 'ਤੂੰ ਸਾਨੂੰ ਮਿਲਦਾ ਨਹੀਂ, ਅੰਮ੍ਰਿਤਸਰ ਤੋਂ ਹੋ ਕੇ ਮੁੜ ਆਉਂਦਾ ਹੈਂ।'

ਤੇ ਸੰਤ ਜੀ ਮੈਨੂੰ ਇਕੱਲੇ ਨੂੰ ਬਾਹਰ ਦੂਰ ਲੈ ਗਏ। ਸਭ ਲੋਕ ਹੈਰਾਨ ਸਨ ਤੇ ਜਥੇ ਵਾਲੇ ਵੀ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ। ਸੰਤਾਂ ਨੇ ਲਾਲਾ ਜਗਤ ਨਰਾਇਣ ਬਾਰੇ ਸਭ ਗੱਲਾਂ ਖੋਲ੍ਹ ਕੇ ਕੀਤੀਆਂ ਕਿ ਸਿੱਖ ਕੌਮ ਲਈ ਕਲੰਕ ਹੈ, ਇਹ ਜ਼ਹਿਰ ਘੋਲ ਰਿਹਾ ਹੈ, ਸਿੱਖਾਂ ਦੇ ਸੀਨੇ ਵਿਚ ਬੋਲੀਆਂ ਮਾਰ ਰਿਹਾ ਹੈ। ਕੁਝ ਹੋਣਾ ਚਾਹੀਦਾ ਹੈ, ਇਸ ਦੀ ਜ਼ੁਬਾਨ ਬੰਦ ਕਰਨ ਲਈ।

ਮੈਂ ਕਿਹਾ, 'ਦੱਸੋ ਜੀ, ਕੀ ਸੇਵਾ ਕਰੀਏ? ਜੋ ਕਹੋਗੇ ਕਰਾਂਗੇ।'

ਇਥੇ ਹੀ ਸੰਤਾਂ ਨਾਲ ਸਭ ਗੱਲ ਖੁੱਲ੍ਹ ਗਈ। ਸਭ ਦੇਖਣ ਵਾਲੇ ਹੈਰਾਨ ਸਨ ਕਿ ਸੰਤ ਜੀ ਤਾਂ ਇਕੱਲੇ ਕਿਸੇ ਨਾਲ ਗੱਲ ਨਹੀਂ ਕਰਦੇ, ਇਹ ਕੀ ਹੋ ਰਿਹਾ ਹੈ? ਸੋ ਅਸੀਂ ਇਕ ਘੰਟਾ ਗੱਲਾਂ ਕੀਤੀਆਂ। ਸੰਤਾਂ ਨੇ ਮੇਰੇ ਨਾਲ ਹਰ ਤਰ੍ਹਾਂ ਦੀ ਗੱਲ ਕੀਤੀ। ਨਾਲ ਹੀ ਸੰਤਾਂ ਨੇ ਕਿਹਾ ਕਿ ਹਥਿਆਰ ਘੱਟ ਹਨ, ਆਉਣ ਵਾਲਾ ਸਮਾਂ ਖਤਰਨਾਕ ਆ ਰਿਹਾ ਹੈ, ਤੂੰ ਕੋਈ ਪ੍ਰਬੰਧ ਕਰ। ਪੁਰਾਣਾ ਬੰਦਾ ਹੈਂ, ਤੁਰਿਆ-ਫਿਰਿਆ ਹੈਂ।

ਉਸ ਵਕਤ ਜਥੇ ਕੋਲ ਸਾਰੇ ਲਾਇਸੰਸੀ ਹਥਿਆਰ ਹੀ ਸਨ। ਲੋਕਾਂ ਦੇ ਹੀ ਸਨ, ਲੋਕ ਦੇ ਜਾਂਦੇ ਸਨ ਰਾਖੀ ਲਈ। ਮੈਂ ਇਸ ਤੋਂ ਬਾਅਦ 303 ਬੋਰ ਦੀ ਪਿਸਤੌਲ ਅਤੇ 315 ਬੋਰ ਦੇ ਕਾਫ਼ੀ ਪਿਸਤੌਲ ਲਿਆ ਕੇ ਦਿੱਤੇ ਰਾਜਸਥਾਨ ਤੋਂ। ਉਸ ਵਕਤ ਮਿਲ ਜਾਂਦੇ ਸਨ ਤੇ ਸਭ ਦੇਸੀ ਹੀ ਸਨ। ਸੋ, ਇਸ ਤੋਂ ਬਾਅਦ ਕਈ ਵਾਰ ਮਿਲਦੇ ਰਹੇ ਸੰਤਾਂ ਨੂੰ, ਤੇ ਲਾਲੇ ਨੂੰ ਮਾਰਨ ਲਈ ਮੈਂ ਪਿੰਡ ਦਾ ਹੀ ਮੁੰਡਾ ਤਿਆਰ ਕਰ ਲਿਆ ਸੀ, ਕਿਉਂਕਿ ਜਥੇ ਵਿਚ ਅਜੇ ਕੋਈ ਮੇਰਾ ਜਾਣੂ ਸਿੰਘ ਨਹੀਂ ਸੀ।

ਸੋ, ਮੈਂ ਹਰ ਵਕਤ ਲਾਲੇ 'ਤੇ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ। ਉਸ ਵਕਤ ਮੋਟਰਸਾਈਕਲ ਕੋਈ ਨਹੀਂ ਸੀ। ਮੇਰੇ ਕੋਲ ਸੀ ਲਾਲ ਰੰਗ ਦੀ ਫੀਏਟ ਕਾਰ। ਮੈਂ ਉਸ ਵਿਚ ਹੀ ਜਾਂਦਾ। ਉਧਰ ਸੰਤ ਜੀ ਚਾਹੁੰਦੇ ਸਨ ਕਿ ਅਗਸਤ ਤੱਕ ਕੰਮ ਹੋ ਜਾਣਾ ਚਾਹੀਦਾ ਹੈ ਕਿਉਂਕਿ ਅਗਸਤ ਵਿਚ 2 ਭਾਦਰੋਂ ਨੂੰ ਸੰਤ ਕਰਤਾਰ ਸਿੰਘ ਦੀ ਬਰਸੀ ਹੁੰਦੀ ਹੈ, ਉਥੇ ਇਕੱਠ ਬਹੁਤ ਹੁੰਦਾ ਸੀ। ਸੰਤ ਕਹਿੰਦੇ ਸਨ ਕਿ ਉਸ ਵੇਲੇ ਤੱਕ ਕੰਮ ਹੋ ਜਾਵੇ ਤਾਂ ਪੂਰੀ ਸ਼ਾਨੋ-ਸ਼ੌਕਤ ਨਾਲ ਮੇਲਾ ਭਰੇਗਾ।

ਸਭ ਤੋਂ ਪਹਿਲਾਂ ਲਾਲੇ ਦਾ ਪ੍ਰੋਗਰਾਮ ਕੁਰੂਕਸ਼ੇਤਰ ਮਾਰਨ ਦਾ ਬਣਿਆ, ਹਰਿਆਣੇ ਵਿਚ। ਉਥੇ ਸੂਰਜ ਗ੍ਰਹਿਣ ਦਾ ਮੇਲਾ ਸੀ। ਬਹੁਤ ਭਾਰੀ। 10 ਲੱਖ ਦਾ ਇਕੱਠ ਸੀ। ਅਸੀਂ ਵੀ ਦੋਵੇਂ ਜਣੇ ਪਹੁੰਚ ਗਏ। ਇਥੇ ਇਕੱਠ ਵਿਚ ਲੱਭਣਾ ਮੁਸ਼ਕਲ ਸੀ ਪਰ ਫਿਰ ਵੀ (ਉਹ) ਥਾਂ ਭਾਲ ਲਈ, ਜਿੱਥੇ (ਲਾਲਾ) ਠਹਿਰਿਆ ਸੀ; ਪਰ ਉਥੇ ਹਰਿਆਣੇ ਦੇ ਹੋਰ ਵਜ਼ੀਰ ਵੀ ਠਹਿਰੇ ਹੋਏ ਸਨ ਤੇ ਪੁਲਿਸ ਦਾ ਪਹਿਰਾ ਬਹੁਤ ਸੀ। ਅੰਦਰ ਮਾਰਨਾ ਮੁਸ਼ਕਲ ਸੀ, ਬਾਹਰ ਵੀ ਉਸ ਕੋਲ ਕਾਰ ਹੋਣ ਕਾਰਨ ਮੁਸ਼ਕਲ ਸੀ। ਸੋ ਕੋਸ਼ਿਸ਼ ਬੜੀ ਕੀਤੀ ਪਰ ਸਫਲ ਨਹੀਂ ਹੋ ਸਕੇ। ਉਹ ਕਾਰ 'ਤੇ ਚੜ੍ਹ ਕੇ ਵਾਪਸ ਜਲੰਧਰ ਆ ਗਿਆ। ਅਸੀਂ ਬੱਸ 'ਤੇ ਹੀ ਆਏ, ਕੋਈ ਮੇਲ ਨਹੀਂ ਸੀ ਕਾਰ ਨਾਲ ਸਾਡਾ। ਸੋ, ਇਸ ਤੋਂ ਬਾਅਦ ਹੀ ਮੈਂ ਸੰਤਾਂ ਨੂੰ ਬੁਲੇਟ ਮੋਟਰਸਾਈਕਲ ਦੀ ਸਲਾਹ ਦਿੱਤੀ ਕਿ ਜੇ ਮੋਟਰਸਾਈਕਲ ਹੋਵੇ ਤਾਂ ਕੰਮ ਜਲਦੀ ਹੋ ਸਕਦਾ ਹੈ। ਸੰਤਾਂ ਨੇ ਮੋਟਰਸਾਈਕਲ ਕਿਸੇ ਤੋਂ ਦਿਵਾ ਦਿੱਤਾ, ਵਧੀਆ ਬੁਲੇਟ। ਇਹ ਮੋਟਰਸਾਈਕਲ ਪਹਿਲੀ ਵਾਰ ਅਸੀਂ ਹੀ ਵਰਤਿਆ ਸੀ। ਬਾਅਦ ਵਿਚ ਦੂਜੀ ਵਾਰ ਵਧਾਵਾ ਸਿੰਘ, ਤਰਸੇਮ ਸਿੰਘ ਹੋਰਾਂ ਨੇ ਵਰਤਿਆ ਸੀ, ਸੈਕਟਰੀਏਟ ਚੰਡੀਗੜ੍ਹ ਵਿਖੇ ਨਿਰੰਕਾਰੀ ਨਿਰੰਜਣ ਸਿੰਘ ਨੂੰ ਮਾਰਨ ਵੇਲੇ ਪਰ ਸਭ ਤੋਂ ਪਹਿਲਾਂ ਅਸੀਂ ਹੀ ਮੋਟਰ ਸਾਈਕਲ ਦੀ ਵਰਤੋਂ ਕੀਤੀ ਸੀ ਐਕਸ਼ਨ ਕਰਨ ਲਈ।

ਦੂਸਰੀ ਵਾਰ ਲਾਲੇ ਨੂੰ ਮਾਰਨ ਦਾ ਪ੍ਰੋਗਰਾਮ ਹਰਿਆਣੇ ਦੇ ਜ਼ਿਲ੍ਹੇ ਜਮਨਾ ਨਗਰ ਦੇ ਸ਼ਹਿਰ ਜਗਾਧਰੀ ਦਾ ਬਣਿਆ। ਅਸੀਂ ਪਹੁੰਚ ਗਏ ਪਰ ਉਹ ਨਹੀਂ ਉਥੇ ਆਇਆ। ਲਾਲੇ ਨੇ ਉਥੇ ਹਿੰਦੂ ਜਲੂਸ ਦੀ ਅਗਵਾਈ ਕਰਨੀ ਸੀ। ਮੇਰੇ ਕੋਲ ਉਸ ਵਕਤ ਮੋਟਰਸਾਈਕਲ ਸੀ ਪਰ ਇਹ ਸਮਾਂ ਵੀ ਖਾਲੀ ਹੀ ਗਿਆ। ਸੰਤ ਨੂੰ ਵਾਪਸ ਆ ਕੇ ਸਭ ਦੱਸਿਆ ਤਾਂ ਉਹ ਬੜੀ ਉਡੀਕ ਕਰ ਰਹੇ ਸਨ ਕਿ ਕਦੋਂ ਖ਼ਬਰ ਆਵੇ। ਉਹ ਸਾਰਾ ਦਿਨ ਹੀ ਰੇਡੀਓ ਸੁਣ ਰਹੇ ਸਨ। ਸੰਤ ਜੀ ਅਫ਼ਸੋਸ ਕਰਨ ਲੱਗੇ ਕਿ 2 ਭਾਦਰੋਂ ਤੱਕ ਨਹੀਂ ਮਰੇਗਾ।

ਤੀਜੀ ਵਾਰ ਮਾਲੇਰਕੋਟਲੇ ਦਾ ਪ੍ਰੋਗਰਾਮ ਸੀ ਲਾਲੇ ਦਾ। ਉਸ ਨੇ ਉਥੇ ਹਿੰਦੂ ਇਕੱਠ ਨੂੰ ਸੰਬੋਧਨ ਕਰਨਾ ਸੀ ਪਰ ਉਥੇ ਵੀ ਨਹੀਂ ਆਇਆ। ਬੀਮਾਰ ਹੋਣ ਦੀ ਖ਼ਬਰ ਆ ਗਈ। ਇਹ ਪ੍ਰੋਗਰਾਮ ਰਾਤ ਦਾ ਸੀ ਤੇ ਮੈਨੂੰ ਖ਼ੁਸ਼ੀ ਸੀ ਕਿ ਅੱਜ ਕੰਮ ਹਰ ਹਾਲਤ ਵਿਚ ਬਣ ਜਾਵੇਗਾ। ਮੈਂ ਸਟੇਜ ਦੇ ਮੂਹਰੇ ਬੈਠਾ ਸੀ ਪਰ ਫਿਰ ਖ਼ਬਰ ਮਿਲੀ ਕਿ ਲਾਲ ਜਗਤ ਨਰਾਇਣ ਨਹੀਂ ਆ ਰਹੇ। ਸੋ ਫਿਰ ਖਾਲੀ ਗਿਆ ਇਹ ਪ੍ਰੋਗਰਾਮ ਵੀ।

ਇਸ ਤੋਂ ਬਾਅਦ ਸੰਤਾਂ ਨੇ ਵੀ ਆਪਣਾ ਪ੍ਰੋਗਰਾਮ ਪੂਰੇ ਭਾਰਤ ਦੇ ਦੌਰੇ ਦਾ ਰੱਖ ਲਿਆ ਕਿਉਂਕਿ 2 ਭਾਦਰੋਂ ਨਿਕਲ ਗਈ ਸੀ ਤੇ ਕੰਮ ਨਹੀਂ ਸੀ ਬਣਿਆ। ਜਥੇ ਵਾਲੇ ਵੀ ਹੈਰਾਨ ਸਨ ਕਿ ਇਹ ਮੋਟਰਸਾਈਕਲ ਲੈ ਕੇ ਕਿੱਥੇ ਜਾਂਦੇ ਹਨ, ਕਿੱਥੋਂ ਆਉਂਦੇ ਹਨ। ਕਾਫ਼ੀ ਸ਼ੱਕ ਹੋ ਰਹੀ ਸੀ ਤੇ ਸੰਤਾਂ ਦੇ ਕੁਝ ਖਾਸ ਨਜ਼ਦੀਕੀਆਂ ਨੂੰ ਪਤਾ ਵੀ ਲੱਗ ਗਿਆ ਸੀ ਕਿ ਲਾਲਾ ਜਗਤ ਨਰਾਇਣ ਖ਼ਤਮ ਹੋਣ ਵਾਲਾ ਹੈ। ਸੋ, ਸੰਤਾਂ ਨੇ ਮੈਨੂੰ ਕਿਹਾ ਕਿ ਹੁਣ ਲੇਟ ਕਰ ਦਿਓ, ਇਹ ਕੰਮ ਹੁਣ ਦੌਰੇ ਤੋਂ ਬਾਅਦ ਹੀ ਕਰਨਾ ਤਾਂ ਕਿ ਰਸਤੇ ਵਿਚ ਕੋਈ ਰੁਕਾਵਟ ਨਾ ਪੇਸ਼ ਆਵੇ ਕਿਉਂਕਿ ਸਰਕਾਰ ਤੇ ਪੁਲਿਸ ਨੂੰ ਪਤਾ ਸੀ ਕਿ ਜਦੋਂ ਲਾਲੇ ਨੂੰ ਕੁਝ ਹੋਇਆ ਤਾਂ ਸੰਤਾਂ ਦੇ ਰਾਹੀਂ ਹੀ ਹੋਵੇਗਾ। ਭਾਈ ਰਣਜੀਤ ਸਿੰਘ ਵੀ ਰੂਪੋਸ਼ ਹੀ ਸਨ ਉਸ ਵਕਤ ਪਰ ਉਹ ਪੰਜਾਬ ਵਿਚ ਨਹੀਂ ਸਨ, ਬੰਬਈ ਸਨ।

ਸੋ, ਜਿੰਨੇ ਵੀ ਹਥਿਆਰ ਸਨ, ਉਹ ਵੀ ਜਥੇ ਨਾਲ ਹੀ ਜਾਣੇ ਸਨ ਤੇ ਇਕ ਸਾਲ ਦਾ ਪ੍ਰੋਗਰਾਮ ਸੀ, ਪੂਰੇ ਭਾਰਤ 'ਚ ਪ੍ਰਚਾਰ ਕਰਨ ਦਾ। ਵੱਡੇ ਸ਼ਹਿਰਾਂ ਦਿੱਲੀ, ਬੰਬਈ, ਕਲਕੱਤਾ, ਮਦਰਾਸ ਤੇ ਹੋਰ ਸਭ ਸ਼ਹਿਰਾਂ ਦਾ, ਜਿੱਥੇ ਸਿੱਖ ਸੰਗਤਾਂ ਬਹੁਤ ਸਨ। ਸੰਤਾਂ ਨੇ ਮੈਨੂੰ ਵੀ ਨਾਲ ਹੀ ਚੱਲਣ ਲਈ ਕਿਹਾ। ਮੈਂ ਸੰਤਾਂ ਨੂੰ ਕਿਹਾ ਕਿ ਮੈਂ ਕਾਰੋਬਾਰ ਠੀਕ ਕਰ ਆਵਾਂ, ਕਿਸੇ ਨੂੰ ਕੰਮ-ਧੰਦੇ ਦੀ ਜ਼ਿੰਮੇਵਾਰੀ ਸੰਭਾਲ ਆਵਾਂ।

ਅਸੀਂ ਮੋਗੇ ਦੇ ਪਿੰਡ ਮਨਾਵਾਂ ਠਹਿਰੇ ਸਾਂ। ਸੰਤ ਹਫ਼ਤੇ ਤੋਂ ਉਥੇ ਪ੍ਰਚਾਰ ਕਰ ਰਹੇ ਸਨ ਤੇ ਇਥੋਂ ਹੀ ਅੱਗੇ ਪੰਜਾਬ ਤੋਂ ਬਾਹਰ ਜਾਣਾ ਸੀ। ਮੈਂ ਸੰਤਾਂ ਨਾਲ ਇਕ ਘੰਟਾ ਏਕਾਂਤ ਵਿਚ ਗੱਲਬਾਤ ਕੀਤੀ। ਇਹ 7 ਸਤੰਬਰ ਦੀ ਗੱਲ ਹੈ। ਅਸੀਂ ਸੰਤਾਂ ਸਮੇਤ ਮੋਗੇ ਆ ਗਏ ਤੇ ਸੰਤ ਉਥੋਂ ਸਿੱਧੇ, 200 ਸਿੰਘਾਂ ਦੇ ਜਥੇ ਸਮੇਤ ਚੰਦੋਂ ਕਲਾਂ ਹਰਿਆਣਾ ਚਲੇ ਗਏ ਜਿੱਥੇ 7 ਦਿਨਾਂ ਦੇ ਪ੍ਰਚਾਰ ਦਾ ਪ੍ਰੋਗਰਾਮ ਸੀ। ਮੈਂ ਪਿੰਡ ਰੋਡੇ ਚਲਾ ਗਿਆ ਤੇ ਲਾਲੇ ਦੇ ਮਾਰਨ ਦਾ ਪ੍ਰੋਗਰਾਮ ਕੈਂਸਲ ਹੋ ਗਿਆ। ਸਭ ਛੋਟੇ-ਵੱਡੇ ਹਥਿਆਰ ਵੀ ਸੰਤਾਂ ਦੇ ਨਾਲ ਹੀ ਭੇਜ ਦਿੱਤੇ ਸਨ, ਕਿਉਂਕਿ ਦੌਰੇ ਸਮੇਂ ਨਿਰੰਕਾਰੀਆਂ ਨਾਲ ਕਿਸੇ ਵੀ ਥਾਂ ਟੱਕਰ ਹੋ ਸਕਦੀ ਸੀ।



ਭਾਈ ਰੋਡੇ (ਵਿਚਾਲੇ) ਜਗਤ ਨਰਾਇਣ ਕਤਲ ਕੇਸ ਵਿਚ ਲੰਮੀ ਜੇਲ੍ਹ ਕੱਟਣ ਉਪਰੰਤ ਆਪਣੀ ਹਵੇਲੀ ਵਿਚ ਵੱਡੇ ਭਾਈ (ਖੱਬੇ ਹੱਥ) ਅਤੇ ਆਪਣੇ ਬਚਪਨ ਦੇ ਕਿਸੇ ਆੜੀ ਨਾਲ ਸਹਿਜ ਪਲਾਂ ਦੌਰਾਨ

8 ਸਤੰਬਰ ਨੂੰ ਅਚਾਨਕ ਜਲੰਧਰ ਦਾ ਇਕ ਸਿੰਘ ਮੇਰੇ ਕੋਲ ਆਇਆ। ਉਸ ਦੇ ਨਾਲ ਸੰਤਾਂ ਦਾ ਭਤੀਜਾ ਸਵਰਨ ਸਿੰਘ ਵੀ ਸੀ, ਉਸ ਨੂੰ ਲਾਲੇ ਦੇ ਪ੍ਰੋਗਰਾਮ ਬਾਰੇ ਕੋਈ ਜਾਣਕਾਰੀ ਨਹੀਂ ਸੀ ਪਰ ਮੇਰੇ ਨਾਲ ਦੇ ਜਲੰਧਰ ਵਾਲੇ ਵਰਕਰ ਨੇ ਕੁਝ-ਕੁਝ ਹਿੰਟ ਲਾਲੇ ਬਾਰੇ ਦੇ ਦਿੱਤੇ ਸਨ। ਉਸ ਨੇ ਦੱਸਿਆ ਕਿ ਕੱਲ੍ਹ 9 ਸਤੰਬਰ ਨੂੰ ਲਾਲਾ ਜਗਤ ਨਰਾਇਣ ਪਟਿਆਲੇ ਜਾ ਰਿਹਾ ਹੈ। ਦੇਸ ਰਾਜ ਦੀ ਧਰਮਸ਼ਾਲਾ ਵਿਚ ਪ੍ਰੋਗਰਾਮ ਹੈ ਤੇ ਜਾਣਾ ਵੀ ਜ਼ਰੂਰ ਹੈ। ਗੰਨਮੈਨ ਵੀ ਕੋਈ ਨਹੀਂ ਹੋਵੇਗਾ। ਸਿਰਫ਼ ਡਰਾਈਵਰ ਹੀ ਹੋਵੇਗਾ, ਨਾਲੇ ਫੀਏਟ ਕਾਰ 'ਤੇ। ਮੈਂ ਤਾਂ ਇਰਾਦਾ ਢਿੱਲਾ ਕਰ ਦਿੱਤਾ ਸੀ ਕਿ ਸੰਤ ਮਨ੍ਹਾਂ ਕਰ ਕੇ ਗਏ ਹਨ ਤੇ ਹਥਿਆਰ ਵੀ ਨਹੀਂ ਹਨ ਪਰ ਮੌਕਾ ਮਿਲਿਆ ਸੀ। ਸੀ.ਆਈ.ਡੀ. (ਸੂਹ) ਪੱਕੀ ਸੀ ਕਿ ਹਰ ਹਾਲਤ ਵਿਚ ਉਸ ਨੇ ਪਟਿਆਲੇ ਜਾਣਾ ਹੈ। ਦੂਜੇ, ਜੋ ਮੇਰੇ ਨਾਲ ਪਹਿਲਾਂ ਮੇਰਾ ਖਾਸ ਆਦਮੀ ਮਾਰਨ ਲਈ ਚੁਣਿਆ ਹੋਇਆ ਸੀ, ਉਹ ਵੀ ਸੰਤਾਂ ਨਾਲ ਹੀ ਚਲਾ ਗਿਆ ਸੀ ਤੇ ਕੰਮ ਔਖਾ ਸੀ ਪਰ ਸੰਤਾਂ ਦਾ ਭਤੀਜਾ ਕਾਹਲਾ ਸੀ ਕਿ ਮੈਨੂੰ ਨਾਲ ਲੈ ਕੇ ਚੱਲੋ। ਮੈਂ ਨਾਲ ਜਾਵਾਂਗਾ, ਤੁਸੀਂ ਮੈਨੂੰ ਕਿਉਂ ਨਹੀਂ ਲੈ ਕੇ ਜਾਂਦੇ। ਮੈਂ ਵੀ ਸੇਵਾ ਕਰਨੀ ਹੈ।

ਮੈਂ ਕਿਹਾ, "ਸੰਤਾਂ ਨੂੰ ਤੇਰੇ ਬਾਰੇ ਪਤਾ ਨਹੀਂ ਹੈ। ਫਿਰ ਲੜਨਗੇ, ਜੇ ਕੋਈ ਗੱਲਬਾਤ ਹੋ ਗਈ।" ਪਰ ਉਹ ਹਰ ਹਾਲਤ ਵਿਚ ਜਾਣਾ ਚਾਹੁੰਦਾ ਸੀ। ਸੋ, ਹਥਿਆਰ-ਦੋ ਰਿਵਾਲਵਰਾਂ ਦਾ ਪ੍ਰਬੰਧ ਮੈਂ ਕਿਸੇ ਖਾਸ ਬੰਦੇ ਤੋਂ ਕਰ ਲਿਆ। ਇਹ ਦੋਵੇਂ ਹਥਿਆਰ ਲਾਇਸੰਸੀ ਸਨ। ਇਕ 32 ਬੋਰ ਤੇ ਇਕ 38 ਬੋਰ ਦਾ ਸੀ। ਇਕ ਹੋਰ ਜਥੇ ਦਾ ਹੀ ਸਿੰਘ-ਦਲਬੀਰ ਸਿੰਘ ਜੋ ਸਵਰਨ ਸਿੰਘ ਦਾ ਦੋਸਤ ਸੀ, ਵੀ ਨਾਲ ਹੀ ਰਲਾ ਲਿਆ। ਸਵਰਨ ਸਿੰਘ ਤੇ ਮੈਂ, ਮੇਰੇ ਕੋਲ ਜੋ ਮੋਟਰਸਾਈਕਲ ਸੀ, ਉਸ 'ਤੇ ਬੈਠ ਕੇ ਰਾਤ ਨੂੰ ਹੀ ਘਰੋਂ ਨਿਕਲ ਗਏ।

8 ਸਤੰਬਰ 1981 ਨੂੰ ਸ਼ਾਮ ਦੇ 7 ਵਜੇ ਘਰੋਂ ਹੀ ਰੋਡੇ ਪਿੰਡ ਤੋਂ ਅਸੀਂ ਦੋਵੇਂ (ਮੈਂ ਤੇ ਸਵਰਨ ਸਿੰਘ) ਚੱਲੇ। ਮੇਰੀ ਛੋਟੀ ਜਿਹੀ ਭਤੀਜੀ ਜੋ ਮਸਾਂ ਹੀ ਗਿਲਾਸ ਚੁੱਕ ਸਕਦੀ ਸੀ, ਉਸ ਨੇ ਦੁੱਧ ਦੇ ਦੋ ਅੱਧੇ-ਅੱਧੇ ਗਿਲਾਸ ਆਪ ਲਿਆ ਕੇ ਦੋਵਾਂ ਨੂੰ ਦੁੱਧ ਦਿੱਤਾ। ਰੋਟੀ ਅਸੀਂ ਖਾ ਲਈ ਸੀ। 8 ਸਤੰਬਰ 1981 ਤੋਂ ਲੈ ਕੇ ਅੱਜ (1996 ਵਿਚ ਲਿਖਣ) ਤੱਕ ਵਾਪਸ ਘਰ ਵੱਲ ਜਾਣ ਦਾ ਮੌਕਾ ਹੀ ਨਹੀਂ ਮਿਲਿਆ। ਉਸ ਭਤੀਜੀ ਦੀ ਸ਼ਾਦੀ ਹੋਈ ਨੂੰ ਵੀ ਇਕ ਸਾਲ ਹੋ ਗਿਆ ਹੈ। ਉਸ ਸਮੇਂ ਉਹ ਪੰਜ ਸਾਲ ਦੀ ਸੀ।

ਸੋ, ਅਸੀਂ ਪਿੰਡੋਂ ਚੱਲ ਕੇ ਮਲਸੀਹਾਂ (ਨਕੋਦਰ) ਕੋਲ ਰਾਤ 10 ਵਜੇ ਕਿਸੇ ਖਾਸ ਸਿੰਘ ਕੋਲ ਪਹੁੰਚ ਗਏ। ਉਥੇ ਹੀ ਦਲਬੀਰ ਸਿੰਘ ਸੀ। ਸਵਰਨ ਸਿੰਘ ਤੇ ਦਲਬੀਰ ਸਿੰਘ ਹੋਰਾਂ ਦਾ ਨਵਾਂ ਮੋਟਰਸਾਈਕਲ ਵੀ ਉਥੇ ਖੜ੍ਹਾ ਸੀ ਜੋ 7 ਸਤੰਬਰ ਨੂੰ ਉਨ੍ਹਾਂ ਨੇ 14900 ਰੁਪਏ ਦਾ ਲਿਆ ਸੀ। ਉਹ ਮੋਟਰਸਾਈਕਲ ਤਾਂ ਵੈਸੇ ਹੀ ਉਨ੍ਹਾਂ ਨੇ ਘੁੰਮਣ ਲਈ ਲਿਆ ਸੀ, ਇਸ ਕੰਮ ਲਈ ਨਹੀਂ ਸੀ ਪਰ ਉਹ ਜ਼ੋਰ ਪਾਉਣ ਲੱਗੇ ਕਿ ਨਵਾਂ ਮੋਟਰਸਾਈਕਲ ਲੈ ਕੇ ਜਾਣਾ ਹੈ। ਉਦਘਾਟਨ ਪੰਜਾਬ ਵਿਚ ਨਵੇਂ 'ਤੇ ਹੀ ਕਰਨਾ ਹੈ। ਪੰਜਾਬ ਵਿਚ ਇਹ ਪਹਿਲਾ ਹੀ ਵਾਕਿਆ ਹੋਣਾ ਸੀ। ਅਜੇ ਤੱਕ ਇਸ ਤੋਂ ਪਹਿਲਾਂ ਕੁਝ ਨਹੀਂ ਸੀ ਹੋਇਆ। ਮੇਰੇ ਵਾਲਾ ਮੋਟਰਸਾਈਕਲ ਮੇਰੇ ਹੱਥ ਚੜ੍ਹਿਆ ਸੀ ਤੇ ਸਭ ਤਰ੍ਹਾਂ ਨਾਲ ਮੇਰਾ ਫਿੱਟ ਕੀਤਾ ਹੋਇਆ ਸੀ ਤਾਂ ਕਿ ਤੇਲ ਵਧਾਉਣ 'ਤੇ ਵੱਧ ਤੋਂ ਵੱਧ ਭੱਜ ਸਕੇ, ਪਰ ਉਨ੍ਹਾਂ ਦੇ ਜ਼ੋਰ ਪਾਉਣ ਕਾਰਨ ਅਸੀਂ ਨਵੇਂ 'ਤੇ ਹੀ ਚੱਲ ਪਏ ਤੇ ਮਲਸੀਹਾਂ ਤੋਂ ਪਟਿਆਲੇ ਚਲੇ ਗਏ।

ਪਟਿਆਲੇ ਜਾ ਕੇ ਉਹ ਧਰਮਸ਼ਾਲਾ ਮੁਸ਼ਕਲ ਨਾਲ ਹੀ ਮਿਲੀ ਪਰ ਲਾਲਾ ਨਹੀਂ ਸੀ ਆਇਆ। ਕੁਝ ਸਮਾਂ ਉਡੀਕਣ ਤੋਂ ਬਾਅਦ ਸਾਢੇ ਤਿੰਨ ਵਜੇ ਉਹ ਫੀਏਟ ਕਾਰ ਵਿਚ ਆ ਗਿਆ। ਉਥੇ ਇਕੱਠ ਬਹੁਤ ਜ਼ਿਆਦਾ ਸੀ। ਉਥੇ ਮਾਰਨਾ ਠੀਕ ਨਹੀਂ ਸੀ। ਉਸ ਨੇ ਵਾਪਸ ਪਟਿਆਲੇ ਤੋਂ ਸਰਹੰਦ ਸੜਕ ਰਾਹੀਂ ਆਉਣਾ ਸੀ। ਸੋ ਅਸੀਂ ਰਸਤੇ ਵਿਚ ਨਹਿਰ ਕੋਲ ਮਾਰਨ ਦੀ ਸਕੀਮ ਬਣਾ ਲਈ। ਉਥੇ ਰਸਤਾ ਖਾਲੀ ਹੁੰਦਾ ਹੈ, ਟ੍ਰੈਫਿਕ ਵੀ ਨਹੀਂ ਹੁੰਦਾ। ਸੋ, ਅਸੀਂ ਵਾਪਸ ਆਉਂਦੇ ਮਗਰ ਲੱਗ ਗਏ। ਕਾਰ ਅੱਗੇ ਸੀ ਤੇ ਅਸੀਂ ਪਿੱਛੇ ਸੀ। ਮੋਟਰ ਸਾਈਕਲ ਮੈਂ ਹੀ ਚਲਾਉਂਦਾ ਸੀ, ਉਹ ਨਹੀਂ ਸੀ ਚਲਾਉਣਾ ਜਾਣਦੇ। ਹਥਿਆਰ (ਉਨ੍ਹਾਂ ਦੋਹਾਂ ਕੋਲ) ਦੋ ਹੀ ਸਨ। ਤੀਜਾ ਮੈਂ ਖਾਲੀ ਹੀ ਸੀ। ਫੀਏਟ ਕਾਰ ਤੇਜ਼ ਬਹੁਤ ਸੀ। ਮੋਟਰਸਾਈਕਲ ਨਵਾਂ ਹੋਣ ਕਰਕੇ ਜ਼ਿਆਦਾ ਭੱਜਦਾ ਨਹੀਂ ਸੀ ਤੇ ਗਰਮ ਹੁੰਦਾ ਸੀ।

ਸੋ, ਲੁਧਿਆਣੇ ਤੱਕ ਕਾਰ ਦੇ ਨਾਲ ਮੋਟਰਸਾਈਕਲ ਨਹੀਂ ਰਲ ਸਕਿਆ। ਅੱਧਾ ਕਿਲੋਮੀਟਰ ਦੀ ਵਿੱਥ ਪਈ ਰਹੀ ਪਰ ਲੁਧਿਆਣੇ ਆ ਕੇ ਜਲੰਧਰ ਵਾਲੇ ਪਾਸੇ ਚੁੰਗੀ ਦੇ ਕੋਲ ਜੋ ਵੱਡਾ ਪੁੱਲ ਹੈ, ਜਿੱਥੇ ਰੇਲ ਗੱਡੀ ਥੱਲੇ ਦੀ ਲੰਘਦੀ ਹੈ ਤੇ ਬਾਕੀ ਗੱਡੀਆਂ ਉਪਰੋਂ ਲੰਘਦੀਆਂ ਹਨ; ਉਥੇ ਮੋੜ ਹੈ ਬਹੁਤ ਵੱਡਾ, ਜੀ.ਟੀ. ਰੋਡ 'ਤੇ ਹੀ। ਸੜਕ ਬਣ ਰਹੀ ਸੀ ਤੇ ਕਾਰ ਹੌਲੀ ਹੋ ਗਈ। ਮੈਂ ਮੋਟਰ ਸਾਈਕਲ ਨੇੜੇ ਲੈ ਆਂਦਾ ਤੇ ਦੋਵਾਂ ਨੂੰ ਕਿਹਾ ਕਿ ਹੱਥਾਂ ਵਿਚ ਹਥਿਆਰ ਫੜ ਲਉ।

ਅੱਗੇ-ਪਿੱਛੇ ਬੱਸਾਂ, ਕਾਰਾਂ ਤੇ ਟਰੱਕ ਆ-ਜਾ ਰਹੇ ਸਨ। ਮੈਂ ਮੋਟਰਸਾਈਕਲ ਬਿਲਕੁਲ ਬਰਾਬਰ ਲਾ ਦਿੱਤਾ। ਕਾਰ ਦੀ ਬਾਰੀ ਦੇ ਨੇੜੇ ਜਾ ਕੇ ਮੈਂ ਕਿਹਾ, "ਫਾਇਰ ਮਾਰੋ...।" ਉਨ੍ਹਾਂ ਦੋਹਾਂ ਨੇ ਫਾਇਰ ਕਰ ਦਿੱਤੇ। ਚੱਲਦੀ ਕਾਰ ਸੀ ਤੇ ਚਲਦਾ ਹੀ ਮੋਟਰ ਸਾਈਕਲ। ਫਾਇਰ ਕਿਸੇ ਦੇ ਵੀ ਨਹੀਂ ਵੱਜਾ ਤੇ ਉਹ ਬਚ ਗਏ ਪਰ ਕਾਰ ਉਨ੍ਹਾਂ ਨੇ ਫੱਟ ਰੋਕ ਲਈ ਤੇ ਰੌਲਾ ਪਾ ਦਿੱਤਾ।

ਟ੍ਰੈਫਿਕ ਬਹੁਤ ਸੀ। ਸੜਕ 'ਤੇ ਮੋਟਰ ਸਾਈਕਲ ਚੱਲਦਾ ਹੋਣ ਕਰ ਕੇ ਕਾਰ ਤੋਂ 10 ਗਜ਼ ਅੱਗੇ ਨਿਕਲ ਗਿਆ। ਮੈਂ ਮੋਟਰਸਾਈਕਲ ਰੋਕ ਲਿਆ ਤੇ ਦੇਖਿਆ ਕਿ ਉਹ ਕਾਰ ਵਾਪਸ ਮੋੜ ਰਹੇ ਹਨ ਤੇ ਕਾਰ ਕੱਚੇ ਵਿਚ ਉਤਰ ਗਈ।

ਮੈਂ ਕਿਹਾ, "ਨਵੇਂ ਸਿਰੇ ਚੱਲ ਕੇ ਗੋਲੀ ਮਾਰੋ...ਛੱਡਣਾ ਨਹੀਂ। ਫਿਰ ਨਹੀਂ ਮਰੇਗਾ ਕਦੇ ਵੀ...ਹੁਣ ਤਾਂ ਜੋ ਹੋਣਾ ਸੀ, ਉਹ ਹੋ ਗਿਆ...ਚੌਕਸ ਤਾਂ ਕਰ ਦਿੱਤਾ ਹੈ।" ਮੋਟਰਸਾਈਕਲ ਪਿੱਛੇ ਮੋੜ ਲਿਆ ਤੇ ਉਪਰ ਬੈਠੇ ਨੇ ਹੀ ਰਿਵਾਲਵਰ ਇਕ ਹੱਥ ਵਿਚ ਨੰਗਾ ਹੀ ਫੜ ਲਿਆ। ਸ਼ਰ੍ਹੇਆਮ ਸਭ ਲੋਕ ਵੇਖ ਰਹੇ ਸਨ। ਬੱਸਾਂ, ਕਾਰਾਂ, ਟਰੱਕ ਸਭ ਰੁਕ ਗਏ। ਮੈਂ ਸਭ ਨੂੰ ਹੱਥ ਦੇ ਦਿੱਤਾ ਤੇ ਡਰਾਈਵਰ ਤੋਂ ਕਾਰ ਭਜਾਈ ਨਾ ਗਈ। ਡਰਾਈਵਰ ਪੰਡਤ ਸੀ, ਡਰ ਗਿਆ ਤੇ ਕਾਰ ਰੁਕ ਗਈ। ਮੈਂ ਬਿਲਕੁਲ ਬਰਾਬਰ ਲਾ ਕੇ, ਰੋਕ ਕੇ ਮੋਟਰਸਾਈਕਲ, ਪੈਰ ਥੱਲੇ ਲਾ ਕੇ ਸ਼ੀਸ਼ੇ ਵਿਚ ਦੀ ਚਾਰ ਗੋਲੀਆਂ-ਦੋ ਸਿਰ ਵਿਚ ਤੇ ਦੋ ਪਿਛਲੇ ਪਾਸੇ ਮਾਰੀਆਂ, ਤੇ ਥਾਂ 'ਤੇ ਹੀ ਲਿਟ ਗਿਆ ਲਾਲਾ। ਡਰਾਈਵਰ ਦੇ ਵੀ ਮੂੰਹ 'ਤੇ ਇਕ ਗੋਲੀ ਲੱਗ ਗਈ। ਉਸ ਨੂੰ ਗੋਲੀ ਮਾਰਨ ਦਾ ਕੋਈ ਇਰਾਦਾ ਨਹੀਂ ਸੀ ਪਰ ਉਹ ਫੱਟੜ ਹੋ ਗਿਆ। ਉਸ ਦੀ ਗਵਾਹੀ 'ਤੇ ਹੀ ਬਾਅਦ ਵਿਚ ਮੈਨੂੰ ਉਮਰ ਕੈਦ ਹੋਈ।

ਐਕਸ਼ਨ ਕਰਕੇ ਮੈਂ ਰਿਵਾਲਵਰ ਸਾਥੀ ਨੂੰ ਫੜਾ ਦਿੱਤਾ ਤੇ ਮੋਟਰਸਾਈਕਲ ਜਲੰਧਰ ਵੱਲ ਮੋੜ ਲਿਆ। ਸਭ ਪਾਸੇ ਰੌਲਾ ਪੈ ਗਿਆ; ਬੱਸਾਂ, ਕਾਰਾਂ, ਟਰੱਕਾਂ ਵਿਚ ਕਿ ਲਾਲਾ ਜਗਤ ਨਰਾਇਣ ਮਾਰ ਦਿੱਤਾ। ਹਾਹਾਕਾਰ ਮੱਚ ਗਈ। ਕੁਦਰਤੀ ਮਾਰਨ ਤੋਂ ਬਾਅਦ ਰਿਵਾਲਵਰ ਉਨ੍ਹਾਂ ਨੂੰ ਫੜਾ ਕੇ ਜਦੋਂ ਮੋਟਰਸਾਈਕਲ ਤੋਰਨ ਲੱਗੇ ਤਾਂ ਕਲੱਚ ਪਲੇਟਾਂ ਜਵਾਬ ਦੇ ਗਈਆਂ। ਨਵਾਂ ਹੋਣ ਕਾਰਨ ਮੋਟਰ ਸਾਈਕਲ ਗਰਮ ਹੋ ਗਿਆ। ਬੜੀ ਕੋਸ਼ਿਸ਼ ਕੀਤੀ ਚਲਾਉਣ ਦੀ, ਪਰ ਜਵਾਬ ਦੇ ਗਿਆ। 5-7 ਮਿੰਟ ਤਾਂ ਦੇਖਿਆ ਸ਼ਾਇਦ ਚੱਲ ਪਵੇ, ਪਰ ਗੱਲ ਨਹੀਂ ਬਣੀ। ਹੁਣ ਦਿਨ ਅਜੇ ਇਕ ਘੰਟਾ ਖੜ੍ਹਾ ਸੀ। ਲੋਕ ਬਹੁਤ ਸਨ, ਚਾਰ-ਚੁਫੇਰੇ ਰੌਲਾ ਪੈ ਗਿਆ ਤੇ ਇਹ ਵੀ ਪਤਾ ਲੱਗ ਗਿਆ ਕਿ ਮੋਟਰਸਾਈਕਲ ਖ਼ਰਾਬ ਹੋ ਗਿਆ ਹੈ, ਤੇ ਅਸੀਂ ਮੋਟਰਸਾਈਕਲ ਛੱਡ ਦਿੱਤਾ ਉਥੇ ਹੀ। ਮੋਟਰਸਾਈਕਲ ਕਿਸੇ ਦੇ ਨਾਂ ਨਹੀਂ ਸੀ, ਜਾਅਲੀ ਨਾਂ 'ਤੇ ਲਿਆ ਸੀ ਤੇ ਹੁਣ ਵੀ ਥਾਣੇ ਹੀ ਖੜ੍ਹਾ ਹੈ। ਬਿਲਕੁਲ ਨਵਾਂ ਹੈ।

ਹੁਣ ਮੈਂ ਖਾਲੀ ਹੱਥ ਸੀ। ਹਥਿਆਰ ਦੋਵੇਂ ਹੀ ਉਨ੍ਹਾਂ ਕੋਲ ਸਨ ਤੇ ਅਸੀਂ ਸਰਕੰਡਿਆਂ ਵਿਚ ਹੀ ਭੱਜ ਪਏ। ਥੋੜ੍ਹੀ ਦੂਰ ਜਾਣ 'ਤੇ ਸਵਰਨ ਸਿੰਘ ਇਕ ਪੁਰਾਣੇ ਖੂਹ ਵਿਚ ਡਿੱਗ ਪਿਆ ਤੇ ਉਸ ਨੂੰ ਕੱਢਦਿਆਂ ਅੱਧਾ ਘੰਟਾ ਲੱਗ ਗਿਆ...ਤੇ ਲੋਕਾਂ ਨੇ ਘੇਰਾ ਪਾ ਲਿਆ। ਅਸੀਂ ਜੀ.ਟੀ. ਰੋਡ ਤੋਂ ਕੋਈ ਚਾਰ-ਪੰਜ ਕਿੱਲੇ ਦੀ ਵਿੱਥ 'ਤੇ ਸੀ। ਲੋਕਾਂ ਨੇ ਮੈਨੂੰ ਖਾਲੀ ਹੱਥ ਵੇਖ ਕੇ ਇਕੱਲੇ ਨੂੰ ਹੀ ਜ਼ਿਆਦਾ ਕੋਸ਼ਿਸ਼ ਕੀਤੀ ਫੜਨ ਦੀ। ਉਧਰ ਹਨੇਰਾ ਹੋ ਰਿਹਾ ਸੀ ਤੇ ਰੌਲਾ ਪੈ ਹੀ ਗਿਆ ਸੀ ਲਾਲੇ ਨੂੰ ਮਾਰਨ ਦਾ। ਸਾਰਿਆਂ ਨੇ ਰਲ ਕੇ ਝੋਨੇ ਦੇ 10 ਕਿੱਲੇ ਦੇ ਖੇਤ ਵਿਚ ਮੈਨੂੰ ਘੇਰ ਲਿਆ ਤੇ ਮਾਰਨ ਦੀ ਕੋਸ਼ਿਸ਼ ਕੀਤੀ। ਥੱਕ ਕੇ ਮੈਂ ਖੜ੍ਹ ਗਿਆ।

ਖਾਲੀ ਹੱਥ ਤਾਂ ਸੀ, ਸੋ ਮੈਨੂੰ ਲੋਕਾਂ ਨੇ ਫੜ ਲਿਆ। ਕਿਸੇ ਨੂੰ ਕੁਝ ਨਹੀਂ ਸੀ ਪਤਾ ਕਿ ਕੌਣ ਹਾਂ ਮੈਂ, ਤੇ ਨਾ ਹੀ ਇਹ ਪਤਾ ਸੀ ਕਿ ਲਾਲੇ ਨੂੰ ਕਿਉਂ ਮਾਰਿਆ ਹੈ। ਜਦੋਂ ਕੋਈ ਵਾਹ ਨਾ ਜਾਂਦੀ ਦੇਖੀ ਤਾਂ ਮੈਂ ਨਾਹਰੇ ਮਾਰਨ ਲੱਗ ਪਿਆ। ਹੁਣ ਲੋਕ ਸੁਣ ਕੇ ਡਰ ਗਏ ਕਿ ਇਹ ਤਾਂ ਕੰਮ ਖ਼ਰਾਬ ਹੋ ਗਿਆ, ਕਿਉਂਕਿ ਪੋਲਟਰੀ ਫਾਰਮ 'ਤੇ ਮੈਨੂੰ ਘੇਰਾ ਪਿਆ ਸੀ ਤੇ ਇਹ ਪੋਲਟਰੀ ਫਾਰਮ ਵਾਲੇ ਰਿਟਾਇਰਡ ਫੌਜੀ ਸਨ ਜਿਨ੍ਹਾਂ ਨੇ ਘੇਰਾ ਪਾਇਆ ਸੀ; ਉਹ ਡਰ ਗਏ। ਫੜ ਤਾਂ ਬੈਠੇ ਸਨ। ਤੇ ਨਾਹਰੇ ਸੁਣ ਕੇ ਪਤਾ ਲੱਗ ਗਿਆ ਕਿ ਇਹ ਤਾਂ ਕੰਮ ਖ਼ਰਾਬ ਕਰ ਲਿਆ। ਇਹ ਮਸਲਾ ਤਾਂ ਨਿਰੰਕਾਰੀਆਂ ਨਾਲ ਦਾ ਹੈ, ਪਰ ਹੁਣ ਪੁਲਿਸ ਵੀ ਆ ਚੁੱਕੀ ਸੀ।

ਬਾਅਦ ਵਿਚ ਇਕ-ਦੋ ਵਾਰ ਉਥੇ ਸਿੰਘ ਗਏ ਸਨ ਜਿਸ ਕਰਕੇ ਉਹ ਫੌਜੀ ਸਭ ਜ਼ਮੀਨ ਫਾਰਮ ਵੇਚ ਕੇ ਪਤਾ ਨਹੀਂ ਕਿੱਧਰ ਚਲੇ ਗਏ। ਮੈਨੂੰ ਪੁਲਿਸ ਦੀ ਗੱਡੀ ਵਿਚ ਸੁੱਟ ਲਿਆ। ਇਸ ਵੇਲੇ ਤੱਕ 8 ਵਜੇ ਢੁੱਕੇ ਸਨ ਤੇ ਰੇਡੀਓ ਰਾਹੀਂ

ਹਰ ਪਾਸੇ ਖ਼ਬਰ ਫੈਲ ਚੁੱਕੀ ਸੀ ਕਿ ਲਾਲਾ ਜਗਤ ਨਰਾਇਣ ਮਾਰ ਦਿੱਤਾ ਗਿਆ।

ਮੈਨੂੰ ਇਹ ਵੀ ਪਤਾ ਲੱਗਾ ਕਿ ਜਲੰਧਰ ਸ਼ਹਿਰ ਵਿਚ ਅੱਗਾਂ ਲਾ ਦਿੱਤੀਆਂ ਗਈਆਂ। ਕੁਝ ਸਿੱਖਾਂ ਦੀਆਂ ਦੁਕਾਨਾਂ ਨੂੰ ਹੋਰ ਸ਼ਹਿਰਾਂ ਵਿਚ ਵੀ ਸਾੜ ਦਿੱਤਾ ਗਿਆ। ਰਾਤ ਤੱਕ ਸਾਰੇ ਪੰਜਾਬ ਵਿਚ ਗੜਬੜ ਹੋ ਗਈ। ਰੌਲਾ ਪੈ ਗਿਆ। ਪਹਿਲੀ ਵਾਰ ਪੰਜਾਬ ਵਿਚ ਸੀ.ਆਰ.ਪੀ.(ਐਫ.) ਆਈ। ਸਾਰਾ ਪੰਜਾਬ 10 ਤਰੀਕ ਤਕ ਪੁਲਿਸ ਛਾਉਣੀ ਬਣ ਗਿਆ।

ਰਾਤ ਨੂੰ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਐਸ.ਐਸ.ਪੀ. ਭੱਟੀ, ਐਸ.ਐਸ.ਪੀ. ਚੰਦਰ ਸ਼ੇਖਰ ਤੇ ਆਰ.ਐਸ. ਕਾਲੀਆ ਇਹ ਸਭ ਲੁਧਿਆਣੇ ਹੀ ਲੱਗੇ ਹੋਏ ਸਨ। ਰਾਤ ਨੂੰ ਮੈਨੂੰ ਬਾਹਰ ਖੇਤਾਂ ਵਿਚ ਲਿਜਾ ਕੇ ਦਰਖ਼ਤ ਨਾਲ ਬੰਨ੍ਹ ਦਿੱਤਾ ਗਿਆ ਤੇ ਵਾਰ-ਵਾਰ ਪਰਖਣ ਲੱਗੇ। ਤਿੰਨ ਗੋਲੀਆਂ ਮੇਰੇ ਉਪਰੋਂ ਦੀ ਲੰਘਾਈਆਂ। ਮੈਨੂੰ ਖਿੱਚੀ ਫਿਰਦੇ ਰਹੇ, ਕੁੱਟ-ਮਾਰ ਕਰ ਕੇ, ਪਰ ਪਤਾ ਨਹੀਂ ਕੀ ਕਾਰਨ ਸੀ ਕਿ ਕੋਈ ਗੋਲੀ ਮੇਰੇ ਸਰੀਰ 'ਤੇ ਨਹੀਂ ਮਾਰੀ ਗਈ।

ਫਿਰ ਵਾਪਸ ਥਾਣੇ ਲੈ ਗਏ। ਪੂਰੇ ਪੰਜਾਬ ਦੇ ਵੱਡੇ ਅਫ਼ਸਰ ਲੁਧਿਆਣੇ ਮੈਨੂੰ ਦੇਖਣ ਲਈ ਆਏ ਤੇ ਰਾਤੋ-ਰਾਤ ਹੀ ਦਿੱਲੀ ਤੋਂ ਸੀ.ਬੀ.ਆਈ. ਵਾਲੇ ਵੀ ਆ ਗਏ। ਅਗਲੇ ਦਿਨ ਹਾਹਾਕਾਰ ਮੱਚੀ ਹੋਈ ਸੀ। ਪਿੰਡ ਵਿਚ ਘਰ ਦੀ ਤਲਾਸ਼ੀ ਹੋਈ। ਰੋਡੇ ਪਿੰਡ ਵਾਲੇ ਸਾਰੇ ਹੈਰਾਨ ਸਨ ਕਿ ਰਾਤ ਤਾਂ ਇਹ ਇੱਥੋਂ ਹੀ ਗਿਆ ਹੈ, ਕੋਈ ਗੱਲ ਨਹੀਂ ਸੀ। ਇਹ ਕੀ ਹੋ ਗਿਆ? ਘਰ ਦਾ ਬੁਰਾ ਹਾਲ ਕਰ ਦਿੱਤਾ। ਸਾਰਿਆਂ ਨੂੰ ਫੜ ਕੇ ਥਾਣੇ ਲੈ ਗਏ। ਵੱਡੇ ਅਫ਼ਸਰ ਪਹੁੰਚ ਗਏ ਸਨ। ਦਿੱਲੀ ਵਿਚ ਵੀ ਪੂਰਾ ਰੌਲਾ ਪੈ ਗਿਆ ਸੀ। 5 ਲੱਖ ਅਖ਼ਬਾਰ ਤਾਂ ਲਾਲੇ ਦਾ ਹੀ ਰੋਜ਼ਾਨਾ ਛਪਦਾ ਸੀ। ਸਭ ਕਾਲੇ ਹਾਸ਼ੀਏ ਨਾਲ ਛਪ ਚੁੱਕਾ ਸੀ।

ਮੈਨੂੰ 10 ਤਰੀਕ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ। ਹੁਣ ਜੋ ਹੋਣਾ ਸੀ, ਹੋ ਚੁੱਕਾ ਸੀ। ਮੈਂ ਕੋਰਟ ਵਿਚ ਜਾਂਦਿਆਂ ਜ਼ੋਰਦਾਰ ਨਾਹਰੇ ਲਾਏ। ਲੋਕਾਂ ਦਾ ਏਨਾ ਵੱਡਾ ਇਕੱਠ ਸੀ ਕਿ ਕੁਝ ਵੀ ਪਤਾ ਨਹੀਂ ਸੀ ਲੱਗਦਾ। ਵੱਡੀ ਗਿਣਤੀ ਵਿਚ ਲੋਕ ਆਏ ਸਨ ਮੈਨੂੰ ਦੇਖਣ ਲਈ। ਮੇਰਾ 14 ਦਿਨਾਂ ਦਾ ਪੁਲਿਸ ਰਿਮਾਂਡ ਵੀ ਦਿੱਤਾ ਗਿਆ। ਮੇਰੇ ਨਾਲ ਦੇ ਦੋਵੇਂ ਹੀ ਬਚ ਕੇ ਸੰਤਾਂ ਕੋਲ ਚੰਦੋ ਕਲਾਂ ਪਹੁੰਚ ਗਏ। ਸੰਤਾਂ ਨੇ ਰੇਡੀਓ ਉਪਰ ਸਾਰੀ ਖ਼ਬਰ ਤਾਂ ਸੁਣ ਹੀ ਲਈ ਸੀ ਤੇ ਮੇਰੇ ਫੜੇ ਜਾਣ ਦੀ ਵੀ ਖ਼ਬਰ ਆ ਗਈ ਸੀ।

ਸੰਤ ਜੀ ਵੀ ਚੰਦੋ ਕਲਾਂ ਤੋਂ ਵਾਪਸ ਆ ਗਏ ਤੇ ਜੰਮੂ ਚਲੇ ਗਏ। 10 ਤਰੀਕ ਦੀ ਰਾਤ ਨੂੰ 12 ਵਜੇ ਤੱਕ ਬਾਕੀ ਜਥਾ ਚੰਦੋ ਕਲਾਂ ਹੀ ਰਿਹਾ। ਹਾਲਾਤ ਬਹੁਤ ਖ਼ਰਾਬ ਹੋ ਗਏ ਸਨ ਪੰਜਾਬ ਦੇ। ਮੇਰਾ ਰਿਮਾਂਡ ਬਾਹਰ ਖੇਤਾਂ ਵਿਚ ਚੱਲ ਰਿਹਾ ਸੀ। ਬਾਮੀਆ ਰੈਸਟ ਹਾਊਸ ਵਿਖੇ ਕੋਈ ਹਜ਼ਾਰ ਪੁਲਿਸ ਵਾਲਿਆਂ ਦਾ ਘੇਰਾ ਸੀ ਮੇਰੇ ਦੁਆਲੇ ਅਤੇ ਦਿੱਲੀ ਤੇ ਪੰਜਾਬ ਦੇ ਸਭ ਵੱਡੇ ਅਫ਼ਸਰ ਉਥੇ ਹੀ ਸਨ। ਹੈਲੀਕਾਪਟਰ ਉਪਰ ਘੁੰਮ ਰਿਹਾ ਸੀ ਤੇ ਚਾਰ-ਚੁਫੇਰੇ ਅੱਧਾ ਕਿਲੋਮੀਟਰ ਤੱਕ ਲੋਕਾਂ ਦੇ ਖੇਤਾਂ ਦੇ ਰਸਤੇ ਵੀ ਬੰਦ ਕਰ ਦਿੱਤੇ ਸਨ ਕਿ ਮੈਨੂੰ ਛੁਡਾ ਕੇ ਨਾ ਲੈ ਜਾਣ। ਖੇਤਾਂ ਵਿਚ ਹੀ ਸਖ਼ਤ ਤੋਂ ਸਖ਼ਤ ਸਾਧਨ-ਤਰੀਕੇ ਵਰਤਣ ਲੱਗੇ ਮੇਰੇ ਉਪਰ, ਸੰਤਾਂ ਬਾਰੇ ਨਾਂ ਲੈਣ ਬਾਰੇ, ਪਰ ਕੁਝ ਨਾ ਕੱਢ ਸਕੇ। ਅਖ਼ੀਰ ਜੋ ਫੋਟੋਆਂ ਸਨ ਜਥੇ ਦੀਆਂ, ਉਨ੍ਹਾਂ ਨੇ ਕੰਮ ਖ਼ਰਾਬ ਕਰ ਦਿੱਤਾ ਤੇ ਭਾਈ ਰਣਜੀਤ ਸਿੰਘ ਦੀ ਫੋਟੋ ਮੇਰੇ ਕੋਲੋਂ ਪਛਾਣ ਨਾ ਹੋਈ। ਇਨ੍ਹਾਂ ਕਾਫ਼ੀ ਕਾਰਨਾਂ ਕਰਕੇ ਅਖ਼ੀਰ 13 ਸਤੰਬਰ ਦੀ ਸ਼ਾਮ ਨੂੰ ਸੰਤ ਜਰਨੈਲ ਸਿੰਘ ਦੇ ਵਰੰਟ ਕੱਢ ਦਿੱਤੇ ਗਏ।



ਲਾਲਾ ਜਗਤ ਨਰਾਇਣ

ਚੰਦੋ ਕਲਾਂ ਵਿਚ ਹਜ਼ਾਰਾਂ ਦੀ ਗਿਣਤੀ 'ਚ ਪੁਲਿਸ ਦਾ ਘੇਰਾ ਪਾ ਲਿਆ ਪਰ ਸੰਤ ਉਥੇ ਨਹੀਂ ਸਨ। ਉਹ ਮਹਿਤੇ ਪਹੁੰਚ ਚੁੱਕੇ ਸਨ ਤੇ ਲੋਕਾਂ ਦਾ ਇਕੱਠ ਬਹੁਤ ਹੋ ਗਿਆ ਸੀ। ਮਹਿਤੇ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਪੰਜਾਬ, ਦਿੱਲੀ ਤੇ ਹੋਰਨਾਂ ਸੂਬਿਆਂ ਤੋਂ ਪਹੁੰਚ ਗਈਆਂ ਸਨ ਕਿ ਸੰਤਾਂ ਨੂੰ ਗ੍ਰਿਫ਼ਤਾਰ ਨਹੀਂ ਹੋਣ ਦੇਣਾ। ਚੰਦੋ ਕਲਾਂ ਵਿਖੇ ਟਕਸਾਲ ਦੀਆਂ ਦੋਵੇਂ ਬੱਸਾਂ ਸਾੜ ਦਿੱਤੀਆਂ, ਟਰੱਕ ਸਾੜ ਦਿੱਤਾ ਤੇ ਹੋਰ ਧਾਰਮਿਕ ਪੋਥੀਆਂ ਅਗਨ ਭੇਟ ਕਰ ਦਿੱਤੀਆਂ। ਸਾਰਾ ਜਥਾ ਗ੍ਰਿਫ਼ਤਾਰ ਕਰ ਲਿਆ। ਬਾਬਾ ਠਾਕੁਰ ਸਿੰਘ ਵੀ ਫੜ ਲਏ। ਹੋਰ ਕਾਫ਼ੀ ਮੈਂਬਰਾਂ ਨੂੰ ਕੁੱਟਮਾਰ ਹੋਈ ਕਿ ਦੱਸੋ ਸੰਤ ਕਿੱਥੇ ਹਨ। ਉਧਰ, ਬੱਸਾਂ ਤੇ ਧਾਰਮਿਕ ਪੋਥੀਆਂ ਸਾੜਨ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਤੇ ਗੜਬੜ ਹੋਰ ਵਧ ਗਈ। ਪੰਜਾਬ ਦੇ ਹਾਲਤ ਹੋਰ ਵੀ ਖ਼ਤਰਨਾਕ ਰੂਪ ਧਾਰਨ ਕਰ ਗਏ। ਮੇਰੇ ਉਪਰ ਸਖ਼ਤੀ ਵਧ ਗਈ ਤੇ ਮਾਸ ਬਰਫ਼ ਲਾ-ਲਾ ਕੇ ਸਾੜ ਦਿੱਤਾ ਗਿਆ। ਹੋਰ ਹਰ ਤਰ੍ਹਾਂ ਦੇ ਘਟੀਆ ਤਰੀਕੇ ਵਰਤਣ ਲੱਗੇ।

ਉਧਰ, ਸੰਤਾਂ ਨੇ 21 ਤਰੀਕ ਨੂੰ ਗ੍ਰਿਫ਼ਤਾਰ ਹੋਣ ਦਾ ਐਲਾਨ ਕਰ ਦਿੱਤਾ। ਮਹਿਤੇ ਨੂੰ 10 ਹਜ਼ਾਰ ਪੁਲਿਸ ਦਾ ਘੇਰਾ ਪੈ ਗਿਆ ਸੀ। ਗੋਲੀ ਚੱਲਣੀ ਸ਼ੁਰੂ ਹੋ ਗਈ ਤੇ ਮਿੰਟਾਂ ਵਿਚ ਹੀ 30 ਸਿੱਖ ਪੁਲਿਸ ਨੇ ਮਾਰ ਦਿੱਤੇ। ਸੰਤ ਜਾ ਚੁੱਕੇ ਸਨ ਲੁਧਿਆਣੇ ਵੱਲ ਨੂੰ। ਬਹੁਤ ਸਾਰੇ ਵਕੀਲ ਤੇ ਪੁਲਿਸ ਅਫ਼ਸਰ ਨਾਲ ਸਨ। 22 ਸਤੰਬਰ ਨੂੰ ਹੋਰ ਵੀ ਹਾਲਾਤ ਖ਼ਰਾਬ ਹੋ ਗਏ। 22 ਤਰੀਕ ਨੂੰ ਸੰਤਾਂ ਦਾ ਪੰਜ ਦਿਨਾਂ ਦਾ ਰਿਮਾਂਡ ਲੈ ਲਿਆ ਗਿਆ। ਹਿੰਦੁਸਤਾਨ ਵਿਚ ਪਹਿਲੀ ਵਾਰ ਜੱਜ ਖ਼ੁਦ ਚੱਲ ਕੇ ਰੈਸਟ ਹਾਊਸ ਗਿਆ। ਮੇਰਾ ਰਿਮਾਂਡ ਵੀ 7 ਦਿਨਾਂ ਦਾ ਹੋਰ ਦੇ ਦਿੱਤਾ ਗਿਆ ਪਰ ਸੰਤਾਂ ਨਾਲ ਮੈਨੂੰ ਮਿਲਾਇਆ ਨਹੀਂ। ਪੁੱਛਗਿੱਛ ਚੱਲਦੀ ਰਹੀ ਸੰਤਾਂ ਦੀ ਵੀ ਤੇ ਮੇਰੀ ਵੀ। ਨਿਰੰਕਾਰੀ, ਸੰਤਾਂ ਨੂੰ ਫਾਂਸੀ ਲਵਾਉਣਾ ਚਾਹੁੰਦੇ ਸਨ ਕਿਉਂਕਿ ਗੁਰਬਚਨੇ ਦੇ ਕੇਸ ਵਿਚ ਸੰਤ ਜੀ ਬਚ ਗਏ ਸਨ। ਹੁਣ ਉਨ੍ਹਾਂ ਨੂੰ ਮੌਕਾ ਮਿਲਿਆ ਸੀ, 302 ਦਾ ਕੇਸ ਸੀ।

ਸੋ, ਮੇਰੇ ਉਪਰ ਹਰ ਤਰ੍ਹਾਂ ਦੇ ਤਰੀਕੇ ਵਰਤੇ ਗਏ। ਦੋ ਕਤਲ ਹੋਰ ਪਾ ਦਿੱਤੇ ਗਏ, ਜਿਨ੍ਹਾਂ ਵਿਚੋਂ ਬਾਅਦ ਵਿਚ ਮੈਂ ਬਰੀ ਹੋ ਗਿਆ। ਪੁੱਛਗਿੱਛ ਦੌਰਾਨ ਮੇਰੀ ਟੇਪ ਰਿਕਾਰਡਿੰਗ ਰੋਜ਼ਾਨਾ ਹੋਣ ਲੱਗੀ ਤੇ ਹਰ ਰੋਜ਼ ਸ਼ਾਮ ਨੂੰ ਦਿੱਲੀ ਵਿਖੇ ਇੰਦਰਾ ਨੂੰ ਸੁਣਾਉਂਦੇ ਤੇ ਕਹਿੰਦੇ ਕਿ ਨਛੱਤਰ ਸਿੰਘ ਸੰਤਾਂ ਬਾਰੇ ਕੁਝ ਨਹੀਂ ਦੱਸਦਾ ਤੇ ਨਾ ਹੀ ਵਾਅਦਾ ਮੁਆਫ਼ ਗਵਾਹ ਬਣਨ ਨੂੰ ਤਿਆਰ ਹੈ। ਮੈਨੂੰ ਨਿਰੰਕਾਰੀਆਂ ਨਾਲ ਮਿਲਾਇਆ ਗਿਆ। ਬਾਅਦ ਵਿਚ ਰਿਮਾਂਡ ਵਿਚ ਹੀ ਮੈਨੂੰ ਪਤਾ ਲੱਗਾ ਕਿ ਇਹ ਨਿਰੰਕਾਰੀ ਸਨ, ਉਨ੍ਹਾਂ ਨੇ ਲੱਖਾਂ ਰੁਪਏ ਦੇ ਭਰੇ ਅਟੈਚੀਕੇਸ ਮੇਰੇ ਸਾਹਮਣੇ ਪੇਸ਼ ਕੀਤੇ ਕਿ ਸੰਤਾਂ ਵਿਰੁਧ ਗਵਾਹੀ ਦੇ ਦੇ, ਅਸੀਂ ਕੇਸ ਵਿਚੋਂ ਬਰੀ ਕਰਵਾਵਾਂਗੇ। ਪੁਲਿਸ ਦੇ ਸਭ ਵੱਡੇ ਅਫ਼ਸਰ ਵੀ ਇਹੀ ਲਾਲਚ ਦੇ ਰਹੇ ਸਨ; ਕਹਿੰਦੇ ਜੇ ਗਵਾਹੀ ਨਾ ਦਿੱਤੀ ਤਾਂ ਫਾਂਸੀ ਦੀ ਸਜ਼ਾ ਹੋਵੇਗੀ।

ਮੈਂ ਪੁਰਾਣਾ ਸਭ ਦੇਖਿਆ ਹੋਇਆ ਸੀ। ਦੋ ਕੁ ਸਿੱਖ ਅਫ਼ਸਰ ਈ ਚੰਗੇ ਸਨ, ਉਹ ਕੁਝ ਨਾ ਕੁਝ ਦੱਸਦੇ ਰਹਿੰਦੇ ਸਨ। ਫਿਰ ਮੈਂ ਬੋਲਣਾ ਹੀ ਬੰਦ ਕਰ ਦਿੱਤਾ ਤੇ ਪੁਲਿਸ ਅਫ਼ਸਰ ਤੇ ਹੋਰ ਸਭ ਇਸ ਸਕੀਮ ਵਿਚ ਫੇਲ੍ਹ ਹੋ ਗਏ।

ਇਸ ਤੋਂ ਬਾਅਦ ਮੇਰਾ ਇਲਾਜ ਸ਼ੁਰੂ ਹੋ ਗਿਆ। ਸੱਤ ਦਿਨਾਂ ਦਾ ਹੋਰ ਰਿਮਾਂਡ ਇਕ ਕਤਲ ਕੇਸ ਪਾ ਕੇ ਲੈ ਲਿਆ। ਸੰਤਾਂ ਦਾ ਰਿਮਾਂਡ 27 ਸਤੰਬਰ ਨੂੰ ਖ਼ਤਮ ਹੋ ਗਿਆ ਤੇ ਉਨ੍ਹਾਂ ਨੂੰ ਫਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਗਿਆ। ਮੇਰੇ ਸਾਹਮਣੇ ਨਹੀਂ ਲਿਆਂਦੇ ਗਏ। ਸੰਤ ਕਹਿ ਰਹੇ ਸਨ ਕਿ ਨਛੱਤਰ ਸਿੰਘ ਨੂੰ ਮੇਰੇ ਸਾਹਮਣੇ ਕਰਾ ਕੇ ਕਹਾ ਦਿਓ ਕਿ ਮੈਂ ਮਾਰਨ ਲਈ ਭੇਜਿਆ ਹੈ, ਮੈਂ ਇਕਬਾਲ ਕਰ ਲਵਾਂਗਾ; ਕਿਉਂਕਿ ਸੰਤਾਂ ਨੂੰ ਮੇਰੇ ਉਪਰ ਭਰੋਸਾ ਸੀ ਕਿ ਮੈਂ ਕੁਝ ਵੀ ਨਹੀਂ ਦੱਸਾਂਗਾ।

ਸੋ, ਸੰਤ ਫਿਰੋਜ਼ਪੁਰ ਜੇਲ੍ਹ ਚਲੇ ਗਏ ਤੇ ਮੈਨੂੰ 10 ਅਕਤੂਬਰ ਨੂੰ ਇਲਾਜ ਕਰਾ ਕੇ ਮਹੀਨੇ ਬਾਅਦ ਲੁਧਿਆਣੇ ਜੇਲ੍ਹ ਭੇਜ ਦਿੱਤਾ। ਕੇਸ ਦੀ ਸੁਣਵਾਈ ਲੁਧਿਆਣੇ ਹੋਣੀ ਸੀ ਤੇ ਕਤਲ ਲੁਧਿਆਣੇ ਦੀ ਹੱਦ ਵਿਚ ਹੀ ਹੋਇਆ ਸੀ।

ਉਧਰ, 21 ਤਰੀਕ ਨੂੰ ਸੰਤਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਮੋਟਰਸਾਈਕਲ ਸਵਾਰ ਸ਼ੁਰੂ ਹੋ ਗਏ ਤੇ 22 ਦੀ ਰਾਤ ਨੂੰ ਜਲੰਧਰ ਤੇ ਤਰਨ ਤਾਰਨ ਸਿੰਘਾਂ ਨੇ 20 ਦੁਸ਼ਟਾਂ ਨੂੰ ਗੱਡੀ ਚਾੜ੍ਹ ਦਿੱਤਾ। ਗੜਬੜ ਹੋ ਵਧ ਗਈ ਕਿ ਜੇ ਸੰਤਾਂ ਨੂੰ ਨਾ ਛੱਡਿਆ ਗਿਆ ਤਾਂ ਹੋਰ ਸਾਕੇ ਹੋਣਗੇ। 28 ਸਤੰਬਰ 1981 ਨੂੰ ਭਾਈ ਗੁਰਬਖ਼ਸ਼ ਸਿੰਘ ਨੇ ਹਵਾਈ ਜਹਾਜ਼ ਅਗਵਾ ਕਰ ਲਿਆ ਇਕੱਲੇ ਨੇ ਹੀ। ਉਹ ਵੀ ਬਾਅਦ ਵਿਚ ਮੇਰੇ ਨਾਲ ਹੀ ਰਿਹਾ ਸੀ। ਉਹ ਜਹਾਜ਼ ਲਾਹੌਰ ਲੈ ਗਿਆ 150 ਸਵਾਰੀਆਂ ਸਮੇਤ; ਬਿਨਾਂ ਹਥਿਆਰ, ਸਿਰਫ਼ ਇਕ ਗੇਂਦ ਨਾਲ ਹੀ ਉਸ ਨੇ ਜਹਾਜ਼ ਅਗਵਾ ਕਰ ਲਿਆ ਸੀ। ਉਸ ਨੇ ਮੰਗ ਰੱਖੀ ਕਿ ਸੰਤਾਂ ਨੂੰ ਛੱਡਿਆ ਜਾਵੇ ਪਰ ਜਹਾਜ਼ ਲਾਹੌਰ ਉਤਰਨ ਨਹੀਂ ਸੀ ਦਿੱਤਾ ਤੇ ਅੰਮ੍ਰਿਤਸਰ ਉਤਾਰ ਲਿਆ। ਗੁਰਬਖ਼ਸ਼ ਸਿੰਘ ਨੂੰ ਫੜ ਲਿਆ ਤੇ ਬਾਅਦ ਵਿਚ (ਉਹ) ਪੰਜ ਸਾਲਾਂ ਬਾਅਦ ਰਿਹਾਅ ਹੋਇਆ।

ਸੰਤਾਂ ਦੀ ਰਿਹਾਈ ਲਈ ਪੂਰੇ ਪੰਜਾਬ ਵਿਚ ਰੌਲਾ ਪੈ ਗਿਆ। ਅਕਾਲੀ ਦਲ ਨੇ ਮੋਰਚੇ ਦਾ ਐਲਾਨ ਕਰ ਦਿੱਤਾ। ਆਲਮਗੀਰ ਗੁਰਦੁਆਰੇ ਦੇ ਲੱਖ ਦਾ ਇਕੱਠ ਹੋਇਆ। ਪੰਜਾਬ ਦੇ ਹਾਲਾਤ ਖ਼ਰਾਬ ਤੋਂ ਖ਼ਰਾਬ ਹੋਣ ਲੱਗੇ ਸੀ। ਸਭ ਹਾਲਾਤ ਦੇਖ ਕੇ ਇੰਦਰਾ ਗਾਂਧੀ ਖ਼ੁਦ ਚੰਡੀਗੜ੍ਹ ਆਈ ਤੇ ਐਲਾਨ ਕਰ ਗਈ ਕਿ ਸੰਤਾਂ ਦਾ ਇਸ ਕਤਲ ਨਾਲ ਕੋਈ ਸਬੰਧ ਨਹੀਂ। ਇੰਦਰਾ 15 ਅਕਤੂਬਰ ਨੂੰ ਆਈ ਸੀ ਤੇ 16 ਤਰੀਕ ਨੂੰ ਸੰਤਾਂ ਨੂੰ ਰਿਹਾਅ ਕਰ ਦਿੱਤਾ ਗਿਆ। ਸਵਰਨ ਸਿੰਘ ਤੇ ਦਲਬੀਰ ਸਿੰਘ ਭਗੌੜੇ ਕਰਾਰ ਦੇ ਦਿੱਤੇ ਗਏ। 17 ਤਰੀਕ ਨੂੰ ਹੀ ਚੰਡੀਗੜ੍ਹ ਸੈਕਟਰੀਏਟ ਉਪਰ ਵਧਾਵਾ ਸਿੰਘ ਬੱਬਰ ਤੇ ਤਰਸੇਮ ਸਿੰਘ ਹੋਰਾਂ ਨੇ ਨਿਰੰਜਣ ਸਿੰਘ ਨਿਰੰਕਾਰੀ 'ਤੇ ਹਮਲਾ ਕਰ ਦਿੱਤਾ। ਇਹ ਆਪ ਤਾਂ ਫੱਟੜ ਹੋ ਗਿਆ। ਮੁੱਖ ਮੰਤਰੀ ਦੇ ਦਫ਼ਤਰ ਦੇ ਨਾਲ ਹੀ ਫੱਟੜ ਕੀਤਾ ਸੀ ਤੇ ਇਸ ਦਾ ਭਰਾ ਜੋ ਆਈ.ਏ.ਐਸ. ਅਫ਼ਸਰ ਸੀ, ਮਾਰ ਦਿੱਤਾ। ਨਿਰੰਜਣ ਸਿੰਘ ਗੁਰਦਾਸਪੁਰ ਜ਼ਿਲ੍ਹੇ ਦਾ ਡੀ.ਸੀ. ਲੱਗਾ ਹੋਇਆ ਸੀ। 1978 ਵਿਚ ਨਿਰੰਕਾਰੀਆਂ ਨੇ 13 ਸਿੰਘ ਸ਼ਹੀਦ ਕੀਤੇ ਸਨ ਤੇ ਇਸ ਨੇ ਹੀ ਸਾਰਾ ਕਾਂਡ ਕਰਵਾਇਆ ਸੀ ਤੇ ਗੁਰਬਚਨੇ ਨੂੰ ਆਪਣੀ ਕਾਰ ਰਾਹੀਂ ਪੰਜਾਬ ਤੋਂ ਬਾਹਰ ਕਢਵਾਇਆ ਸੀ।

ਨਿਰੰਜਣ ਸਿੰਘ ਦੇ ਕੇਸ ਵਿਚ ਮੇਰਾ ਜੇਲ੍ਹ ਵਿਚੋਂ ਹੀ ਫਿਰ ਸੱਤ ਦਿਨਾਂ ਦਾ ਰਿਮਾਂਡ ਲੈ ਗਏ ਕਿ 'ਤੈਨੂੰ ਪਤਾ ਹੈ ਕਿ ਇਹ (ਕੰਮ) ਕਿਨ੍ਹਾਂ ਨੇ ਕੀਤਾ ਹੈ'। ਕਾਫ਼ੀ ਪੁੱਛਗਿੱਛ ਹੋਈ, ਪਰ ਕੇਸ ਮੇਰੇ ਉਪਰ ਨਹੀਂ ਪਾਇਆ।

ਇਸ ਦੌਰਾਨ ਜਦੋਂ ਮੈਂ ਤਰੀਕ 'ਤੇ ਜਾਂਦਾ ਸੀ ਲੁਧਿਆਣੇ, ਤਾਂ ਮੇਰੇ ਨਾਲ 500 ਦੇ ਕਰੀਬ ਪੁਲਿਸ ਗਾਰਦ ਹੁੰਦੀ ਸੀ। ਪਾਇਲਟ ਗੱਡੀ ਮੇਰੇ ਮੂਹਰੇ ਹੁੰਦੀ ਸੀ। ਥਾਂ-ਥਾਂ ਗਾਰਦ ਰਸਤੇ ਵਿਚ ਖੜ੍ਹੀ ਹੁੰਦੀ ਸੀ ਤੇ ਹਜ਼ਾਰਾਂ ਹੀ ਲੋਕ ਦੇਖਣ ਲਈ ਆਉਂਦੇ ਸਨ। ਪਿੰਡਾਂ ਤੋਂ ਟਰੱਕ ਭਰ ਕੇ ਲੋਕ ਆਉਂਦੇ। ਮੇਰੇ ਲਾਏ ਨਾਹਰੇ ਦੂਰ-ਦੂਰ ਤੱਕ ਸੁਣਦੇ। ਮੈਂ ਨਾਹਰੇ ਬਹੁਤ ਮਾਰਦਾ ਸੀ ਪੇਸ਼ੀ ਮੌਕੇ।

ਉਧਰ ਸੰਤਾਂ ਨੇ ਪ੍ਰਚਾਰ ਗਰਮ ਕਰ ਦਿੱਤਾ। ਰੋਜ਼ਾਨਾ ਹੀ ਮੋਟਰਸਾਈਕਲ ਵਾਲੇ ਘੁੰਮਣ ਲੱਗੇ ਤੇ ਸਿੰਘਾਂ ਦੇ ਕਾਰਨਾਮੇ ਸ਼ੁਰੂ ਹੋ ਗਏ। ਕੈਸਟਾਂ ਚੱਲਣ ਲੱਗੀਆਂ, ਲਾਲ ਜਗਤ ਨਰਾਇਣ ਕਤਲ ਕਾਂਡ ਦੀਆਂ। ਉਸ ਵਕਤ ਆਮ ਹੀ ਢਾਡੀ ਵਾਰਾਂ ਲਾਉਂਦੇ ਸਨ। ਮਾਰਚ 1982 ਵਿਚ ਸਵਰਨ ਸਿੰਘ ਰੋਡੇ ਵੀ ਜੈਤੋ ਕੋਲ ਫੜਿਆ ਗਿਆ ਤੇ ਮੇਰੇ ਨਾਲ ਹੀ ਜੇਲ੍ਹ ਵਿਚ ਆ ਗਿਆ...।

***ਨੋਟ: ਇਹ ਲੇਖ 'ਖ਼ਾਲਸਾ ਫਤਿਹਨਾਮਾ' ਸਤੰਬਰ 2008 ਵਿਚ ਛਪਿਆ ਸੀ।***

# ਦੀਵਾ ਹੋ ਗਿਆ ਸ਼ਹੀਦ ਨ੍ਹੇਰੇ ਨਾਲ ਲੜਦਾ



ਜੀਵਨ ਜਾਚ

ਅਜੈ ਤਨਵੀਰ

ਮੌਤ ਮਨੁੱਖ ਨੂੰ ਸ਼ਹੀਦ ਨਹੀਂ ਬਣਾਉਂਦੀ ਸਗੋਂ ਆਦਰਸ਼ ਮਨੁੱਖ ਨੂੰ ਸ਼ਹੀਦ ਬਣਾਉਂਦਾ ਹੈ। ਵੱਡੇ-ਵੱਡੇ ਕੰਮ ਤਾਕਤ ਨਾਲ ਨਹੀਂ ਕੀਤੇ ਜਾਂਦੇ, ਲਗਨ ਅਤੇ ਸਿਆਣਪ ਨਾਲ ਕੀਤੇ ਜਾਂਦੇ ਹਨ। ਅਸੀਂ ਜਿਸ ਮਿੱਟੀ ਵਿਚ ਪੈਦਾ ਹੁੰਦੇ ਹਾਂ, ਉਸ ਮਿੱਟੀ ਨਾਲ ਸਾਡੀ ਅਨੋਖੀ ਸਾਂਝ ਬਣ ਜਾਂਦੀ ਹੈ। ਇਸ ਮਿੱਟੀ ਵਿਚ ਹੀ ਕੁਝ ਖ਼ੁਸ਼ਬੋਦਾਰ ਬੂਟੇ ਉਗਦੇ ਹਨ, ਜਿਨ੍ਹਾਂ ਦੀ ਮਹਿਕ ਚਾਰ-ਚੁਫੇਰੇ ਫੈਲ ਜਾਂਦੀ ਹੈ।

ਬਾਪ ਦੀ ਜ਼ਮੀਨ, ਜਾਇਦਾਦ, ਪੈਸਾ ਸਾਂਭਣ ਲਈ ਪਰਿਵਾਰ ਵਿਚ ਕਈ ਕਿਸਮ ਦੇ ਝਗੜੇ ਅਤੇ ਵੈਰ-ਵਿਰੋਧ ਸ਼ੁਰੂ ਹੋ ਜਾਂਦੇ ਹਨ ਪਰ ਸ਼ਹੀਦ ਆਉਣ ਵਾਲੀਆਂ ਨਸਲਾਂ ਲਈ ਅਜਿਹੀ ਰੋਸ਼ਨੀ ਛੱਡ ਜਾਂਦੇ ਹਨ ਤਾਂ ਕਿ ਉਹ ਨ੍ਹੇਰੇ ਚੀਰ ਕੇ ਆਪਣੀਆਂ ਮੰਜ਼ਲਾਂ ਦੇ ਵਾਰਸ ਅਖਵਾਉਣ। ਬੋਲਣ ਦਾ ਗੁਣ ਤਾਂ ਸਾਰਿਆਂ ਕੋਲ ਹੁੰਦਾ ਹੈ ਪਰ ਵਿਚਾਰ ਕਰਨ ਦੀ ਸਮਰੱਥਾ ਸਾਰਿਆਂ ਕੋਲ ਨਹੀਂ ਹੁੰਦੀ। ਸਬਰ ਅਤੇ ਸੰਤੋਖ਼ ਰੱਖਣਾ ਜਿੰਨਾ ਔਖਾ ਹੁੰਦਾ ਹੈ, ਇਸ ਦਾ ਫਲ ਉਤਨਾ ਹੀ ਜ਼ਿਆਦਾ ਮਿੱਠਾ ਹੁੰਦਾ ਹੈ।

ਹੁਣ ਸੁਣੋ ਦਰਦ ਦੀ ਇਕ ਕਹਾਣੀ। ਮਨਵੀਰ ਸਿੰਘ ਜਦੋਂ ਖ਼ਾਲਸਾ ਕਾਲਜ ਵਿਚ ਪੜ੍ਹਦਾ ਸੀ ਤਾਂ ਉਸ ਦੇ ਦਿਮਾਗ ਵਿਚ ਘੋਲ ਸ਼ੁਰੂ ਹੋ ਜਾਂਦਾ ਕਿ ਇਥੇ ਸੀ.ਆਰ.ਪੀ.ਐਫ. ਕੀ ਕਰਦੀ ਏ? ਸਾਰਾ ਹੋਸਟਲ ਹੀ ਇਸ ਨੇ ਮੱਲਿਆ ਹੋਇਆ ਹੈ। ਮਨਵੀਰ ਸਿੰਘ ਦਾ ਚੰਗੇ ਨੰਬਰਾਂ ਨਾਲ ਪਾਸ ਹੋਣਾ ਕਾਲਜ ਦੇ ਸਾਰੇ ਸਟਾਫ਼ ਨੂੰ ਬਹੁਤ ਚੰਗਾ ਲਗਦਾ ਸੀ। ਕਾਲਜ ਲਈ ਵੀ ਬੜੇ ਮਾਣ ਵਾਲੀ ਗੱਲ ਸੀ। ਬੀ.ਏ. ਦੇ ਆਖ਼ਰੀ ਸਾਲ ਵਿਚ ਮਿੱਤਰਾਂ-ਦੋਸਤਾਂ ਨੇ ਰਲ ਕੇ ਮਨਵੀਰ ਸਿੰਘ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਬਣਾ ਦਿੱਤਾ, ਕਿਸੇ ਨੇ ਵੀ ਵਿਰੋਧ ਨਾ ਕੀਤਾ।

ਮਨਵੀਰ ਸਿੰਘ ਕਾਲਜ ਦੀਆਂ ਗਤੀਵਿਧੀਆਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਲੱਗਾ। ਜਦੋਂ ਕਿਸੇ ਵਿਦਿਆਰਥੀ ਦਾ ਕੋਈ ਮਾਮਲਾ ਹੁੰਦਾ ਤਾਂ ਉਹ ਅੱਗੇ ਹੋ ਕੇ ਉਸ ਦਾ ਹੱਲ ਕੱਢਣ ਵਿਚ ਕਾਮਯਾਬ ਹੁੰਦਾ। ਥੋੜ੍ਹੇ ਜਿਹੇ ਸਮੇਂ ਵਿਚ ਹੀ ਮਨਵੀਰ ਸਿੰਘ ਨੇ ਚੰਗਾ ਨਾਮ ਬਣਾ ਲਿਆ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਹਾਲਾਤ ਜ਼ਿਆਦਾ ਵਧੀਆ ਨਹੀਂ ਸਨ। ਥੋੜ੍ਹੇ ਹੀ ਦਿਨਾਂ ਬਾਅਦ ਵਿਦਿਆਰਥੀਆਂ ਨੇ ਕਾਲਜ ਦੇ ਗੇਟ ਤੋਂ ਬਾਹਰ ਚੱਕਾ ਜਾਮ ਕਰ ਦਿੱਤਾ। ਸੜਕ 'ਤੇ ਗੱਡੀਆਂ ਤੇ ਬੱਸਾਂ ਦੀਆਂ ਲਾਈਨਾਂ ਲੱਗ ਗਈਆਂ। ਵਿਦਿਆਰਥੀ ਇਸ ਗੱਲ ਦਾ ਵਿਰੋਧ ਕਰ ਰਹੇ ਸਨ ਕਿ ਬੱਸਾਂ ਵਾਲੇ ਕਾਲਜ ਦੇ ਗੇਟ ਅੱਗੇ ਬੱਸਾਂ ਨਹੀਂ ਰੋਕਦੇ। ਵਿਦਿਆਰਥੀਆਂ ਦੀ ਅਗਵਾਈ ਮਨਵੀਰ ਸਿੰਘ ਕਰ ਰਿਹਾ ਸੀ। ਪੁਲਿਸ ਅਤੇ ਸੀ.ਆਰ.ਪੀ.ਐਫ. ਨੇ ਵਿਦਿਆਰਥੀਆਂ 'ਤੇ ਰੱਜ ਕੇ ਲਾਠੀਚਾਰਜ ਕੀਤਾ ਜਿਸ ਨਾਲ ਕਈ ਨੌਜਵਾਨ ਜ਼ਖ਼ਮੀ ਹੋ ਗਏ। ਸਭ ਤੋਂ ਜ਼ਿਆਦਾ ਸੱਟਾਂ ਮਨਵੀਰ ਦੇ ਲੱਗੀਆਂ। ਥਾਣੇਦਾਰ ਅਤੇ ਕਾਲਜ ਦੇ ਪ੍ਰਿੰਸੀਪਲ ਦੇ ਦਖ਼ਲ ਦੇਣ ਨਾਲ ਮਸਲੇ ਦਾ ਹੱਲ ਕੱਢਿਆ ਗਿਆ ਪਰ ਥਾਣੇਦਾਰ ਅਤੇ ਸੀ.ਆਰ.ਪੀ.ਐਫ. ਦੀ ਨਜ਼ਰ ਵਿਚ ਮਨਵੀਰ ਰੜਕਣ ਲੱਗਾ। ਉਹ ਕੋਈ ਨਾ ਕੋਈ ਬਹਾਨਾ ਚਾਹੁੰਦੇ ਸਨ ਕਿ ਮਨਵੀਰ ਉਨ੍ਹਾਂ ਦੇ ਹੱਥ ਲੱਗੇ। ਇਕ ਦਿਨ ਸੀ.ਆਰ.ਪੀ. ਨੇ ਨਾਕੇ ਉਤੇ ਮਨਵੀਰ ਸਿੰਘ ਨੂੰ ਰੋਕ ਕੇ ਪੁੱਛ-ਪੜਤਾਲ ਕਰਨੀ ਸ਼ੁਰੂ ਕਰ ਦਿੱਤੀ। ਗੱਲਾਂ-ਗੱਲਾਂ ਵਿਚ ਉਸ ਨੂੰ ਜਲੀਲ ਕਰਨ ਦੀ ਕੋਸ਼ਿਸ਼ ਕੀਤੀ। ਮਨਵੀਰ ਅੰਦਰੋਂ-ਅੰਦਰੀ ਪੂਰੀ ਤਰ੍ਹਾਂ ਪੱਛਿਆ ਗਿਆ।

ਜਦੋਂ ਪੁਲਿਸ ਦੀਆਂ ਨਜ਼ਰਾਂ ਜ਼ਿਆਦਾ ਹੀ ਮਨਵੀਰ ਸਿੰਘ 'ਤੇ ਰਹਿਣ ਲੱਗੀਆਂ ਤਾਂ ਘਰਦਿਆਂ ਨੇ ਉਸ ਨੂੰ ਕਾਲਜ ਦੀ ਪੜ੍ਹਾਈ ਵਿਚੇ ਹੀ ਛੱਡਣ ਦਾ ਹੁਕਮ ਸੁਣਾ ਦਿੱਤਾ। 'ਕੱਲਾ-'ਕੱਲਾ ਮਾਂ-ਪਿਓ ਦਾ ਪੁੱਤ। ਉਪਰੋਂ ਪੰਜਾਬ ਦੇ ਹਾਲਾਤ ਖ਼ਰਾਬ। ਬਾਪ ਪਿਆਰਾ ਸਿੰਘ ਨੇ ਬੈਂਕ ਨੂੰ ਜ਼ਮੀਨ ਰਹਿਨ ਕਰਕੇ ਕਰਜ਼ਾ ਚੁੱਕ ਲਿਆ ਅਤੇ ਵਧੀਆ ਨਸਲ ਦੀਆਂ ਪੰਜ-ਸੱਤ ਗਾਵਾਂ ਲਿਆ ਕੇ ਦੁੱਧ ਦਾ ਕੰਮ ਸ਼ੁਰੂ ਕਰ ਲਿਆ। ਮਨਵੀਰ ਵੀ ਪੂਰਾ ਹੱਥ ਵਟਾਉਣ ਲੱਗਾ। ਕੰਮ ਚੰਗਾ ਤੁਰ ਪਿਆ।

ਪਿੰਡ ਵਿਚ ਕੋਈ ਵੀ ਸਾਂਝਾ ਕੰਮ ਹੁੰਦਾ, ਉਸ ਦੀ ਅਗਵਾਈ ਮਨਵੀਰ ਸਿੰਘ ਕਰ ਰਿਹਾ ਹੁੰਦਾ। ਪਿੰਡ ਵਿਚ ਸਭ ਤੋਂ ਜ਼ਿਆਦਾ ਅਹਿਮ ਗੱਲ ਇਹ ਸੀ ਕਿ ਪਿੰਡ ਵਿਚ ਗੁਰਦੁਆਰਾ ਇਕ ਹੀ ਸੀ। ਸਾਰਾ ਪਿੰਡ ਉਥੇ ਹੀ ਗੁਰੂ ਦੇ ਚਰਨਾਂ ਵਿਚ ਹਾਜ਼ਰੀ ਭਰਦਾ। ਮਨਵੀਰ ਨੇ ਦੁੱਧ ਦੇ ਨਾਲ-ਨਾਲ ਹੋਰ ਵੀ ਆਪਣਾ ਕੰਮ ਵਧਾ ਲਿਆ ਸੀ। ਗੁਜ਼ਾਰਾ ਵਧੀਆ ਚੱਲਣ ਲੱਗ ਪਿਆ ਸੀ। ਪਿੰਡ ਵਾਲੇ ਜਦੋਂ ਵੀ ਕੋਈ ਕੰਮ ਹੁੰਦਾ ਤਾਂ ਸਿੱਧੇ ਮਨਵੀਰ ਦੇ ਘਰ ਹੀ ਆਉਂਦੇ। ਉਸ ਦੇ ਮਾਂ-ਬਾਪ ਨੇ ਕਦੇ ਵੀ ਮੱਥੇ ਤਿਊੜੀ ਨਹੀਂ ਸੀ ਪਾਈ। ਆਪਣਾ ਕੰਮ ਬੇਸ਼ਕ ਰੁਕ ਜਾਵੇ, ਅਗਲੇ ਦੇ ਨਾਲ ਮਨਵੀਰ ਸਿੰਘ ਨੂੰ ਜ਼ਰੂਰ ਤੋਰ ਦੇਣਾ।

ਸ਼ਾਹ ਜਹਾਨ ਵਾਂਗ ਹਰ ਬੰਦੇ ਦੇ ਪੁੱਤਰ ਤਾਂ ਕਈ ਹੋ ਸਕਦੇ ਹਨ ਪਰ ਵਾਰਸ ਬਣਨ ਦੀ ਯੋਗਤਾ ਕਿਸੇ-ਕਿਸੇ ਕੋਲ ਹੀ ਹੁੰਦੀ ਹੈ। ਇਹ ਯੋਗਤਾ ਮਨਵੀਰ ਸਿੰਘ ਕੋਲ ਸੀ। ਸਾਰੇ ਪਿੰਡ ਵਿਚ ਉਸ ਦੀ ਲਿਆਕਤ ਅਤੇ ਅਕਲਮੰਦੀ ਦੇ ਚਰਚੇ ਸਨ ਪਰ ਉਸ ਦੇ ਦਿਮਾਗ ਵਿਚ ਕਿਤੇ-ਕਿਤੇ ਕਾਲਜ ਦੇ ਦਿਨਾਂ ਦੀਆਂ ਯਾਦਾਂ ਉਠ ਕੇ ਬੈਠ ਜਾਂਦੀਆਂ-ਉਹੀ ਸੀ.ਆਰ.ਪੀ. ਅਤੇ ਥਾਣੇਦਾਰ, ਇਹ ਲੋਕ ਉਸ ਨੂੰ ਡੂੰਘੀ ਸੋਚ ਵਿਚ ਪਾ ਦਿੰਦੇ। ਇਕ ਦਿਨ ਮਨਵੀਰ ਦੇ ਦੋਸਤ ਗੁਰਮੇਲ ਸਿੰਘ ਦੇ ਪਾਸਪੋਰਟ ਦੀ ਇਨਕੁਆਰੀ ਲੈ ਕੇ ਪੁਲਿਸ ਵਾਲੇ ਆਏ ਅਤੇ ਕਹਿਣ ਲੱਗੇ, 'ਪਾਣੀ ਦੇ ਨਾਲ-ਨਾਲ ਸਾਡੀ ਜੇਬ ਵੀ ਗਰਮ ਕਰਨ ਦੀ ਖੇਚਲ ਕਰੋ।' ਇਨ੍ਹਾਂ ਗੱਲਾਂ 'ਤੇ ਮਨਵੀਰ ਸਿੰਘ ਉਨ੍ਹਾਂ ਨਾਲ ਕਾਫ਼ੀ ਔਖਾ ਹੋਇਆ। ਅਖ਼ੀਰ ਪੁਲਿਸ ਵਾਲੇ ਆਖਣ ਲੱਗੇ, 'ਸਾਡੇ ਨਾਲ ਥਾਣੇ ਆ ਕੇ ਗੱਲ ਕਰਿਓ।'

ਦੂਜੇ ਦਿਨ ਮਨਵੀਰ ਅਤੇ ਉਸ ਦਾ ਦੋਸਤ ਥਾਣੇ ਗਏ। ਕਾਲਜ ਦੇ ਦਿਨਾਂ ਵਾਲਾ ਉਹੀ ਥਾਣੇਦਾਰ ਅੱਖਾਂ ਅੱਡ-ਅੱਡ ਕੇ ਮਨਵੀਰ ਵੱਲ ਵੇਖਣ ਲੱਗਾ। ਮਨਵੀਰ ਨੇ ਕਿਹਾ, "ਥਾਣੇਦਾਰ ਸਾਬ੍ਹ! ਤੁਹਾਡਾ ਕੁਝ ਗੁਆਚ ਗਿਆ ਏ ਜੋ ਮੇਰੇ ਵਿਚੋਂ ਲੱਭ ਰਹੇ ਹੋ।" ਕੰਮ ਤਾਂ ਮਨਵੀਰ ਸਿੰਘ ਦਾ ਹੋ ਗਿਆ, ਉਸ ਦਾ ਦੋਸਤ ਵੀ ਖ਼ੁਸ਼ ਸੀ ਕਿ ਬਿਨਾ ਪੈਸਿਆਂ ਦੇ ਉਸ ਦੀ ਝੋਲੀ ਵਿਚ ਖ਼ੈਰ ਪੈ ਗਈ ਹੈ ਪਰ ਮਨਵੀਰ ਸਿੰਘ ਥਾਣੇਦਾਰ ਦੀਆਂ ਨਜ਼ਰਾਂ ਵਿਚ ਘੁੰਮਣ ਲੱਗਾ। ਉਧਰ, ਜਦੋਂ ਪਿੰਡ ਦਾ ਕੋਈ ਕੰਮ ਹੁੰਦਾ ਤਾਂ ਮਨਵੀਰ ਤੋਂ ਬਿਨਾ ਉਹ ਕਦੇ ਸਿਰੇ ਨਾ ਲਗਦਾ। ਹੌਲੀ-ਹੌਲੀ ਪੁਲਿਸ ਦੇ ਮੁਖ਼ਬਰਾਂ ਨੇ ਮਨਵੀਰ 'ਤੇ ਪੂਰੀ ਤਰ੍ਹਾਂ ਅੱਖ ਰੱਖਣੀ ਸ਼ੁਰੂ ਕਰ ਦਿੱਤੀ। ਕਿਥੇ ਬਹਿੰਦਾ ਹੈ? ਕੀ ਕਰਦਾ ਹੈ? ਸਾਰੀ ਰਿਪੋਰਟ ਥਾਣੇਦਾਰ ਨੂੰ ਮਿਲਣ ਲੱਗ ਪਈ। ਮਨਵੀਰ ਦਾ ਇਲਾਕੇ ਵਿਚ ਚੰਗਾ ਨਾਂ ਹੋ ਗਿਆ ਸੀ। ਕੀ ਨਿਆਣਾ, ਕੀ ਸਿਆਣਾ; ਹਰ ਕਿਸੇ ਦੇ ਦਿਲ ਦੀ ਧੜਕਣ ਬਣ ਚੁੱਕਾ ਸੀ ਮਨਵੀਰ ਸਿੰਘ। ਹੁਣ ਸ਼ਾਮ ਨੂੰ ਜਦੋਂ ਪੁਲਿਸ ਦੇ ਗੱਡੀ ਆਲੇ-ਦੁਆਲੇ ਗਸ਼ਤ ਕਰਦੀ ਤਾਂ ਉਸ ਦੇ ਪਿੱਛੇ ਇਕ-ਦੋ ਗੇੜੇ ਜ਼ਰੂਰ ਲਾਉਂਦੀ।

ਇਨ੍ਹਾਂ ਗੱਲਾਂ ਦਾ ਪਿੰਡ ਵਾਲੇ ਡਟ ਕੇ ਵਿਰੋਧ ਕਰ ਰਹੇ ਸਨ। ਨਾਲੇ ਪੁੱਛਦੇ ਕਿ ਹੱਸਦੇ-ਵੱਸਦੇ ਪਿੰਡ ਵਿਚ ਉਹ ਇਹ ਕੀ ਕਰ ਰਹੇ ਹਨ? ਕਿਉਂ ਸਾਡੇ ਪਿੰਡ ਦੀਆਂ ਗਲੀਆਂ ਵਿਚ ਮਿੱਟੀ ਉਡਾਉਂਦੇ ਫਿਰਦੇ ਹਨ? ਇਨ੍ਹਾਂ ਗੱਲਾਂ ਨੂੰ ਲੈ ਕੇ ਪਿੰਡ ਵਾਲਿਆਂ ਨੇ ਥਾਣੇ ਅੱਗੇ ਧਰਨਾ ਦੇ ਦਿੱਤਾ। ਗੁਆਂਢੀ ਪਿੰਡਾਂ ਨੇ ਵੀ ਪੂਰਾ ਸਾਥ ਦਿੱਤਾ। ਨਾਲ ਡਟ ਕੇ ਕਿਹਾ ਕਿ ਜਦੋਂ ਤੁਹਾਡੀ ਮਦਦ ਦੀ ਲੋੜ ਹੀ ਨਹੀਂ, ਫਿਰ ਕਿਉਂ ਸਾਡੇ ਪਿੰਡਾਂ ਵਿਚ ਗੱਡੀਆਂ ਘੁਮਾਉਂਦੇ ਫਿਰਦੇ ਹੋ? ਇਹ ਮਸਲਾ ਐਸ.ਐਸ.ਪੀ. ਦੇ ਆਉਣ ਨਾਲ ਹੱਲ ਹੋ ਗਿਆ। ਅਖ਼ੀਰ ਇਹ ਸਾਰਾ ਕਿੱਸਾ ਮਨਵੀਰ ਸਿੰਘ ਦੇ ਸਿਰ ਮੜ੍ਹ ਦਿੱਤਾ ਗਿਆ। ਅਖੇ ਇਹ ਸਭ ਕੁਝ ਮਨਵੀਰ ਸਿੰਘ ਹੀ ਕਰਾਉਂਦਾ ਹੈ।

ਅਖ਼ੀਰ, ਮੁਖ਼ਬਰੀਆਂ ਨੇ ਇਕ ਦਿਨ ਰੰਗ ਲਾ ਦਿੱਤਾ। ਪੁਲਿਸ ਨੇ ਤੜਕੇ ਮਨਵੀਰ ਸਿੰਘ ਦੇ ਘਰ ਛਾਪਾ ਮਾਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਕ ਹਫ਼ਤਾ ਤਾਂ ਪਤਾ ਹੀ ਨਾ ਲੱਗਾ ਕਿ ਕਿੱਥੇ ਆ। ਪਿੰਡ ਵਾਲਿਆਂ ਦਾ 'ਕੱਠ ਥਾਣੇ ਨੂੰ ਘੇਰਾ ਪਾ ਕੇ ਬੈਠ ਗਿਆ ਅਤੇ ਐਲਾਨ ਕੀਤਾ ਕਿ ਜਦੋਂ ਤੱਕ ਮੁੰਡੇ ਦਾ ਪਤਾ ਨਹੀਂ ਲਗਦਾ, ਇਹ ਘਿਰਾਓ ਇਸ ਤਰ੍ਹਾਂ ਹੀ ਰਹੇਗਾ। ਇਲਾਕੇ ਦਾ ਬੱਚਾ, ਬੁੱਢਾ ਮਨਵੀਰ ਸਿੰਘ ਦੇ ਹੱਕ ਵਿਚ ਆਪਣੇ ਦਿਲ ਦੀ ਭੜਾਸ ਕੱਢ ਰਿਹਾ ਸੀ। ਮਾਂਵਾਂ, ਧੀਆਂ, ਭੈਣਾਂ ਦਾ 'ਕੱਠ ਵੇਖ ਕੇ ਹਰ ਕੋਈ ਸੋਚ ਰਿਹਾ ਸੀ ਕਿ ਇਸ ਤਰ੍ਹਾਂ ਦੇ ਪੁੱਤ ਘਰ-ਘਰ ਪੈਦਾ ਹੋਣ। ਲੋਕਾਂ ਨੇ ਤਿੰਨ ਦਿਨ ਥਾਣਾ ਘੇਰ ਰੱਖਿਆ। ਗੱਲ ਉਪਰਲੇ ਅਫ਼ਸਰਾਂ ਤੱਕ ਜਾ ਚੁੱਕੀ ਸੀ। ਅਫ਼ਸਰ ਚੰਗੀ ਤਰ੍ਹਾਂ ਜਾਣ ਚੁੱਕੇ ਸਨ ਜੋ ਹੋਣਾ ਏ ਉਹ ਤਾਂ ਹੋ ਗਿਆ ਹੈ। ਉਜੜੇ ਘਰਾਂ ਦੇ ਸਿਰਨਾਵੇਂ ਨਹੀਂ ਹੁੰਦੇ ਪਰ ਜਿਨ੍ਹਾਂ ਦੇ ਘਰ ਅੱਖਾਂ ਦੇ ਸਾਹਮਣੇ ਉਜਾੜੇ ਜਾਣ, ਉਨ੍ਹਾਂ ਪਰਿਵਾਰਾਂ ਨੂੰ ਕਦੇ ਵੀ ਸਿਰਨਾਵੇਂ ਨਹੀਂ ਭੁੱਲਦੇ। ਅਖ਼ੀਰ ਰਾਤ ਦੇ ਗਿਆਰਾਂ ਵਜੇ ਮਨਵੀਰ ਦੀ ਲਾਸ਼ ਨਾਲ ਦੇ ਪਿੰਡ ਦੀ ਸੁੱਕੀ ਨਹਿਰ ਵਿਚੋਂ ਮਿਲੀ। ਲੋਕਾਂ ਦੇ ਇਕੱਠ ਨੇ ਥਾਣੇ ਨੂੰ ਅੱਗ ਲਾ ਦਿੱਤੀ। ਥਾਣਾ ਸੜ ਕੇ ਸੁਆਹ ਹੋ ਗਿਆ ਪਰ ਪੁਲਿਸ ਅਫ਼ਸਰਾਂ ਨੂੰ ਕੀ ਫ਼ਰਕ ਪੈਂਦਾ ਹੈ? ਇਕ ਦੀਵਾ ਨ੍ਹੇਰੇ ਨਾਲ ਲੜਦਾ ਸ਼ਹੀਦ ਹੋ ਗਿਆ। ਇਹ ਹੀ ਨ੍ਹੇਰੇ ਨਾਲ ਲੜਦੇ ਦੀਵੇ ਕੱਲ੍ਹ ਦੇ ਸੂਰਜ ਦੇ ਵਾਰਸ ਬਣਦੇ ਹਨ। ਮਨਵੀਰ ਸਿੰਘ ਵਰਗੇ ਸਾਡੇ ਵਿਚ ਸਰੀਰਕ ਤੌਰ 'ਤੇ ਨਹੀਂ ਰਹਿੰਦੇ ਪਰ ਉਨ੍ਹਾਂ ਦੀ ਸੋਚ ਅਤੇ ਖ਼ੁਆਬ ਸਾਡੇ ਵਿਚ ਮੌਜੂਦ ਹੁੰਦੇ ਹਨ:

ਕਦੇ ਹੁੰਦੀ ਨਾ ਸਵੇਰ ਜੇ ਨਾ ਸੂਲੀ ਚੜ੍ਹਦਾ।
ਦੀਵਾ ਹੋ ਗਿਆ ਸ਼ਹੀਦ ਨ੍ਹੇਰੇ ਨਾਲ ਲੜਦਾ।
ਪਤਾ ਹੁੰਦਾ ਏ ਪਤੰਗੇ ਨੂੰ ਅਖ਼ੀਰ 'ਚ ਕੀ ਹੋਣਾ
ਤਾਂ ਵੀ ਜਾਣ-ਜਾਣ ਸ਼ਮ੍ਹਾਂ ਉਤੇ ਜਾਵੇ ਸੜਦਾ।

#

ਕਹਾਣੀ

# ਸਮੁੰਦਰ ਵੱਲ ਦੀ ਖਿੜਕੀ

*ਕਹਾਣੀਕਾਰ ਜਸਬੀਰ ਭੁੱਲਰ ਕਹਾਣੀ ਨੂੰ ਕਵਿਤਾ ਦੇ ਰੰਗ ਵਿਚ ਪੇਸ਼ ਕਰਨ ਕਰਕੇ ਚਰਚਿਤ ਰਿਹਾ ਹੈ। ਉਸ ਦੀਆਂ ਕਹਾਣੀਆਂ ਦੇ ਨਿੱਕੇ ਪਰ ਚੁਸਤ ਫਿਕਰੇ ਪਾਠਕ ਨੂੰ ਕਹਾਣੀ ਦੇ ਨਾਲ ਹੀ ਧੂਹ ਕੇ ਲਿਜਾਂਦੇ ਰਹਿੰਦੇ ਹਨ। ਇਨ੍ਹਾਂ ਚੁਸਤ ਫਿਕਰਿਆਂ ਦੀ ਚੁਗਾਠ ਉਤੇ ਉਹ ਕਹਾਣੀ ਦਾ ਮੂੰਹ-ਮੱਥਾ ਸੰਵਾਰਦਾ ਹੈ ਅਤੇ ਫਿਰ ਦਰਵਾਜ਼ੇ ਉਤੇ ਮੋਰਨੀਆਂ ਵਾਹੁਣ ਦੀ ਕਲਾ ਵਾਂਗ ਆਪਣੀ ਸ਼ੈਲੀ ਦਾ ਰੰਗ ਭਰਦਾ ਹੈ। ਇਸ ਕਹਾਣੀ ਵਿਚ ਉਸ ਨੇ ਰਿਸ਼ਤਿਆਂ ਨੂੰ ਭਾਵੁਕਤਾ ਦੀ ਚਾਸ਼ਨੀ ਵਿਚ ਭਿਉਂ ਕੇ ਪੇਸ਼ ਕੀਤਾ ਹੈ। ਇਹ ਕਹਾਣੀ ਅਸਲ ਵਿਚ ਔਰਤ ਦੀ ਬੇਵਸੀ 'ਚੋਂ ਸਿੰਮਦੇ ਦਰਦ ਦੀ ਕਹਾਣੀ ਹੈ। -ਸੰਪਾਦਕ*

**ਜਸਬੀਰ ਭੁੱਲਰ**

ਮੈਂ ਆਪਣੇ ਮੁਹੱਬਤੀ ਦਿਨਾਂ ਦਾ ਭਗੌੜਾ ਸਾਂ। ਮੈਨੂੰ ਬੰਬਈ ਦੀ ਗਲਵਕੜੀ ਚਾਹੀਦੀ ਸੀ ਪਰ ਬੰਬਈ ਕੋਲ ਨਾ ਬਾਹਵਾਂ ਸਨ, ਨਾ ਮੋਢਾ ਸੀ। ਬੰਬਈ ਰੂਹ ਤੋਂ ਸੱਖਣਾ ਖ਼ਾਲੀ ਤਾਬੂਤ ਸੀ। ਮੇਰੇ ਤਿੰਨਾਂ ਵਰ੍ਹਿਆਂ ਦੀ ਲੋਥ ਉਸ ਤਾਬੂਤ ਵਿਚ ਪਈ ਤਰੱਕ ਰਹੀ ਸੀ। ਮੈਂ ਹੁਣ ਕਿੱਥੋਂ ਲਿਆਵਾਂ ਆਪਣੇ ਉਹ ਤਿੰਨ ਵਰ੍ਹੇ। ਛੱਤ ਨਾਲ ਲਟਕ ਰਿਹਾ ਪੁਰਾਣਾ ਪੱਖਾ ਚੀਕ ਰਿਹਾ ਸੀ। ਮੇਰੇ ਕਮਰੇ ਦੇ ਦੋਵੇਂ ਸਾਥੀ ਜਾ ਚੁੱਕੇ ਸਨ।

ਘੋਸ਼ ਤੇ ਦਿਸਾਈ ਅੱਜ ਫੇਰ ਥਾਂਈਂ-ਥਾਂਈਂ ਜਾਣਗੇ। ਡਾਇਰੈਕਟਰਾਂ ਤੇ ਪ੍ਰੋਡਿਊਸਰਾਂ ਨੂੰ ਮਿਲਣ ਦੀ ਕੋਸ਼ਿਸ਼ ਕਰਨਗੇ। ਕਦੀ ਕਿਸੇ ਬੂਹੇ ਤੋਂ ਝਾੜ ਖਾ ਕੇ ਪਰਤ ਆਉਣਗੇ, ਤੇ ਕਦੀ ਕਿਸੇ ਬੂਹੇ ਤੋਂ ਭਰਮ ਦੀ ਉਂਗਲ ਫੜ ਲੈਣਗੇ। ਜਦੋਂ ਉਹ ਸ਼ਾਮੀਂ ਆਉਣਗੇ, ਉਨ੍ਹਾਂ ਦੇ ਜਿਸਮ ਵਿਚ ਦਿਨ ਭਰ ਦੀ ਥਕਾਵਟ ਹੋਵੇਗੀ ਤੇ ਹੱਥਾਂ ਵਿਚ ਸੁਪਨਿਆਂ ਦਾ ਚੂਰਾ ਭੂਰਾ।

ਮੈਂ ਅੱਜ ਕਿਸੇ ਸਟੂਡੀਓ ਦਾ ਫੇਰਾ ਨਹੀਂ ਸਾਂ ਲਾਉਣਾ ਚਾਹੁੰਦਾ। ਮੈਂ ਆਪਣੀ ਜ਼ਿੱਲਤ ਨੂੰ ਇੱਕ ਦਿਨ ਦਾ ਨਾਗਾ ਕਰਨਾ ਚਾਹੁੰਦਾ ਸਾਂ। ਮੇਰੇ ਜਾਣ ਨਾਲ ਵੈਸੇ ਵੀ ਕਿਧਰੇ ਕੋਈ ਫ਼ਰਕ ਨਹੀਂ ਸੀ ਪੈਣਾ। ਹੁੱਸੜੀ ਹੋਈ ਹਵਾ ਉਂਜ ਹੀ ਚੁੱਪ ਰਹਿਣੀ ਸੀ।

ਮੈਂ ਵੱਡਾ ਐਕਟਰ ਨਹੀਂ ਸਾਂ। ਮੈਂ ਐਕਸਟਰਾ ਸਾਂ, ਤਰਲਿਆਂ ਦੀ ਭੀੜ ਵਿਚ ਘਿਰਿਆ ਐਕਸਟਰਾ! ਮੈਂ ਇਕੱਲਾ ਨਹੀਂ ਸਾਂ। ਲੂਣੇ ਟਾਪੂ 'ਤੇ ਬੰਦਿਆਂ ਦਾ ਹਜੂਮ ਸੀ। ਉਹ ਕਿੱਧਰ ਜਾ ਰਹੇ ਸਨ? ਉਹ ਕੀ ਲੱਭ ਰਹੇ ਸਨ? ਮੈਂ ਉਨ੍ਹਾਂ ਦੇ ਪਿੱਛੇ-ਪਿੱਛੇ ਕਿਉਂ ਤੁਰ ਪਿਆ ਸਾਂ? ਥੱਕੀਆਂ ਸੜਕਾਂ ਨੂੰ ਵੀ ਮੇਰੀ ਆਵਾਰਗੀ 'ਤੇ ਕੋਈ ਗਿਲਾ ਨਹੀਂ ਸੀ।

ਦੁਪਹਿਰੇ ਮੈਂ ਕੋਲਾਬਾ ਦੇ ਇੱਕ ਪਾਰਸੀ ਰੈਸਟੋਰੈਂਟ ਤੋਂ ਢਿੱਡ ਭਰ ਕੇ ਰੋਟੀ ਖਾਧੀ, ਚਾਹ ਦਾ ਕੱਪ ਪੀਤਾ ਤੇ ਤੁਰ ਪਿਆ। ਮੈਂ ਚਾਹੁੰਦਾ ਸਾਂ, ਇੰਨਾ ਤੁਰਾਂ, ਇੰਨਾ ਥੱਕਾਂ ਕਿ ਭਲਕ ਤੱਕ ਆਪਣੇ ਵੱਲ ਪਰਤਣ ਦਾ ਖ਼ਿਆਲ ਹੀ ਨਾ ਆਵੇ।

ਮੇਰੇ ਚੁਫ਼ੇਰੇ ਪ੍ਰੇਸ਼ਾਨ ਸਮੁੰਦਰ ਸੀ। ਅਗਲੀ ਸਵੇਰ ਹਾਲੇ ਦੂਰ ਸੀ। ਹਾਲੇ ਤਾਂ ਚਿਪਚਿਪਾ ਦਿਨ ਬਾਕੀ ਸੀ। ਮੇਰੇ ਤੇ ਅਗਲੀ ਸਵੇਰ ਦੇ ਵਿਚਕਾਰ ਹਾਲੇ ਰਾਤ ਨੇ ਆਉਣਾ ਸੀ। ਮੈਂ ਲੋਕਲ ਬੱਸ ਫੜੀ ਤੇ ਬੰਬੇ ਸੈਂਟਰਲ ਜਾ ਉਤਰਿਆ। ਉਥੋਂ ਲਮਿੰਗਟਨ ਰੋਡ ਹੁੰਦਾ ਹੋਇਆ ਮੈਂ ਕ੍ਰਿਸ਼ਨਾ ਸਿਨਮੇ ਜਾ ਪਹੁੰਚਿਆ। ਉਥੇ ਖਲੋਤਾ ਮੈਂ ਫ਼ਿਲਮਾਂ ਦੇ ਪੋਸਟਰ ਵੇਖਦਾ ਰਿਹਾ। ਹਾਲੇ ਸ਼ਾਮ ਨਹੀਂ ਸੀ ਢਲੀ। ਮੈਂ ਕ੍ਰਿਸ਼ਨਾ ਸਿਨਮੇ ਦੇ ਪਿਛਵਾੜੇ ਵਾਲੇ ਕ੍ਰਿਸ਼ਨਾ ਪੂਰੀ ਹਾਊਸ ਵਿਚ ਜਾ ਬੈਠਾ। ਚਾਹ ਦੀ ਤਲਬ ਨਹੀਂ ਸੀ ਪਰ ਮੈਂ ਕੁਝ ਵਕਤ ਹਾਲੇ ਹੋਰ ਗੁਜ਼ਾਰਨਾ ਸੀ। ਚਾਹ ਦਾ ਕੱਪ ਮੰਗਵਾਇਆ ਤੇ ਹੌਲੀ-ਹੌਲੀ ਘੁੱਟ ਭਰਨ ਲੱਗ ਪਿਆ।

ਬਾਹਰ ਠਰ੍ਹੇ ਵਾਲਾ ਖ਼ੁਦਾ ਬਖ਼ਸ਼ ਦਿਸਿਆ ਤਾਂ ਮੈਂ ਉਠ ਖਲੋਤਾ। ਚਾਹ ਦੇ ਪੈਸੇ ਦਿੱਤੇ ਤੇ ਬਾਹਰ ਆ ਗਿਆ। ਮੈਂ ਉਹਦੇ ਕੋਲੋਂ ਅਧੀਆ ਲਿਆ ਤੇ ਪੁਰਾਣੀ ਅਖ਼ਬਾਰ ਦੇ ਟੋਟੇ ਵਿਚ ਵਲ੍ਹੇਟ ਕੇ ਬੋਤਲ ਮੋਢੇ ਨਾਲ ਲਟਕਦੇ ਝੋਲੇ ਵਿਚ ਪਾ ਲਈ। ਘੜੀ ਵੇਖੀ, ਮੇਰੇ ਕੋਲ ਦੋ ਕੁ ਘੰਟੇ ਹੋਰ ਬਾਕੀ ਸਨ।

ਸ਼ਾਮ ਦੇ ਧੁੰਦਲਕੇ 'ਚ ਮੈਂ ਚੌਪਾਟੀ ਤੱਟ 'ਤੇ ਪਹੁੰਚ ਗਿਆ। ਬੀਚ 'ਤੇ ਰੌਣਕ ਵਧ ਰਹੀ ਸੀ। ਭੇਲਪੂਰੀ ਤੇ ਚਾਟਾਂ ਦੀਆਂ ਰੇੜ੍ਹੀਆਂ ਦੁਆਲੇ ਹਜੂਮ ਇਕੱਠਾ ਹੋ ਰਿਹਾ ਸੀ। ਲੋਕ ਚਟਪਟੀਆਂ ਚੀਜ਼ਾਂ ਖਾਣ ਲਈ ਤਰਲੋਮੱਛੀ ਹੋ ਰਹੇ ਸਨ। ਸਮੁੰਦਰ ਬਿਲਕੁਲ ਇਕੱਲਾ ਸੀ।

"ਬਾਬੂ! ਤਫ਼ਰੀਹ ਕੇ ਲੀਏ ਸਾਥ ਚਾਹੀਏ ਕਿਆ?" ਅਠਾਰਾਂ-ਉਨੀਆਂ ਵਰ੍ਹਿਆਂ ਦੀ ਕੁੜੀ ਨੇ ਬੇਝਿਜਕ ਮੇਰਾ ਹੱਥ ਫੜ ਲਿਆ। ਮੈਂ ਉਹਦਾ ਹੱਥ ਝਟਕ ਦਿੱਤਾ।

ਉਹਦੀ ਆਵਾਜ਼ ਲਿਲਕੜੀ ਬਣ ਗਈ, "ਬਾਬੂ, ਕੋਈ ਲਫੜਾ ਨਈਂ, ਕੁਸ਼ ਨਈ। ਏਕ ਘੰਟੇ ਕਾ ਸਿਰਫ਼ ਦਸ ਟਕਾ। ਤੁਮ ਸੇ ਜਾਸਤੀ ਨਈਂ ਮਾਂਗਤਾ।"

ਅਚਨਚੇਤੀ ਚੌਪਾਟੀ ਜਗਮਗ ਕਰਨ ਲੱਗ ਪਈ ਪਰ ਰੁੱਖਾਂ ਵਾਲੇ ਪਾਸੇ ਕੋਈ ਬੱਤੀ ਨਹੀਂ ਸੀ। ਜੋੜੇ ਇਧਰ ਉਧਰ ਝਾੜੀਆਂ ਵਰਗੇ ਰੁੱਖਾਂ ਹੇਠ ਬੈਠੇ ਹੋਏ ਸਨ। ਹਨੇਰਾ ਅਜੇ ਇੰਨਾ ਗੂੜ੍ਹਾ ਨਹੀਂ ਸੀ ਕਿ ਉਨ੍ਹਾਂ ਨੂੰ ਢਕ ਲਵੇ। ਇਹ ਰੁੱਖ ਛਾਂਵੇਂ ਬਹਿਣ ਦੇ ਕੰਮ ਨਹੀਂ ਸਨ ਆਉਂਦੇ, ਇਸੇ ਕੰਮ ਆਉਂਦੇ ਸਨ। ਉਸ ਕੁੜੀ ਦਾ ਕੋਈ ਕਸੂਰ ਨਹੀਂ ਸੀ। ਮੈਂ ਬੇਖ਼ਿਆਲੀ ਵਿਚ ਇੱਕ ਰੁੱਖ ਥੱਲੇ ਖਲੋਤਾ ਹੋਇਆ ਸਾਂ। ਰੁੱਖ ਥੱਲੇ ਖਲੋਣ ਦਾ ਅਰਥ ਇਹੀ ਸੀ ਕਿ ਮੈਨੂੰ ਔਰਤ ਦਾ ਸਾਥ ਚਾਹੀਦਾ ਸੀ। ਇਨ੍ਹਾਂ ਰੁੱਖਾਂ ਦੇ ਹੇਠ ਲੋਕ ਕਿਰਾਏ ਦੇ ਸਾਥ ਨਾਲ ਗਈ ਰਾਤ ਤੱਕ ਬੈਠੇ ਰਹਿੰਦੇ ਸਨ।

ਉਸ ਕੁੜੀ ਤੋਂ ਪੱਲਾ ਛੁਡਾ ਕੇ ਮੈਂ ਅਗਾਂਹ ਤੁਰ ਪਿਆ। ਕਾਰ ਪਾਰਕ ਵਾਲੇ ਖੰਭੇ ਲਾਗੇ ਲੰਘਦਿਆਂ, ਮੇਰੇ ਪੁਰਾਣੇ ਦਿਨ ਪਰਤ ਆਏ। ਖੰਭੇ ਹੇਠ ਦੋ-ਤਿੰਨ ਜਵਾਨ ਮੁੰਡੇ ਖੜ੍ਹੇ ਸਨ।

ਸ਼ਾਮ ਢਲਦਿਆਂ ਬੰਬਈ ਵੇਸਵਾ ਕਿਉਂ ਹੋ ਜਾਂਦੀ ਹੈ?

ਇਹ ਮੁੰਡੇ ਹੁਣੇ ਇੱਕ ਇੱਕ ਕਰਕੇ ਕੀਮਤੀ ਕਾਰਾਂ ਵਿਚ ਬਹਿਣਗੇ ਤੇ ਚਲੇ ਜਾਣਗੇ। ਬੁੱਢੀਆਂ, ਅੱਧਖੜ ਅਮੀਰ ਔਰਤਾਂ ਇਨ੍ਹਾਂ ਮੁੰਡਿਆਂ ਦੀਆਂ ਗਾਹਕ ਸਨ। ਇਨ੍ਹਾਂ ਔਰਤਾਂ ਦੇ ਪਤੀ ਫਾਈਵ ਸਟਾਰ ਸਭਿਆਚਾਰ ਵਿਚ ਖੁੱਭੇ ਹੋਏ ਸਨ। ਉਨ੍ਹਾਂ ਅਲੱਗ ਫਲੈਟਾਂ ਵਿਚ ਰਖੇਲਾਂ ਰੱਖੀਆਂ ਹੋਈਆਂ ਸਨ। ਕਈਆਂ ਦੇ ਪਤੀ ਬਦੇਸ਼ਾਂ ਵਿਚ ਬੈਠੇ ਹੋਏ ਸਨ। ਉਹ ਮੁਲਕ ਫੇਰਾ ਵੀ ਮਾਰਦੇ ਸਨ ਪਰ ਬੀਵੀਆਂ ਲਈ ਨਹੀਂ। ਬੀਵੀਆਂ ਆਪਣੀ ਇਕੱਲ ਦੀ ਸਿਉਂਕ ਵਿਚ ਬਲੂ ਫਿਲਮਾਂ ਭੋਗਦੀਆਂ ਤੇ ਨਸ਼ੇ ਵਿਚ ਭਿੱਜ ਕੇ ਸੌਂ ਜਾਂਦੀਆਂ ਸਨ।

ਵੇਸਵਾ ਦਾ ਕੰਮ ਜਦੋਂ ਆਦਮੀ ਕਰੇ ਤਾਂ ਉਹਨੂੰ ਕੀ ਕਹਿੰਦੇ ਹੋਣਗੇ? ਇਹੋ ਜਿਹੇ ਸ਼ਬਦ ਦੀ ਤਾਂ ਪਛੜੇ ਵੇਲਿਆਂ ਵਿਚ ਲੋੜ ਹੀ ਨਹੀਂ ਪਈ ਹੋਵੇਗੀ। ਖੰਭੇ ਲਾਗੋਂ ਲੰਘਦਿਆਂ ਮੈਂ ਐਵੇਂ ਜਿਹੇ ਸੋਚਿਆ ਤੇ ਖੰਭੇ ਕੋਲੋਂ ਅੱਖ ਚੁਰਾ ਕੇ ਕਦਮ ਕਾਹਲੇ ਕਰ ਲਏ। ਮੈਨੂੰ ਡਰ ਸੀ ਕਿਤੇ ਮੇਰੀ ਕੋਈ ਪੁਰਾਣੀ ਗਾਹਕ ਮੈਨੂੰ ਪਛਾਣ ਕੇ ਮੁੜ ਖਹਿੜੇ ਨਾ ਪੈ ਜਾਵੇ। ਫਾਕਿਆਂ ਦੇ ਦਿਨੀਂ ਮੈਨੂੰ ਕੀ-ਕੀ ਨਹੀਂ ਸੀ ਕਰਨਾ ਪਿਆ। ਸੜਕ ਟੱਪ ਕੇ ਮੈਂ ਲੋਕਲ ਬੱਸ ਸਟੈਂਡ ਤੋਂ ਫਾਰਸ ਰੋਡ ਦੀ ਬੱਸ ਲੈ ਲਈ।

ਜਦੋਂ ਪਹਿਲੀ ਵਾਰ ਮੇਰੇ ਪੈਰਾਂ ਵਿਚ ਬੀਮਾਰ ਗਲੀ ਦੀਆਂ ਗੁੰਝਲਾਂ ਪਈਆਂ ਤਾਂ ਮੈਂ ਪ੍ਰੇਸ਼ਾਨ ਜਿਹਾ ਹੋ ਗਿਆ ਸਾਂ। ਇਹ ਅਚਨਚੇਤੀ ਹੀ ਹੋਇਆ ਸੀ ਕਿ ਮੇਰੀ ਇਕੱਲ ਦੋਸਤੀ ਦੇ ਚਿਹਰੇ ਲੱਭਦੀ ਉਸ ਬਾਜ਼ਾਰ ਵਿਚ ਪਹੁੰਚ ਗਈ ਸੀ। ਵੇਸਵਾਵਾਂ ਥਾਂ-ਥਾਂ ਖੜ੍ਹੀਆਂ ਸਨ। ਮੋੜਾਂ 'ਤੇ, ਜੰਗਲਿਆਂ ਪਿੱਛੇ, ਛੱਜੇ 'ਤੇ। ਉਹ ਹਾਬੜਿਆਂ ਵਾਂਗ ਗਾਹਕਾਂ ਨੂੰ ਘੇਰ ਲੈਂਦੀਆਂ ਸਨ। ਅਸ਼ਲੀਲ ਫ਼ਿਕਰਿਆਂ ਵਿਚ ਲੁਕਿਆ ਤਰਲਾ! ਮੈਨੂੰ ਲੱਗਾ, ਉਹ ਮੈਂ ਸਾਂ, ਕਤਾਰ ਵਿਚ ਖਲੋਤਾ ਐਕਸਟਰਾ!

ਉਹ ਮੇਰਾ ਆਪਣਾ ਭਾਈਚਾਰਾ ਸੀ। ਉਸ ਵੇਲੇ ਮੈਂ ਕਿਸੇ ਵੀ ਚੁਬਾਰੇ ਦੀਆਂ ਪੌੜੀਆਂ ਚੜ੍ਹ ਸਕਦਾ ਸਾਂ ਤੇ ਮੈਂ ਆਪਣੇ ਵਾਲੇ ਚੁਬਾਰੇ ਦੀਆਂ ਹਨੇਰੀਆਂ ਸਲ੍ਹਾਬੀਆਂ ਪੌੜੀਆਂ ਚੜ੍ਹ ਗਿਆ ਸਾਂ। ਉਸ ਚਕਲੇ ਦੇ ਸਮੁੱਚੇ ਵਾਤਾਵਰਣ ਵਿਚ ਬਿੰਦਾ ਜਿਹਾ ਹਨੇਰਾ ਪਸਰਿਆ ਹੋਇਆ ਸੀ। ਇੱਕ ਉਦਾਸ ਜਿਹੀ ਚੁੱਪ ਠਹਿਰੀ ਹੋਈ ਸੀ।

ਧੰਦੇ ਵਾਲੇ ਕਮਰੇ ਵਿਚ ਲੱਕੜ ਦੀਆਂ ਫੱਟੀਆਂ ਦੇ ਤਿੰਨ ਨਿੱਕੇ-ਨਿੱਕੇ ਕੈਬਿਨ ਬਣੇ ਹੋਏ ਸਨ। ਬਾਕੀ ਥਾਂ ਵਿਚ ਇੱਕ ਮੈਲਾ ਤੇ ਪੁਰਾਣਾ ਸੋਫਾ ਪਿਆ ਸੀ। ਸੋਫੇ ਦੇ ਸਾਹਮਣੇ ਬੈਂਚ ਸੀ। ਸੌਦਾ ਤੈਅ ਹੋਣ ਵੇਲੇ ਵੇਸਵਾਵਾਂ ਬੈਂਚ 'ਤੇ ਆ ਕੇ ਬੈਠ ਜਾਂਦੀਆਂ ਸਨ। ਇੰਨੇ ਤੰਗ ਥਾਂ ਦੀ ਗਾਹਕ ਨੂੰ ਸਹੂਲਤ ਰਹਿੰਦੀ ਸੀ। ਸੌਦਾ ਤੈਅ ਹੋਣ ਪਿੱਛੋਂ ਚੁਣੀ ਹੋਈ ਵੇਸਵਾ ਬੈਠੀ ਰਹਿ ਜਾਂਦੀ ਸੀ ਤੇ ਬਾਕੀ ਉਠ ਕੇ ਅੰਦਰ ਚਲੀਆਂ ਜਾਂਦੀਆਂ ਸਨ।

ਵੇਸਵਾਵਾਂ ਚਾਰ ਸਨ ਤੇ ਕੈਬਿਨ ਤਿੰਨ। ਕਈ ਵਾਰ ਗਾਹਕ ਨੂੰ ਸੋਫੇ 'ਤੇ ਬਹਿ ਕੇ ਕੈਬਿਨ ਦੇ ਵਿਹਲੇ ਹੋਣ ਦੀ ਉਡੀਕ ਕਰਨੀ ਪੈਂਦੀ ਸੀ। ਲੱਕੜ ਦੇ ਕੈਬਿਨਾਂ ਦਾ ਓਹਲਾ ਭੁਲੇਖੇ ਜਿਹੇ ਵਰਗਾ ਸੀ।

ਮੈਡਮ ਮੈਨੂੰ ਵੇਖ ਕੇ ਮੁਸਕਰਾਈ ਤੇ ਮੁੜ ਗਾਹਕ ਨਾਲ ਭਾਅ ਤੈਅ ਕਰਨ ਵਿਚ ਰੁੱਝ ਗਈ। ਮੈਂ ਮੈਡਮ ਦੇ ਲਾਗੇ ਪਏ ਸਟੂਲ 'ਤੇ ਬੈਠ ਗਿਆ।

ਕੁਲਵਿੰਦਰ ਗਾਹਕ ਦੇ ਸਾਹਮਣੇ ਬੈਂਚ 'ਤੇ ਬੈਠੀ ਹੋਈ ਸੀ। ਪੰਜਾਬੀ ਬਾਬੂ ਨੂੰ ਕੁਲਵਿੰਦਰ ਦੇ ਪੰਜਾਬਣ ਹੋਣ ਬਾਰੇ ਸ਼ੱਕ ਸੀ।

"ਬੇਟੀ, ਸੇਠ ਨਾਲ ਪੰਜਾਬੀ 'ਚ ਗੱਲ ਕਰ।" ਮੈਡਮ ਨੇ ਕੁਲਵਿੰਦਰ ਨੂੰ ਆਖਿਆ।

ਕੁਲਵਿੰਦਰ ਨੇ ਟੁੱਟੀ-ਫੁੱਟੀ ਪੰਜਾਬੀ ਬੋਲਣ ਦੀ ਕੋਸ਼ਿਸ਼ ਕੀਤੀ।

ਕਈ ਗਾਹਕ ਵੀ ਅਜੀਬ ਸਨ। ਉਹ ਆਪਣੀਆਂ ਮਾਨਤਾਵਾਂ, ਵਿਸ਼ਵਾਸ ਤੇ ਧਰਮ ਚੁੱਕ ਕੇ ਚਕਲੇ 'ਤੇ ਲੈ ਆਉਂਦੇ ਸਨ ਪਰ ਉਨ੍ਹਾਂ ਕੁੜੀਆਂ ਦਾ ਧਰਮ ਜਿਸਮ ਸੀ। ਇਹ ਉਨ੍ਹਾਂ ਲਈ ਜਿਉ ਸਕਣ ਦਾ ਤਰੀਕਾ ਸੀ। ਉਹ ਆਪਣੇ ਗਾਹਕ ਦੇ ਧਰਮ ਦਾ ਸਤਿਕਾਰ ਕਰਦੀਆਂ ਸਨ। ਗਾਹਕ ਦਾ ਧਰਮ ਬਚਾਉਣ ਖ਼ਾਤਰ ਉਨ੍ਹਾਂ ਪਲਾਂ ਲਈ ਉਹ ਆਪਣਾ ਨਾਂ ਵੀ ਬਦਲ ਲੈਂਦੀਆਂ ਸਨ ਤੇ ਧਰਮ ਵੀ। ਨਾਂ ਪਹਿਲੋਂ ਵੀ ਕਿਹੜਾ ਅਸਲੀ ਹੁੰਦਾ ਸੀ!

ਪੰਜਾਬੀ ਬਾਬੂ ਨੇ ਮੈਡਮ ਨੂੰ ਫੀਸ ਤਾਰੀ ਤੇ ਕੁਲਵਿੰਦਰ ਦੀ ਬਾਂਹ ਫੜ ਕੇ ਉਠ ਖਲੋਤਾ। ਕੈਬਿਨ ਖ਼ਾਲੀ ਨਹੀਂ ਸੀ। ਉਹ ਮੁੜ ਬੈਠ ਗਿਆ। ਕੈਬਿਨਾਂ 'ਚੋਂ ਆਉਂਦੀਆਂ ਆਵਾਜ਼ਾਂ ਉਨ੍ਹਾਂ ਦੀ ਚੁੱਪ ਵਿਚ ਹੋਰ ਉਚੀਆਂ ਜਾਪਣ ਲੱਗ ਪਈਆਂ ਸਨ।



"ਬਹੁਤ ਦਿਨਾਂ ਬਾਅਦ ਆਇਆ ਏਂ?" ਅੰਦਰਲੀਆਂ ਆਵਾਜ਼ਾਂ ਨੂੰ ਢੱਕਣ ਖ਼ਾਤਰ ਮੈਡਮ ਕੁਝ ਉਚੀ ਆਵਾਜ਼ ਵਿਚ ਬੋਲੀ।

"ਬੱਸ ਆਇਆ ਹੀ ਨਹੀਂ ਗਿਆ।"

ਮੈਡਮ ਉਠ ਖਲੋਤੀ, "ਚੱਲ, ਅੰਦਰ ਆ।"

ਦੂਜੇ ਕਮਰੇ ਵਿਚ ਭੁੰਜੇ ਦਰੀ ਵਿਛੀ ਹੋਈ ਸੀ। ਕੰਧ ਨਾਲ ਇਕੱਠੇ ਕੀਤੇ ਹੋਏ ਬਿਸਤਰੇ ਪਏ ਸਨ। ਵੇਸਵਾਵਾਂ ਇਸ ਕਮਰੇ ਵਿਚ ਬਹਿੰਦੀਆਂ ਸਨ, ਸੌਂਦੀਆਂ ਸਨ, ਰਹਿੰਦੀਆਂ ਸਨ। ਇਸ ਕਮਰੇ ਵਿਚ ਲੱਕੜ ਦੇ ਫੱਟਿਆਂ ਦੀ ਵੰਡ ਪਾ ਕੇ ਮੈਡਮ ਲਈ ਕਮਰਾ ਵੱਖ ਕੀਤਾ ਹੋਇਆ ਸੀ। ਕਮਰੇ ਦੀਆਂ ਖਿੜਕੀਆਂ ਸਮੁੰਦਰ ਵੱਲ ਖੁੱਲ੍ਹਦੀਆਂ ਸਨ। ਇੱਕ ਖਿੜਕੀ ਮੈਡਮ ਦੇ ਕੈਬਿਨ ਵਿਚ ਸੀ ਤੇ ਇੱਕ ਵੇਸਵਾਵਾਂ ਦੇ ਕਮਰੇ ਵਿਚ। ਸ਼ਾਮ ਵੇਲੇ ਸਮੁੰਦਰ ਦੀਆਂ ਲਹਿਰਾਂ ਖ਼ੌਰੂ ਪਾਉਣ ਲੱਗ ਪੈਂਦੀਆਂ ਸਨ। ਗੁਸੈਲ ਛੱਲਾਂ ਪੱਥਰਾਂ ਨਾਲ ਮੱਥਾ ਮਾਰਦੀਆਂ ਤੇ ਖਿੰਡ-ਪੁੰਡ ਜਾਂਦੀਆਂ ਸਨ। ਸਮੁੰਦਰ ਦੇ ਰੋਹ ਵਿਚ ਬੇਵਸੀ ਸਾਫ਼ ਦਿਸਣ ਲੱਗ ਪੈਂਦੀ ਸੀ।

ਵੇਸਵਾਵਾਂ ਸਮੁੰਦਰ ਤੋਂ ਪ੍ਰੇਸ਼ਾਨ ਸਨ। ਸਮੁੰਦਰ ਉਨ੍ਹਾਂ ਨੂੰ ਉਦਾਸ ਕਰਦਾ ਸੀ।

ਮੈਡਮ ਉਠ ਕੇ ਧੰਦੇ ਵਾਲੇ ਕਮਰੇ ਵਿਚ ਜਾ ਚੁੱਕੀ ਸੀ। ਮੈਂ ਗਲਾਸ ਖ਼ਾਲੀ ਕਰ ਕੇ ਦੂਜਾ ਪੈਗ ਪਾ ਲਿਆ। ਪਾਣੀ ਲਿਆਉਣ ਲਈ ਉਠਣ ਲੱਗਾ ਤਾਂ ਕਮਰੇ ਦਾ ਮੈਲਾ ਪਰਦਾ ਚੁੱਕ ਕੇ ਸ਼ੀਰੀਂ ਨੇ ਝਾਕਿਆ। ਉਹ ਹੁਣੇ ਵਿਹਲੀ ਹੋਈ ਸੀ। ਉਸ ਨੇ ਨੱਸ ਕੇ ਮੇਰੇ ਗਲ ਆ ਬਾਹਵਾਂ ਪਾਈਆਂ। ਮੈਂ ਸ਼ੀਰੀਂ ਨੂੰ ਚੰਗਾ ਲੱਗਦਾ ਸਾਂ। ਮੈਂ ਹੈਰਾਨ ਹੋ ਕੇ ਸੋਚਿਆ, ਕਿਤੇ ਸ਼ੀਰੀਂ ਕੋਈ ਸੁਪਨਾ ਤਾਂ ਨਹੀਂ ਸੀ ਵੇਖਣ ਲੱਗ ਪਈ। ਚਕਲੇ ਦੀਆਂ ਕੁੜੀਆਂ ਝੱਲੀਆਂ ਸਨ। ਕੋਈ ਮਲਬੇ ਦੀਆਂ ਇੱਟਾਂ ਵੱਲ ਇਸ਼ਾਰਾ ਕਰਦਾ ਸੀ ਤਾਂ ਉਹ ਘਰ ਉਸਾਰਨ ਬੈਠ ਜਾਂਦੀਆਂ ਸਨ। ਉਨ੍ਹਾਂ ਦੇ ਇੱਦਾਂ ਕਰਨ ਨਾਲ ਧੰਦਾ ਚੌਪਟ ਹੋਣ ਦਾ ਸੰਸਾ ਵੱਧ ਜਾਂਦਾ ਸੀ। ਉਸ ਵੇਲੇ ਜ਼ਰੂਰੀ ਹੋ ਜਾਂਦਾ ਸੀ ਕਿ ਉਨ੍ਹਾਂ ਨੂੰ ਉਥੋਂ ਬਦਲ ਦਿੱਤਾ ਜਾਵੇ।

ਨਵਾਂ ਚਕਲਾ। ਨਵਾਂ ਨਾਂ। ਨਵੇਂ ਗਾਹਕ। ਕੀ ਪਤੈ, ਸੁਪਨਾ ਮੁੜ ਬਣੇ, ਨਾ ਬਣੇ। ਕੋਈ ਸੁਪਨਿਆਂ ਦੀਆਂ ਕੌਡੀਆਂ ਖਿਲਾਰਨ ਵਾਲਾ ਆਵੇ, ਨਾ ਆਵੇ। ਸ਼ੀਰੀਂ ਨੇ ਪਾਣੀ ਲਿਆ ਕੇ ਮੇਰਾ ਗਲਾਸ ਭਰ ਦਿੱਤਾ ਤੇ ਆਪਣੇ ਲਈ ਵੱਖਰਾ ਪੈਗ ਬਣਾ ਲਿਆ।

"ਕਈ ਗਾਹਕ ਵੀ ਬੱਸ ਸਿਰਦਰਦੀ ਹੁੰਦੇ ਨੇ। ਜਿਹੜਾ ਹੁਣ ਗਿਆ ਏ, ਇਹ ਤਾਂ ਰੇੜਕਾ ਪਾ ਕੇ ਹੀ ਬੈਠ ਗਿਆ ਅਖੇ...।" ਸ਼ੀਰੀਂ ਨੇ ਗਲਾਸ ਇੱਕੋ ਡੀਕ ਵਿਚ ਅੱਧਾ ਖ਼ਾਲੀ ਕਰ ਦਿੱਤਾ ਤੇ ਹੇਠਾਂ ਰੱਖ ਕੇ ਬੋਲੀ, "ਸੱਚੀਂ ਅਮਰ! ਮੈਂ ਤਾਂ ਉਹਨੂੰ ਸਾਫ਼ ਕਹਿ ਦਿੱਤਾ ਪਈ ਇਹ ਮੇਰਾ ਪੇਸ਼ਾ ਏ ਪਰ ਮੇਰੇ ਬੁੱਲ੍ਹਾਂ 'ਤੇ ਸਿਰਫ਼ ਇੱਕ ਦਾ ਹੱਕ ਏ।"

ਮੈਂ ਹੈਰਾਨ ਜਿਹਾ ਹੋ ਕੇ ਸ਼ੀਰੀਂ ਵੱਲ ਵੇਖਿਆ। ਸ਼ੀਰੀਂ ਦੀਆਂ ਅੱਖਾਂ ਭਰ ਆਈਆਂ ਸਨ। ਉਹ ਗੋਡੇ 'ਤੇ ਠੋਡੀ ਰੱਖੀ, ਨਹੁੰ ਨਾਲ ਦਰੀ 'ਤੇ ਲੀਕਾਂ ਮਾਰਨ ਲੱਗ ਪਈ ਤੇ ਫਿਰ ਸਿਰ ਚੁੱਕ ਕੇ ਹੌਲੀ ਜਿਹੀ ਬੋਲੀ, "ਅਮਰ, ਮੈਂ ਵੇਸਵਾ ਹੀ ਸਹੀ, ਪਰ...। ਮੈਂ ਆਪਣੀ ਕੋਈ ਚੀਜ਼ ਤਾਂ ਕਿਸੇ ਨੂੰ ਸੁੱਚੇ ਹਾਲਤ ਵਿਚ ਦੇ ਸਕਾਂ।"

ਸਮੁੱਚੇ ਚਕਲੇ 'ਤੇ ਹਰ ਵੇਲੇ ਬੋਝਲ ਜਿਹਾ ਹਨੇਰਾ ਫੈਲਿਆ ਰਹਿੰਦਾ ਸੀ। ਮੈਨੂੰ ਉਸ ਪਲ ਹਨੇਰੇ ਦੇ ਉਸ ਬੋਝ ਦੀ ਸਮਝ ਲੱਗ ਗਈ। ਮੈਂ ਸ਼ਰਾਬ ਦਾ ਗਲਾਸ ਕਾਹਲੀ ਨਾਲ ਖ਼ਾਲੀ ਕਰ ਦਿੱਤਾ। ਉਸ ਰਾਤ ਮੈਂ ਬਹੁਤ ਸ਼ਰਾਬ ਪੀਤੀ, ਉਲਟੀਆਂ ਕੀਤੀਆਂ ਤੇ ਸੌਂ ਗਿਆ। ਤੜਕਸਾਰ ਮੇਰੀ ਜਾਗ ਖੁੱਲ੍ਹ ਗਈ।

ਰਾਤ ਦੇ ਜਾਗੇ ਤੋਂ ਪਿੱਛੋਂ ਦੀਆਂ ਥੱਕੀਆਂ-ਟੁੱਟੀਆਂ ਵੇਸਵਾਵਾਂ ਬੇਹੋਸ਼ੀ ਦੀ ਨੀਂਦ ਸੁੱਤੀਆਂ ਪਈਆਂ ਸਨ। ਉਹ ਕਿਸੇ ਉਜੜੇ ਕਾਫ਼ਲੇ ਦੇ ਸਾਮਾਨ ਵਾਂਗ ਇਧਰ-ਉਧਰ ਖਿਲਰੀਆਂ ਹੋਈਆਂ ਸਨ। ਉਹ ਦੁਪਹਿਰ ਤੱਕ ਇੰਜ ਹੀ ਸੁੱਤੀਆਂ ਰਹਿਣਗੀਆਂ। ਜਦੋਂ ਲੋਕਾਂ ਦਾ ਦਿਨ ਚੜ੍ਹਦਾ ਸੀ ਤਾਂ ਚਕਲੇ ਦੀਆਂ ਧੀਆਂ ਦੀ ਰਾਤ ਹੁੰਦੀ ਸੀ।

ਮੇਰਾ ਸਿਰ ਪੀੜ ਕਰ ਰਿਹਾ ਸੀ। ਮੂੰਹ ਦਾ ਸਵਾਦ ਬਕਬਕਾ ਸੀ। ਮੈਂ ਸਰਹਾਣੇ ਨੂੰ ਕੰਧ ਨਾਲ ਰੱਖ ਕੇ ਢੋਅ ਲਾ ਲਈ ਤੇ ਅੱਧ ਲੇਟਿਆ ਜਿਹਾ ਪਿਆ ਰਿਹਾ। ਉਹ ਕਮਰਾ ਖੂੰਬੇ ਹੋਏ ਖੰਭਾਂ ਵਾਲੀਆਂ ਚਿੜੀਆਂ ਦਾ ਭਰਿਆ ਪੂਰਾ ਚੰਬਾ ਸੀ। ਉਹ ਸੁੱਤੀਆਂ ਪਈਆਂ ਬੜੀਆਂ ਮਾਸੂਮ ਤੇ ਭੋਲੀਆਂ ਦਿਸ ਰਹੀਆਂ ਸਨ ਜਿਵੇਂ ਭੈਣਾਂ ਹੁੰਦੀਆਂ ਨੇ। ਉਹ ਸੱਚਮੁੱਚ ਭੈਣਾਂ ਹੀ ਜਾਪ ਰਹੀਆਂ ਸਨ। ਉਹ ਮੇਰੇ ਨਾਲ ਸ਼ਰਾਰਤਾਂ ਵੀ ਭੈਣਾਂ ਵਾਂਗ ਹੀ ਕਰਦੀਆਂ ਸਨ। ਕਦੀ ਕੋਈ ਬੈਠੇ ਨੂੰ ਮੋਢਿਆਂ ਤੋਂ ਫੜ ਕੇ ਪਿਛਾਂਹ ਡੇਗ ਜਾਂਦੀ। ਕੋਈ ਲੰਘਦੀ ਜਾਂਦੀ ਹੱਥ ਨਾਲ ਮੇਰੇ ਵਾਲ ਖਿਲਾਰ ਦਿੰਦੀ। ਕੰਘੀ ਫੜ ਕੇ ਕੋਈ ਮੇਰੇ ਵਾਲਾਂ ਨੂੰ ਵੱਖਰੇ ਢੰਗ ਨਾਲ ਵਾਹੁਣ ਲੱਗ ਪੈਂਦੀ। ਕੋਈ ਮੇਰੇ ਮੋਢੇ ਤੋਂ ਝੋਲਾ ਉਤਾਰ ਕੇ ਫਰੋਲਣ ਲੱਗ ਪੈਂਦੀ। ਮੈਂ ਭੁੱਖਾ ਨੰਗਾ ਗਾਹਕ ਇਸ ਚਕਲੇ ਦਾ ਇੰਨਾ ਕਰੀਬੀ ਕਿਵੇਂ ਹੋ ਗਿਆ ਸਾਂ? ਮੈਂ ਚਕਲੇ ਦੇ ਬਿਸਤਰੇ 'ਤੇ ਘਰ ਦੀ ਪਨਾਹ ਵਾਂਗ ਪਿਆ ਹੋਇਆ ਸਾਂ ਤੇ ਮੈਨੂੰ ਰਿਸ਼ਤਿਆਂ ਦੇ ਚਿਹਰੇ ਦਿਸ ਰਹੇ ਸਨ।

ਮੈਂ ਸੋਚਿਆ, ਜਦੋਂ ਮੈਂ ਵੱਡਾ ਐਕਟਰ ਜਾਂ ਡਾਇਰੈਕਟਰ ਬਣਾਂਗਾ ਤਾਂ ਇੱਕ ਬਹੁਤ ਵੱਡਾ ਬੰਗਲਾ ਖ਼ਰੀਦਾਂਗਾ। ਸਾਰੀਆਂ ਨੂੰ ਉਥੇ ਲੈ ਜਾਵਾਂਗਾ। ਉਥੇ ਇਹ ਇੱਕ ਕਮਰੇ ਵਿਚ ਭੁੰਜੇ ਦਰੀ ਵਿਛਾ ਕੇ ਨਹੀਂ ਸੌਣਗੀਆਂ। ਸਾਰੀਆਂ ਉਥੇ ਹੀ ਰਹਿਣਗੀਆਂ ਤੇ ਮੈਂ ਇੱਕ-ਇੱਕ ਕਰਕੇ ਆਪਣੇ ਹੱਥੀਂ ਇਨ੍ਹਾਂ ਦਾ ਵਿਆਹ ਕਰਾਂਗਾ।

ਮੈਡਮ ਸ਼ਾਇਦ ਮੇਰੇ ਤੋਂ ਵੀ ਪਹਿਲਾਂ ਦੀ ਉਠੀ ਹੋਈ ਸੀ। ਉਹਨੇ ਮੈਨੂੰ ਪਾਣੀ ਪਿਆਇਆ ਤੇ ਫਿਰ ਦੋਹ ਗਲਾਸਾਂ ਵਿਚ ਚਾਹ ਲੈ ਆਈ। ਚਾਹ ਪੀਂਦਿਆਂ ਮੈਂ ਉਹਨੂੰ ਆਪਣੀ ਸੋਚ ਦੀ ਗੱਲ ਦੱਸੀ।

ਉਹ ਖਿੜਖਿੜਾ ਕੇ ਹੱਸ ਪਈ।

ਸੁੱਤੀਆਂ ਹੋਈਆਂ ਵੇਸਵਾਵਾਂ ਤ੍ਰਬਕੀਆਂ। ਉਹ ਹੱਸਦੀ-ਹੱਸਦੀ ਰੋਣ ਲੱਗ ਪਈ।

ਆਪਾ ਕੁਝ ਹੌਲਾ ਹੋਇਆ ਤਾਂ ਉਸ ਅੱਖਾਂ ਪੂੰਝ ਲਈਆਂ। ਲੰਮਾ ਹਉਕਾ ਭਰ ਕੇ ਬੋਲੀ, "ਅਮਰ, ਭੈਣ ਬਣਨ ਦਾ ਨਸੀਬ ਕਿਸੇ ਵੇਸਵਾ ਕੋਲ ਨਹੀਂ ਹੁੰਦਾ, ਬੱਸ ਬੀਵੀ ਬਣਨ ਦਾ ਨਿਮਾਣਾ ਜਿਹਾ ਸੁਪਨਾ ਹੁੰਦਾ ਹੈ। ਉਹ ਸੁਪਨਾ ਵੀ ਕੁਝ ਵਰ੍ਹੇ ਅੱਖਾਂ ਵਿਚ ਰਹਿ ਕੇ ਆਪੇ ਮਰ ਜਾਂਦਾ ਹੈ।"

ਮੈਂ ਕਲਿਆਣ ਸਟੂਡੀਓ ਤੋਂ ਬਾਹਰ ਆਇਆ ਤਾਂ ਪੂਰੇ ਪੰਜ ਸੌ ਰੁਪਏ ਮੇਰੀ ਜੇਬ ਵਿਚ ਸਨ। ਐਕਸਟਰਾ ਦੇ ਕੰਮ ਦੇ ਪੰਜ ਸੌ ਰੁਪਏ! ਮੈਂ ਹੈਰਾਨ ਸਾਂ।

ਮੇਰੀ ਸਿੱਖੀ ਹੋਈ ਡਰਾਈਵਰੀ ਕੰਮ ਆ ਗਈ ਸੀ। ਐਕਸਟਰਾ ਦੀ ਉਸ ਭੀੜ ਵਿਚ ਮੈਂ ਇਕੱਲਾ ਸਾਂ ਜੀਹਨੂੰ ਡਰਾਈਵਰੀ ਆਉਂਦੀ ਸੀ। ਸੋ ਮੈਂ ਚੁਣ ਲਿਆ ਗਿਆ ਸੀ। ਰੋਲ ਕੁਝ ਇਸ ਤਰ੍ਹਾਂ ਸੀ: ਹੀਰੋਇਨ ਬਦਮਾਸ਼ਾਂ ਦੇ ਚੁੰਗਲ 'ਚੋਂ ਨਿਕਲ ਦੌੜੀ ਸੀ। ਮੈਂ ਟਰੱਕ ਵਿਚ ਸਮਗਲਿੰਗ ਦਾ ਮਾਲ ਲਿਆ ਰਿਹਾ ਸਾਂ। ਹੀਰੋਇਨ ਸਾਹਮਣਿਓਂ ਡਿੱਗਦੀ-ਢਹਿੰਦੀ ਆ ਰਹੀ ਸੀ। ਉਹ ਮੇਰੇ ਟਰੱਕ ਸਾਹਮਣੇ ਡਿੱਗ ਕੇ ਬੇਹੋਸ਼ ਹੋ ਗਈ। ਮੈਂ ਉਹਨੂੰ ਚੁੱਕ ਕੇ ਅੱਡੇ 'ਤੇ ਲੈ ਗਿਆ। ਹੀਰੋਇਨ ਨੂੰ ਦੋਹਾਂ ਬਾਹਵਾਂ 'ਤੇ ਚੁੱਕੀ ਮੈਂ ਵੱਡੇ ਹਾਲ ਵਿਚ ਪਹੁੰਚਿਆ ਤੇ ਉਚੀ ਆਵਾਜ਼ ਵਿਚ ਆਖਿਆ, "ਬਾਸ, ਆਪ ਕੇ ਲੀਏ ਤੋਹਫ਼ਾ ਲਾਇਆ ਹੂੰ।" ...ਕੱਟ!

ਮੈਨੂੰ ਪਹਿਲੀ ਵਾਰ ਡਾਇਲਾਗ ਬੋਲਣ ਦਾ ਮੌਕਾ ਮਿਲਿਆ ਸੀ। ਮੈਨੂੰ ਆਸ ਹੋ ਗਈ ਸੀ ਕਿ ਹੌਲੀ-ਹੌਲੀ ਵੱਡੇ ਰੋਲ ਵੀ ਮਿਲਣੇ ਸ਼ੁਰੂ ਹੋ ਜਾਣਗੇ।

ਮੈਂ ਆਪਣੀ ਖ਼ੁਸ਼ੀ ਕਿਸੇ ਨਾਲ ਸਾਂਝੀ ਕਰਨੀ ਚਾਹੁੰਦਾ ਸਾਂ। ਕਿੱਥੇ ਜਾਵਾਂ? ਮੈਂ ਦੋਸਤਾਂ ਬਾਰੇ ਸੋਚਿਆ ਤਾਂ ਮੈਡਮ ਦਾ ਚਕਲਾ ਯਾਦ ਆਇਆ। ਇਹ ਧੰਦੇ ਦਾ ਵੇਲਾ ਨਹੀਂ ਸੀ। ਮੈਂ ਨਿਝੱਕ ਜਾ ਸਕਦਾ ਸਾਂ। ਮੈਂ ਮਠਿਆਈ ਖ਼ਰੀਦੀ। ਗਰਮ-ਗਰਮ ਸਮੋਸੇ ਲਿਫ਼ਾਫ਼ੇ ਵਿਚ ਪਵਾਏ ਤੇ ਫਾਰਸ ਰੋਡ ਪਹੁੰਚ ਗਿਆ।

ਸਾਰੀਆਂ ਮੇਰੇ ਦੁਆਲੇ ਝੁਰਮਟ ਪਾ ਕੇ ਬੈਠ ਗਈਆਂ। ਉਨ੍ਹਾਂ ਕੋਲੋਂ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਉਹ ਸ਼ੂਟਿੰਗ ਦੀ ਇੱਕ-ਇੱਕ ਗੱਲ ਜਾਣਨਾ ਚਾਹੁੰਦੀਆਂ ਸਨ।

"ਹੇਮਾ ਮਾਲਿਨੀ ਕਿਹੋ ਜਿਹੀ ਹੈ?"

"ਤੂੰ ਤਾਂ ਹੇਮਾ ਨਾਲ ਗੱਲਾਂ ਕਰਕੇ ਵੀ

ਵੇਖੀਆਂ ਹੋਣਗੀਆਂ।"

"ਇੰਨੀ ਭਾਰੀ ਨੂੰ ਤੂੰ ਚੁੱਕਿਆ ਕਿਵੇਂ ਹੋਊ?"

ਮੈਂ ਫ਼ਿਲਮ ਵਿਚ ਆਪਣੇ ਰੋਲ ਬਾਰੇ ਉਨ੍ਹਾਂ ਨੂੰ ਵਧਾ ਚੜ੍ਹਾ ਕੇ ਦੱਸਦਾ ਰਿਹਾ।

ਚਾਹ ਪੀਣ ਵੇਲੇ ਮੈਨੂੰ ਖ਼ਿਆਲ ਆਇਆ, ਮੈਡਮ ਨਹੀਂ ਸੀ। ਸ਼ੀਰੀਂ ਨੇ ਮੇਰੇ ਝੋਲੇ 'ਚੋਂ ਰਸਾਲੇ ਕੱਢ ਕੇ ਦਰੀ 'ਤੇ ਖਿਲਾਰਾ ਪਾ ਦਿੱਤਾ ਸੀ। ਮਾਲਾ ਤੇ ਸ਼ੀਰੀਂ ਇੱਕੋ ਰਸਾਲੇ 'ਚੋਂ ਕੋਈ ਤਸਵੀਰ ਵੇਖ ਰਹੀਆਂ ਸਨ। ਕੁਲਵਿੰਦਰ ਤੇ ਰਾਧਿਕਾ ਸਮੋਸੇ ਖਾਣ ਵਿਚ ਰੁੱਝ ਗਈਆਂ ਸਨ।

"ਮੈਡਮ ਕਿੱਥੇ ਹੈ?" ਮੈਂ ਪੁੱਛਿਆ।

"ਹਸਪਤਾਲ!" ਸ਼ੀਰੀਂ ਨੇ ਰਸਾਲਾ ਬੰਦ ਕਰਕੇ ਪਰ੍ਹਾਂ ਰੱਖ ਦਿੱਤਾ।

"ਹਸਪਤਾਲ?"

"ਉਹਨੂੰ ਤਾਂ ਹਫ਼ਤਾ ਹੋ ਗਿਆ ਏ ਦਾਖ਼ਲ ਹੋਇਆਂ।"

"ਮੈਨੂੰ ਕਿਵੇਂ ਪਤਾ ਲੱਗਣਾ ਸੀ। ਮੈਥੋਂ ਇੰਨੇ ਦਿਨ ਆਇਆ ਜੂ ਨਹੀਂ ਗਿਆ। ਮੇਰੇ ਕੋਲ ਪੈਸੇ ਨਹੀਂ ਸਨ ਨਾ।" ਮੈਂ ਆਖਿਆ, "ਹੁਣ ਕੀ ਹਾਲ ਹੈ?"

"ਪਤਾ ਨਹੀਂ।"

"ਕਿਉਂ?"

"ਸਾਡਾ ਜਾਣਾ ਮਨ੍ਹਾਂ ਹੈ ਨਾ। ਦਾਦਾ ਤਾਂ ਕੁਝ ਦੱਸਦਾ ਹੀ ਨਹੀਂ। ਉਹਦੀਆਂ ਲਾਲ-ਲਾਲ ਅੱਖਾਂ ਵੇਖ ਕੇ ਵੈਸੇ ਵੀ ਗੱਲ ਕਰਨ ਦਾ ਹੌਸਲਾ ਨਹੀਂ ਪੈਂਦਾ।" ਸ਼ੀਰੀਂ ਨੇ ਮੇਰੀ ਬਾਂਹ ਫੜ ਕੇ ਰਿਹਾੜ ਕੀਤੀ, "ਪਲੀਜ਼, ਤੁਸੀਂ ਜਾ ਕੇ ਪਤਾ ਲੈ ਆਉ ਨਾ।"

ਮੈਨੂੰ ਕੋਈ ਹੋਰ ਕੰਮ ਨਹੀਂ ਸੀ। ਮੈਂ ਵਿਹਲਾ ਹੀ ਸਾਂ। ਰਾਹ ਵਿਚ ਮੈਂ ਰੇਹੜੀ ਵਾਲੇ ਤੋਂ ਕੇਲੇ ਤੇ ਅੰਗੂਰ ਲੈ ਕੇ ਅੱਡ-ਅੱਡ ਲਿਫ਼ਾਫ਼ਿਆਂ ਵਿਚ ਪਵਾ ਲਏ। ਉਹਨੂੰ ਕਿਸੇ ਦੇ ਆਉਣ ਦੀ ਉਮੀਦ ਨਹੀਂ ਸੀ। ਉਹ ਅੱਖਾਂ ਮੀਟੀ ਪਈ ਸੀ। ਉਹਦੇ ਚਿਹਰੇ 'ਤੇ ਸੜਕ ਕਿਨਾਰੇ ਲਾਵਾਰਸ ਪਏ ਕਿਸੇ ਯਤੀਮ ਦੇ ਚਿਹਰੇ ਵਰਗੀ ਵਿਚਾਰਗੀ ਸੀ। ਚਿਹਰੇ ਦੀ ਪਿਲੱਤਣ ਨੇ ਉਸ ਵਿਚਾਰਗੀ ਦੇ ਰੰਗ ਨੂੰ ਹੋਰ ਗੂੜ੍ਹਾ ਕਰ ਦਿੱਤਾ ਸੀ।

ਮੈਂ ਮੰਜੇ ਦੇ ਨਾਲ ਪਈ ਤਿਪਾਈ 'ਤੇ ਦੋਵੇਂ ਲਿਫ਼ਾਫ਼ੇ ਰੱਖ ਦਿੱਤੇ। ਉਹਨੇ ਅੱਖਾਂ ਖੋਲ੍ਹੀਆਂ ਤੇ ਤ੍ਰਬਕ ਕੇ ਚੇਤੰਨ ਹੋ ਗਈ। ਮੰਜੇ ਦੀ ਪਿੱਠ ਨਾਲ ਢੋਅ ਲਾ ਕੇ ਉਹ ਅੱਧਲੇਟੀ ਜਿਹੀ ਬੈਠ ਗਈ। ਕੁਝ ਚਿਰ ਉਹਦੀਆਂ ਅੱਖਾਂ ਹੈਰਾਨ ਜਿਹੀਆਂ ਹੋਈਆਂ ਮੈਨੂੰ ਵੇਖਦੀਆਂ ਰਹੀਆਂ। ਉਹਦੇ ਬੁੱਲ੍ਹ ਮੁਸਕਰਾਏ ਤੇ ਅੱਖਾਂ 'ਚੋਂ ਤਿਪ-ਤਿਪ ਹੰਝੂ ਵਗਣ ਲੱਗ ਪਏ।

ਮੈਂ ਲੋਹੇ ਦਾ ਸਟੂਲ ਖਿੱਚਿਆ ਤੇ ਉਹਦੇ ਕੋਲ ਹੋ ਕੇ ਬਹਿ ਗਿਆ। ਮੈਂ ਉਹਦੇ ਹੱਥ ਨੂੰ ਪਲੋਸਿਆ, "ਪਲੀਜ਼ ਮੈਡਮ।"

ਉਹਨੇ ਛੇਤੀ ਨਾਲ ਅੱਖਾਂ ਪੂੰਝੀਆਂ ਤੇ ਕਾਹਲੀ ਨਾਲ ਸੱਜੇ ਖੱਬੇ ਵੇਖਿਆ। ਇਹ ਮਰੀਜ਼ਾਂ ਨੂੰ ਮਿਲਣ ਦਾ ਵੇਲਾ ਸੀ। ਦੋਵੇਂ ਪਾਸੇ ਵਾਲੀਆਂ ਮਰੀਜ਼ ਔਰਤਾਂ ਆਪੋ-ਆਪਣੇ ਰਿਸ਼ਤੇਦਾਰਾਂ ਨਾਲ ਗੱਲੀਂ ਜੁੱਟੀਆਂ ਹੋਈਆਂ ਸਨ। ਸਾਡੇ ਵੱਲ ਕਿਸੇ ਦਾ ਧਿਆਨ ਨਹੀਂ ਸੀ। ਉਸ ਹੌਲੀ ਜਿਹੀ ਆਖਿਆ, "ਅਮਰ, ਇੱਥੇ ਮੈਨੂੰ ਮੈਡਮ ਨਾ ਕਹਿ ਪਲੀਜ਼।"

ਮੈਂ ਉਹਦਾ ਨਾਂ ਨਹੀਂ ਸਾਂ ਜਾਣਦਾ। ਆਪਣਾ ਨਾਂ ਉਹਨੂੰ ਵੀ ਨਹੀਂ ਸੀ ਆਉਂਦਾ। ਉਹਨੇ ਹੁਣ ਤੱਕ ਪਤਾ ਨਹੀਂ ਕਿੰਨੇ ਕੁ ਚਕਲੇ ਵੇਖ ਲਏ ਸਨ। ਹਰ ਨਵੇਂ ਚਕਲੇ 'ਤੇ ਉਹ ਨਵੇਂ ਨਾਂ ਨਾਲ ਰਹੀ ਸੀ। ਹੁਣ ਉਹ ਸਿਰਫ਼ ਮੈਡਮ ਸੀ ਤੇ ਚਕਲੇ ਦੀ ਮੈਡਮ ਦਾ ਕੋਈ ਨਾਂ ਨਹੀਂ ਹੁੰਦਾ।

"ਅਮਰ, ਪਤੈ, ਮੈਂ ਬਹੁਤ ਇਕੱਲੀ ਸਾਂ।" ਨਿਆਸਰੀ ਜਿਹੀ ਆਵਾਜ਼ ਕੰਬੀ।

"ਬੰਬਈ ਵਿਚ ਆਪਾਂ ਸਾਰੇ ਇਕੱਲੇ ਹਾਂ।"

"ਨਈਂ ਅਮਰ! ਤੂੰ ਨਹੀਂ ਸਮਝਦਾ। ਸ਼ਾਮ ਵੇਲੇ ਸਾਰੇ ਮਰੀਜ਼ਾਂ ਕੋਲ ਕੋਈ ਨਾ ਕੋਈ ਮਿਲਣ ਵਾਲਾ ਬੈਠਾ ਹੁੰਦਾ ਹੈ। ਇੱਕ ਮੈਂ ਹੀ ਸਾਂ...।" ਉਹਨੇ ਹੰਝੂ ਪੂੰਝ ਲਏ ਪਰ ਅੱਖਾਂ ਫੇਰ ਵੀ ਭਰੀਆਂ ਹੀ ਰਹੀਆਂ। ਉਹ ਬੋਲੀ, "ਮੈਂ ਡਰਦੀ ਸਾਂ। ਮੈਨੂੰ ਕੋਈ ਹਸਪਤਾਲ 'ਚੋਂ ਕੱਢ ਹੀ ਨਾ ਦੇਵੇ। ਸਭ ਵੇਖਦੇ ਹੋਣਗੇ ਕਿ ਮੇਰੇ ਕੋਲ ਕੋਈ ਨਹੀਂ ਆਉਂਦਾ। ਹੁਣ ਤੂੰ ਆ ਗਿਆ ਏਂ ਨਾ, ਹੁਣ ਮੈਨੂੰ ਹਸਪਤਾਲ 'ਚੋਂ ਕੋਈ ਨਹੀਂ ਕੱਢ ਸਕਦਾ।"

"ਪਰ ਮੈਂ ਤਾਂ ਇੱਥੇ ਕਿਸੇ ਡਾਕਟਰ ਨੂੰ ਨਹੀਂ ਜਾਣਦਾ।"

"ਇਹਦਾ ਕੋਈ ਫ਼ਰਕ ਨਹੀਂ ਪੈਂਦਾ।...ਹੁਣ ਉਹ ਸਮਝਣਗੇ, ਮੈਂ ਵੀ ਕੋਈ ਇੱਜ਼ਤਦਾਰ ਔਰਤ ਹਾਂ।"

ਉਹਦਾ ਡਰ ਕਿਸੇ ਮਾਸੂਮ ਬਾਲ ਦੇ ਡਰ ਵਰਗਾ ਸੀ।

"ਜੇ ਇਹ ਗੱਲ ਹੈ ਤਾਂ ਮੈਂ ਰੋਜ਼ ਆਇਆ ਕਰੂੰਗਾ।"

"ਸੱਚੀਂ!" ਇੱਕ ਛਿਣ ਤਾਂ ਉਹਨੂੰ ਜਿਵੇਂ ਯਕੀਨ ਹੀ ਨਾ ਆਇਆ। ਉਸ ਬੱਚਿਆਂ ਵਾਲੇ ਚਾਅ ਨਾਲ ਆਖਿਆ, "ਅੱਗੇ ਤਾਂ ਮੈਂ ਮੁਲਾਕਾਤ ਦੇ ਵੇਲੇ ਅੱਖਾਂ ਮੀਟ ਕੇ ਪਈ ਰਹਿੰਦੀ ਸਾਂ। ਹੁਣ ਮੈਂ ਬੈਠ ਕੇ ਤੈਨੂੰ ਉਡੀਕਿਆ ਕਰੂੰ।"

"ਜੇ ਦਾਦਾ ਵਾਰੀ-ਵਾਰੀ ਕੁੜੀਆਂ ਨੂੰ ਵੀ ਆ ਲੈਣ ਦੇਵੇ ਤਾਂ...।"

"ਨਈਂ ਅਮਰ! ਵੇਖਣ ਸਾਰ ਹੀ ਉਨ੍ਹਾਂ ਦੇ ਵੇਸਵਾ ਹੋਣ ਦਾ ਪਤਾ ਲੱਗ ਜਾਂਦਾ ਹੈ। ਫੇਰ ਤਾਂ ਇੱਥੇ ਮੇਰਾ ਇਲਾਜ ਕਿਸੇ ਨੇ ਨਹੀਂ ਕਰਨਾ।" ਉਹਨੇ ਖਾਲੀ ਕੰਧ ਵੱਲ ਵੇਖਦਿਆਂ ਠੰਢਾ ਸਾਹ ਭਰਿਆ, "ਵੈਸੇ ਵੀ ਇਹ ਧੰਦੇ ਦਾ ਵੇਲਾ ਹੁੰਦਾ ਏ ਨਾ। ਕੁੜੀਆਂ ਨੇ ਤਿਆਰ ਹੋ ਕੇ ਬੈਠਣਾ ਹੁੰਦਾ ਏ।"

ਜਦੋਂ ਮੈਂ ਉਹਨੂੰ ਫ਼ਲ ਖਾ ਲੈਣ ਦੀ ਪੱਕੀ ਕੀਤੀ ਤਾਂ ਉਹਦੀਆਂ ਅੱਖਾਂ ਇੱਕ ਵਾਰ ਫਿਰ ਭਰ ਆਈਆਂ। ਉਸ ਅੱਖਾਂ ਪੂੰਝੀਆਂ ਤੇ ਆਵਾਜ਼ ਦੇ ਕੇ ਨਾਲ ਦੀ ਮਰੀਜ਼ ਨੂੰ ਫ਼ਲ ਲੈਣ ਲਈ ਆਖਿਆ। ਮੈਂ ਉਠ ਕੇ ਮੈਡਮ ਹੱਥੋਂ ਲਿਫ਼ਾਫ਼ਾ ਫੜਿਆ ਤੇ ਉਸ ਮਰੀਜ਼ ਦੇ ਅੱਗੇ ਕਰ ਦਿੱਤਾ। ਮੈਡਮ ਨੇ ਜ਼ੋਰ ਦੇ ਕੇ ਉਹਨੂੰ ਫ਼ਲ ਦਿੱਤੇ। ਦੂਜੇ ਪਾਸੇ ਦੀ ਮਰੀਜ਼ ਨੂੰ ਵੀ ਉਸ ਇਸੇ ਤਰ੍ਹਾਂ ਜ਼ੋਰ ਲਾਇਆ। ਉਹਦੀ ਕੋਸ਼ਿਸ਼ ਸੀ, ਸਾਰੇ ਵੇਖ ਸਕਣ ਕਿ ਉਹਨੂੰ ਵੀ ਕੋਈ ਮਿਲਣ ਆਇਆ ਹੈ।

ਮੈਡਮ ਦੀ ਬਿਮਾਰੀ ਵੀ ਅਜੀਬ ਸੀ। ਬੈਠਿਆਂ-ਬੈਠਿਆਂ ਉਹਦਾ ਦਿਲ ਡੁੱਬਣ ਲੱਗਦਾ ਸੀ। ਬੇਹੋਸ਼ ਹੋ ਜਾਂਦੀ ਸੀ। ਜਦੋਂ ਹੋਸ਼ ਆਉਂਦੀ ਸੀ ਤਾਂ ਅਤਿ ਦੀ ਸਿਰ ਪੀੜ ਹੁੰਦੀ ਸੀ। ਲੱਗਦਾ ਸੀ ਸਿਰ ਟੁਕੜਿਆਂ 'ਚ ਖਿੰਡ ਜਾਵੇਗਾ। ਉਹ ਪਹਿਲਾਂ ਨਾਲੋਂ ਰਾਜ਼ੀ ਸੀ ਪਰ ਲੱਗਦਾ ਸੀ, ਉਹਦਾ ਅਸਲੀ ਇਲਾਜ ਡਾਕਟਰਾਂ ਕੋਲ ਨਹੀਂ ਸੀ।

ਕੋਈ ਰਿਸ਼ਤਾ ਸਿਰ ਪੁੱਟ ਰਿਹਾ ਸੀ ਜਾਂ ਸ਼ਾਇਦ ਇਹ ਮੇਰੀ ਜਾਨਲੇਵਾ ਇਕੱਲ ਸੀ। ਮੈਂ ਆਏ ਦਿਨ ਉਹਨੂੰ ਮਿਲਣ ਲਈ ਹਸਪਤਾਲ ਪਹੁੰਚ ਜਾਂਦਾ ਸਾਂ। ਮੈਂ ਸਟੂਲ ਉਹਦੇ ਕੋਲ ਖਿੱਚ ਲੈਂਦਾ ਤੇ ਫਿਰ ਬਹੁਤ ਦੇਰ ਤਕ ਅਸੀਂ ਹੌਲੀ-ਹੌਲੀ ਗੱਲਾਂ ਕਰਦੇ ਰਹਿੰਦੇ।

"ਮਾਂ ਨੂੰ ਇਹ ਨਾਂ ਬਹੁਤ ਚੰਗਾ ਲੱਗਦਾ ਸੀ।" ਉਹਦੇ ਬੁੱਲ੍ਹ ਕੰਬੇ ਸਨ, "ਪਿਤਾ ਜੀ ਨੂੰ ਇਹ ਨਾਂ ਚੰਗਾ ਨਹੀਂ ਸੀ ਲੱਗਦਾ। ਸਾਹਿਬਾਂ ਪ੍ਰੇਮਿਕਾ ਦਾ ਨਾਂ ਹੈ ਨਾ, ਇਸ ਲਈ।"

"ਸਾਹਿਬਾਂ।"

"ਹਾਂ, ਸਾਹਿਬਾਂ!" ਉਹ ਜਿਵੇਂ ਆਪਣੇ-ਆਪ ਨਾਲ ਗੱਲਾਂ ਕਰਨ ਲੱਗ ਪਈ ਸੀ, "ਮਾਂ ਆਖਦੀ ਸੀ-ਕੋਈ ਰਾਜ ਕੁਮਾਰ ਘੋੜੇ 'ਤੇ ਚੜ੍ਹ ਕੇ ਆਵੇਗਾ ਤੇ ਮੇਰੀ ਸਾਹਿਬਾਂ ਨੂੰ ਆਪਣੇ ਨਾਲ ਲੈ ਜਾਵੇਗਾ। ਤੁਰ ਜਾਣ ਪਿੱਛੋਂ ਮੈਂ ਆਪਣੀ ਸਾਹਿਬਾਂ ਨੂੰ ਯਾਦ ਕਰ ਕੇ ਬਹੁਤ ਰੋਇਆ ਕਰਾਂਗੀ। ਮਾਂ ਨੂੰ ਰੋਣਾ ਚੰਗਾ ਲੱਗਦਾ ਸੀ। ਰੋਣਾ ਮੈਨੂੰ ਵੀ ਚੰਗਾ ਲੱਗਣ ਲੱਗ ਪਿਆ ਏ।"

ਉਹ, ਜੋ ਘਰ ਦਾ ਮਿਰਗ ਜਾਲ ਉਹਦੇ ਰਾਹ 'ਤੇ ਵਿਛਾ ਕੇ ਉਹਨੂੰ ਚਕਲੇ 'ਤੇ ਲੈ ਆਇਆ ਸੀ, ਉਹਦੀ ਭਲਾ ਉਹ ਕੀ ਗੱਲ ਕਰਦੀ। ਉਸ ਬੋਲਣਾ ਚਾਹਿਆ ਪਰ ਫਿਸ ਪਈ।

***

ਮੇਰੇ ਲਈ ਉਨ੍ਹਾਂ ਨੂੰ ਕੈਮਰੇ ਦਾ ਐਂਗਲ ਬਦਲਣ ਦੀ ਲੋੜ ਨਹੀਂ ਸੀ।

ਹੀਰੋ ਨੇ ਮੇਰੇ ਮੂੰਹ 'ਤੇ ਘਸੁੰਨ ਮਾਰਿਆ। ਘਸੁੰਨ ਅਸਲੀ ਸੀ। ਮੇਰੀਆਂ ਅੱਖਾਂ ਸਾਹਵੇਂ ਭੰਬਰ-ਤਾਰੇ ਨੱਚ ਪਏ। ਮੈਂ ਪਿਛਾਂਹ ਡਿੱਗਿਆ ਤੇ ਲੱਕੜ ਦੀ ਰੇਲਿੰਗ ਤੋੜ ਕੇ ਹੇਠਾਂ ਆਣ ਪਿਆ।

ਸ਼ਾਟ ਓ.ਕੇ. ਹੋ ਗਿਆ ਪਰ ਮੇਰਾ ਜਬਾੜਾ ਹਾਲੇ ਵੀ ਦੁਖ ਰਿਹਾ ਸੀ। ਮੈਂ ਲੱਕੜ ਦੀ ਰੇਲਿੰਗ ਨੂੰ ਨਾਲ ਲੈ ਕੇ ਹੇਠਾਂ ਡਿੱਗਿਆ ਸੀ। ਮੇਰੀ ਪਿੱਠ ਵੀ ਟਸ-ਟਸ ਕਰ ਰਹੀ ਸੀ।

ਐਕਸਟਰਾ ਦੇ ਕੰਮ ਦੀ ਪੇਮੈਂਟ ਉਸੇ ਦਿਨ ਹੋ ਜਾਂਦੀ ਸੀ ਪਰ ਮੇਰੇ ਇੱਕ-ਦੋ ਸੀਨ ਅਜੇ ਬਾਕੀ ਸਨ। ਯਾਨਿ ਹਾਲੇ ਮੈਂ ਕੁਝ ਹੋਰ ਕੁੱਟ ਖਾਣੀ ਸੀ। ਉਸ ਤੋਂ ਪਿੱਛੋਂ ਹੀ ਪੈਸਿਆਂ ਦਾ ਭੁਗਤਾਨ ਹੋਣਾ ਸੀ। ਮੈਂ ਵਾਪਸ ਪਹੁੰਚਿਆ ਤਾਂ ਗੈਸਟ ਹਾਊਸ ਦੇ ਕਾਊਂਟਰ 'ਤੇ ਘੋਸ਼ ਖੜ੍ਹਾ ਸੀ। ਉਹਨੇ ਮੈਨੂੰ ਤਾਰ ਫੜਾ ਦਿੱਤੀ। ਮੇਰੇ ਮੋਢੇ 'ਤੇ ਹੱਥ ਰੱਖ ਕੇ ਉਸ ਇੱਕ-ਦੋ ਵਾਰ ਥਾਪੜਿਆ।

ਮੈਨੂੰ ਹੱਥ ਵਿਚ ਫੜੇ ਕਾਗਜ਼ ਦੇ ਟੁਕੜੇ ਤੋਂ ਡਰ ਆਇਆ। ਮੈਂ ਬਿਨਾ ਕੋਈ ਗੱਲ ਕੀਤਿਆਂ ਕਮਰੇ ਵਿਚ ਆ ਗਿਆ ਪਰ ਹਰਫ਼ਾਂ ਦੀ ਜ਼ੁਬਾਨ ਚੁੱਪ ਨਹੀਂ ਸੀ। ਮੇਰੇ ਹੱਥ ਵਿਚ ਫੜਿਆ ਕਾਗਜ਼ ਕੰਬਿਆ।

ਮਾਂ ਨਹੀਂ ਸੀ ਰਹੀ। ਮੈਂ ਪਥਰਾਇਆ ਜਿਹਾ ਉਥੇ ਹੀ ਬੈਠ ਗਿਆ। ਮੇਰੇ ਸਾਹਮਣੇ ਪਈ ਤਾਰ ਪੱਖੇ ਦੀ ਹਵਾ ਨਾਲ ਹਿੱਲ ਰਹੀ ਸੀ।

ਕੀ ਆਖਰੀ ਵੇਲੇ ਮਾਂ ਨੇ ਮੈਨੂੰ ਯਾਦ ਕੀਤਾ ਸੀ? ਮੇਰਾ ਨਾਂ ਲੈ ਕੇ ਬੁਲਾਇਆ ਸੀ? ਤਾਂਘ ਨਾਲ ਬਾਹਰਲੇ ਬੂਹੇ ਵੱਲ ਵੇਖਿਆ ਸੀ? ਕਾਗਜ਼ ਦਾ ਟੁਕੜਾ ਹਵਾ ਨਾਲ ਫੜਫੜਾਇਆ ਤੇ ਉਡ ਕੇ ਕਮਰੇ ਦੀ ਨੁੱਕਰ ਵਿਚ ਜਾ ਲੱਗਾ।

ਮੈਂ ਆਉਣ ਲੱਗਾ ਮਾਂ ਨੂੰ ਸੁਪਨਿਆਂ ਦੇ ਭੜੋਲੇ ਭਰ ਕੇ ਦੇ ਆਇਆ ਸਾਂ। ਮਾਂ ਨੂੰ ਸੁਪਨਿਆਂ ਦੀ ਤਾਸੀਰ ਦਾ ਪਤਾ ਸੀ। ਮੈਨੂੰ ਰੋਕਣ ਲਈ ਉਹਨੇ ਆਖਰੀ ਵਾਰ ਤਰਲਾ ਲਿਆ ਸੀ। ਮੇਰੇ ਵੱਲ ਆਪਣੀ ਬਾਂਹ ਲੰਮੀ ਕੀਤੀ ਸੀ। ਉਹਦਾ ਹੱਥ ਮੇਰੇ ਤੱਕ ਨਹੀਂ ਸੀ ਪਹੁੰਚਿਆ ਪਰ ਮੈਂ ਉਹਦੇ ਹੱਥ ਦੀਆਂ ਕੰਬਦੀਆਂ ਉਂਗਲਾਂ ਵੇਖਦਾ ਰਿਹਾ ਸਾਂ। ਉਸ ਦਿਨ ਮੇਰੇ ਸੁਪਨਿਆਂ ਦੇ ਕੁਹਰੇ ਵਿਚ ਮਾਂ ਦਾ ਨਿਮਾਣਾ ਜਿਹਾ ਤਰਲਾ ਗੁਆਚ ਗਿਆ ਸੀ।

ਮੈਂ ਮੰਜੇ ਤੋਂ ਉਠ ਕੇ ਨੰਗੇ ਫਰਸ਼ 'ਤੇ ਬੈਠ ਗਿਆ। ਗੋਡਿਆਂ 'ਚ ਸਿਰ ਦੇਈ ਮੈਂ ਪਤਾ ਨਹੀਂ ਕਿੰਨਾ ਕੁ ਚਿਰ ਉਂਜ ਹੀ ਬੈਠਾ ਰਿਹਾ।

ਕਮਰੇ ਵਿਚ ਤਿੰਨ ਮੰਜਿਆਂ ਦੀ ਥਾਂ ਸੀ। ਤਿੰਨ ਮੰਜੇ ਡੱਠਣ ਤੋਂ ਪਿੱਛੋਂ ਲੰਘਣ ਜੋਗੀ ਥਾਂ ਹੀ ਬਾਕੀ ਬਚਦੀ ਸੀ। ਹਰ ਇੱਕ ਨੇ ਮੰਜੇ ਦੀ ਥਾਂ ਕਿਰਾਏ 'ਤੇ ਲਈ ਸੀ, ਕਮਰਾ ਕਿਰਾਏ 'ਤੇ ਨਹੀਂ ਸੀ ਲਿਆ। ਅਸੀਂ ਇੱਕ ਦੂਜੇ ਲਈ ਅਜਨਬੀ ਸਾਂ। ਬੇਸ਼ੱਕ ਹੁਣ ਥੋੜ੍ਹਾ ਥੋੜ੍ਹਾ ਜਾਣਨ ਲੱਗ ਪਏ ਸਾਂ ਪਰ ਇੰਨਾ ਵੀ ਨਹੀਂ ਸਾਂ ਜਾਣਦੇ ਕਿ ਉਹ ਮੇਰੀ ਮਾਂ ਦੇ ਮਰਨ 'ਤੇ ਸੱਥਰ ਵਿਛਾ ਕੇ ਬੈਠ ਜਾਂਦੇ। ਦੋਵੇਂ ਵਾਰੀ-ਵਾਰੀ ਆਏ। ਆਪੋ ਆਪਣੇ ਬਿਸਤਰੇ 'ਤੇ ਬੈਠ ਕੇ ਮੇਰੇ ਨਾਲ ਅਫ਼ਸੋਸ ਕੀਤਾ, ਕੱਪੜੇ ਉਤਾਰੇ ਤੇ ਤੌਲੀਆ ਲੈ ਕੇ ਵਾਰੀ-ਵਾਰੀ ਬਾਥਰੂਮ 'ਚ ਵੜ ਗਏ।

ਮੈਂ ਮੰਜੇ ਦੀ ਹੀਅ 'ਤੇ ਸਿਰ ਰੱਖ ਦਿੱਤਾ ਤੇ ਬਹੁਤ ਦੇਰ ਤਕ ਉਂਜ ਹੀ ਪਿਆ ਰਿਹਾ ਪਰ ਮੰਜੇ ਦੀ ਹੀਅ ਦੋਸਤ ਦਾ ਮੋਢਾ ਨਹੀਂ ਸੀ। ਮੈਂ ਉਠਿਆ ਤੇ ਟਰੰਕ ਨੂੰ ਮੰਜੇ ਹੇਠੋਂ ਖਿੱਚ ਕੇ ਬਾਹਰ ਕੱਢਿਆ। ਭਾਂਅ-ਭਾਂਅ ਕਰਦੇ ਟਰੰਕ ਨੂੰ ਖੋਲ੍ਹਿਆ। ਟਰੰਕ ਬੰਦ ਕਰਕੇ ਆਪਣਾ ਬਟੂਆ ਫਰੋਲਿਆ। ਮੇਰੇ ਕੋਲ 53 ਰੁਪਏ ਤੇ ਕੁਝ ਪੈਸੇ ਸਨ। ਪਿੰਡ ਜਾਣ ਲਈ ਇੱਕ ਪਾਸੇ ਦਾ ਕਿਰਾਇਆ ਵੀ ਪੂਰਾ ਨਹੀਂ ਸੀ।

ਇੱਕ ਵਾਰ ਮਨ 'ਚ ਆਇਆ, ਦਿਸਾਈ ਜਾਂ ਘੋਸ਼ ਕੋਲੋਂ ਕੁਝ ਰੁਪਏ ਉਧਾਰ ਮੰਗ ਲਵਾਂ ਪਰ ਉਹ ਮੇਰੇ ਕੌਣ ਸਨ? ਉਹ ਮੈਨੂੰ ਰੁਪਏ ਭਲਾ ਕਿਉਂ ਦੇਣਗੇ, ਉਹ ਤਾਂ ਆਪ ਭੁੱਖ ਨਾਲ ਲੜ ਰਹੇ ਸਨ। ਹੁਣ ਮੈਂ ਪਿੰਡ ਜਾਣਾ ਵੀ ਕੀਹਦੇ ਕੋਲ ਸੀ? ਮਾਂ ਆਖਰੀ ਕੜੀ ਸੀ ਜੋ ਮੈਨੂੰ ਤੇ ਪਿੰਡ ਨੂੰ ਜੋੜਦੀ ਸੀ ਤੇ ਉਹ ਵੀ ਟੁੱਟ ਗਈ ਸੀ।

ਮੈਂ ਬਟੂਆ ਮੁੜ ਜੀਨ ਦੀ ਜੇਬ ਵਿਚ ਪਾ ਲਿਆ ਤੇ ਸੱਖਣੇ ਟਰੰਕ ਨੂੰ ਜੰਦਰਾ ਲਾ ਕੇ ਪੈਰ ਨਾਲ ਮੰਜੇ ਹੇਠਾਂ ਧੱਕ ਦਿੱਤਾ।

ਮਾਂ ਮਰ ਗਈ ਸੀ। ਮੈਨੂੰ ਰੋਣਾ ਚਾਹੀਦਾ ਸੀ। ਮੈਂ ਰੱਜ ਕੇ ਰੋਣਾ ਵੀ ਚਾਹੁੰਦਾ ਸਾਂ ਪਰ ਮੈਨੂੰ ਰੋਣ ਨਹੀਂ ਸੀ ਆ ਰਿਹਾ। ਗੁਬਾਰ ਜਿਹਾ ਉਠ ਕੇ ਮੇਰੇ ਜ਼ਿਹਨ ਵਿਚ ਪਥਰਾ ਗਿਆ ਸੀ। ਮੇਰਾ ਸਿਰ ਸੁੰਨ ਹੋਇਆ ਪਿਆ ਸੀ। ਮੈਂ ਕੁਝ ਮਹਿਸੂਸ ਕਰਨ ਦੀ ਸਮਰੱਥਾ ਵੀ ਗੁਆ ਬੈਠਾ ਸਾਂ।

ਮੇਰੇ ਨਿਰਵਾਣ ਦਾ ਰਾਹ ਫਾਰਸ ਰੋਡ ਦੇ ਉਸ ਚਕਲੇ ਤੱਕ ਪਹੁੰਚ ਕੇ ਮੁੱਕ ਗਿਆ। ਮੇਰੇ ਸਾਹਵੇਂ ਫਿਰ ਉਹੀ ਉਦਾਸ ਸਲ੍ਹਾਬੀਆਂ ਪੌੜੀਆਂ ਸਨ।

ਮੈਡਮ ਮੈਲੇ ਸੋਫੇ 'ਤੇ ਬੈਠੀ ਸੀ। ਉਸ ਹੈਰਾਨ ਹੋ ਕੇ ਮੇਰੇ ਖਿੱਲਰੇ ਵਜੂਦ ਨੂੰ ਵੇਖਿਆ। ਉਸ ਵੇਲੇ ਇੱਕ ਹੀ ਗਾਹਕ ਸੀ। ਉਹਦੇ ਨਾਲ ਮਾਲਾ ਦਾ ਭਾੜਾ ਤੈਅ ਕਰਕੇ ਉਹ ਉਠ ਖਲੋਤੀ ਤੇ ਮੇਰਾ ਹੱਥ ਫੜ ਕੇ ਦੂਜੇ ਕਮਰੇ ਵਿਚ ਲੈ ਗਈ, "ਕੀ ਗੱਲ ਐ?"

"ਮੈਡਮ!...ਮਾਂ!...ਮਾਂ...।"

ਮੈਡਮ ਮੇਰੇ ਨਾਲ ਹੀ ਦਰੀ 'ਤੇ ਬੈਠ ਗਈ। ਹੌਲੀ-ਹੌਲੀ ਮਾਂ ਦੀ ਮੌਤ ਦੀ ਖ਼ਬਰ ਸਾਰੀਆਂ ਨੂੰ ਪਤਾ ਲੱਗ ਗਈ। ਵਾਰੀ-ਵਾਰੀ ਸਾਰੀਆਂ ਮੇਰੇ ਕੋਲ ਆ ਕੇ ਬੈਠ ਗਈਆਂ। ਨਵਾਂ ਗਾਹਕ ਆਉਣ 'ਤੇ ਉਹ ਉਠਦੀਆਂ ਜਿਹੜੀ ਵਿਹਲੀ ਹੁੰਦੀ ਉਹ ਵਾਪਸ ਆ ਕੇ ਮੇਰੇ ਕੋਲ ਬੈਠ ਜਾਂਦੀ।

ਉਹ ਮੇਰੇ ਨਾਲ ਮਾਂ ਦੀਆਂ ਗੱਲਾਂ ਕਰਦੀਆਂ ਰਹੀਆਂ। ਮੇਰੇ ਕੋਲ ਬੈਠੀਆਂ ਉਹ ਖ਼ੁਦ ਵੀ ਬਹੁਤ ਉਦਾਸ ਹੋ ਗਈਆਂ। ਮੈਂ ਆਪਣੀ ਮਾਂ ਦੀਆਂ ਗੱਲਾਂ ਕਰ ਰਿਹਾ ਸਾਂ। ਉਹ ਆਪਣੀ ਮਾਂ ਦੀਆਂ ਗੱਲਾਂ ਸੁਣ ਰਹੀਆਂ ਸਨ।

ਇਹ ਚਕਲਾ ਮੇਰਾ ਘਰ ਨਹੀਂ ਸੀ। ਹੁਣ ਮੇਰਾ ਜਾਣਾ ਹੀ ਬਣਦਾ ਸੀ। ਇਸ ਵੇਲੇ ਮੈਂ ਉਨ੍ਹਾਂ ਦਾ ਵਕਤ ਖੋਟਾ ਕਰ ਰਿਹਾ ਸਾਂ।

"ਮੈਂ ਚਲਦਾਂ।" ਮੈਂ ਉਠ ਖਲੋਤਾ।

ਮੈਡਮ ਧੰਦੇ ਵਾਲੇ ਕਮਰੇ ਵਿਚ ਬੈਠੀ ਸੀ। ਉਸ ਮੇਰੇ ਵੱਲ ਵੇਖਿਆ।

"ਮੈਂ ਚੱਲਦਾਂ ਹੁਣ।" ਮੈਂ ਆਪਣੀ ਗੱਲ ਦੁਹਰਾਈ।

ਧੰਦੇ ਵੇਲੇ ਕੋਈ ਵੇਸਵਾ ਚਕਲੇ ਦੀਆਂ ਪੌੜੀਆਂ ਨਹੀਂ ਉਤਰਦੀ ਪਰ ਚਕਲੇ ਦਾ ਅਸੂਲ ਭੁੱਲ ਕੇ ਉਹ ਮੇਰੇ ਨਾਲ ਤੁਰ ਪਈ। ਕੁਝ ਪੌੜੀਆਂ ਉਤਰ ਕੇ ਉਹ ਹਨੇਰੇ ਵਿਚ ਠਿਠਕ ਗਈ, "ਸੁਣ!"

ਮੈਂ ਵੀ ਖਲੋ ਗਿਆ।

"ਇਸ ਵੇਲੇ ਕਿੱਥੇ ਜਾਵੇਂਗਾ?"

ਪੌੜੀਆਂ ਦੇ ਹੇਠਲੇ ਸਿਰੇ 'ਤੇ ਸੜਕ ਦੀ ਸਿਆਹ ਕਾਤਰ ਦਿਸ ਰਹੀ ਸੀ।

ਉਹਨੇ ਹੱਥ ਫੜ ਕੇ ਮੈਨੂੰ ਮੋੜ ਲਿਆ ਤੇ ਦਾਈਏ ਨਾਲ ਬੋਲੀ, "ਅੱਜ ਮੈਂ ਤੈਨੂੰ ਇਕੱਲਿਆਂ ਨਹੀਂ ਰਹਿਣ ਦੇਣਾ।"

ਮੇਰੀ ਜਾਗ ਖੁੱਲ੍ਹ ਗਈ।

ਪਤਾ ਨਹੀਂ ਮੈਡਮ ਰਾਤ ਕਿੰਨੀ ਕੁ ਦੇਰ ਤੱਕ ਜਾਗਦੀ ਰਹੀ ਸੀ। ਉਹ ਹਾਲੇ ਵੀ ਗੂੜ੍ਹੀ ਨੀਂਦ ਵਿਚ ਸੀ। ਉਹਦੀ ਖੱਬੀ ਬਾਂਹ ਮੇਰੇ ਸਿਰ ਦੇ ਥੱਲੇ ਸੀ। ਸੱਜੀ ਬਾਂਹ ਮੇਰੇ ਉਤੋਂ ਦੀ ਵਲੀ ਹੋਈ ਸੀ। ਮੈਂ ਨਿੱਕੇ ਜਿਹੇ ਬੋਟ ਵਾਂਗ ਉਹਦੇ ਖੰਭਾਂ ਵਿਚ ਸਿਰ ਲੁਕਾਈ ਬੇਹੋਸ਼ੀ ਦੀ ਨੀਂਦ ਸੁੱਤਾ ਰਿਹਾ ਸਾਂ।

ਮੈਨੂੰ ਕੁਝ ਘੁੱਟ ਜਿਹਾ ਜਾਪਿਆ। ਹੈਰਾਨ ਹੋ ਕੇ ਵੇਖਿਆ ਸਮੁੰਦਰ ਵੱਲ ਦੀ ਖਿੜਕੀ ਬੰਦ ਸੀ। ਸਮੁੰਦਰ ਵੱਲ ਦੀ ਖਿੜਕੀ ਅਕਸਰ ਖੁੱਲ੍ਹੀ ਰਹਿੰਦੀ ਸੀ। ਮੈਡਮ ਵਿਚਲੇ ਵੇਲੇ ਖਿੜਕੀ ਕੋਲ ਬੈਠੀ ਸਮੁੰਦਰ ਵੱਲ ਵੇਖਦੀ ਸੀ। ਦੂਰ ਤਕ ਫੈਲਿਆ ਗਹਿਰਾ ਨੀਲਾ ਸਮੁੰਦਰ ਤੇ ਉਹਦੀ ਸ਼ਾਂਤ ਦੀਂਹਦੀ ਹਿੱਕ ਵਿਚ ਲੁਕੇ ਬੇਪਨਾਹ ਜਵਾਰਭਾਟੇ ਉਦੋਂ ਮੈਡਮ ਦੀਆਂ ਚੁੱਪ ਅੱਖਾਂ ਵਿਚ ਸਮਾ ਜਾਂਦੇ ਸਨ।

ਉਹ ਸਮੁੰਦਰ ਕੋਲੋਂ ਆਪਣੀ ਪਛਾਣ ਪੁੱਛਦੀ ਸੀ ਤੇ ਉਦਾਸ ਹੋ ਜਾਂਦੀ ਸੀ।

ਮੈਂ ਪਾਸਾ ਪਰਤਿਆ ਤਾਂ ਮੈਡਮ ਦੀ ਜਾਗ ਖੁੱਲ੍ਹ ਗਈ। ਉਹ ਮੇਰੇ ਵੱਲ ਵੇਖ ਕੇ ਮੁਸਕਰਾਈ। ਆਪਣੀ ਬਾਂਹ ਮੇਰੇ ਹੇਠੋਂ ਖਿੱਚੀ ਤੇ ਉਠ ਕੇ ਬੈਠ ਗਈ, "ਰਾਤ ਮੈਂ ਖਿੜਕੀ ਬੰਦ ਕਰ ਦਿੱਤੀ ਸੀ। ਸੋਚਿਆ, ਸਮੁੰਦਰ ਦਾ ਰੌਲਾ ਤੇਰੀ ਨੀਂਦ ਖਰਾਬ ਨਾ ਕਰੇ।"

ਕੈਬਿਨ ਤੋਂ ਬਾਹਰ, ਦਰੀ ਉਤੇ ਵੇਸਵਾਵਾਂ ਬੇਹੋਸ਼ੀ ਦੀ ਨੀਂਦ ਸੁੱਤੀਆਂ ਹੋਈਆਂ ਸਨ। ਮੈਂ ਉਠ ਕੇ ਤਿਆਰ ਹੋਇਆ ਤੇ ਜਾਣ ਵੇਲੇ ਦਸ-ਦਸ ਦੇ ਤਿੰਨ ਨੋਟ ਮੈਡਮ ਵੱਲ ਕਰ ਦਿੱਤੇ।

ਉਹਨੇ ਹੈਰਾਨ ਜਿਹਾ ਹੋ ਕੇ ਮੇਰੇ ਵੱਲ ਵੇਖਿਆ ਤੇ ਪਿਛਾਂਹ ਮੁੜ ਕੇ ਸਮੁੰਦਰ ਵੱਲ ਦੀ ਖਿੜਕੀ ਖੋਲ੍ਹ ਦਿੱਤੀ। ਸਮੁੰਦਰੀ ਹਵਾ ਦਾ ਬੁੱਲਾ ਚਕਲੇ ਦੀ ਸਾਰੀ ਭੜਾਸ ਉਡਾ ਕੇ ਲੈ ਗਿਆ। ਸਮੁੰਦਰ ਵੱਲ ਮੂੰਹ ਕਰੀ ਉਹ ਕੁਝ ਚਿਰ ਚੁਪ-ਚਾਪ ਨੀਲੇ ਪਾਣੀਆਂ ਨੂੰ ਵੇਂਹਦੀ ਰਹੀ। ਉਹਦੀਆਂ ਅੱਖਾਂ ਵਿਚ ਜੰਮੀ ਹੋਈ ਬਰਫ਼ ਹੌਲੀ-ਹੌਲੀ ਪਿਘਲਣ ਲੱਗ ਪਈ ਸੀ। ਉਸ ਬਰਫ਼ ਹੇਠ ਦੱਬੇ ਹੋਏ ਸੁਪਨੇ ਹੌਲੀ-ਹੌਲੀ ਨੰਗੇ ਹੋ ਗਏ ਸਨ। ਉਹ ਸੁਪਨੇ ਬੇਸ਼ੱਕ ਉਹਦੀਆਂ ਅੱਖਾਂ ਦੇ ਸਨ ਪਰ ਉਹ ਉਨ੍ਹਾਂ ਨੂੰ ਵੇਖ ਨਹੀਂ ਸੀ ਰਹੀ।

ਉਹਨੇ ਅੱਖਾਂ ਪੂੰਝੀਆਂ ਤੇ ਮੁੜ ਕੇ ਮਾਂਵਾਂ ਵਾਂਗ ਮੇਰੇ ਵਾਲਾਂ 'ਚ ਹੱਥ ਫੇਰਿਆ। ਮੈਨੂੰ ਮੋਢੇ ਨਾਲ ਲਾ ਕੇ ਮੇਰਾ ਮੱਥਾ ਚੁੰਮਿਆ। ਮੇਰਾ ਰੁਪਈਆਂ ਵਾਲਾ ਹੱਥ ਪਿਛਾਂਹ ਕਰਦਿਆਂ ਭਿੱਜੀ ਆਵਾਜ਼ ਵਿਚ ਬੋਲੀ, "ਝੱਲਿਆ, ਤੈਨੂੰ ਇੰਨਾ ਵੀ ਨਹੀਂ ਪਤਾ, ਇਸ ਰਿਸ਼ਤੇ ਦੀ ਕੋਈ ਕੀਮਤ ਨਹੀਂ ਤਾਰਦਾ ਹੁੰਦਾ। ਚਕਲੇ 'ਤੇ ਆ ਕੇ ਵੀ ਨਹੀਂ।"

ਦਸ-ਦਸ ਦੇ ਤਿੰਨ ਨੋਟ ਝੁਲਸੇ ਹੋਏ ਕਾਗਜ਼ ਵਾਂਗ ਮੇਰੇ ਹੱਥ ਵਿਚ ਭੁਰ ਗਏ। ਉਹਦੇ ਮੋਢੇ ਨਾਲ ਲੱਗ ਕੇ ਮੈਂ ਨਿੱਕੇ ਬਾਲ ਵਾਂਗ ਹਟਕੋਰੇ ਭਰ-ਭਰ ਰੋਣ ਲੱਗ ਪਿਆ।

# ਲੁਧਿਆਣੇ ਦਾ ਲੱਕੜ ਪੁਲ

ਹਰ ਵੱਡੇ-ਛੋਟੇ ਸ਼ਹਿਰ ਦੀ ਕੋਈ ਨਾ ਕੋਈ ਚੀਜ਼ ਉਸ ਦੀ ਪਹਿਚਾਣ ਬਣ ਜਾਂਦੀ ਹੈ, ਜਿਵੇਂ ਦਿੱਲੀ ਦਾ ਲਾਲ ਕਿਲਾ, ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ ਜਾਂ ਆਗਰੇ ਦਾ ਤਾਜ ਮਹਿਲ। ਕਈ ਵਾਰ ਇਹ ਸਥਾਨ ਸਥਾਨਕ ਲੋਕਾਂ



ਦੀ ਰੋਜ਼ਾਨਾ ਜ਼ਿੰਦਗੀ ਨਾਲ ਇਸ ਕਦਰ ਜੁੜ ਜਾਂਦਾ ਹੈ ਕਿ ਉਹ ਆਪਣੇ ਵਜੂਦ ਨੂੰ ਇਸ ਤੋਂ ਵੱਖ ਕਰਕੇ ਵੇਖ ਹੀ ਨਹੀਂ ਸਕਦੇ। 1905 ਵਿਚ ਬਣਿਆ ਲੁਧਿਆਣੇ ਦਾ ਲੱਕੜ ਪੁਲ ਜਾਂ ਕਚਹਿਰੀ ਪੁਲ ਵੀ ਇਕ ਅਜਿਹਾ ਹੀ ਚਿੰਨ ਹੈ ਜਿਸ ਨੇ ਲੁਧਿਆਣਾ ਸ਼ਹਿਰ ਦੇ ਨਾਲ ਨਾਲ ਹੀ ਆਪਣਾ ਜੀਵਨ ਜੀਵਿਆ ਹੈ। ਕੁਝ ਦਿਨ ਪਹਿਲਾਂ ਇਸ ਨੂੰ ਗਿਰਾਉਣ ਦੀ ਯੋਜਨਾ ਦੀ ਖਬਰ ਆਈ ਤਾਂ ਇਸ ਪੁਲ ਨਾਲ ਜੁੜੀਆਂ ਯਾਦਾਂ ਤਾਜ਼ਾ ਹੋ ਗਈਆਂ। ਇਤਿਹਾਸ ਦਾ ਅੰਗ ਬਣ ਚੁਕੇ ਇਸ ਪੁਲ ਨੂੰ ਲੁਧਿਆਣੇ ਦੀ ਟਰੈਫਿਕ ਸਮੱਸਿਆ ਦਾ ਹੱਲ ਕਰਨ ਲਈ ਆਪਣੀ ਕੁਰਬਾਨੀ ਦੇਣੀ ਪੈ ਰਹੀ ਹੈ।

ਮੈਂ ਇਸ ਪੁਲ ਤੋਂ ਪਹਿਲੀ ਵਾਰ ਅੱਜ ਤੋਂ ਕੋਈ 50 ਸਾਲ ਪਹਿਲਾਂ ਲੰਘਿਆ ਸਾਂ। ਉਦੋਂ ਇਸ ਦਾ ਕਾਫੀ ਹਿੱਸਾ ਲੱਕੜ ਦਾ ਬਣਿਆ ਹੋਇਆ ਸੀ। ਸ਼ਹਿਰ ਦੇ ਪੁਰਾਣੇ ਹਿੱਸੇ ਨੂੰ ਨਵੇਂ ਸਿਵਲ ਲਾਈਨਜ਼ ਇਲਾਕੇ ਨਾਲ ਜੋੜਨ ਲਈ ਇਹ ਪੁਲ ਇਕ ਕੜੀ ਵਜੋਂ ਬਣਾਇਆ ਗਿਆ ਸੀ। 30-40 ਸਾਲ ਪਹਿਲਾਂ ਕਾਲਜ ਦੇ ਸ਼ੌਕੀਨ ਮੁੰਡੇ-ਕੁੜੀਆਂ ਚੌੜੇ ਬਾਜ਼ਾਰ ਵਿਚ ਗੇੜਾ ਮਾਰਨ ਆਉਂਦੇ ਤਾਂ ਹੋਸਟਲ ਜਾਂ ਕਾਲਜ ਤੋਂ ਇਥੇ ਤੱਕ ਸਾਈਕਲ ਜਾਂ ਰਿਕਸ਼ਾ 'ਤੇ ਆਉਂਦੇ ਅਤੇ ਫਿਰ ਪੁਲ ਪਾਰ ਕਰਕੇ ਚੌੜੇ ਬਾਜ਼ਾਰ ਜਾਂਦੇ। ਇਸ ਪੁਲ ਨਾਲ ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਵੀ ਜੁੜਿਆ ਹੋਇਆ ਸੀ। ਪੁਲ ਦੇ ਉਪਰ ਭਿਖਾਰੀਆਂ ਦੀ ਲਾਈਨ ਅਤੇ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਝੌਂਪੜੀਆਂ ਵੀ ਇਸ ਦਾ ਹਿੱਸਾ ਬਣ ਗਈਆਂ ਸਨ। ਦਾਨੀ ਸੱਜਣ ਵੀ ਉਥੇ ਉਚੇਚੇ ਪਹੁੰਚਦੇ। ਪੁਲ ਦੇ ਦੋਵੇਂ ਪਾਸੀਂ ਜੂਸ, ਸ਼ਿਕੰਜਵੀਂ, ਚਾਹ, ਪਾਨ-ਬੀੜੀ ਅਤੇ ਹੋਰ ਨਿੱਕ ਸੁੱਕ ਦੇ ਖੋਖੇ ਨਜ਼ਰ ਆਉਂਦੇ। ਕਈ ਨੌਜਵਾਨ ਪੈਸੇ ਲੈ ਕੇ ਸਾਈਕਲ ਪੁਲ ਦੇ ਪਾਰ ਲੈ ਕੇ ਜਾਂਦੇ ਅਤੇ ਆਪਣੀ ਰੋਜ਼ੀ-ਰੋਟੀ ਕਮਾਉਂਦੇ। ਪਹਿਲੀਆਂ ਵਿਚ ਇਹ ਮਜ਼ਦੂਰ ਪੁਲ ਤੋਂ 200-300 ਮੀਟਰ ਪਰੇ ਹੀ ਸਾਈਕਲ ਚੁਕਣ ਲਈ ਸਾਈਕਲ ਦੇ ਪਿਛੇ ਪਿਛੇ ਭੱਜਦੇ। ਇਹ ਦੇਖ ਕੇ ਬੜਾ ਮਨ ਦੁਖੀ ਹੁੰਦਾ। 1971-72 ਦੇ ਗੇੜ ਵਿਚ ਬੈਂਕ ਮੁਲਾਜ਼ਮਾਂ ਦੀ ਯੂਨੀਅਨ ਦੇ ਇਕ ਆਗੂ ਕਾਮਰੇਡ ਹਰਬੰਸ ਲਾਲ ਪਰਵਾਨਾ ਦਿੱਲੀ ਤੋਂ ਲੁਧਿਆਣੇ ਆਏ ਤਾਂ ਉਨ੍ਹਾਂ ਇਨ੍ਹਾਂ ਦੀ ਹਾਲਤ ਦੇਖ ਕੇ ਯੂਨੀਅਨ ਬਣਾਉਣ ਲਈ ਪ੍ਰੇਰਿਆ ਅਤੇ ਇਕ ਸਥਾਨਕ ਮੁਲਾਜ਼ਮ ਆਗੂ ਦੀ ਜ਼ਿੰਮੇਵਾਰੀ ਲਾ ਕੇ ਇਨ੍ਹਾਂ ਨੂੰ ਜਥੇਬੰਦ ਕੀਤਾ। ਉਸ ਪਿਛੋਂ ਇਹ ਮਜ਼ਦੂਰ ਲਾਈਨ ਬਣਾ ਕੇ ਬੈਠ ਜਾਂਦੇ ਅਤੇ ਵਾਰੀ ਸਿਰ ਸਾਈਕਲ ਚੁੱਕ ਕੇ ਪਾਰ ਲਿਜਾਣ ਦਾ ਕੰਮ ਕਰਦੇ।

ਕੋਈ ਵੀਹ ਸਾਲ ਪਹਿਲਾਂ ਇਸ ਪੁਲ ਨੂੰ ਲੰਮਾ ਕੀਤਾ ਗਿਆ ਅਤੇ ਇਸ ਦੀ ਮਜ਼ਬੂਤੀ ਲਈ ਲੋਹੇ ਦੇ ਗਾਰਡਰ ਵਗੈਰਾ ਲਾਏ ਗਏ। ਸ਼ਹਿਰ ਵੀ ਇਸ ਦੌਰਾਨ ਬਹੁਤ ਫੈਲ ਗਿਆ ਹੈ ਅਤੇ ਲੁਧਿਆਣਾ ਸ਼ਹਿਰ ਹੁਣ ਇਕ ਮਹਾਂਨਗਰ ਬਣ ਚੁਕਾ ਹੈ, ਇਸੇ ਸ਼ਹਿਰੀਕਰਨ ਕਰਕੇ ਹੀ ਟਰੈਫਿਕ ਦੀ ਸਮੱਸਿਆ ਦੇ ਹੱਲ ਵਾਸਤੇ ਲੁਧਿਆਣੇ ਦੇ ਇਸ ਇਤਿਹਾਸਕ ਚਿੰਨ ਨੂੰ ਬਲੀ ਬਣਾਇਆ ਜਾ ਰਿਹਾ ਹੈ। ਹੌਲੀ ਹੌਲੀ ਸਮਾਂ ਪਾ ਕੇ ਸ਼ਹਿਰ ਵਾਸੀ ਇਸ ਪੁਲ ਦੀ ਹੋਂਦ ਨੂੰ ਭੁੱਲ ਜਾਣਗੇ। ਇਹੋ ਤਰੱਕੀ ਦਾ ਅਤੇ ਸਮੇਂ ਦਾ ਨਿਯਮ ਹੈ।

**-ਸੁਰਿੰਦਰ ਸਿੰਘ ਸੈਕਰਾਮੈਂਟੋ।**

# ਸਾਹਿਬ ਹੱਥ ਵਡਿਆਈਆਂ

**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ***

ਜੱਗ ਜਿੱਤੇ ਕ੍ਰਿਕਟ ਮੈਚ ਵਿਚ ਕਪਤਾਨ ਮਹਿੰਦਰ ਸਿੰਘ ਧੋਨੀ ਦਾ ਨਾਮ ਮੈਚ ਜਿੱਤਣ ਵਿਚ ਹੀ ਨਹੀਂ, ਸਗੋਂ ਮੁਕੱਦਰ ਦੇ ਸਿਕੰਦਰ ਵਜੋਂ ਵੀ ਮਸ਼ਹੂਰ ਹੋ ਗਿਆ। ਕਾਫ਼ੀ ਦੇਰ ਪਹਿਲਾਂ ਤੋਂ ਬਹੁਤੇ ਲੋਕ ਇਹੀ ਕਹਿੰਦੇ ਸਨ ਕਿ ਧੋਨੀ ਕਰਮਾਂ ਵਾਲਾ ਹੈ, ਜ਼ਰੂਰ ਜਿੱਤੇਗਾ। ਤਰਕਸ਼ੀਲ ਇਹੋ ਜਿਹੀ ਭਵਿੱਖਵਾਣੀ ਨੂੰ ਬੇਅਰਥ ਗਿਣਦੇ ਹਨ। ਉਹ ਕਹਿੰਦੇ ਹਨ ਕਿ ਇਹ ਜਿੱਤ ਟੀਮ ਦੀ ਮਿਹਨਤ, ਹਿੰਮਤ, ਚੰਗੀ ਕਾਰਗੁਜ਼ਾਰੀ ਅਤੇ ਚਾਂਸ ਦਾ ਨਤੀਜਾ ਹੈ। ਉਹ ਵੀ ਠੀਕ ਹਨ ਪਰ ਬਹੁਤ ਸਾਰੀਆਂ ਘਟਨਾਵਾਂ ਇਹੋ ਜਿਹੀਆਂ ਹਨ ਜਿਨ੍ਹਾਂ ਦਾ ਜਵਾਬ ਨਾਂ ਤਰਕਸ਼ੀਲਾਂ ਕੋਲ ਹੈ ਅਤੇ ਨਾ ਹੀ ਅੱਜ ਦੀ ਘੜੀ 'ਚ ਵਿਗਿਆਨ ਕੋਲ ਹੈ।

ਮੈਂ ਭੌਤਿਕ ਵਿਗਿਆਨ ਦਾ ਪ੍ਰੋਫੈਸਰ ਰਿਹਾ ਹਾਂ। ਅੰਧ-ਵਿਸ਼ਵਾਸ ਮੇਰੀ ਫ਼ਿਤਰਤ ਨਹੀਂ। ਜਿਹੜੀ ਚੀਜ਼ ਵਿਗਿਆਨ ਦੀ ਕਸਵੱਟੀ 'ਤੇ ਪੂਰੀ ਉਤਰਦੀ ਹੈ, ਮੈਨੂੰ ਉਹ ਹੀ ਠੀਕ ਲਗਦੀ ਹੈ ਪਰ ਬਹੁਤ ਉਨਤੀ ਦੇ ਬਾਵਜੂਦ ਕਈ ਚੀਜ਼ਾਂ ਵਿਗਿਆਨ ਦੀ ਪਹੁੰਚ ਤੋਂ ਬਾਹਰ ਹਨ। ਪੰਜਾਹਵਿਆਂ ਵਿਚ ਹਾਕੀ ਖੇਡਦਿਆਂ ਊਧਮ ਸਿੰਘ ਹਾਕੀ ਅਤੇ ਬਾਲ ਨਾਲ ਜਾਦੂਗਰ ਵਾਂਗ ਮੈਦਾਨ ਵਿਚ ਘੁੰਮਦਾ ਹੁੰਦਾ ਸੀ। ਬਾਲ ਨਾਲ ਕਲੋਲਾਂ ਕਰਦਾ ਮੈਂ ਅੱਖੀਂ ਦੇਖਿਆ ਹੈ ਪਰ ਡੀ ਕੋਲ ਜਾ ਕੇ ਗੋਲ ਕਰਨਾ ਬਲਬੀਰ ਸਿੰਘ ਦੇ ਮੁਕੱਦਰ ਵਿਚ ਹੀ ਲਿਖਿਆ ਸੀ। ਉਨ੍ਹਾਂ ਤੋਂ ਕੁਝ ਸਾਲ ਪਹਿਲਾਂ ਵੀ ਕਈ ਖਿਡਾਰੀ ਧਿਆਨ ਚੰਦ ਜਿਹਾ ਹੀ ਖੇਡ ਜਾਂਦੇ ਸਨ ਪਰ ਜਿੱਤ ਦਾ ਸਿਹਰਾ ਧਿਆਨ ਚੰਦ ਦੀ ਝੋਲੀ ਹੀ ਪੈਂਦਾ ਸੀ।

ਜੀਵਨ ਦੇ ਸਫ਼ਰ ਵਿਚ ਬਹੁਤ ਸਾਰੇ ਡਾਕਟਰਾਂ ਨਾਲ ਮੇਲ ਹੋਇਆ ਹੈ, ਲਗਭਗ ਸਾਰੇ ਹੀ ਬੀਮਾਰੀ ਦੀ ਤਹਿਕੀਕਾਤ ਲਈ ਇਕੋ ਜਿਹੇ ਹੀ ਤਰੀਕੇ ਵਰਤਦੇ ਹਨ ਪਰ ਸਾਰੇ ਟੈਸਟਾਂ ਨੂੰ ਮਿਲਾ ਕੇ ਸਹੀ ਨਤੀਜੇ 'ਤੇ ਪਹੁੰਚਣਾ ਹਰ ਇਕ ਦੇ ਹਿੱਸੇ ਨਹੀਂ ਆਇਆ। ਸਾਰਿਆਂ ਕੋਲ ਇਕੋ ਜਿਹੀਆਂ ਡਿਗਰੀਆਂ ਹੁੰਦੀਆਂ ਹਨ। ਕਈ ਆਦਮੀ ਇਸ ਨੂੰ ਹੱਥ ਜਸ ਕਹਿ ਦਿੰਦੇ ਹਨ। ਕਈ ਇਸ ਨੂੰ ਕਿਸਮਤ ਦਾ ਧਨੀ ਮੰਨ ਲੈਂਦੇ ਹਨ। ਮੈਂ ਇਕ ਬਹੁਤ ਹੀ ਲਾਇਕ ਡਾਕਟਰ ਨੂੰ ਜਾਣਦਾ ਹਾਂ। ਉਸ ਨੇਕ ਦਿਲ ਅਤੇ ਸੈਮੀਨਾਰਾਂ ਵਿਚ ਕਮਾਲ ਦੇ ਲੈਕਚਰ ਦੇਣ ਵਾਲੇ ਤੋਂ ਅਪ੍ਰੇਸ਼ਨ ਕਰਨ ਵੇਲੇ ਕੋਈ ਨਾ ਕੋਈ ਗਲਤੀ ਰਹਿ ਜਾਂਦੀ ਹੈ। ਮਰੀਜ਼ ਉਸ ਕੋਲ ਜਾਣ ਤੋਂ ਕੰਨੀ ਕਤਰਾਉਂਦੇ ਹਨ। ਮੇਰਾ ਨਜ਼ਦੀਕੀ ਰਿਸ਼ਤੇਦਾਰ ਡਾਕਟਰ, ਹੱਡੀਆਂ ਦੀ ਬੀਮਾਰੀ ਦਾ ਮਾਹਿਰ ਹੈ। ਬਹੁਤ ਉਚੇ ਰੁਤਬੇ ਤੋਂ ਸੇਵਾ ਮੁਕਤ ਹੋਇਆ ਹੈ। ਉਸ ਨੇ ਮੈਨੂੰ ਦੱਸਿਆ ਕਿ ਉਹ ਜਿਸ ਸਟੇਸ਼ਨ 'ਤੇ ਜਾਂਦਾ, ਕੁਝ ਸਿਪਾਹੀ ਲਾਈਨ ਵਿਚ ਲੱਗ ਜਾਂਦੇ। ਕੇਵਲ ਇਸ ਲਈ ਕਿ ਉਹ ਡਾਕਟਰ ਉਨ੍ਹਾਂ ਨੂੰ ਇਕ ਵਾਰ ਛੂਹ ਲਵੇ, ਉਨ੍ਹਾਂ ਦੀ ਅੱਧੀ ਤਕਲੀਫ਼ ਦੂਰ ਹੋ ਜਾਵੇਗੀ। ਇਸ ਨੂੰ ਸਾਹਿਬ ਹੱਥ ਵਡਿਆਈ ਹੀ ਕਹਿਣਾ ਪਵੇਗਾ।

ਵਾਰਿਸ਼ ਸ਼ਾਹ ਦੀ ਹੀਰ ਇਕ ਦਿਲਚਸਪ ਅਫ਼ਸਾਨਾ ਹੀ ਨਹੀਂ, ਦੁਨੀਆਂਦਾਰੀ ਦੇ ਗਹਿਰੇ ਤਜਰਬਿਆਂ ਦਾ ਮੁਜੱਸਮਾ ਵੀ ਹੈ। ਕਈ ਦੋਸਤ ਤਾਂ ਉਸ ਨੂੰ ਪੰਜਾਬੀ ਅਦਬ ਦਾ ਸ਼ੇਕਸਪੀਅਰ ਵੀ ਕਹਿਣ ਤੱਕ ਜਾਂਦੇ ਹਨ। ਉਹ ਕਹਿੰਦਾ ਹੈ ਕਿ ਜਦੋਂ ਸਾਹਿਬ ਮਿਹਰਬਾਨ ਹੋਵੇ ਜਾਂ ਕਰਮ ਸਵੱਲੜੇ ਹੋਣ "ਖੇਤ ਉਗਦੇ ਭੁੱਜਿਆਂ ਦਾਣਿਆਂ ਤੋਂ।"

ਮੈਂ ਬਚਪਨ ਵਿਚ ਹੱਥੀਂ ਕੰਮ ਕੀਤਾ ਹੈ। ਦੇਖਿਆ ਹੈ ਕਿ ਜੇ ਕੁਦਰਤ ਨੂੰ ਮਨਜ਼ੂਰ ਨਹੀਂ, ਸਾਹਿਬ ਦੀ ਇੱਛਾ ਨਹੀਂ ਤਾਂ ਦੋ-ਦੋ ਜਾਂ ਤਿੰਨ-ਤਿੰਨ ਵਾਰ ਯੂਨੀਵਰਸਿਟੀ ਤੋਂ ਬਹੁਤ ਮਹਿੰਗਾ ਬੀਜ ਲਿਆ ਕੇ ਬੀਜਿਆ ਪਰ ਬਾਰਿਸ਼ ਦੀਆਂ ਥੋੜ੍ਹੀਆਂ ਜਿਹੀਆਂ ਕਣੀਆਂ ਨੇ ਖੇਤੀ ਕਰੰਡ ਕਰ ਦਿੱਤੀ। ਅਖੀਰ ਨਿਰਾਸ਼ ਹੋ ਕੇ ਖਰਬੂਜਿਆਂ ਦੀਆਂ ਵੇਲਾਂ ਨਾਲ ਗੁਜ਼ਾਰਾ ਕਰਨਾ ਪਿਆ। ਦੂਸਰੇ ਖੇਤਾਂ ਵਾਲਿਆਂ ਨੇ ਆ ਕੇ ਕਹਿਣਾ, ਕਾਕਾ! ਖੇਤੀ ਕਰਮਾਂ ਸੇਤੀ।

ਪਾਠਕਾਂ ਨੇ ਨਿਪੋਲੀਅਨ ਬੋਨਾਪਾਰਟ (1769-1821) ਦਾ ਨਾਂ ਤਾਂ ਸੁਣਿਆ ਹੀ ਹੋਵੇਗਾ। ਉਹ ਦੁਨੀਆਂ ਦੇ ਸਭ ਤੋਂ ਉਘੇ ਜਰਨੈਲਾਂ ਵਿਚੋਂ ਹੈ। ਅੱਜ ਦਾ ਆਰਮੀ ਬੰਦੋਬਸਤ ਬਹੁਤ ਹੱਦ ਤੱਕ ਉਸ ਦੀ ਹੀ ਦੇਣ ਹੈ। ਜਿਵੇਂ 10+1 ਸੈਕਸ਼ਨ, ਸੈਕਸ਼ਨਾਂ ਤੋਂ ਪਲਾਟੂਨ, ਫੇਰ ਕੰਪਨੀ, ਕੰਪਨੀਆਂ ਤੋਂ ਬਟਾਲੀਅਨ, ਬ੍ਰਿਗੇਡ ਵਗੈਰਾ-ਵਗੈਰਾ। ਉਸ ਦੀ ਇਕ ਗੱਲ ਬਹੁਤ ਮਸ਼ਹੂਰ ਹੈ ਕਿ ਨਾ-ਮੁਮਕਿਨ ਸ਼ਬਦ ਬੇਵਕੂਫ਼ਾਂ ਦੀ ਡਿਕਸ਼ਨਰੀ ਵਿਚ ਮਿਲਦਾ ਹੈ ਭਾਵ ਉਸ ਨੂੰ ਆਪਣੇ ਆਪ 'ਤੇ ਹੱਦ ਤੋਂ ਜ਼ਿਆਦਾ ਵਿਸ਼ਵਾਸ ਸੀ। ਯੂਰਪ ਵਿਚ ਬਹੁਤ ਵੱਡੀਆਂ ਜਿੱਤਾਂ ਬਾਅਦ ਉਸ ਨੇ ਰੂਸ ਨੂੰ ਜਿੱਤਣ ਦੀ ਠਾਣ ਲਈ। ਉਸ ਦੀ ਇਕ ਨਿੱਜੀ ਜਿਹੀ ਗੱਲ ਸੁਣ ਕੇ ਪਾਠਕ ਹੈਰਾਨ ਹੋ ਜਾਣਗੇ।

ਇਕ ਖਾਸ ਮੁਹਿੰਮ ਵਾਸਤੇ ਕਿਸੇ ਚੰਗੇ ਅਫ਼ਸਰ ਨੂੰ ਚੁਣਨਾ ਸੀ। ਨਿਪੋਲੀਅਨ ਨੇ ਜਰਨੈਲਾਂ ਦੀ ਮੀਟਿੰਗ ਬੁਲਾਈ। ਉਨ੍ਹਾਂ ਸਭ ਨੇ ਇਕ ਖਾਸ ਅਫ਼ਸਰ ਦੇ ਨਾਮ ਦੀ ਸਿਫ਼ਾਰਸ਼ ਕੀਤੀ। ਨਿਪੋਲੀਅਨ ਨੇ ਉਨ੍ਹਾਂ ਨੂੰ ਸਵਾਲ ਕੀਤਾ ਕਿ ਕੀ ਉਹ ਅਫ਼ਸਰ ਭਾਗਾਂਵਾਲਾ ਵੀ ਹੈ? ਕੀ ਸਾਹਿਬ ਉਸ 'ਤੇ ਮਿਹਰਬਾਨ ਹੈ? ਕੀ ਪਹਿਲਾਂ ਵੀ ਉਹ ਲੜਾਈਆਂ ਜਿੱਤ ਕੇ ਆਉਂਦਾ ਹੈ? ਜਾਂ ਕੇਵਲ ਬਹਾਦਰ ਤੇ ਲਾਇਕ ਹੀ ਹੈ?

ਸਾਰੇ ਜਰਨੈਲ ਇਕ-ਦੂਜੇ ਵੱਲ ਦੇਖਣ ਲੱਗ ਪਏ। ਨਿਪੋਲੀਅਨ ਨੇ ਉਸ ਅਫ਼ਸਰ ਨੂੰ ਨਾ ਚੁਣਿਆ। ਹਿਸਟਰੀ ਇਸ ਗੱਲ ਦੀ ਗਵਾਹ ਹੈ। ਵੱਡੇ-ਵੱਡੇ ਜਰਨੈਲ ਵੀ ਸਾਹਿਬ ਹੱਥ ਵਡਿਆਈ ਦੇ ਤਲਬਗਾਰ ਹਨ! ਇਹੋ ਜਿਹੀਆਂ ਬਹੁਤ ਮਸਾਲਾਂ ਹਨ। ਅਖੀਰ ਵਿਚ ਸ. ਮਨਮੋਹਨ ਸਿੰਘ ਬਾਬਤ ਲਿਖਣ ਨੂੰ ਜੀਅ ਕਰ ਆਇਆ। ਉਹ ਬਹੁਤ ਇਮਾਨਦਾਰ, ਨੇਕ ਅਤੇ ਲਾਇਕ ਇਨਸਾਨ ਹਨ। ਹੁਣ ਤੱਕ ਦੇ ਪ੍ਰਧਾਨ ਮੰਤਰੀਆਂ ਵਿਚੋਂ ਸਭ ਤੋਂ ਜ਼ਿਆਦਾ ਪੜ੍ਹੇ-ਲਿਖੇ ਹਨ ਪਰ ਅੱਜ-ਕੱਲ੍ਹ ਦੀ ਸਿਆਸਤ ਵਿਚ ਇਹੋ-ਜਿਹੇ ਗੁਣਾਂ ਦੀ ਕੋਈ ਥਾਂ ਨਹੀਂ। ਉਹ ਕਿਸੇ ਵੀ ਪਾਰਟੀ ਦੇ ਬਹੁਤ ਪੁਰਾਣੇ ਮੈਂਬਰ ਵੀ ਨਹੀਂ। ਕੇਵਲ ਰਾਜ ਸਭਾ ਦੇ ਹੀ ਮੈਂਬਰ ਹਨ। ਫਿਰ ਵੀ ਉਨ੍ਹਾਂ ਦਾ ਪ੍ਰਧਾਨ ਮੰਤਰੀ ਬਣਨਾ, ਉਹ ਵੀ ਇਕ ਵਾਰ ਨਹੀਂ, ਸਗੋਂ ਦੂਜੀ ਵਾਰ ਵੀ, ਸਾਹਿਬ ਹੱਥ ਵਡਿਆਈ ਹੀ ਤਾਂ ਹੈ!

ਜ਼ਿੰਦਗੀ ਦੇ ਸ਼ਹਿਜ਼ਾਦਿਓ! ਇਨ੍ਹਾਂ ਅਚੰਭਿਆਂ ਨੂੰ ਦੇਖਣ ਵਾਲੀ ਅੱਖ ਗਿਆਨ (ਸਾਹਿਬ ਦੀ ਮਿਹਰਬਾਨੀ ਦਾ ਗਿਆਨ) ਰੂਪੀ ਹੋਣ ਦੀ ਲੋੜ ਹੈ। ਸ਼ੱਕ ਰੂਪੀ ਨਜ਼ਰ ਸ਼ਾਇਦ ਕੰਮ ਨਾ ਕਰੇ ਸਕੇ। ਅੰਧ-ਵਿਸ਼ਵਾਸ ਦੀ ਲੋੜ ਨਹੀਂ, ਕੁਝ ਉਦਾਹਰਨਾਂ ਹਾਜ਼ਰ ਹਨ।

ਆਮ ਜਿਹੀ ਗੱਲ ਹੈ ਕਿ ਜਦੋਂ ਤੁਸੀਂ ਕਿਸੇ ਮਿੱਤਰ-ਪਿਆਰੇ ਨੂੰ ਕਾਫ਼ੀ ਦੇਰ ਪਿੱਛੋਂ ਟੈਲੀਫੋਨ ਕਰਦੇ ਹੋ ਤਾਂ ਅੱਗੋਂ ਜਵਾਬ ਹੁੰਦਾ ਹੈ, "ਮੈਂ ਅੱਜ ਸੋਚ ਹੀ ਰਿਹਾ ਸੀ ਕਿ ਤੁਹਾਨੂੰ ਟੈਲੀਫੋਨ ਕਰਾਂ ਪਰ ਤੁਸੀਂ ਬਾਜ਼ੀ ਲੈ ਗਏ।" ਕਈ ਵਾਰ ਦੇਖਣ ਵਿਚ ਆਇਆ ਹੈ ਕਿ ਘਰ ਵਿਚ ਮਹਿਮਾਨਾਂ ਨਾਲ ਕਿਸੇ ਵਿਸ਼ੇ 'ਤੇ ਗੱਲ ਚੱਲ ਰਹੀ ਹੁੰਦੀ ਹੈ। ਯਕਲਖਤ, ਬਿਨਾ ਕਿਸੇ ਰੈਫਰੈਂਸ ਦੇ, ਪਤੀ ਕੋਈ ਹੋਰ ਗੱਲ ਸ਼ੁਰੂ ਕਰ ਲੈਂਦਾ ਹੈ। ਪਤਨੀ ਰਸੋਈ ਵਿਚੋਂ ਚਾਹ ਲਿਆਉਂਦੀ ਕਹਿਣ ਲੱਗ ਜਾਂਦੀ ਹੈ, "ਇਹ ਗੱਲ ਤਾਂ ਮੈਂ ਸੁਣਾਉਣ ਲਈ ਉਤਾਵਲੀ ਸੀ।"

ਚੰਡੀਗੜ੍ਹ ਰਹਿੰਦਿਆਂ ਕਈ ਵਾਰ ਇਹ ਹੋਇਆ ਹੈ ਕਿ ਜਦ ਕਦੀ ਮੈਂ ਸ਼ਿੱਦਤ ਨਾਲ ਮੇਰੇ ਪਿਆਰੇ ਪਿਤਾ ਨੂੰ ਯਾਦ ਕਰਦਾ, ਉਹ ਬਠਿੰਡੇ ਜ਼ਿਲ੍ਹੇ ਦੇ ਦੂਰ-ਦੁਰਾਡੇ ਪਿੰਡੋਂ ਸ਼ਾਮ ਤੱਕ ਮੈਨੂੰ ਮਿਲਣ ਆ ਜਾਂਦੇ। ਮੇਰੀ ਹੈਰਾਨੀ ਦੀ ਹੱਦ ਨਾ ਰਹਿੰਦੀ। ਇਕ ਹੋਰ ਗੱਲ ਬਹੁਤ ਵਾਰ ਵਾਪਰੀ ਹੈ। ਕਿਸੇ ਸ਼ਬਦ ਦੀ ਧੁਨ ਅਚਾਨਕ ਹੀ ਤੁਹਾਡੇ ਦਿਮਾਗ ਵਿਚ ਆ ਜਾਂਦੀ ਹੈ। ਨਾਲ ਬੈਠਾ ਮਿੱਤਰ ਪਿਆਰਾ ਉਸੇ ਸ਼ਬਦ ਦੀ ਧੁਨ ਪਕੜ ਲੈਂਦਾ ਹੈ ਅਤੇ ਗੁਣ-ਗੁਣਾਉਣ ਲੱਗ ਪੈਂਦਾ ਹੈ। ਇਹ ਉਦਾਹਰਨਾਂ ਹੱਡ-ਬੀਤੀਆਂ ਹਨ। ਕੋਈ ਗੱਲ ਸੁਣੀ-ਸੁਣਾਈ ਨਹੀਂ।

ਪਾਠਕੋ! ਮੈਂ ਪੜ੍ਹਿਆ ਹੈ ਕਿ ਰੂਸ ਵਿਚ ਕੁਝ ਤਜਰਬੇ ਹੋ ਚੁੱਕੇ ਹਨ ਕਿ ਇਹ ਦਿਮਾਗੀ ਤਰੰਗਾਂ ਨਜ਼ਰ ਨਹੀਂ ਆਉਂਦੀਆਂ ਪਰ ਜਿਹੜੇ ਪਿਆਰਿਆਂ ਦੀ ਤਾਰ ਤੁਹਾਡੇ ਨਾਲ ਮੇਲ ਖਾਂਦੀ ਹੈ, ਉਹ ਰੇਡੀਓ ਦੀ ਤਰ੍ਹਾਂ ਇਨ੍ਹਾਂ ਤਰੰਗਾਂ ਨੂੰ ਪਕੜ ਲੈਂਦੇ ਹਨ ਅਤੇ ਨਤੀਜਾ ਉਹ ਹੀ ਹੁੰਦਾ ਹੈ ਜਿਸ ਦਾ ਮੈਂ ਹੁਣੇ ਹੀ ਜ਼ਿਕਰ ਕੀਤਾ ਹੈ।

ਅਸਲ ਵਿਚ ਕਿਸੇ ਵੀ ਕਿਸਮ ਦੀਆਂ ਸ਼ਕਤੀ ਤਰੰਗਾਂ ਦਿਖਾਈ ਨਹੀਂ ਦਿੰਦੀਆਂ। ਜਦੋਂ ਕੋਈ ਆਦਮੀ ਬੋਲਦਾ ਹੈ ਤਾਂ ਉਸ ਦੀ ਜ਼ੁਬਾਨ ਤੋਂ ਆਵਾਜ਼ ਦੀਆਂ ਤਰੰਗਾਂ ਨਿਕਲਦੀਆਂ ਹਨ। ਇਹ ਨਜ਼ਰ ਨਹੀਂ ਆਉਂਦੀਆਂ, ਸੁਣਨ ਵਾਲੇ ਦੇ ਕੰਨਾਂ ਦੇ ਪਰਦੇ ਨਾਲ ਟਕਰਾਉਂਦੀਆਂ ਹਨ ਅਤੇ ਪਰਦਾ ਹਿਲਣ ਲੱਗ ਜਾਂਦਾ ਹੈ। ਇਸ ਨਾਲ ਦਿਮਾਗ ਨੂੰ ਇਕ ਸੁਨੇਹਾ ਪਹੁੰਚ ਜਾਂਦਾ ਹੈ ਜਿਸ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਸ ਕਿਸੇ ਦੀ ਆਵਾਜ਼ ਹੈ।

ਸੂਰਜ ਵੱਲੋਂ ਗਰਮੀ ਦੀਆਂ ਤਰੰਗਾਂ ਧਰਤੀ 'ਤੇ ਪੁੱਜ ਜਾਂਦੀਆਂ ਹਨ। ਗਰਮੀ ਮਹਿਸੂਸ ਹੋਣ ਲੱਗ ਜਾਂਦੀ ਹੈ। ਕਿਰਨਾਂ ਜਾਂ ਤਰੰਗਾਂ ਕਿਸੇ ਨੇ ਨਹੀਂ ਦੇਖੀਆਂ। ਬਿਜਲੀ ਖੰਭਿਆਂ ਦੀਆਂ ਤਾਰਾਂ ਵਿਚ ਆਉਂਦੀ ਹੈ, ਕਿਸੇ ਨੇ ਨਹੀਂ ਦੇਖੀ। ਬਟਨ ਔਨ ਕਰਨ ਨਾਲ ਹੀ ਪਤਾ ਲਗਦਾ ਹੈ ਕਿ ਬਲਬ ਜਗ ਪਿਆ ਜਾਂ ਪੱਖਾ ਚੱਲ ਪਿਆ। ਇਹ ਸਭ ਕੁਝ ਬਿਜਲੀ ਦੀਆਂ ਤਰੰਗਾਂ ਦਾ ਅਸਰ ਹੈ, ਨਤੀਜਾ ਹੈ; ਬਿਜਲੀ ਨਹੀਂ। ਬਿਜਲੀ ਕਿਸੇ ਨੇ ਵੀ ਦੇਖੀ ਨਹੀਂ। ਕੇਵਲ ਲੱਛਣ ਹੀ ਦਿਸਦੇ ਹਨ। ਐਕਸ-ਰੇਅ ਦੇ ਨਤੀਜੇ ਦੇਖ ਕੇ ਕਿੰਨੀਆਂ ਬੀਮਾਰੀਆਂ ਦਾ ਪਤਾ ਲੱਗ ਜਾਂਦਾ ਹੈ, ਪਰ ਐਕਸ-ਰੇਅ ਦੀਆਂ ਕਿਰਨਾਂ ਕਿਸੇ ਨੇ ਨਹੀਂ ਦੇਖੀਆਂ।

ਇਲੈਕਟ੍ਰੋਨ, ਪ੍ਰੋਟੋਨ ਆਦਿਕ ਕਿਸੇ ਨੇ ਨਹੀਂ ਦੇਖੇ, ਉਨ੍ਹਾਂ ਦੇ ਗੁਣਾਂ ਹੇਠ ਟੈਲੀਫੋਨ, ਟੈਲੀਵਿਜ਼ਨ, ਕੰਪਿਊਟਰ ਅਤੇ ਬੇਅੰਤ ਹੋਰ ਚੀਜ਼ਾਂ ਨਾਲ ਦੁਨੀਆਂ ਦਾ ਨਕਸ਼ਾ ਹੀ ਬਦਲ ਗਿਆ। ਸ਼ਕਤੀ ਦੀਆਂ ਇਨ੍ਹਾਂ ਤਰੰਗਾਂ ਨੂੰ ਅਜੇ ਤੱਕ ਕਿਸ ਨੇ ਵੀ ਦੇਖਿਆ ਨਹੀਂ। ਇਨ੍ਹਾਂ ਦੇ ਅਸਰ ਹੀ ਦਿਸਦੇ ਹਨ। ਇਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਹੀ ਦੇਖਦੇ ਹਾਂ। ਇਸੇ ਤਰ੍ਹਾਂ ਜੇ ਕੋਈ ਅਪਾਰ ਸ਼ਕਤੀ ਹੈ, ਉਹ ਕਦੀ ਵੀ ਨਜ਼ਰ ਨਹੀਂ ਆਵੇਗੀ। ਸਾਹਿਬ ਨਜ਼ਰ ਨਹੀਂ ਆਵੇਗਾ, ਕੇਵਲ ਉਸ ਦੀ ਵਡਿਆਈ ਹੀ ਨਜ਼ਰ ਆਵੇਗੀ।

ਬੇਨਤੀ ਹੈ ਕਿ ਇਹ ਸਭ ਕੁਝ ਕਹਿਣ ਦਾ ਇਹ ਮਤਲਬ ਨਹੀਂ ਕਿ ਹੱਥ 'ਤੇ ਹੱਥ ਰੱਖ ਕੇ ਬੈਠ ਜਾਈਏ। ਸੱਚੇ ਦਿਲੋਂ ਮਿਹਨਤ ਕਰਕੇ ਮਾਲਕ ਦੀ ਵਡਿਆਈ ਦੇ ਪਾਤਰ ਬਣਨ ਦੀ ਕੋਸ਼ਿਸ਼ ਕਰੀਏ। ਫਿਰ ਵੀ ਜੇ ਵਡਿਆਈ ਨਹੀਂ ਮਿਲਦੀ ਤਾਂ ਬਿਲਲਾਉਣ ਦੀ ਥਾਂ ਇਸ ਤੁਕ ਦਾ ਸਹਾਰਾ ਲਈਏ: 'ਮਨ ਮੂਰਖ ਕਾਹੇ ਬਿਲਲਾਈਐ, ਪੁਰਬ ਲਿਖੈ ਕਾ ਲਿਖਿਆ ਪਾਈਐ', ਫਿਰ ਕੋਈ ਗਿਲਾ ਸ਼ਿਕਵਾ ਨਹੀਂ ਰਹਿੰਦਾ। ਤਰਕਸ਼ੀਲ ਚੰਗਾ ਕੰਮ ਕਰ ਰਹੇ ਹਨ। ਲੱਖਾਂ ਲੋਕਾਂ ਨੂੰ ਭਰਮ ਅਤੇ ਅੰਧ-ਵਿਸ਼ਵਾਸ ਤੋਂ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਿ ਕੁਦਰਤ ਦੇ ਕ੍ਰਿਸ਼ਮੇ ਅਤੇ ਸਾਹਿਬ ਦੀਆਂ ਵਡਿਆਈਆਂ ਉਨ੍ਹਾਂ ਦੀ ਸਧਾਰਨ ਬੁੱਧੀ ਤੋਂ ਬਾਹਰ ਹਨ। ਜੇ ਉਹ ਇਨ੍ਹਾਂ ਦੀ ਵਿਆਖਿਆ ਨਹੀਂ ਕਰ ਸਕਦੇ ਤਾਂ ਇਸ ਨੂੰ ਵਹਿਮ ਤੇ ਭਰਮ ਨਾ ਕਹਿਣ।

**ਸੇਵਾ ਮੁਕਤ ਪ੍ਰਿੰਸੀਪਲ*
*ਫ਼ੋਨ: 925-683-1982*

# ਇੱਕ ਖ਼ਤ, ਪੱਤਰਕਾਰੀ ਨਾਲ ਵੇਸਵਾਗਮਨੀ ਕਰਨ ਵਾਲੇ ਪੱਤਰਕਾਰਾਂ ਦੇ ਨਾਂ

ਆਪ ਜੀ ਨੂੰ ਤਲਵਾਰ ਨਾਲੋਂ ਤਿੱਖੀ ਕਲਮ ਦੇ ਸੱਚੇ-ਸੁੱਚੇ ਸ਼ਬਦਾਂ ਵਰਗਾ ਪ੍ਰਣਾਮ!

ਅਜ਼ੀਜ਼ ਪਾਠਕੋ!

ਮੈਂ ਪੱਤਰਕਾਰੀ 'ਚ ਕੋਈ ਡਿਗਰੀ ਤਾਂ ਪ੍ਰਾਪਤ ਨਹੀਂ ਕੀਤੀ ਪ੍ਰੰਤੂ ਪੱਤਰਕਾਰਾਂ ਦੀ ਸੰਗਤ 'ਚ ਵਿਚਰਦਿਆਂ, ਪੱਤਰਕਾਰੀ ਦੇ ਰੁਤਬੇ ਨੂੰ ਹਮੇਸ਼ਾ ਸਲਾਮ ਕਰਦਾ ਹਾਂ ਤੇ ਪੱਤਰਕਾਰਾਂ ਦੀ ਘਾਲਣਾ ਨੂੰ ਨਤਮਸਤਕ ਹੁੰਦਾ ਹਾਂ। ਸਮਾਜਿਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਦਿਆਂ ਇੱਕ ਪੱਤਰਕਾਰ ਦਾ ਫ਼ਰਜ਼ ਹੈ ਕਿ ਉਹ ਸਮਾਜ ਅੱਗੇ ਹਰ ਘਟਨਾ ਦੀ ਸੱਚੀ ਅਤੇ ਸਹੀ ਤਸਵੀਰ ਦਿਖਾ ਕੇ ਚੇਤੰਨ ਕਰੇ।

***

ਪੱਤਰਕਾਰੀ ਦੇ ਮੁੱਢਲੇ ਅਸੂਲਾਂ 'ਤੇ ਚੱਲਣਾ ਪੱਤਰਕਾਰ ਦਾ ਕੇਵਲ ਫ਼ਰਜ਼ ਹੀ ਨਹੀਂ ਬਲਕਿ ਉਸ ਦਾ ਧਰਮ ਵੀ ਹੈ। ਨਿਰਾ-ਪੁਰਾ ਪੱਤਰਕਾਰੀ ਦਾ ਲਿਬਾਸ ਪਹਿਨ ਕੇ ਧਰਮੀ ਨਹੀਂ ਬਣਿਆ ਜਾ ਸਕਦਾ, ਸਿਰਫ਼ ਕਲਮ ਘਸਾਉਣ ਨਾਲ ਜਾਂ ਜ਼ੁਬਾਨ ਚਲਾਉਣ ਨਾਲ ਹਰ ਕੋਈ ਪੱਤਰਕਾਰ ਨਹੀਂ ਬਣ ਸਕਦਾ। ਪੱਤਰਕਾਰੀ ਦਾ ਕਿੱਤਾ ਕੋਈ ਫੁੱਲਾਂ ਦੀ ਸੇਜ ਨਹੀਂ, ਸਗੋਂ ਸੂਲ਼ਾਂ ਅਤੇ ਖੰਜਰਾਂ 'ਤੇ ਤੁਰ ਕੇ ਆਪਣੀ ਮੰਜ਼ਿਲ ਵੱਲ ਵਧਣ ਦਾ ਨਾਂ ਹੈ ਪੱਤਰਕਾਰੀ।

***

ਤੁਸੀਂ ਦੇਖਿਆ ਹੋਵੇਗਾ ਕਿ ਜੰਗ ਦੇ ਮੈਦਾਨ 'ਚ ਇੱਕ ਪਾਸੇ ਬੰਬ ਫਟਦੇ ਹੁੰਦੇ ਨੇ, ਖ਼ੂਨ ਦੀਆਂ ਨਦੀਆਂ ਵਹਿ ਰਹੀਆਂ ਹੁੰਦੀਆਂ ਨੇ ਤੇ ਦੂਜੇ ਪਾਸੇ ਇੱਕ ਪੱਤਰਕਾਰ/ਰਿਪੋਰਟਰ ਕਿਸੇ ਨੁੱਕਰ 'ਚ ਲੁਕ ਕੇ ਰਿਪੋਰਟ ਪੇਸ਼ ਕਰ ਰਿਹਾ ਹੁੰਦਾ ਹੈ। ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਵੀ ਪੱਤਰਕਾਰੀ ਕਰਨਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਹੈ। ਕਈ ਪੱਤਰਕਾਰਾਂ ਨੇ ਆਪਣੀਆਂ ਜਾਨਾਂ ਗੁਆ ਲਈਆਂ, ਧੜਾਂ ਨਾਲੋਂ ਧੌਣਾਂ ਵੀ ਵੱਖ ਕਰਵਾ ਲਈਆਂ ਪਰ ਆਪਣੇ ਫ਼ਰਜ਼ਾਂ ਤੋਂ ਕੋਤਾਹੀ ਨਹੀਂ ਕੀਤੀ। ਮੇਰਾ ਸਲਾਮ ਹੈ-ਉਚੇ-ਸੁੱਚੇ ਮੰਤਵ ਖ਼ਾਤਿਰ ਸ਼ਹੀਦ ਹੋਏ ਪੱਤਰਕਾਰਾਂ ਤੇ ਹੋਰ ਮੀਡੀਆ ਰਿਪੋਰਟਰਾਂ ਨੂੰ। ਲੋਕ ਵਰ੍ਹਿਆਂ ਤੱਕ ਨਹੀਂ ਬਲਕਿ ਸਦੀਆਂ ਤੱਕ ਯਾਦ ਰੱਖਦੇ ਨੇ ਅਜਿਹੇ ਲੋਕਾਂ ਨੂੰ! ਪਰ ਦੂਜੇ ਪਾਸੇ ਅਜਿਹੇ ਪੱਤਰਕਾਰਾਂ ਦੀ ਵੀ ਕਮੀ ਨਹੀਂ ਜੋ ਪੀਲ਼ੀ ਪੱਤਰਕਾਰੀ ਕਰਕੇ ਅਤੇ ਸਿਧਾਤਾਂ ਨੂੰ ਤਿਲਾਂਜਲੀ ਦੇ ਕੇ ਅੱਜ ਆਪਣਾ ਈਮਾਨ ਕੌਡੀਆਂ ਦੇ ਭਾਅ ਵੇਚ ਰਹੇ ਹਨ। ਦੁਰਕਾਰ ਹੈ! ਫਿਟਕਾਰ ਹੈ-ਅਜਿਹੇ ਵਿਕੇ ਹੋਏ ਇਖ਼ਲਾਕ ਤੋਂ ਡਿੱਗੇ ਹੋਏ ਪੱਤਰਕਾਰਾਂ ਨੂੰ!

ਹੁਣ ਉਹ ਜ਼ਮਾਨੇ ਤਾਂ ਗਏ ਜਦੋਂ ਲੋਕ ਆਪਣੇ ਸੰਦੇਸ਼ ਕਬੂਤਰਾਂ ਜਾਂ ਡਾਕੀਏ ਰਾਹੀਂ ਭੇਜਦੇ ਸਨ। ਅੱਜ ਇੰਟਰਨੈਟ ਦਾ ਯੁੱਗ ਹੈ। ਪੂਰੀ ਦੁਨੀਆਂ ਇੱਕ ਪਿੰਡ ਵਾਂਗ ਹੀ ਹੈ। ਤੁਹਾਡੇ ਵੱਲੋਂ ਭੇਜੀ ਖ਼ਬਰ ਇੱਕ ਅੱਖ ਦੇ ਝਮੱਕੇ ਨਾਲ ਦੂਜੇ ਦੇ ਕੰਨਾਂ ਤੱਕ ਪਹੁੰਚ ਜਾਂਦੀ ਹੈ ਤੇ ਅੱਖ ਦੇ ਫੌਰ ਨਾਲ ਦਿਲ ਤੱਕ ਵੀ ਪਹੁੰਚ ਸਕਦੀ ਹੈ। ਈਜਾਦ ਹੋਣ ਤੋਂ ਆਜ਼ਾਦ ਹੋਣ ਤੱਕ ਆਧੁਨਿਕ ਮੀਡੀਆ ਵੀ ਕਿਸੇ ਨਾ ਕਿਸੇ ਸਿਧਾਂਤ 'ਤੇ ਟਿਕਿਆ ਹੋਇਆ ਹੈ। ਪਰ ਆਜ਼ਾਦ ਹੋਣ ਦਾ ਇਹ ਮਤਲਬ ਨਹੀਂ ਕਿ ਤੁਸੀਂ ਜਣੇ-ਖਣੇ ਦੇ ਬੈਡ ਰੂਮ ਵਿਚ ਵੜ ਜਾਵੋ।

ਪੱਤਰਕਾਰ ਵੱਲੋਂ ਕੀਤੀ ਰਿਪੋਰਟ ਉਸ ਦੀ ਸੋਚ 'ਤੇ ਨਿਰਭਰ ਕਰਦੀ ਹੈ ਕਿ ਕੀ ਉਹ ਸਿਧਾਂਤਾਂ 'ਤੇ ਖ਼ਰੀ ਉਤਰਦੀ ਹੈ-ਇਹ ਨਿਰਣਾ ਜੇ ਉਹ ਖ਼ੁਦ ਨਹੀਂ ਕਰ ਸਕਦੇ ਤਾਂ ਸੁਹਿਰਦ ਪਾਠਕ ਝੱਟ ਕਰ ਲੈਂਦੇ ਹਨ। ਕਿਸੇ ਮੈਗਜ਼ੀਨ, ਅਖ਼ਬਾਰ, ਰੇਡੀਓ, ਟੈਲੀਵਿਜ਼ਨ, ਵੈਬ-ਸਾਈਟ ਜਾਂ ਬਲੌਗ ਦੇ ਆਪਣੇ ਵੀ ਕੁਝ ਅਸੂਲ ਹੁੰਦੇ ਹਨ। ਜੇਕਰ ਤੁਹਾਡੀ ਰਚਨਾ ਜਾਂ ਖ਼ਬਰ ਕਿਸੇ ਵੱਲੋਂ ਪਾਠਕਾਂ, ਦਰਸ਼ਕਾਂ ਨਾਲ ਸਾਂਝੀ ਕਰਨ ਤੋਂ ਮਨਾਹੀ ਕਰ ਦਿੱਤੀ ਜਾਵੇ ਤਾਂ ਆਪਣੇ-ਆਪ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਆਪਣੀ ਮਾਨਸਿਕਤਾ ਦਾ ਖ਼ੁਦ ਵੀ ਨਿਰੀਖਣ ਕਰਨਾ ਚਾਹੀਦਾ ਹੈ। ਪਰ ਦੁੱਖ ਦੀ ਗੱਲ ਹੈ ਕਿ ਕੁਝ ਝੋਲ਼ੀ-ਚੁੱਕ ਪੱਤਰਕਾਰ, ਟਕੇ-ਟਕੇ 'ਤੇ ਜ਼ਮੀਰ ਵੇਚਣ ਵਾਲੇ ਉਸੇ ਹੀ ਮਾਧਿਅਮ ਨੂੰ ਦੁਸ਼ਮਣ ਸਮਝਣ ਲੱਗ ਪੈਂਦੇ ਨੇ, ਜਿਸ ਨੇ ਕਦੇ ਉਨ੍ਹਾਂ ਦੀ ਗੁੱਡੀ ਅੰਬਰੀਂ ਚਾੜ੍ਹੀ ਹੁੰਦੀ ਹੈ।

ਅੱਜ-ਕੱਲ੍ਹ ਪੜ੍ਹਦਿਆਂ-ਸੁਣਦਿਆਂ ਜਾਂ ਨਿੱਜੀ ਅਨੁਭਵ ਤੋਂ ਮਹਿਸੂਸ ਹੁੰਦਾ ਹੈ ਕਿ ਕੁਝ ਕੁ ਅਖੌਤੀ 'ਅੰਤਰਰਾਸ਼ਟਰੀ' ਪੱਤਰਕਾਰ ਕਿਸ ਕਦਰ ਵਿਕ ਤੇ ਡਿੱਗ ਚੁੱਕੇ ਹਨ! ਲੰਬਾ ਸਮਾਂ ਜਿਨ੍ਹਾਂ ਨੇ ਪੰਜਾਬ ਦੇ ਸਿਰਕੱਢ ਅਖ਼ਬਾਰਾਂ-ਅਜੀਤ, ਜੱਗਬਾਣੀ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ ਆਦਿ ਦੇ ਦਫ਼ਤਰਾਂ ਮੂਹਰੇ ਖੁਰੀਆਂ ਲਾਉਣ ਵਾਲ਼ਿਆਂ ਵਾਂਗੂੰ ਪੱਤਰਕਾਰੀ ਦਾ ਬਕਸਾ ਚੁੱਕ ਕੇ ਲੇਲੜੀਆਂ ਕੱਢੀਆਂ ਸਨ, ਅੱਜ ਵੱਖਰਾ ਜਿਹਾ ਭੇਸ ਬਣਾ ਕੇ,

## ਵਿਅੰਗ

**ਗੁਰਮੇਲ ਸਿੰਘ ਬਦੇਸ਼ਾ, ਕੈਨੇਡਾ**
**ਫੋਨ:604-537-9490**

ਆਈ.ਡੀ. ਕਾਰਡ ਤੇ ਵੱਡਾ ਸਾਰਾ ਬਿੱਲਾ ਲਾ ਕੇ ਮਹਾਨ ਪੱਤਰਕਾਰ ਹੋਣ ਦਾ ਭਰਮ ਪਾਲ਼ੀ ਬੈਠੇ ਹਨ। ਕੁਝ ਕੁ ਝੋਲ਼ੀ ਚੁੱਕ ਲੇਖਕ/ਪੱਤਰਕਾਰ ਚਾਰ ਕੁ ਦਿਨ ਵਿਦੇਸ਼ਾਂ ਵਿਚ ਆ ਕੇ ਲਗਜ਼ਰੀ ਕਾਰਾਂ ਤੇ ਹਵਾਈ ਜਹਾਜ਼ਾਂ 'ਚ ਝੂਟੇ ਲੈ ਕੇ, ਫਾਈਵ ਸਟਾਰ ਹੋਟਲਾਂ ਦਾ ਆਨੰਦ ਮਾਣ ਕੇ ਆਪਣੇ ਆਪ ਨੂੰ ਪੱਤਰਕਾਰੀ ਦਾ ਭੀਸ਼ਮ ਪਿਤਾਮਾ ਸਮਝਣ ਲੱਗ ਪੈਂਦੇ ਹਨ।

ਇੱਕ ਪਾਸੇ ਤਾਂ ਪੰਜਾਬੀ ਦੇ ਕਈ ਬਲੌਗਾਂ ਦੇ ਸੰਚਾਲਕਾਂ ਅਤੇ ਲੇਖਕਾਂ ਦਾ ਪ੍ਰਿੰਟ ਮੀਡੀਆ ਵੱਲੋਂ ਫਿਟਕਾਰੇ ਹੋਏ ਵਰਜਿਤ ਵਿਅਕਤੀ ਆਖ ਕੇ ਅਪਮਾਨ ਕਰ ਰਹੇ ਹੁੰਦੇ ਨੇ ਤੇ ਦੂਸਰੇ ਪਾਸੇ ਖ਼ੁਦ ਆਪਣਾ ਬਲੌਗ ਬਣਾ ਕੇ ਹੋਰਨਾਂ ਬਲੌਗਾਂ ਨਾਲ ਗਾਂਢੇ-ਸਾਂਢੇ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਦੇ।

'ਜੇਕਰ ਕਦੇ ਕੋਈ ਅਖਬਾਰ, ਰਸਾਲਾ, ਵੈਬਸਾਈਟ ਜਾਂ ਬਲੌਗ ਇਨ੍ਹਾਂ ਦੀਆਂ ਕਰਤੂਤਾਂ ਦੇਖ ਕੇ ਝਿੜਕ ਦੇਵੇ ਤਾਂ ਉਸ 'ਤੇ ਹੀ ਨਜ਼ਲਾ ਝਾੜਨ ਲੱਗ ਪੈਂਦੇ ਨੇ! ਫਿਰ ਉਦੋਂ ਸੋਚੀਦੈ ਕਿ ਟਿੱਡੀਆਂ ਨੂੰ ਕਿਤੇ ਜ਼ੁਕਾਮ ਤਾਂ ਨ੍ਹੀਂ ਹੋ ਗਿਆ? ਜੇਕਰ ਵਿਦੇਸ਼ੀ ਪੱਤਰਕਾਰਾਂ ਦੀ ਕਾਰਗੁਜ਼ਾਰੀ ਨੂੰ ਇੱਕ ਪਾਸੇ ਰੱਖ ਕੇ ਕੈਨੇਡਾ ਦੇ ਕੁਝ ਕੁ ਅਖੌਤੀ ਪੱਤਰਕਾਰਾਂ ਦੀ ਹੀ ਗੱਲ ਕਰ ਲਈਏ ਤਾਂ ਉਨ੍ਹਾਂ ਦੀ ਪੀਲੀ ਪੱਤਰਕਾਰੀ ਵੇਖ ਕੇ ਸੋਚਣ ਲਈ ਮਜਬੂਰ ਹੋਵਾਂਗੇ ਕਿ ਕੀ ਚਮਚਾਗਿਰੀ ਦਾ ਦੂਜਾ ਨਾਂ ਹੀ ਪੱਤਰਕਾਰੀ ਹੈ? ਆਪਣੇ ਆਕਾਵਾਂ ਦੀਆਂ ਮਸ਼ਹੂਰੀਆਂ ਕਰਨ ਦਾ ਨਾਮ ਹੀ ਪੱਤਰਕਾਰੀ ਹੈ? ਕੋਈ ਦੀਨ-ਧਰਮ ਵੀ ਹੈ, ਇਸ ਕਿੱਤੇ ਦਾ ਕਿ ਨਹੀਂ?

ਪਰ ਇੱਕ ਪੱਤਰਕਾਰ ਲਈ ਇਹ ਜਾਨਣਾ ਜਰੂਰੀ ਹੈ ਕਿ ਪੱਤਰਕਾਰੀ ਵਿਚ ਉਸ ਦਾ ਨਾ ਕੋਈ ਦੋਸਤ ਹੈ, ਨਾ ਕੋਈ ਦੁਸ਼ਮਣ ਹੈ। ਪੱਤਰਕਾਰਾਂ ਤੇ ਹੋਰ ਮੀਡੀਆ ਰਿਪੋਰਟਰਾਂ ਨੂੰ ਰਾਜਨੀਤੀਵਾਨਾਂ ਦੇ ਚੰਗੇ ਮਾੜੇ ਕੰਮਾਂ ਦਾ ਜਾਇਜ਼ਾ ਲੈਣਾ ਚਾਹੀਦਾ ਹੈ, ਨਾ ਕਿ ਖੁਦ ਨੂੰ ਰਾਜਨੀਤੀਵਾਨ ਬਣਾਉਣਾ ਚਾਹੀਦਾ ਹੈ।

ਸਾਡੇ ਹਵਾਈ ਪੱਤਰਕਾਰ (ਰੇਡੀਓ ਹੋਸਟ) ਕਈ ਵਾਰ ਹਵਾ 'ਚ ਤਲਵਾਰਾਂ ਮਾਰਨ ਵਲੋਂ ਵੀ ਗੁਰੇਜ਼ ਨਹੀਂ ਕਰਦੇ। ਏਅਰ ਉਪਰ ਤੁਹਾਡੀ ਗੱਲਬਾਤ ਕਰਵਾਉਣ ਤੋਂ ਪਹਿਲਾਂ ਹੀ ਪੰਡਿਤ ਮਹਾਰਾਜ ਵਾਂਗੂੰ ਨੌਂ-ਦਸ ਗ੍ਰਹਿਆਂ ਦੀ ਢੂਈ ਖੁਰਕ ਕੇ ਤੁਹਾਡੀ ਛਾਤੀ ਵਿਚ ਧੜਕਦੇ ਦਿਲ ਦੀਆਂ ਤਹਿਆਂ ਤੱਕ ਪਹੁੰਚ ਜਾਂਦੇ ਨੇ ਕਿ ਇਹ ਬੰਦਾ ਸਾਡੇ ਹੱਕ 'ਚ ਬੋਲੂਗਾ ਜਾਂ ਫਿਰ ਸਾਡੀ ਸੱਚਾਈ ਲੋਕਾਂ ਸਾਹਮਣੇ ਪੇਸ਼ ਕਰਕੇ ਸਾਡੇ ਪੋਤੜੇ ਫਰੋਲੂਗਾ!

ਚਲੋ, ਇਥੋਂ ਵਾਲੇ ਕੁਝ ਕੁ (ਸਾਰੇ ਨਹੀਂ) ਸਮਾਜ ਦੇ ਨਿਰਾ-ਨਿਰਦੇਸ਼ਕ 'ਰੀ-ਪੋਟੀਆਂ' ਦੀ ਗੱਲ ਛੱਡ ਕੇ ਪਲ ਭਰ ਲਈ ਪੰਜਾਬ ਦੇ ਪਲੇਠੇ ਪੱਤਰਕਾਰਾਂ ਦੀ ਕਤਾਰ 'ਚੋਂ ਕੁੱਟ ਕੇ ਭਜਾਏ ਇੱਕ ਅਖੌਤੀ ਪੱਤਰਕਾਰ ਦੀ ਹੀ ਗੱਲ ਕਰਦੇ ਹਾਂ। ਕੈਨੇਡਾ ਆ ਕੇ ਇਹ ਠਰਕੀ ਪੱਤਰਕਾਰ ਕਿਸੇ ਕਾਨਫਰੰਸ ਦੀ ਸੰਚਾਲਕਾ 'ਤੇ ਹੀ ਲੱਟੂ ਹੋ ਗਿਆ ਸੀ। ਉਸ ਪ੍ਰਤੀ ਦਿਲ ਦੀਆਂ ਗਹਿਰਾਈਆਂ 'ਚੋਂ ਇੱਕ ਲੇਖ ਵੀ ਲਿਖ ਮਾਰਿਆ। ਹਾਲਾਂ ਕੇ ਉਹ ਸੰਚਾਲਕਾ ਉਸ ਦੀ ਲੜਕੀ ਦੇ ਹਾਣ ਦੀ ਸੀ, ਪਰ ਇਸ਼ਕ ਕਿਤੇ ਹਾਣ-ਪ੍ਰਵਾਣ ਦੇਖਦੈ? ਵੈਸੇ ਉਹ ਲੇਖ ਉਸ ਦੇ ਬੱਚਿਆਂ ਨੇ ਵੀ ਪੜ੍ਹਿਆ ਹੋਵੇਗਾ।

ਵਿਦੇਸ਼ਾਂ ਵਿਚ ਆ ਕੇ ਚਾਰ ਕੁ ਜਾਣਿਆਂ ਨੂੰ ਨਾਲ ਰਲ਼ਾ ਕੇ ਆਪਣਾ ਸਨਮਾਨ ਆਪ ਹੀ ਕਰਵਾ ਕੇ ਫਿਰ ਆਪ ਹੀ ਉਸ ਬਾਰੇ ਲੇਖ ਲਿਖ ਕੇ ਕੋਈ ਗੁਲਜ਼ਾਰ ਸਿੰਘ ਸੰਧੂ, ਹਰਭਜਨ ਹਲਵਾਰਵੀ, ਡਾ. ਸਾਧੂ ਸਿੰਘ ਹਮਦਰਦ, ਜਤਿੰਦਰ ਪਨੂੰ, ਡਾ. ਹਰਜਿੰਦਰ ਵਾਲੀਆ, ਗੁਰਬਚਨ ਭੁੱਲਰ, ਸਿੱਧੂ ਦਮਦਮੀ, ਬਲਬੀਰ ਪਰਵਾਨਾ, ਖ਼ੁਸ਼ਵੰਤ ਸਿੰਘ, ਨਿਰੂਪਮਾ ਦੱਤ ਜਾਂ ਸ਼ਾਮ ਸਿੰਘ (ਅੰਗ-ਸੰਗ) ਵਰਗੇ ਮਾਣਯੋਗ ਲੇਖਕ/ਪੱਤਰਕਾਰਾਂ ਦਾ ਸਥਾਨ ਨਹੀਂ ਲੈ ਸਕਦਾ? ਕਈ ਤਾਂ ਬਾਹਰਲੇ ਮੁਲਕਾਂ ਨੂੰ ਬਾਹਰਲਾ ਘਰ ਹੀ ਸਮਝਦੇ ਨੇ। ਨਿੱਤ ਜਹਾਜ਼ਾਂ 'ਤੇ ਝੂਟੇ ਲੈਣ ਲਈ ਐਨਾ ਪੈਸਾ ਪਤਾ ਨਹੀਂ ਕਿੱਥੋਂ ਬਲੈਕੀਆਂ ਵਾਂਗੂੰ ਇਨ੍ਹਾਂ ਕੋਲ ਆ ਜਾਂਦਾ ਹੈ? ਅੰਦਰੂਨੀ ਮਸਲੇ ਤਾਂ ਸਾਡੇ ਦੇਸ ਭਾਰਤ ਦੇ ਹੀ ਬਹੁਤ ਜੱਗ ਜਾਹਰ ਕਰਨ ਵਾਲੇ ਅਜੇ ਬਾਕੀ ਹਨ। ਇਸ ਦੇ ਨਾਲ ਬਾਹਰਲੇ ਮਸਲੇ ਅਜੇ ਵੀ ਮੇਰੇ ਦਿਲ ਵਿਚ ਬਹੁਤ ਨੇ! 'ਇਹ ਗੱਲ ਕਦੇ ਫੇਰ ਸਹੀ...ਅਜੇ ਮੈਂ ਕੀ ਪੱਤਰਕਾਰਾਂ ਨੂੰ ਜਾਣਾ!'

ਪਰ ਦੂਜੇ ਪਾਸੇ ਪਾਠਕਾਂ ਨੂੰ ਵੀ ਆਪਣਾ ਫਰਜ਼ ਪਹਿਚਾਣ ਕੇ ਝੋਲੀ ਚੁੱਕ ਅਖੌਤੀ ਪੱਤਰਕਾਰਾਂ ਦਾ ਅਸਲੀ ਚਿਹਰਾ ਨੰਗਾ ਕਰ ਕੇ ਇਨ੍ਹਾਂ ਦੀਆਂ ਕਰਤੂਤਾਂ ਦਾ ਪਰਦਾ ਫਾਸ਼ ਕਰਨਾ ਚਾਹੀਦਾ ਹੈ ਤਾਂ ਕਿ ਪੱਤਰਕਾਰੀ ਨੂੰ ਸ਼ਾਹੀ ਘਰਾਣਿਆਂ ਦੇ ਪਿੱਠੂ ਪੱਤਰਕਾਰਾਂ ਦੇ ਪ੍ਰਛਾਵੇਂ ਤੋਂ ਸਲਾਮਤ ਰੱਖ ਸਕੀਏ!

ਆਮੀਨ!

ਕੰਧ 'ਤੇ ਲਿਖੇ ਸੱਚ ਵਰਗਾ,

**ਆਪਦਾ ਗੁਰਮੇਲ ਬਦੇਸ਼ਾ !**

# 'ਤੁੱਕੇ' ਦੇ ਚੱਕਰ 'ਚ ਬੈਠ ਰਿਹੈ ਪੰਜਾਬੀ ਗਾਇਕੀ ਦਾ ਭੱਠਾ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*
*ਫੋਨ:91-98141-78883

ਗਰਮੀ ਸਿਖਰ 'ਤੇ ਹੈ...ਬਾਹਰ ਨਿਕਲਿਆਂ ਬੰਦਾ ਭੁੱਜਣ ਲੱਗਦੈ...ਏਸੇ ਕਰਕੇ ਠੰਢੀਆਂ ਚੀਜ਼ਾਂ ਵੇਚਣ ਵਾਲੀਆਂ ਦੁਕਾਨਾਂ 'ਤੇ ਲੋਕਾਂ ਦੀਆਂ ਭੀੜਾਂ ਇਉਂ ਦਿਸਦੀਆਂ ਨੇ, ਜਿਵੇਂ ਛਬੀਲ ਪੀਣ ਲਈ ਜੁੜੀਆਂ ਹੋਣ ਪਰ ਗਰਮੀ ਦੀ ਇਸ ਮਾਰ ਵਿਚ ਇੱਕ ਵੀ ਅਜਿਹਾ ਪੰਜਾਬੀ ਗੀਤ ਕੰਨੀਂ ਨਹੀਂ ਪੈਂਦਾ, ਜੋ ਛਬੀਲ ਦੇ ਪਾਣੀ ਵਾਂਗ ਠੰਢ ਪਾਉਂਦਾ ਹੋਵੇ। ਜਿਹੜੇ ਗਾਣੇ ਟੀ.ਵੀ. 'ਤੇ ਚੱਲ ਰਹੇ ਨੇ, ਉਹ ਠੰਢ ਪਾਉਣ ਵਾਲੇ ਘੱਟ ਤੇ ਡੰਡ ਪਾਉਣ ਵਾਲੇ ਵੱਧ ਨੇ।

ਕੇਹਾ ਸੰਗੀਤ ਹੈ ਇਹ, ਜੀਹਨੂੰ ਸੁਣਦਿਆਂ ਲੜਨ ਨੂੰ ਮਨ ਕਰਦੈ। ਮਨ ਨੂੰ ਅਚਵੀ ਜਿਹੀ ਲੱਗ ਜਾਂਦੀ ਏ, ਗਾਉਣ ਵਾਲੇ ਦੀ ਪਿੱਠ ਥਾਪੜਨ ਦੀ ਥਾਂ ਗਲਮਾ ਫੜਨ ਨੂੰ ਮਨ ਕਰਦੈ। ਕਿਹੜੇ ਸੰਗੀਤ ਘਰਾਣੇ ਦੀ ਪੈਦਾਇਸ਼ ਨੇ ਇਹ, ਜਿਹੜੇ ਨਾ ਗਾਉਣਾ ਜਾਣਦੇ ਨੇ, ਨਾ ਨਚਾਉਣਾ। ਉਤੋਂ ਜਦੋਂ ਇਨ੍ਹਾਂ ਦੀ ਗ਼ਲਤ ਗੱਲ ਨੂੰ ਗ਼ਲਤ ਆਖੀਏ ਤਾਂ ਅੱਖਾਂ ਕੱਢਦੇ ਨੇ।

ਪਿਛਲੇ ਦਿਨੀਂ ਇੱਕ ਕਲਾਕਾਰ ਨੇ ਆਪਣੀ ਆਉਣ ਵਾਲੀ ਕੈਸਿਟ ਸੁਣਾਈ। ਸੁਣਾਉਣ ਉਪਰੰਤ ਚਮਕਦੀਆਂ ਅੱਖਾਂ ਨਾਲ ਦਾਦ ਦੀ ਉਡੀਕ ਕਰਨ ਲੱਗਾ। ਸਾਡੇ ਮੂੰਹੋਂ ਨਿਕਲ ਗਿਆ, 'ਕੱਖ ਨਹੀਂ ਇਹਦੇ 'ਚ ਕੱਢਣ-ਪਾਉਣ ਨੂੰ...ਏਦਾਂ ਦਾ ਗਾਓਗੇ ਤਾਂ ਸ਼ਾਇਦ ਹੀ ਖਰਚੇ ਪੈਸਿਆਂ ਦਾ ਵਿਆਜ ਮੁੜ ਸਕੇ...।'

ਉਹਦੀ ਸੁਰ ਥੋੜ੍ਹੀ ਉਚੀ ਹੋ ਗਈ, ਬੋਲਿਆ, 'ਨੁਕਸ ਕੀ ਐ ਇਹਦੇ 'ਚ, ਸੰਗੀਤਕਾਰ ਨੇ ਆਖਿਐ ਤੂੰ ਬੜਾ ਵਧੀਆ ਗਾਇਐ, ਵੀਡੀਓ ਡਾਇਰੈਕਟਰ ਕਹਿੰਦਾ ਤੇਰੇ ਵਰਗਾ ਗਵੱਈਆ ਕੋਈ ਨਹੀਂ, ਕੰਪਨੀ ਵਾਲੇ ਕਹਿੰਦੇ ਆ, ਬਹਿਜਾ-ਬਹਿਜਾ ਕਰਾ ਛੱਡੀ ਤੇ ਥੋਨੂੰ ਕੀ ਮਾੜਾ ਲੱਗਾ?'

ਜਦੋਂ ਜਵਾਬ ਦਿੱਤਾ, 'ਸੰਗੀਤਕਾਰ, ਵੀਡੀਓ ਡਾਇਰੈਕਟਰ ਤੇ ਕੰਪਨੀ ਵਾਲਿਆਂ ਤੈਨੂੰ ਚੰਗਾ ਮਾਂਜਾ ਲਾਉਣਾ ਸੀ...ਤਿੰਨਾਂ ਨੇ ਪੰਜ-ਪੰਜ, ਸੱਤ-ਸੱਤ ਲੱਖ 'ਚ ਤੈਨੂੰ ਰਗੜਾ ਫੇਰਿਐ, ਏਸ ਕਰਕੇ ਉਨ੍ਹਾਂ ਨੂੰ ਤੇਰਾ ਗਾਉਣ ਚੰਗਾ ਲੱਗੈ। ਜੇ ਉਹ 'ਮਾੜਾ' ਕਹਿੰਦੇ ਤਾਂ ਉਨ੍ਹਾਂ ਦੀ 'ਸਾਮੀ ਭੱਜ ਜਾਣੀ ਸੀ। ਜਿੱਥੋਂ ਉਨ੍ਹਾਂ ਦਾ ਰੋਟੀ-ਟੁੱਕ ਚੱਲਦੈ, ਉਨ੍ਹਾਂ ਨੂੰ ਉਹੀ ਕੈਲਾਸ਼ ਖੇਰ ਲੱਗਦੈ ਪਰ ਅਸਲ 'ਚ ਤੇਰੇ ਪੱਲੇ ਨਾ ਗਾਇਕੀ ਏ ਤੇ ਨਾ ਹੀ ਗਾਉਣ, ਪੈਸੇ ਬਰਬਾਦ ਕਰਨ ਦਾ ਕੋਈ ਲਾਭ ਨਹੀਂ।'

ਮਸੋਸੇ ਜਿਹੇ ਮਨ ਨਾਲ ਉਹ ਚਲਾ ਗਿਆ, ਸ਼ਾਇਦ ਸੋਚਦਾ ਹੋਵੇਗਾ ਲਿਖਣ ਵਾਲਿਆਂ ਦੇ ਮਾੜਾ ਕਹਿਣ ਨਾਲ ਕਾਮਯਾਬੀ ਰੁਕ ਨਹੀਂ ਸਕਦੀ। ਪਰ ਜਦੋਂ ਪਿਛਲੇ ਦਿਨੀਂ ਉਹਦੀ ਕੈਸਿਟ ਰਿਲੀਜ਼ ਹੋਈ ਤਾਂ ਸੱਚੀਂ ਉਹਨੂੰ ਕਿਸੇ ਨੇ ਨਹੀਂ ਪੁੱਛਿਆ। ਉਹਨੇ ਵੀਹ ਕੁ ਲੱਖ ਖਰਚਿਐ ਪਰ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਉਹੋ ਜਿਹੇ ਗਾਉਣ ਨਾਲ ਵੀਹ ਹਜ਼ਾਰ ਦਾ ਪ੍ਰੋਗਰਾਮ ਵੀ ਨਹੀਂ ਮਿਲ ਸਕਦਾ।

ਅਸੀਂ ਆਲੋਚਨਾ ਨੂੰ ਬਰਦਾਸ਼ਤ ਕਰਨਾ ਭੁੱਲ ਚੁੱਕੇ ਹਾਂ। ਸਾਨੂੰ ਚਾਪਲੂਸੀ ਚੰਗੀ ਲੱਗਦੀ ਏ, ਨੁਕਸ ਕੱਢਣ ਵਾਲਾ ਜ਼ਹਿਰ ਵਰਗਾ ਲੱਗਦੈ ਪਰ ਹਕੀਕਤ ਤਾਂ ਹਕੀਕਤ ਹੁੰਦੀ ਏ।

ਇਨ੍ਹੀਂ ਦਿਨੀਂ ਟੀ.ਵੀ. ਚੈਨਲਾਂ 'ਤੇ ਬਾਗੀ ਬੈਂਸ ਨਾਂ ਦੇ ਕਲਾਕਾਰ ਦਾ 'ਦੁੱਗ ਦੁੱਗ ਤੇਰੀ ਗਲੀ 'ਚ ਕਰਾਉਣੀ, ਡੱਕ ਲਏ ਜੋ ਤੇਰੇ ਪਿੰਡ ਦਾ ਏ ਸੂਰਮਾ' ਗੀਤ ਚੱਲ ਰਿਹੈ। ਗੀਤ ਦਾ ਵਿਸ਼ਾ ਬੁਲਟ ਮੋਟਰ ਸਾਈਕਲ ਏ ਤੇ ਸਾਰੰਸ਼ ਹੈ ਕਿ ਮੁੰਡਾ ਮੋਟਰ ਸਾਈਕਲ ਲੈ ਕੇ 'ਸਹੇਲੀ' ਨੂੰ ਆਖਦਾ ਏ ਕਿ ਤੇਰੀ ਪਸੰਦ ਦਾ ਹੀ ਰੰਗ ਲਿਆ ਏ, ਪੂਰਾ ਇੱਕ ਲੱਖ ਖਰਚਿਐ ਇਹਦੇ 'ਤੇ, ਹੁਣ ਤੇਰੀ ਗਲੀ 'ਚ ਦੁੱਗ-ਦੁੱਗ ਕਰਾਉਣੀ ਏ ਤੇ ਤੇਰੇ ਪਿੰਡ ਦਾ ਜਿਹੜਾ ਸੂਰਮਾ ਏ ਉਹ ਮੈਨੂੰ ਰੋਕ ਕੇ ਦਿਖਾ ਦੇਵੇ।

ਕੈਸਿਟ 'ਚ ਘੱਟੋ-ਘੱਟ ਅੱਠ ਗੀਤ ਹੁੰਦੇ ਨੇ ਤੇ ਦਰਮਿਆਨਾ ਸੰਗੀਤਕਾਰ ਵੀ ਘੱਟੋ-ਘੱਟ ਤਿੰਨ ਲੱਖ ਰੁਪਿਆ ਇੱਕ ਕੈਸਿਟ ਦੇ ਸੰਗੀਤ ਦਾ ਲੈਂਦੈ। ਸੋ 'ਕੱਲੇ 'ਦੁੱਗ ਦੁੱਗ' ਵਾਲੇ ਗਾਣੇ ਦਾ ਸੰਗੀਤ ਪੈਂਤੀ ਹਜ਼ਾਰ 'ਚ ਤਿਆਰ ਹੋਇਆ। ਘੱਟੋ-ਘੱਟ ਡੇਢ-ਦੋ ਲੱਖ ਦਾ ਵੀਡੀਓ ਬਣਿਆ ਤੇ ਇਸ ਵੀਡੀਓ ਨੂੰ ਚੈਨਲਾਂ 'ਤੇ ਚਲਾਉਣ ਲਈ ਘੱਟੋ-ਘੱਟ ਤਿੰਨ-ਚਾਰ ਲੱਖ ਹੋਰ ਲੱਗੇਗਾ।

ਏਨੇ ਪੈਸੇ ਸਿਰਫ਼ 'ਦੁੱਗ ਦੁੱਗ' ਵਰਗੇ ਹਾਸੋਹੀਣੇ ਵਿਸ਼ੇ 'ਤੇ ਕਿਉਂ ਖਰਚੇ ਜਾਂਦੇ ਨੇ, ਸਮਝ ਨਹੀਂ ਲੱਗੀ। ਪੰਜਾਬੀ ਸੰਗੀਤ ਮੰਦੇ ਦੀ ਮਾਰ ਹੇਠ ਏਨਾ ਆ ਚੁੱਕੈ ਕਿ ਖਰਚਿਆ ਪੈਸਾ ਵਾਪਸ ਆਉਣ ਦੀ ਇੱਕ ਫ਼ੀਸਦੀ ਗਾਰੰਟੀ ਨਹੀਂ। ਜੇ 'ਦੁੱਗ ਦੁੱਗ' ਗਾ ਕੇ ਖਰਚੇ ਪੈਸੇ ਵਾਪਸ ਆਉਣ ਦੀ ਉਮੀਦ ਹੋਵੇ ਤਾਂ ਮੰਨੀਏ ਕਿ ਸਮਝੌਤੇ ਦੀ ਕੋਈ ਵਜ੍ਹਾ ਹੈ ਪਰ ਜਦੋਂ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਏਦਾਂ ਦੇ ਗਾਣਿਆਂ ਨਾਲ ਕੱਖ ਪੱਲੇ ਨਹੀਂ ਪੈਣਾ ਤਾਂ ਕਿਉਂ ਨਾ ਚੰਗੇ ਵੱਲ ਕਦਮ ਵਧਾਇਆ ਜਾਵੇ।

ਇਹ ਗੱਲ ਸਿਰਫ਼ ਇੱਕ ਬਾਗੀ ਬੈਂਸ ਨਾਲ ਨਹੀਂ ਜੁੜੀ, ਸਗੋਂ ਪੰਜਾਬ ਵਿਚ ਸੈਂਕੜੇ ਅਜਿਹੇ 'ਬਾਗੀ' ਹਨ, ਜਿਹੜੇ ਹਰ ਸਾਲ ਕੈਸਿਟ ਕਰਦੇ ਨੇ, ਲੱਖਾਂ ਲਾਉਂਦੇ ਨੇ ਪਰ ਅਜਿਹਾ ਗੀਤ ਨਹੀਂ ਗਾਉਂਦੇ, ਜਿਸ ਦੀ ਚਰਚਾ ਪੰਜ-ਚਾਰ ਮਹੀਨੇ ਜ਼ਰੂਰ ਹੋਵੇ। ਕੋਈ ਮੋਬਾਈਲ ਬਾਰੇ ਗਾ ਛੱਡਦੈ, ਕੋਈ ਮੋਟਰ ਸਾਈਕਲ ਬਾਰੇ, ਕੋਈ ਕਾਰ ਬਾਰੇ, ਕੋਈ ਫੇਸਬੁੱਕ ਬਾਰੇ। ਜਿੰਨਾ ਚਿਰ ਗਵੱਈਆ ਚੈਨਲ 'ਤੇ ਦਿਸਦੈ, ਲੋਕਾਂ ਨੂੰ ਉਹਦਾ ਗਾਣਾ ਚੇਤੇ ਰਹਿੰਦੈ। ਐਡ ਬੰਦ ਹੋਣ ਸਾਰ ਗਵੱਈਏ ਦੀ ਸਾਰੀ ਹਵਾ ਨਿਕਲ ਜਾਂਦੀ ਹੈ ਤੇ ਨਾਲਦਿਆਂ ਦੀ ਚੁੱਕ ਵਿਚ ਆ ਕੇ ਉਹ ਅਗਲੇ ਸਾਲ ਲਈ ਉਹੋ ਜਿਹੇ ਗੀਤ ਮੁੜ ਲੱਭਣੇ ਸ਼ੁਰੂ ਕਰ ਦਿੰਦੈ।

ਇਸ ਗੱਲ ਦੀ ਵੀ ਸਮਝ ਨਹੀਂ ਪਈ ਕਿ ਜਿਹੜੇ ਵੀ ਕਲਾਕਾਰ ਨੂੰ ਮਿਲੀਦਾ, ਉਹ ਕਹਿੰਦੈ, 'ਮਾੜੀ ਗਾਇਕੀ ਨੇ ਸੰਗੀਤ ਉਦਯੋਗ ਦਾ ਭੱਠਾ ਬਿਠਾ ਛੱਡਿਐ।' ਨਾਲ ਦੀ ਨਾਲ ਪੰਜ-ਚਾਰ ਹੋਰਾਂ ਦੀਆਂ ਉਦਾਹਰਣਾਂ ਦੇ ਛੱਡਦੈ ਕਿ ਉਹ ਕਿੱਦਾਂ ਦਾ ਗਾਉਂਦੇ ਨੇ, ਪਰ ਆਪਣੇ ਬਾਰੇ ਕਦੇ ਕਿਸੇ ਨੇ ਗੱਲ ਨਹੀਂ ਕੀਤੀ। ਜਦੋਂ ਉਨ੍ਹਾਂ ਪੰਜਾਂ ਨੂੰ ਮਾੜੀ ਗਾਇਕੀ ਬਾਰੇ ਪੁੱਛੀਦੈ ਤਾਂ ਉਹ ਹੋਰ ਪੰਜਾਂ ਦੇ ਨਾਂ ਲੈ ਛੱਡਦੇ ਨੇ। ਕੋਈ ਮੰਨਣ ਲਈ ਤਿਆਰ ਨਹੀਂ ਕਿ ਮੈਂ ਵੀ ਮਾੜਿਆਂ 'ਚ ਸ਼ਾਮਲ ਹਾਂ ਤੇ ਨਾ ਹੀ ਕੋਈ ਇਹ ਮੰਨਣ ਲਈ ਤਿਆਰ ਹੈ ਕਿ ਮੇਰੀ ਕੈਸਿਟ ਫ਼ਲਾਪ ਹੋਈ, ਫਿਰ ਮੰਦੀ ਦਾ ਅਰਥ ਕੀ ਹੋਇਆ?

ਬਹੁਤੀ ਵਾਰ ਬੰਦੇ ਨੂੰ ਪਤਾ ਹੁੰਦੈ ਕਿ ਹੁਣ ਮੇਰੇ ਕੰਮ ਦੀ ਕੋਈ ਕਦਰ ਨਹੀਂ ਰਹੀ, ਪਰ ਪਛਾਣ ਜਿਉਂਦੀ ਰੱਖਣ ਲਈ ਉਹ ਨੂੰ ਉਹ ਕੰਮ ਕਰਨਾ ਪੈਂਦੈ। ਜਿੰਨੀਆਂ ਪੰਜਾਬੀ ਕੈਸਿਟਾਂ ਆਉਂਦੀਆਂ ਨੇ, ਉਨ੍ਹਾਂ 'ਚੋਂ ਅੱਧਿਓਂ ਵੱਧ ਕਲਾਕਾਰ ਖੁਦ ਨੂੰ ਜਿਉਂਦਾ ਸਾਬਤ ਕਰਨ ਲਈ ਗਾ ਰਹੇ ਹਨ। ਪਤਾ ਉਨ੍ਹਾਂ ਨੂੰ ਵੀ ਹੈ ਕਿ ਸਾਡੇ ਗੀਤਾਂ ਦਾ ਕੋਈ ਮੁੱਲ ਨਹੀਂ, ਕਿਸੇ ਨੇ ਪਸੰਦ ਨਹੀਂ ਕਰਨੇ ਪਰ ਉਹ ਗਾਉਂਦੇ ਨੇ, ਭਰਮ 'ਚ ਆਉਂਦੇ ਨੇ, ਉਪਰੋਂ ਹੱਸਦੇ ਨੇ, ਪਰ ਅੰਦਰੋਂ ਪਛਤਾਉਂਦੇ ਨੇ।

ਇੱਕ ਗਾਇਕ ਨੂੰ ਦੂਜੇ ਗਾਇਕ ਨੇ ਕਿਹਾ ਸੀ ਕਿ ਕੈਸਿਟ 'ਤੇ ਵੀਹ-ਪੱਚੀ ਲੱਖ ਲੱਗਣਾ ਆਮ ਜਿਹਾ ਹੋ ਗਿਐ, ਤੂੰ ਨਵੀਂ ਕੈਸਿਟ ਕਦੋਂ ਕਰ ਰਿਹੈਂ?' ਤਾਂ ਦੂਜੇ ਨੇ ਜਵਾਬ ਦਿੱਤਾ ਸੀ, 'ਜਦੋਂ ਮੇਰੇ ਕੋਲ ਵੀਹ-ਪੱਚੀ ਲੱਖ ਹੋਇਆ, ਫੇਰ ਮੈਂ ਕੈਸਿਟ ਕਰਕੇ ਕੀ ਵੜੇਵੇਂ ਲੈਣੇ ਨੇ, ਕੋਈ ਕੰਮ ਨਾ ਕਰ ਲਊਂ।'

ਸੋ ਹਰ ਇੱਕ ਦੀ ਸੋਚਣੀ ਵੱਖੋ-ਵੱਖਰੀ ਏ, ਕੰਮ ਦਾ ਅੰਦਾਜ਼ ਵੱਖੋ ਵੱਖਰਾ ਏ। ਪੰਜਾਬੀ ਗਾਇਕੀ ਦਾ ਭੇਡਚਾਲ ਨਾਲ ਪੁਰਾਣਾ ਰਿਸ਼ਤਾ ਏ। ਕਿਸੇ ਵੇਲ਼ੇ ਪੰਜਾਬ ਦੇ ਸਾਰੇ ਕਲਾਕਾਰਾਂ ਨੂੰ ਲਾਲ-ਕਮਲ ਦਾ ਸੰਗੀਤ 'ਲੱਕੀ' ਲੱਗਦਾ ਸੀ, ਫੇਰ ਤੇਜਵੰਤ ਕਿੱਟੂ ਦਾ ਲੱਗਣ ਲੱਗਾ, ਫੇਰ ਸੁੱਖਪਾਲ ਸੁੱਖ ਦੀ ਵਾਰੀ ਆਈ ਤੇ ਹੁਣ ਅਮਨ ਹੇਅਰ ਦਾ ਲੱਗਣ ਲੱਗੈ। ਇੱਕ ਨੂੰ ਮਿਲੀ ਕਾਮਯਾਬੀ ਕਈਆਂ ਨੂੰ ਰੀਸੋ ਰੀਸ ਡੋਬਦੀ ਏ। ਪੂਜਾ ਨੂੰ ਪੰਜਾਬ ਦੇ ਸਾਰੇ ਕਲਾਕਾਰਾਂ ਨੇ ਰਲ ਕੇ ਕਰੋੜਪਤੀ ਕੀਤਾ ਤੇ ਹੁਣ ਉਨ੍ਹਾਂ ਦੇ ਆਪਣੇ ਪੱਲੇ ਸਿਵਾਏ ਝੋਰੇ ਤੋਂ ਕੱਖ ਨਹੀਂ। ਏਸੇ ਤਰ੍ਹਾਂ ਹੁਣ ਹਨੀ ਸਿੰਘ ਨੂੰ ਅਮੀਰ ਕੀਤਾ ਜਾ ਰਿਹੈ। ਕੱਲ੍ਹ ਨੂੰ ਕੋਈ ਅਜਿਹਾ ਸੰਗੀਤਕਾਰ, ਗਾਇਕ ਜਾਂ ਗਾਇਕਾ ਉਠੇਗੀ, ਜਿਹੜਾ ਇਕਦਮ ਅੱਗੇ ਆਵੇਗਾ ਤੇ ਸਾਰੀਆਂ 'ਮਹਾਨ ਹਸਤੀਆਂ' ਉਸ ਦੇ ਗੋਡੇ ਜਾ ਫੜਨਗੀਆਂ। ਦੋ-ਚਾਰ ਕਾਮਯਾਬੀਆਂ ਤੋਂ ਬਾਅਦ ਬਾਕੀ ਸਾਰੇ ਫੇਰ ਧੜੱਮ ਕਰ ਡਿੱਗਣਗੇ ਤੇ ਉਹ ਕਿਸੇ ਨਵੇਂ ਦਾ ਪੱਲਾ ਫੜਨ ਦੀਆਂ ਤਰਕੀਬਾਂ ਬਣਾਉਣ ਲੱਗਣਗੇ।

ਇਹ ਸਭ ਚੱਲੀ ਜਾਂਦੈ ਤੇ ਚੱਲੀ ਹੀ ਜਾਣੈ, ਜਿਹਾ ਬੀਜਿਆ ਜਾ ਰਿਹੈ, ਵੱਢਣਾ ਵੀ ਉਹੋ ਪੈਣੈ। ਪੈਂਦੀ ਸੱਟੇ ਕਾਮਯਾਬੀ ਮਿਲਣ ਦੀ ਭਾਵੇਂ ਕੋਈ ਗਾਰੰਟੀ ਨਹੀਂ, ਪਰ ਕਾਮਯਾਬੀ ਸਦਾ ਦੂਰ ਵੀ ਨਹੀਂ ਰਹਿੰਦੀ। 'ਜੁਗਾੜ' ਲਈ ਗਾਏ ਜਾਂਦੇ ਗੀਤ ਕਲਾਕਾਰਾਂ ਦਾ ਬੇੜਾ ਬੰਨੇ ਲਾਉਣਗੇ, ਇਸ ਗੱਲ ਦੀ ਭੋਰਾ ਵੀ ਉਮੀਦ ਨਹੀਂ। ਮੰਨਿਆ ਕਿ ਪੰਜਾਬੀ ਗਾਇਕੀ ਵਿਚ 'ਤੁੱਕਾ' ਸਿਸਟਮ ਭਾਰੂ ਹੋ ਚੁੱਕੈ ਪਰ ਤੁੱਕਾ ਵੀ ਤਾਂਹੀਓਂ ਲੱਗਦੈ, ਜੇ ਗੀਤ-ਸੰਗੀਤ ਟੁੰਬਣ ਵਾਲਾ ਹੋਵੇ ਤੇ ਜਿਸ ਤਰ੍ਹਾਂ ਦਾ ਖੇਹ-ਸੁਆਹ ਅੱਜ ਪੇਸ਼ ਕੀਤਾ ਜਾ ਰਿਹੈ, ਉਸ ਨਾਲ ਕਲਾਕਾਰਾਂ ਦੀਆਂ ਜ਼ਮੀਨਾਂ ਹੀ ਵਿਕ ਸਕਦੀਆਂ ਨੇ, ਕੈਸਿਟਾਂ ਨਹੀਂ।

## ਚੱਲਦੇ-ਚੱਲਦੇ




ਪਿਛਲੇ ਦਿਨੀਂ ਕੈਨੇਡਾ ਵਿਚ ਇੱਕ ਸਟੇਜ ਸ਼ੋਅ ਮੌਕੇ ਮਿਸ ਪੂਜਾ ਤੇ ਰੌਸ਼ਨ ਪ੍ਰਿੰਸ ਦੀ ਹੋਈ 'ਤੂੰ-ਤੂੰ, ਮੈਂ-ਮੈਂ' ਨੇ ਕਈ ਸਵਾਲ ਖੜ੍ਹੇ ਕਰ ਛੱਡੇ ਨੇ। ਸ਼ੋਅ ਚੱਲ ਰਿਹਾ ਹੋਵੇ, ਕਲਾਕਾਰ ਗਾ ਰਿਹਾ ਹੋਵੇ ਤੇ ਕਿਸੇ ਹੋਰ ਕਲਾਕਾਰ ਦੇ ਸਟੇਜ 'ਤੇ ਆਉਣ ਮੌਕੇ ਪਹਿਲਾ ਭੁੱਖੇ ਬਘਿਆੜ ਵਾਂਗ ਮਾਈਕ ਵਿਚੋਂ ਵੀ ਅਵਾ-ਤਵਾ ਬੋਲਣ ਲੱਗ ਜਾਵੇ, ਇਹ ਗੱਲ ਸ਼ੋਭਦੀ ਨਹੀਂ।

ਖ਼ੈਰ, ਹੋਇਆ ਇਸ ਤਰ੍ਹਾਂ ਕਿ ਮਿਸ ਪੂਜਾ ਸਟੇਜ 'ਤੇ ਪ੍ਰੋਗਰਾਮ ਪੇਸ਼ ਕਰ ਰਹੀ ਸੀ ਤੇ ਜਦੋਂ ਰੌਸ਼ਨ ਸਟੇਜ 'ਤੇ ਆਇਆ ਤਾਂ ਉਹ ਭੜਕ ਉਠੀ। ਮਾਈਕ ਵਿਚੋਂ ਹੀ ਬੋਲੀ, 'ਮੇਰੀ ਸਟੇਜ 'ਤੇ ਆਉਣ ਦਾ ਥੋਡਾ ਕੀ ਕੰਮ...ਮੈਂ ਥੋਡੀ ਇੱਜ਼ਤ ਕਰਦੀ ਹਾਂ, ਪਰ ਇਹਦਾ ਮਤਲਬ ਇਹ ਨਹੀਂ ਕਿ ਜਦੋਂ ਮਰਜ਼ੀ ਸਟੇਜ 'ਤੇ ਆ ਜਾਵੋ।'

ਰੌਸ਼ਨ ਦੇ ਹੱਥ ਵਿਚ ਵੀ ਮਾਈਕ ਸੀ ਤੇ ਉਹ ਵੀ ਪੈ ਤੁਰਿਆ। ਕਹਿੰਦਾ, 'ਮੈਨੂੰ ਰੋਮੀ ਟਾਹਲੀ ਨੇ ਭੇਜਿਐ, ਏਥੇ ਆਉਣ ਦਾ ਸ਼ੌਂਕ ਨਹੀਂ ਸੀ...।' ਦੋਹਾਂ ਦੇ ਲੜਨ ਦਾ ਅੰਦਾਜ਼ ਇਉਂ ਸੀ ਜਿਵੇਂ ਬੀਅਰ ਬਾਰ ਵਿਚ ਕਿਸੇ ਗੱਲੋਂ ਸ਼ਰਾਬੀ ਲੜ ਪੈਣ, ਗਲਮਾ ਵੀ ਨਾ ਫੜਨ ਪਰ ਇੱਕ-ਦੂਜੇ ਵੱਲ ਉਂਗਲ ਕਰ-ਕਰ ਕਹਿ ਰਹੇ ਹੋਣ ਕਿ ਦੇਖ ਲਊਂ ਤੈਨੂੰ ਕਿਸੇ ਦਿਨ।

ਜਦੋਂ ਇਹ ਸਾਰਾ ਵਾਕਿਆ 'ਯੂ ਟਿਊਬ' 'ਤੇ ਚੜ੍ਹ ਗਿਆ ਤਾਂ ਪੂਜਾ ਦੀ ਮਿੱਟੀ ਰੌਸ਼ਨ ਨਾਲੋਂ ਜ਼ਿਆਦਾ ਪੱਟੀ ਗਈ। ਲੋਕਾਂ ਏਨੀਆਂ ਗਾਲ੍ਹਾਂ ਲਿਖੀਆਂ ਕਿ ਪੜ੍ਹਨ ਲੱਗਿਆਂ ਸ਼ਰਮ ਜਿਹੀ ਆਉਣ ਲੱਗਦੀ ਏ। ਕੋਈ ਕਹਿ ਰਿਹੈ ਕਿ ਪੂਜਾ 'ਫ਼ਲਾਪ' ਹੋਣ ਕਰਕੇ ਚਿੜਚਿੜੀ ਹੋ ਗਈ ਏ ਤੇ ਕੋਈ ਕਹਿ ਰਿਹੈ, ਇਹਨੂੰ ਬੋਲਣ ਦੀ ਅਕਲ ਸ਼ੁਰੂ ਤੋਂ ਹੀ ਨਹੀਂ ਸੀ। ਇਸ ਤੋਂ ਪਹਿਲਾਂ ਦੋਹਾਂ ਦੀ ਇੱਕ ਕੈਸਿਟ 'ਪ੍ਰਿੰਸ ਐਂਡ ਪੂਜਾ ਲਾਈਵ' ਵੀ ਆ ਚੁੱਕੀ ਹੈ ਤੇ ਵੱਖ-ਵੱਖ ਥਾਂਈਂ ਦੋਵੇਂ 'ਕੱਠੇ ਪ੍ਰੋਗਰਾਮ ਵੀ ਕਰਨ ਜਾਂਦੇ ਨੇ।

ਕਈ ਲੋਕ ਇਹ ਵੀ ਕਹਿ ਰਹੇ ਨੇ ਕਿ ਇਹ ਸਾਰਾ ਪਬਲੀਸਿਟੀ ਸਟੰਟ ਸੀ। ਪਰ ਜੇ ਇਹ ਪਬਲੀਸਿਟੀ ਸਟੰਟ ਸੀ ਤਾਂ ਏਨੇ ਹਲਕੇ ਪੱਧਰ ਦਾ ਸੀ ਕਿ ਮੁਫ਼ਤ ਵਿਚ ਹੀ ਦੋਹਾਂ ਦੀ ਮਿੱਟੀ ਪੱਟੀ ਗਈ। ਸਟੰਟ ਅਜਿਹਾ ਹੋਣਾ ਚਾਹੀਦੈ, ਜੀਹਦੀ ਖ਼ਬਰ ਬਣ ਸਕੇ, ਨਾ ਕਿ ਧੀਆਂ-ਭੈਣਾਂ ਦੀਆਂ ਗਾਲ੍ਹਾਂ ਬਣਨ।

## ਜੋਤਿਸ਼ ਵਿਗਿਆਨ

# ਕੀ ਹੈ ਜੋਤਿਸ਼ ਦਾ ਸੱਚ?

ਪੰਕਜ ਗੋਗਨਾ ਵੈਨਕੂਵਰ*

ਪਿਛਲੇ ਲੇਖ ਵਿਚ ਮੈਂ ਕੁੰਡਲੀ ਵਿਚ ਮੰਗਲੀਕ ਦੋਸ਼ ਅਤੇ ਕਾਲ ਸਰਪ ਦੋਸ਼ ਬਾਰੇ ਦੱਸਿਆ ਸੀ। ਮੰਗਲੀਕ ਦੋਸ਼ ਕੀ ਹੈ ਤੇ ਬੰਦੇ ਦੀ ਕੁੰਡਲੀ ਵਿਚ ਜੇ ਹੋਵੇ ਤਾਂ ਇਸ ਦਾ ਉਸ ਉਪਰ ਕੀ ਅਸਰ ਪੈਂਦਾ ਹੈ? ਜਨਮ ਕੁੰਡਲੀ ਵਿਚ ਬਾਰਾਂ ਘਰ ਹੁੰਦੇ ਹਨ। ਇਨ੍ਹਾਂ ਬਾਰਾਂ ਘਰਾਂ ਵਿਚ ਹੀ ਮਨੁੱਖ ਦੀ ਪੂਰੀ ਜ਼ਿੰਦਗੀ ਦਾ ਲੇਖਾ-ਜੋਖਾ ਹੈ। ਇਨ੍ਹਾਂ ਤੋਂ ਹੀ ਮਨੁੱਖ ਦੀ ਜ਼ਿੰਦਗੀ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਅੰਦਾਜ਼ਾ ਲਾਇਆ ਜਾਂਦਾ ਹੈ ਪਰ ਇਸ ਦਾ ਅੰਦਾਜ਼ਾ ਸਿਰਫ਼ ਉਹ ਬੰਦਾ ਹੀ ਲਾ ਸਕਦਾ ਹੈ ਜਿਸ ਨੂੰ ਇਨ੍ਹਾਂ ਘਰਾਂ ਬਾਰੇ ਅਤੇ ਇਨ੍ਹਾਂ ਦੇ ਬਾਕੀ ਗ੍ਰਹਿਆਂ ਨਾਲ ਸਬੰਧਾਂ ਦੀ ਪੂਰੀ ਜਾਣਕਾਰੀ ਹੋਵੇ।

ਕੁੰਡਲੀ ਦੇ ਪਹਿਲੇ ਘਰ ਨੂੰ ਲਗਨ ਆਖਿਆ ਜਾਂਦਾ ਹੈ। ਜਨਮ ਕੁੰਡਲੀ ਵਿਚ ਜਿੱਥੇ ਇਕ ਨੰਬਰ ਲਿਖਿਆ ਹੁੰਦਾ ਹੈ, ਉਸ ਖਾਨੇ ਨੂੰ ਪਹਿਲਾ ਘਰ ਜਾਂ ਲਗਨ ਨਹੀਂ ਸਮਝਣਾ ਚਾਹੀਦਾ। ਅਸਲ ਵਿਚ ਜਿਹੜੇ ਨੰਬਰ ਹੁੰਦੇ ਹਨ, ਉਹ ਅਸਲ ਵਿਚ ਰਾਸ਼ੀਆਂ ਹੁੰਦੀਆਂ ਹਨ। ਸਭ ਤੋਂ ਉਪਰ ਵਾਲੇ ਖਾਨੇ ਨੂੰ ਹੀ ਪਹਿਲਾ ਘਰ ਜਾਂ ਲਗਨ ਕਿਹਾ ਜਾਂਦਾ ਹੈ। ਜੇਕਰ ਉਸ ਖਾਨੇ ਜਾਂ ਲਗਨ ਵਿਚ ਸੱਤ ਨੰਬਰ ਲਿਖਿਆ ਹੋਇਆ ਹੈ ਤਾਂ ਇਸ ਦਾ ਮਤਲਬ ਉਸ ਬੰਦੇ ਦਾ ਤੁਲਾ ਲਗਨ ਹੈ। ਇਸ ਤਰ੍ਹਾਂ ਹਰ ਕੋਈ ਹੁਣ ਆਪਣੀ ਜਨਮ ਕੁੰਡਲੀ ਵੇਖ ਕੇ ਆਪਣਾ ਲਗਨ ਕੱਢ ਸਕਦਾ ਹੈ।

ਜੇਕਰ ਮੰਗਲ, ਮਨੁੱਖ ਦੀ ਕੁੰਡਲੀ ਵਿਚ ਪਹਿਲੇ, ਚੌਥੇ, ਸੱਤਵੇਂ, ਅੱਠਵੇਂ ਜਾਂ ਬਾਰ੍ਹਵੇਂ ਘਰ ਵਿਚ ਹੋਵੇ ਤਾਂ ਉਸ ਨੂੰ ਮੰਗਲੀਕ ਦੋਸ਼ ਦਾ ਕਿਹਾ ਜਾਂਦਾ ਹੈ। ਆਮ ਤੌਰ 'ਤੇ ਝੋਲਾ-ਛਾਪ ਜੋਤਿਸ਼ੀ ਜਦੋਂ ਕਿਸੇ ਦੀ ਜਨਮ ਕੁੰਡਲੀ ਦੇਖਦਾ ਹੈ ਤਾਂ ਮੰਗਲੀਕ ਦੋਸ਼ ਦਾ ਹਵਾਲਾ ਦੇ ਕੇ ਉਸ ਨੂੰ ਡਰਾ ਦਿੰਦਾ ਹੈ ਜਾਂ ਵਹਿਮ ਵਿਚ ਪਾ ਦਿੰਦਾ ਹੈ ਕਿ ਤੁਹਾਡੀ ਕੁੰਡਲੀ ਵਿਚ ਤਾਂ ਮੰਗਲੀਕ ਦੋਸ਼ ਹੈ। ਪਤਨੀ ਨਾਲ ਤੁਹਾਡੀ ਨਹੀਂ ਬਣਨੀ ਜਾਂ ਹਮੇਸ਼ਾ ਲੜਾਈ-ਝਗੜਾ ਅਤੇ ਘਰ ਕਲੇਸ਼ ਰਹਿਣਾ ਹੈ ਜਾਂ ਫਿਰ ਤੁਹਾਡੇ ਦੋਵਾਂ ਵਿਚ ਕਿਸੇ ਨਾ ਕਿਸੇ ਨੇ ਬੀਮਾਰ ਰਹਿਣਾ ਹੈ, ਤੁਹਾਡਾ ਤਲਾਕ ਵੀ ਹੋ ਸਕਦਾ ਹੈ। ਤੁਹਾਨੂੰ ਮੰਗਲ ਗ੍ਰਹਿ ਦੀ ਸ਼ਾਂਤੀ ਲਈ ਪੂਜਾ ਕਰਵਾਉਣ ਦੀ ਲੋੜ ਹੈ, ਪੂਜਾ ਕਰਨ ਦੇ ਇੰਨੇ ਡਾਲਰ ਲੱਗਣਗੇ। ਵਿਚਾਰਾ ਡਰਿਆ-ਸਹਿਮਿਆ ਬੰਦਾ ਇਸ ਗੱਲੋਂ ਡਰ ਜਾਂਦਾ ਹੈ ਕਿ ਉਸ ਦੀ ਜਾਂ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਵਿਚ ਕਦੇ ਕੋਈ ਮੁਸੀਬਤ ਨਾ ਆਵੇ, ਇਸ ਲਈ ਉਸ ਧੋਖੇਬਾਜ਼ ਜੋਤਿਸ਼ੀ ਨੂੰ ਮੰਗਲ ਸ਼ਾਂਤੀ ਲਈ ਪੂਜਾ ਦੇ ਨਾਂ 'ਤੇ ਮੋਟੀ ਰਕਮ ਦੇਣ ਲਈ ਤਿਆਰ ਹੋ ਜਾਂਦੇ ਹਨ।

ਅਸਲ ਵਿਚ ਮੰਗਲੀਕ ਦੋਸ਼ ਮਨੁੱਖ ਨੂੰ ਕੋਈ ਜ਼ਿਆਦਾ ਨੁਕਸਾਨ ਨਹੀਂ ਪਹੁੰਚਾਉਂਦਾ। ਜੇਕਰ ਕਿਸੇ ਮਨੁੱਖ ਦੀ ਉਮਰ ਅਠਾਈ ਸਾਲ ਲੰਘ ਗਈ ਹੈ ਤਾਂ ਉਸ ਦਾ ਮੰਗਲੀਕ ਦੋਸ਼ ਆਪਣੇ-ਆਪ ਹੀ ਖ਼ਤਮ ਹੋ ਜਾਂਦਾ ਹੈ। ਜੇਕਰ ਕੋਈ ਮਾਂ-ਬਾਪ ਆਪਣੇ ਧੀ ਜਾਂ ਪੁੱਤ ਦਾ ਵਿਆਹ ਕਰਨਾ ਚਾਹੁੰਦਾ ਹੈ ਅਤੇ ਉਸ ਦੀ ਧੀ ਜਾਂ ਪੁੱਤ ਦੀ ਜਨਮ ਕੁੰਡਲੀ ਵਿਚ ਮੰਗਲੀਕ ਦੋਸ਼ ਹੈ ਤਾਂ ਜੋਤਿਸ਼ ਵਿਗਿਆਨ ਵਿਚ ਕਈ ਤਰੀਕੇ ਹੁੰਦੇ ਹਨ, ਜਿਸ ਨਾਲ ਉਸ ਬੱਚੇ ਦੀ ਕੁੰਡਲੀ ਵਿਚ ਮੰਗਲੀਕ ਦੋਸ਼ ਕਰਕੇ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ। ਜੇਕਰ ਉਸ ਲੜਕੇ ਜਾਂ ਲੜਕੀ ਨਾਲ ਵਿਆਹ ਕਰਵਾ ਰਹੇ ਦੂਸਰੇ ਸ਼ਖ਼ਸ ਦੀ ਕੁੰਡਲੀ ਵਿਚ ਵੀ ਮੰਗਲੀਕ ਦੋਸ਼ ਬਿਰਾਜਮਾਨ ਹੈ ਤਾਂ ਵੀ ਮੰਗਲੀਕ ਦੋਸ਼ ਆਪਣੇ-ਆਪ ਖ਼ਤਮ ਹੋ ਜਾਂਦਾ ਹੈ। ਜੇਕਰ ਕੁੰਡਲੀ ਵਿਚ ਸ਼ਨੀ, ਸ਼ੁੱਕਰ, ਗੁਰੂ ਜਾਂ ਚੰਦਰਮਾ, ਮੰਗਲ ਨਾਲ ਸਥਿਤ ਹੋਣ ਅਤੇ ਬੇਸ਼ਕ ਉਸ ਬੰਦੇ ਦੀ ਕੁੰਡਲੀ ਵਿਚ ਮੰਗਲ 1, 4, 7, 8, 12 ਘਰ ਵਿਚ ਹੋਵੇ ਤਾਂ ਵੀ ਅਪਣੇ-ਆਪ ਮੰਗਲ ਦੋਸ਼ ਖਤਮ ਹੋ ਜਾਂਦਾ ਹੈ।

ਜੇਕਰ ਕਿਸੇ ਮੰਗਲੀਕ ਮੁੰਡੇ ਜਾਂ ਕੁੜੀ ਨਾਲ ਵਿਆਹ ਕਰਵਾ ਰਹੇ ਦੂਸਰੇ ਮੁੰਡੇ ਜਾਂ ਕੁੜੀ ਦੀ ਕੁੰਡਲੀ ਵਿਚ ਉਸੇ ਘਰ ਵਿਚ ਸ਼ਨੀ, ਸ਼ੁੱਕਰ, ਗੁਰੂ ਜਾਂ ਚੰਦਰਮਾ ਬਿਰਾਜਮਾਨ ਹੋਵੇ, ਜਿਸ ਵਿਚ ਪਹਿਲੇ ਕੁੜੀ ਜਾਂ ਮੁੰਡੇ ਦੀ ਕੁੰਡਲੀ ਵਿਚ ਮੰਗਲ ਹੈ ਤਾਂ ਵੀ ਮੰਗਲੀਕ ਦੋਸ਼ ਆਪਣੇ-ਆਪ ਖ਼ਤਮ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਹੋਰ ਵੀ ਕਈ ਤਰੀਕੇ ਹਨ ਜੋ ਮੰਗਲੀਕ ਦੋਸ਼ ਨੂੰ ਆਪਣੇ-ਆਪ ਖ਼ਤਮ ਕਰਦੇ ਹਨ। ਇਸ ਲਈ ਜੇਕਰ ਕੋਈ ਜੋਤਿਸ਼ੀ ਤੁਹਾਡੇ ਕੋਲ ਮੰਗਲੀਕ ਦੋਸ਼ ਦਾ ਹਵਾਲਾ ਦੇ ਕੇ ਪੈਸਿਆਂ ਦੀ ਮੰਗ ਕਰਦਾ ਹੈ ਕਿ ਉਹ ਪੂਜਾ ਕਰਵਾ ਕੇ ਮੰਗਲ ਦੋਸ਼ ਖਤਮ ਕਰ ਦੇਵੇਗਾ ਤਾਂ ਇਹ ਸਿਰਫ਼ ਉਸ ਦਾ ਢੋਂਗ ਜਾਂ ਲਾਲਚ ਹੈ।

ਹੁਣ ਕਾਲ ਸਰਪ ਦੋਸ਼ ਬਾਰੇ ਗੱਲ ਕਰਦੇ ਹਾਂ। ਕਾਲ ਸਰਪ ਦੋਸ਼ ਕੀ ਹੈ? ਜਨਮ ਕੁੰਡਲੀ ਵਿਚ ਕਾਲ ਸਰਪ ਦੋਸ਼ ਹੈ ਜਾਂ ਨਹੀਂ, ਇਸ ਦੀ ਪਛਾਣ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ? ਕਾਲ ਸਰਪ ਦੋਸ਼ ਦਾ ਸਿੱਧਾ ਸਬੰਧ ਰਾਹੂ ਅਤੇ ਕੇਤੂ ਗ੍ਰਹਿਆਂ ਨਾਲ ਹੈ। ਜੋਤਿਸ਼ੀਆਂ ਅਨੁਸਾਰ ਜਦੋਂ ਬਾਕੀ ਸਾਰੇ ਗ੍ਰਹਿ ਜਨਮ ਕੁੰਡਲੀ ਵਿਚ ਰਾਹੂ ਅਤੇ ਕੇਤੂ ਦੇ ਵਿਚਕਾਰ ਆ ਜਾਂਦੇ ਹਨ ਤਾਂ ਉਨ੍ਹਾਂ ਬਾਕੀ ਗ੍ਰਹਿਆਂ ਦੀ ਤਾਕਤ ਘੱਟ ਜਾਂਦੀ ਹੈ ਅਤੇ ਉਸ ਬੰਦੇ ਦੀ ਜ਼ਿੰਦਗੀ ਦੀ ਤਰੱਕੀ ਰੁਕ ਜਾਂਦੀ ਹੈ। ਉਹ ਜਿਹੜੇ ਕੰਮ ਨੂੰ ਵੀ ਹੱਥ ਪਾਉਂਦਾ ਹੈ, ਉਸ ਵਿਚ ਅਸਫ਼ਲਤਾ ਹੀ ਮਿਲਦੀ ਹੈ ਅਤੇ ਪੂਰੀ ਜ਼ਿੰਦਗੀ ਫ਼ਿਕਰ, ਪ੍ਰੇਸ਼ਾਨੀ, ਦੁੱਖ, ਗਰੀਬੀ ਅਤੇ ਨਾਕਾਮੀ ਵਿਚ ਗੁਜ਼ਰਦੀ ਹੈ।

ਇਸ ਨੂੰ ਠੀਕ ਕਰਨ ਲਈ ਵੀ ਆਮ ਤੌਰ 'ਤੇ ਜੋਤਿਸ਼ੀ ਕਾਲ ਸਰਪ ਦੋਸ਼ ਦੀ ਪੂਜਾ ਕਰਵਾਉਣ ਦੇ ਨਾਂ 'ਤੇ ਮੋਟੀ ਰਕਮ ਦੀ ਮੰਗ ਕਰਦੇ ਹਨ। ਹੁਣ ਮੈਂ ਤੁਹਾਨੂੰ ਕਾਲ ਸਰਪ ਦੋਸ਼ ਦੀ ਅਸਲੀਅਤ ਅਤੇ ਇਸ ਤੋਂ ਮੁਕਤ ਹੋਣ ਬਾਰੇ ਦੱਸਦਾ ਹਾਂ। ਇਹ ਗੱਲ ਸੱਚ ਹੈ ਕਿ ਜਦੋਂ ਬਾਕੀ ਸਾਰੇ ਗ੍ਰਹਿ ਰਾਹੂ ਅਤੇ ਕੇਤੂ ਦੇ ਵਿਚਕਾਰ ਆ ਜਾਂਦੇ ਹਨ ਤਾਂ ਕਾਲ ਸਰਪ ਦੋਸ਼ ਹੁੰਦਾ ਹੈ ਪਰ ਇਹ ਕਾਲ ਸਰਪ ਦੋਸ਼ ਇੰਨਾ ਜ਼ਿਆਦਾ ਖਤਰਨਾਕ ਜਾਂ ਮਾੜਾ ਨਹੀਂ ਹੁੰਦਾ, ਜਿੰਨਾ ਇਸ ਦਾ ਹਊਆ ਲੋਕਾਂ ਵਿਚ ਜੋਤਿਸ਼ੀਆਂ ਨੇ ਬਣਾਇਆ ਹੋਇਆ ਹੈ।

ਮਨੁੱਖ ਦੀ ਜਨਮ ਕੁੰਡਲੀ ਵਿਚ ਇਹ ਕਦੇ ਵੀ ਇੰਨਾ ਜ਼ਿਆਦਾ ਨੁਕਸਾਨ ਨਹੀਂ ਕਰਦੇ, ਜਿੰਨਾ ਜ਼ਿਆਦਾ ਠੱਗ ਜੋਤਿਸ਼ੀ ਇਸ ਦਾ ਨਾਂ ਲੈ ਕੇ ਲੋਕਾਂ ਨੂੰ ਡਰਾਉਂਦੇ ਹਨ। ਇਸ ਕਰਕੇ ਕਾਲ ਸਰਪ ਦੋਸ਼ ਦਾ ਨਾਂ ਸੁਣ ਕੇ, ਕਦੇ ਵੀ ਵਹਿਮ ਵਿਚ ਨਾ ਪਵੋ ਅਤੇ ਜੇਕਰ ਤੁਹਾਡੀ ਕੁੰਡਲੀ ਵਿਚ ਸਾਰੇ ਗ੍ਰਹਿ ਰਾਹੂ ਅਤੇ ਕੇਤੂ ਵਿਚਕਾਰ ਆ ਗਏ ਹਨ ਤਾਂ ਕਦੇ ਵੀ ਕਿਸੇ ਨੂੰ ਇਸ ਦੀ ਪੂਜਾ ਕਰਵਾਉਣ ਦੇ ਨਾਂ 'ਤੇ ਇਕ ਡਾਲਰ ਵੀ ਨਾ ਦਿਉ। ਇਸ ਦਾ ਬੜਾ ਸਿੱਧਾ ਅਤੇ ਸੌਖਾ ਹੱਲ ਹੈ ਕਿ ਸ਼ਿਵਲਿੰਗ 'ਤੇ ਹਰ ਸੋਮਵਾਰ ਨੂੰ ਕੱਚੀ ਲੱਸੀ ਚੜ੍ਹਾਓ ਅਤੇ 'ਓਮ ਨਮੋ ਸ਼ਿਵਾਏ' ਦਾ ਲਗਾਤਾਰ ਜਾਪ ਕਰੋ। ਇਸ ਤਰ੍ਹਾਂ ਕੁੰਡਲੀ ਵਿਚ ਜੇ ਕਾਲ ਸਰਪ ਦੋਸ਼ ਹੈ ਤਾਂ ਉਸ ਤੋਂ ਹੋਣ ਵਾਲੇ ਥੋੜ੍ਹੇ-ਬਹੁਤ ਨੁਕਸਾਨ ਤੋਂ ਬੜੀ ਆਸਾਨੀ ਨਾਲ ਮੁਕਤੀ ਮਿਲ ਜਾਵੇਗੀ।

ਅਸਲ ਵਿਚ ਕੁੰਡਲੀ ਵਿਚ ਨੌਂ ਗ੍ਰਹਿ ਅਤੇ ਬਾਰਾਂ ਘਰ ਹੁੰਦੇ ਹਨ। ਇਨ੍ਹਾਂ ਦਾ ਆਪਸ ਵਿਚ ਸਬੰਧ ਅਤੇ ਰਾਸ਼ੀਆਂ ਦਾ ਘਰਾਂ ਤੇ ਗ੍ਰਹਿਆਂ ਨਾਲ ਸਬੰਧ ਹੀ ਜੋਤਿਸ਼ ਕਹਾਉਂਦਾ ਹੈ। ਹਰ ਗ੍ਰਹਿ ਕਿਸੇ ਨਾ ਕਿਸੇ ਰਾਸ਼ੀ ਨਾਲ ਸਬੰਧਤ ਹੈ ਜਿਵੇਂ ਮੇਖ ਰਾਸ਼ੀ ਅਤੇ ਬ੍ਰਿਸ਼ਚਿਕ ਰਾਸ਼ੀ ਦਾ ਸਬੰਧ ਮੰਗਲ ਗ੍ਰਹਿ ਨਾਲ ਹੈ। ਬ੍ਰਿਖ ਅਤੇ ਤੁਲਾ ਦਾ ਸਵਾਮੀ ਸ਼ੁੱਕਰ ਹੈ। ਮਿਥੁਨ ਅਤੇ ਕੰਨਿਆ ਦਾ ਸਵਾਮੀ ਬੁੱਧ ਹੈ। ਕਰਕ ਰਾਸ਼ੀ ਦਾ ਸਵਾਮੀ ਚੰਦਰਮਾ ਅਤੇ ਸਿੰਘ ਦਾ ਸਵਾਮੀ ਸੂਰਜ ਹੈ। ਧਨ ਅਤੇ ਮੀਨ ਰਾਸ਼ੀ ਦਾ ਸਵਾਮੀ ਗੁਰੂ ਅਤੇ ਮਕਰ ਤੇ ਕੁੰਭ ਰਾਸ਼ੀ ਦਾ ਸਵਾਮੀ ਸ਼ਨੀ ਹੈ।

*ਫ਼ੋਨ: 604-961-6635

# ਪੰਜਾਬੀ ਫ਼ਿਲਮਾਂ ਨਾਲ ਕਮੇਡੀ ਦਾ ਰਿਸ਼ਤਾ

ਸਫਲ ਫਿਲਮ ਲਈ ਜਿਸ ਤਰ੍ਹਾਂ ਗੀਤ-ਸੰਗੀਤ, ਮਸਾਲੇਦਾਰ ਕਹਾਣੀ, ਡਾਇਲਾਗ ਤੇ ਜ਼ਬਰਦਸਤ ਐਕਸ਼ਨ ਦੀ ਜ਼ਰੂਰਤ ਹੁੰਦੀ ਹੈ, ਉਸੇ ਤਰ੍ਹਾਂ ਦਰਸ਼ਕਾਂ ਨੂੰ ਹਸਾਉਣ ਲਈ ਫਿਲਮ ਵਿਚ ਕਾਮੇਡੀ ਕਲਾਕਾਰਾਂ ਦਾ ਵੀ ਹੋਣਾ ਬਹੁਤ ਜ਼ਰੂਰੀ ਹੈ। ਆਪਣੇ ਜ਼ਮਾਨੇ ਦੀਆਂ ਬਹੁਚਰਚਿਤ ਫਿਲਮਾਂ ਚਾਹੇ ਉਹ 'ਸ਼ੋਅਲੇ' ਹੋਵੇ ਜਾਂ 'ਹਮ ਆਪ ਕੇ ਹੈਂ ਕੌਣ', ਇਨ੍ਹਾਂ ਵਿਚ ਕਾਮੇਡੀਅਨਾਂ ਦਾ ਅਹਿਮ ਯੋਗਦਾਨ ਰਿਹਾ ਹੈ। ਅੱਜ ਤਕ ਕਿਸੇ ਵੀ ਭਾਸ਼ਾ ਦੀ ਕੋਈ ਐਸੀ ਫਿਲਮ ਨਹੀਂ ਬਣੀ ਜਿਸ ਵਿਚ ਦਰਸ਼ਕਾਂ ਨੂੰ ਹਸਾਉਣ ਲਈ ਕਾਮੇਡੀ ਮਸਾਲਾ ਨਾ ਹੋਵੇ।



ਜੇ ਪੰਜਾਬੀ ਫਿਲਮਾਂ ਦੇ ਕਾਮੇਡੀ ਦੌਰ ਤੇ ਕਾਮੇਡੀਅਨਾਂ ਦੀ ਅਹਿਮੀਅਤ, ਮਾਣ-ਸਤਿਕਾਰ ਨੂੰ ਜਾਣੀਏ ਤਾਂ ਮੁੱਢ ਕਦੀਮੋਂ ਹੀ ਕਾਮੇਡੀ ਇਨ੍ਹਾਂ ਫਿਲਮਾਂ ਦਾ ਅਹਿਮ ਹਿੱਸਾ ਰਹੀ ਹੈ। ਤਕਰੀਬਨ 1928 ਤੋਂ ਪੰਜਾਬੀ ਫਿਲਮਾਂ ਬਣਨ ਲੱਗੀਆਂ। ਉਸ ਸਮੇਂ ਮੁੰਬਈ ਦੀ ਥਾਂ ਲਾਹੌਰ ਮੁੱਖ ਧੁਰਾ ਹੁੰਦਾ ਸੀ। ਬਹੁਤੀਆਂ ਪੰਜਾਬੀ ਫਿਲਮਾਂ ਦੀ ਭਾਸ਼ਾ, ਕਹਾਣੀ, ਪਾਤਰ, ਪਾਕਿਸਤਾਨੀ ਪਿੱਠਭੂਮੀ ਦੇ ਹੁੰਦੇ ਸੀ ਤੇ ਇਨ੍ਹਾਂ ਵਿਚਲੇ ਕਲਾਕਾਰ ਵੀ ਉਥੋਂ ਹੀ ਸਨ ਪਰ ਅੱਜ ਦੇ ਪੰਜਾਬੀ ਸਿਨੇਮੇ ਦੀ ਸ਼ੁਰੂਆਤ ਵੰਡ ਤੋਂ ਬਾਅਦ ਹੋਈ।

ਸ਼ੁਰੂ ਵਿਚ 'ਪਿੰਡ ਦੀ ਕੁੜੀ', 'ਚੌਧਰੀ ਕਰਨੈਲ ਸਿੰਘ', 'ਪਲੇਟਫਾਰਮ', 'ਦੁੱਲਾ-ਭੱਟੀ', 'ਭਾਈਆ ਜੀ', 'ਜੁਗਨੀ', 'ਭੰਗੜਾ', 'ਕੌਡੇ ਸ਼ਾਹ', 'ਨਿੱਕੀ', 'ਮਾਮਾ ਜੀ', 'ਲੱਛੀ', 'ਪੀਂਘਾਂ', 'ਮਦਾਰੀ', 'ਮਾਹੀ ਮੁੰਡਾ', 'ਹੀਰ ਸਿਆਲ', 'ਸੱਤ ਸਾਲੀਆਂ', 'ਕਿੱਕਲੀ', 'ਬੰਤੋ' ਆਦਿ ਪੰਜਾਬੀ ਫਿਲਮਾਂ ਨੇ ਪੰਜਾਬੀ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਨ੍ਹਾਂ ਫਿਲਮਾਂ ਦੀ ਕਾਮੇਡੀ ਪਿੰਡਾਂ ਦੇ ਸਿੱਧੇ-ਸਾਦੇ ਵਿਅਕਤੀ 'ਤੇ ਕੇਂਦ੍ਰਿਤ ਹੋਇਆ ਕਰਦੀ ਸੀ। ਬਹੁਤੇ ਵਿਸ਼ਿਆਂ ਦੀ ਕਾਮੇਡੀ ਸਮਾਜ ਸੁਧਾਰਕ ਹੁੰਦੀ ਸੀ, ਜਿਵੇਂ ਟੁਨਟੁਨ ਵਰਗੀ ਅਦਾਕਾਰਾ ਆਪਣੇ ਮਾੜਚੂ ਜਿਹੇ ਪਤੀ ਨਾਲ 10-12 ਨਿਆਣਿਆਂ 'ਚ ਲੜਾਈ-ਝਗੜਾ ਕਰਦੀ ਕਾਮੇਡੀ ਪੇਸ਼ ਕਰਦੀ ਵਿਖਾਈ ਗਈ ਜਿਸ ਦਾ ਅਰਥ 'ਛੋਟਾ ਪਰਿਵਾਰ-ਸੁਖੀ ਪਰਿਵਾਰ' ਦਾ ਨਾਅਰਾ ਹੁੰਦਾ ਸੀ। ਇਸੇ ਤਰ੍ਹਾਂ ਸੁੰਦਰ, ਖਰੈਤੀ ਭੈਂਗਾ, ਗੋਪਾਲ ਸਹਿਗਲ, ਰਾਜਿੰਦਰ ਨਾਥ ਉਸ ਸਮੇਂ ਦੀਆਂ ਫਿਲਮਾਂ ਦੇ ਮਸ਼ਹੂਰ ਕਾਮੇਡੀ ਕਲਾਕਾਰ ਸਨ। ਉਸ ਸਮੇਂ ਦੀਆਂ ਇਨ੍ਹਾਂ ਫਿਲਮਾਂ ਦੀ ਕਾਮੇਡੀ, ਫਿਲਮ ਦੀ ਕਹਾਣੀ ਦੇ ਨਾਲ-ਨਾਲ ਚਲਦੀ ਸੀ ਤੇ ਸਾਧਾਰਨ ਪੇਂਡੂ ਮਾਹੌਲ ਦੀ ਹਲਕੀ-ਫੁਲਕੀ, ਬਿਨਾ ਲੱਚਰਤਾ, ਬਿਨਾ ਦੋ ਅਰਥੀ ਹੋਇਆ ਕਰਦੀ ਸੀ। ਵੱਧ ਤੋਂ ਵੱਧ ਇਕ ਛੜਾ ਬੰਦਾ ਆਪਣੀ ਵਹੁਟੀ ਦੀ ਝਾਕ 'ਚ ਰੱਬ ਦੀਆਂ ਮਿੰਨਤਾਂ ਕਰਦਾ ਜਾਂ ਵਹੁਟੀ ਦੇ ਸੁਪਨੇ ਲੈਂਦਾ ਵਿਖਾਇਆ ਜਾਂਦਾ।



ਇਸ ਪੱਖੋਂ ਖਰੈਤੀ ਲਾਲ ਦੀ ਕਾਮੇਡੀ ਬੇਹੱਦ ਪਸੰਦ ਕੀਤੀ ਜਾਂਦੀ। ਉਸ ਕੋਲ ਗੱਲ ਕਹਿਣ ਦੀ ਕਲਾ ਤਾਂ ਹੈ ਹੀ ਸੀ ਪਰ ਕੁਦਰਤ ਵੱਲੋਂ ਆਪਣੀਆਂ ਚੰਗੀਆਂ-ਭਲੀਆਂ ਅੱਖਾਂ 'ਚ ਭੈਂਗਾਪਣ ਪਾਉਣ ਦੀ ਕਲਾ 'ਚ ਵੀ ਮੁਹਾਰਤ ਸੀ।

ਇਨ੍ਹਾਂ ਹੀ ਸਮਿਆਂ ਵਿਚ ਕਾਮੇਡੀ ਦਾ ਇਕ ਮੁੰਬਈ ਮਾਰਕਾ ਹੋਰ ਕਲਾਕਾਰ ਆਈ.ਐਸ. ਜੌਹਰ ਵੀ ਪਰਦੇ 'ਤੇ ਨਜ਼ਰ ਆਇਆ ਪਰ ਉਸ ਦੀ ਪਛਾਣ ਧਾਰਮਿਕ ਫਿਲਮ 'ਨਾਨਕ ਨਾਮ ਜਹਾਜ਼ ਹੈ' ਵਿਚਲੇ 'ਸ਼ੂਕੇ' ਦੇ ਕਿਰਦਾਰ ਵਜੋਂ ਹੀ ਬਣ ਸਕੀ। ਪੁਰਾਣੀਆਂ ਫਿਲਮਾਂ ਉਸ ਵੇਲੇ ਦੇ ਅਸਲ ਸਭਿਆਚਾਰ, ਰੀਤੀ-ਰਿਵਾਜ, ਬੋਲਚਾਲ-ਪਹਿਰਾਵੇ ਨੂੰ ਹੂਬਹੂ ਪੇਸ਼ ਕਰਦੀਆਂ ਸਨ। ਭਾਵੇਂ ਇਨ੍ਹਾਂ ਮੁੰਬਈ ਦੇ ਕਲਾਕਾਰਾਂ ਦਾ ਪੰਜਾਬੀ ਬੋਲੀ ਦੇ ਸਹੀ ਉਚਾਰਨ ਪੱਖੋਂ ਹੱਥ ਤੰਗ ਹੀ ਹੁੰਦਾ ਸੀ ਪਰ ਫਿਲਮਾਂ ਸਾਫ-ਸੁਥਰੀਆਂ, ਪਰਿਵਾਰਕ ਤੇ ਸੰਗੀਤਮਈ ਹੁੰਦੀਆਂ ਸਨ।

ਇਸ ਤੋਂ ਅਗਲੇ ਦੌਰ 'ਚ ਪੰਜਾਬੀ ਫਿਲਮਾਂ ਵਿਚਲੀ ਕਾਮੇਡੀ ਦੀ ਝੰਡੀ ਮਿਹਰ ਮਿੱਤਲ ਦੇ ਹੱਥ ਆ ਗਈ। ਪੰਜਾਬੀ ਫਿਲਮਾਂ ਦੇ ਇਸ ਕਾਮੇਡੀਅਨ ਨੇ ਤਕਰੀਬਨ 17-18 ਸਾਲ ਪੰਜਾਬੀ ਸਿਨੇਮਾ 'ਤੇ ਰਾਜ ਕੀਤਾ। ਭਾਵੇਂ ਮਿਹਰ ਮਿੱਤਲ ਦੀ ਮੰਗ ਹਰ ਫਿਲਮ 'ਚ ਹੁੰਦੀ ਸੀ ਪਰ ਬਹੁਤੇ ਲੋਕ ਉਸ ਨੂੰ ਪਰਿਵਾਰਕ ਮਾਹੌਲ 'ਚ ਬੈਠ ਕੇ ਵੇਖਣਾ ਪਸੰਦ ਨਹੀਂ ਸੀ ਕਰਦੇ। ਇਹ ਸਭ ਉਦੋਂ ਤਕ ਠੀਕ ਸੀ ਜਦੋਂ ਪੰਜਾਬੀ ਫਿਲਮਾਂ ਦਾ ਸ਼ੁਮਾਰ ਮਨੋਰੰਜਕ ਸਿਨੇਮਿਆਂ 'ਚ ਹੀ ਹੁੰਦਾ ਸੀ ਪਰ ਜਦੋਂ ਇਨ੍ਹਾਂ ਫਿਲਮਾਂ ਨੂੰ ਵੀ.ਸੀ.ਆਰ. ਰਾਹੀਂ ਘਰ-ਘਰ ਵੇਖਿਆ ਜਾਣ ਲੱਗਾ ਤਾਂ ਮਿਹਰ ਮਿੱਤਲ ਦੀ ਇਸ ਅਦਾਕਾਰੀ ਨੂੰ 'ਕਿੰਤੂ-ਪ੍ਰੰਤੂ' ਦਾ ਸਾਹਮਣਾ ਕਰਨਾ ਪਿਆ ਪਰ ਕੁਝ ਵੀ ਹੋਵੇ, ਮਿਹਰ ਮਿੱਤਲ ਦੀ ਜੋ ਪਛਾਣ ਬਣੀ ਹੈ, ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਇਕ ਸਮਾਂ ਇਹ ਵੀ ਰਿਹਾ ਜਦੋਂ ਡਿਸਟ੍ਰੀਬਿਊਟਰ ਮਿਹਰ ਮਿੱਤਲ ਤੋਂ ਬਗੈਰ ਬਣੀ ਫਿਲਮ ਨੂੰ ਖਰੀਦਣਾ ਬਹੁਤ ਵੱਡਾ ਰਿਸਕ ਸਮਝਦਾ ਸੀ। ਕਈ ਫਿਲਮਕਾਰਾਂ ਨੇ ਤਾਂ ਆਪਣੀਆਂ ਫਿਲਮਾਂ ਵਿਚ ਮਿੱਤਲ ਦੇ ਦ੍ਰਿਸ਼ ਬਾਅਦ ਵਿਚ ਪਾ ਕੇ ਫਿਲਮਾਂ ਰਿਲੀਜ਼ ਕਰਵਾਈਆਂ। ਉਸ ਵੇਲੇ ਮਿਹਰ ਮਿੱਤਲ ਦੀ ਖਿੱਚ ਅਤੇ ਮੰਗ ਏਨੀ ਜ਼ਿਆਦਾ ਸੀ ਕਿ ਕਈ ਹਿੰਦੀ ਫਿਲਮਾਂ ਵਿਚ ਵੀ ਉਸ ਨੂੰ ਲਿਆ ਗਿਆ।



ਮਿਹਰ ਮਿੱਤਲ ਨੇ ਕੁਝ ਫਿਲਮਾਂ (ਦੋ ਮਦਾਰੀ, ਵਲੈਤੀ ਬਾਬੂ) ਦਾ ਖੁਦ ਨਿਰਮਾਣ ਕੀਤਾ ਤੇ ਹੀਰੋ ਵਜੋਂ ਪਰਦੇ 'ਤੇ ਪੇਸ਼ ਹੋਇਆ ਪਰ ਦਰਸ਼ਕ ਉਸ ਨੂੰ ਇਕ ਕਾਮੇਡੀ ਕਲਾਕਾਰ ਵਜੋਂ ਹੀ ਪਸੰਦ ਕਰਦੇ ਹਨ। ਫੇਰ ਵਰਿੰਦਰ ਦੀ ਮੌਤ ਤੋਂ ਬਾਅਦ ਕਈ ਸਾਲ ਪੰਜਾਬੀ ਫਿਲਮਾਂ ਬੰਦ ਰਹੀਆਂ। 1990-92 ਦੇ ਕਰੀਬ ਇਕ ਫਿਲਮ 'ਬਦਲਾ ਜੱਟੀ ਦਾ' ਬਣੀ। ਇਹ ਫਿਲਮ ਦਰਸ਼ਕਾਂ ਦੀ ਮਿਹਰ ਮਿੱਤਲ ਦੀ ਮੰਗ ਤੋਂ ਉਲਟ ਸੀ। ਫਿਲਮ ਐਕਸ਼ਨ ਪ੍ਰਧਾਨ ਸੀ ਤੇ ਇਸ ਨੇ ਦਰਸ਼ਕਾਂ ਨੂੰ ਮਿਹਰ ਮਿੱਤਲ ਦੀ ਘਾਟ ਮਹਿਸੂਸ ਹੀ ਨਾ ਹੋਣ ਦਿੱਤੀ। ਫਿਲਮ ਦੇ ਨਿਰਮਾਤਾ-ਨਿਰਦੇਸ਼ਕ ਦਾ ਕਹਿਣਾ ਸੀ ਕਿ ਕੁਝ ਮਜਬੂਰੀਆਂ ਸਾਡੀਆਂ ਤੇ ਕੁਝ ਮਿੱਤਲ ਦੀਆਂ ਸਨ ਜਿਸ ਕਰਕੇ ਅਜਿਹਾ ਹੋਇਆ। ਇਸ ਫਿਲਮ ਰਾਹੀਂ ਪਹਿਲੀਆਂ ਫਿਲਮਾਂ 'ਚ ਮਿੱਤਲ ਦਾ ਸਹਾਇਕ ਸੁਰਿੰਦਰ ਸ਼ਰਮਾ (ਡਾ.) ਮੁੱਖ ਰੂਪ 'ਚ ਕਾਮੇਡੀ ਕਲਾਕਾਰ ਪਰਦੇ 'ਤੇ ਨਜ਼ਰ ਆਇਆ। ਖੈਰ, ਦਰਸ਼ਕਾਂ ਨੇ ਸੁਰਿੰਦਰ ਸ਼ਰਮਾ ਨੂੰ ਪਸੰਦ ਕੀਤਾ।



ਸੁਰਿੰਦਰ ਸ਼ਰਮਾ ਦੇ ਨਾਲ-ਨਾਲ ਹੀ ਕੈਸੇਟ ਕਲਚਰ ਤੋਂ ਉਠਿਆ ਕਾਮੇਡੀਅਨ ਭਗਵੰਤ ਮਾਨ ਵੀ ਪੰਜਾਬੀ ਫਿਲਮਾਂ ਵੱਲ ਆਇਆ। ਉਸ ਨੇ ਪੰਜਾਬੀ ਫਿਲਮਾਂ 'ਚ ਕਾਮੇਡੀ ਦੇ ਨਾਲ-ਨਾਲ ਗੰਭੀਰ ਵਿਸ਼ਿਆਂ ਦੇ ਪਾਤਰਾਂ ਨੂੰ ਵੀ ਪੇਸ਼ ਕੀਤਾ। ਇਸ ਤੋਂ ਬਾਅਦ ਰਾਣਾ ਰਣਬੀਰ, ਗੁਰਪ੍ਰੀਤ ਘੁੱਗੀ, ਗੋਪੀ ਭੱਲਾ, ਸੁਦੇਸ਼ ਲਹਿਰੀ, ਭਜਨਾ ਅਮਲੀ, ਪ੍ਰੇਮ ਪਨਾਗ, ਰੌਣਕੀ ਰਾਮ, ਸੁਰਿੰਦਰ ਫਰਿਸ਼ਤਾ, ਜਸਵਿੰਦਰ ਭੱਲਾ, ਵਿਵੇਕ ਸ਼ੌਕ, ਨਾਜ਼ਰ ਜਰਗੀਆ, ਭੋਟੂ ਸ਼ਾਹ ਆਦਿ ਮੌਜੂਦਾ ਦੌਰ ਦੀਆਂ ਫਿਲਮਾਂ 'ਚ ਹਲਕੀ-ਫੁਲਕੀ ਕਾਮੇਡੀ ਕਰਦੇ ਨਜ਼ਰ ਆਏ।

# ਇਕ ਰੁਪਏ ਤੋਂ ਫਿਲਮੀ ਸਫਰ ਸ਼ੁਰੂ ਕਰਨ ਵਾਲੀ ਸਾਧਨਾ ਸ਼ਿਵਦਾਸਾਨੀ



ਸੱਤਰਵਿਆਂ 'ਚ ਸੁੰਦਰਤਾ ਤੇ ਅਭਿਨੈ ਦੇ ਦਮ 'ਤੇ ਫ਼ਿਲਮਨਗਰੀ ਦੀਆਂ ਪ੍ਰਮੁੱਖ ਹੀਰੋਇਨਾਂ 'ਚ ਸ਼ਾਮਲ ਹੋਣ ਵਾਲੀ ਸਾਧਨਾ ਸ਼ਿਵਦਾਸਾਨੀ ਦਾ ਜਨਮ ਕਰਾਚੀ (ਹੁਣ ਪਾਕਿਸਤਾਨ) 'ਚ ਹੋਇਆ। ਸਾਧਨਾ ਦੇ ਪਿਤਾ ਨੇ ਉਸ ਦਾ ਨਾਂ ਆਪਣੀ ਮਨਪਸੰਦ ਅਭਿਨੇਤਰੀ ਸਾਧਨਾ ਬੋਸ ਦੇ ਨਾਂ 'ਤੇ ਰੱਖਿਆ ਸੀ। ਉਸ ਦੇ ਚਾਚਾ ਬਾਲੀਵੁੱਡ ਅਭਿਨੇਤਾ ਹਰੀ ਸ਼ਿਵਦਾਸਾਨੀ ਸਨ ਜਿਨ੍ਹਾਂ ਦੀ ਬੇਟੀ ਬਬੀਤਾ ਵੀ ਬਾਲੀਵੁੱਡ ਦੀ ਪ੍ਰਸਿੱਧ ਅਭਿਨੇਤਰੀ ਰਹੀ ਹੈ। ਅੱਠ ਸਾਲ ਦੀ ਉਮਰ ਤਕ ਸਾਧਨਾ ਦੀ ਮਾਂ ਨੇ ਉਸ ਨੂੰ ਘਰ 'ਚ ਹੀ ਪੜ੍ਹਾਇਆ। ਦੇਸ਼ ਦੀ ਵੰਡ 'ਤੇ ਉਨ੍ਹਾਂ ਦਾ ਪਰਿਵਾਰ ਪਾਕਿਸਤਾਨ ਤੋਂ ਭਾਰਤ ਆ ਗਿਆ। ਅੱਲ੍ਹੜ ਉਮਰ 'ਚ ਹੀ ਸਾਧਨਾ ਦੀ ਖ਼ੂਬਸੂਰਤੀ ਨੇ ਕੁਝ ਬਾਲੀਵੁੱਡ ਨਿਰਮਾਤਾਵਾਂ ਦਾ ਧਿਆਨ ਖਿੱਚਿਆ। ਇਨ੍ਹਾਂ 'ਚੋਂ ਹੀ ਇਕ ਨੇ ਸਾਧਨਾ ਨੂੰ 1958 'ਚ ਸਿੰਧੀ ਫ਼ਿਲਮ 'ਅਬਾਨਾ' 'ਚ ਛੋਟਾ ਜਿਹਾ ਰੋਲ ਦਿੱਤਾ। ਫ਼ਿਲਮ 'ਚ ਹੀਰੋਇਨ ਦੀ ਭੂਮਿਕਾ ਲਈ ਉਦੋਂ ਸਾਧਨਾ ਨੂੰ ਇਕ ਰੁਪਿਆ ਮਿਲਿਆ ਸੀ। ਇਸੇ ਫ਼ਿਲਮ ਦੀ ਪ੍ਰਮੋਸ਼ਨ ਲਈ ਇਕ ਮੈਗਜ਼ੀਨ 'ਚ ਛਪੀ ਸਾਧਨਾ ਦੀ ਫੋਟੋ ਨੂੰ ਦੇਖ ਕੇ ਨਿਰਮਾਤਾ ਸੁਬੋਧ ਮੁਖਰਜੀ ਨੇ ਸਾਧਨਾ ਨੂੰ 'ਲਵ ਇਨ ਸ਼ਿਮਲਾ' (1959) ਦੇ ਰੂਪ 'ਚ ਪਹਿਲੀ ਵੱਡੀ ਫ਼ਿਲਮ ਦਿੱਤੀ। ਇਨ੍ਹਾਂ ਫ਼ਿਲਮਾਂ ਤੋਂ ਪਹਿਲਾਂ ਸਾਧਨਾ ਨੇ ਰਾਜ ਕਪੂਰ ਦੀ ਫ਼ਿਲਮ 'ਸ਼੍ਰੀ 420' 'ਚ ਬਤੌਰ ਐਕਟ੍ਰਸਾ ਕਲਾਕਾਰ ਕੰਮ ਕੀਤਾ ਸੀ। ਸਾਧਨਾ ਤੇ ਜੁਆਏ ਮੁਖਰਜੀ ਦੀ ਫ਼ਿਲਮ 'ਲਵ ਇਨ ਸ਼ਿਮਲਾ' ਸੁਪਰਹਿੱਟ ਰਹੀ ਤੇ ਸਾਧਨਾ ਦਾ ਫ਼ਿਲਮੀ ਕੈਰੀਅਰ ਚੱਲ ਪਿਆ।

ਇਸ ਫ਼ਿਲਮ ਨੂੰ ਨਿਊਕਮਰ ਨਿਰਦੇਸ਼ਕ ਆਰ.ਕੇ. ਨਈਅਰ ਨੇ ਨਿਰਦੇਸ਼ਿਤ ਕੀਤਾ ਸੀ ਜਿਨ੍ਹਾਂ ਨਾਲ ਬਾਅਦ 'ਚ ਸਾਧਨਾ ਨੇ ਵਿਆਹ ਕੀਤਾ।

'ਲਵ ਇਨ ਸ਼ਿਮਲਾ' ਦੀ ਸ਼ੂਟਿੰਗ ਦੌਰਾਨ ਹੀ ਬਿਮਲ ਰਾਏ ਨੇ ਸਾਧਨਾ ਨੂੰ ਫ਼ਿਲਮ 'ਪਰਖ' ਲਈ ਸਾਈਨ ਕਰ ਲਿਆ। ਇਕ ਪਾਸੇ 'ਲਵ ਇਨ ਸ਼ਿਮਲਾ' ਦੀ ਗਲੈਮਰਸ ਰੋਮਾਂਟਿਕ ਭੂਮਿਕਾ ਤਾਂ ਦੂਜੇ ਪਾਸੇ 'ਪਰਖ' ਦੀ ਭੋਲੀ-ਭਾਲੀ ਪੇਂਡੂ ਲੜਕੀ ਪਰ ਸਾਧਨਾ ਨੇ ਇਨ੍ਹਾਂ ਦੋਵਾਂ ਸ਼ੁਰੂਆਤੀ ਫ਼ਿਲਮਾਂ 'ਚ ਵੱਖ-ਵੱਖ ਕਿਰਦਾਰ ਬੜੀ ਖ਼ੂਬਸੂਰਤੀ ਤੇ ਕਲਾਤਮਕਤਾ ਨਾਲ ਨਿਭਾ ਕੇ ਸਿੱਧ ਕਰ ਦਿੱਤਾ ਕਿ ਉਸ ਕੋਲ ਸਿਰਫ਼ ਸੁੰਦਰਤਾ ਹੀ ਨਹੀਂ ਹੈ, ਉਹ ਅਭਿਨੈ ਦਾ ਖ਼ਜ਼ਾਨਾ ਵੀ ਖ਼ੁਦ 'ਚ ਸਮੇਟੀ ਹੋਈ ਹੈ। ਉਸ ਦੀ ਸਫਲਤਾ ਤੇ ਦਰਸ਼ਕਾਂ 'ਚ ਉਸ ਦੀ ਲੋਕਪ੍ਰਿਅਤਾ ਹੀ ਸੀ ਕਿ ਉਸ ਨੂੰ ਉਸ ਸਮੇਂ ਦੇ ਹਰ ਵੱਡੇ ਹੀਰੋ ਨਾਲ ਫ਼ਿਲਮਾਂ ਮਿਲੀਆਂ ਜਿਨ੍ਹਾਂ 'ਚ ਗੁਰੂਦੱਤ, ਦੇਵ ਆਨੰਦ, ਰਾਜ ਕਪੂਰ, ਰਾਜਿੰਦਰ ਕੁਮਾਰ, ਰਾਜ ਕੁਮਾਰ, ਸੁਨੀਲ ਦੱਤ, ਸ਼ਸ਼ੀ ਕਪੂਰ ਤਕ ਸ਼ਾਮਿਲ ਰਹੇ। ਉਸ ਦੀਆਂ ਬਲਾਕਬਸਟਰ ਫ਼ਿਲਮਾਂ 'ਚ 'ਮੇਰੇ ਮਹਿਬੂਬ', 'ਹਮ ਦੋਨੋਂ', 'ਏਕ ਮੁਸਾਫ਼ਿਰ ਏਕ ਹਸੀਨਾ', 'ਵਹ ਕੌਨ ਥੀ', 'ਮੇਰਾ ਸਾਇਆ', 'ਅਨੀਤਾ', 'ਵਕਤ', 'ਇੰਤਕਾਮ', 'ਏਕ ਫੂਲ ਦੋ ਮਾਲੀ', 'ਗੀਤਾ ਮੇਰਾ ਨਾਮ' ਆਦਿ ਸ਼ਾਮਲ ਹਨ। 'ਗੀਤਾ ਮੇਰਾ ਨਾਮ' ਦਾ ਨਿਰਦੇਸ਼ਨ ਵੀ ਉਸ ਨੇ ਖ਼ੁਦ ਕੀਤਾ ਸੀ।

# ਬਿਪਾਸਾ ਨੂੰ ਪਿੰਡਾਂ ਨਾਲ ਐਲਰਜ਼ੀ



ਬਿਪਾਸ਼ਾ ਬਸੁ ਖੁਦ ਨੂੰ ਕੋਈ ਛੋਟੀ-ਮੋਟੀ ਅਦਾਕਾਰਾ ਨਹੀਂ ਸਮਝਦੀ। ਉਸ ਨੂੰ ਛੋਟੇ ਪਿੰਡਾਂ 'ਚ ਜਾਣਾ ਆਪਣੀ ਸ਼ਾਨ ਦੇ ਖਿਲਾਫ ਲੱਗਣ ਲੱਗਾ ਹੈ। ਉਹ ਗੱਲ ਅੱਜਕਲ ਉਸ ਦੇ ਨਖਰਿਆਂ ਤੋਂ ਸਾਫ ਪਤਾ ਲੱਗਦੀ ਹੈ। ਹੁਣੇ ਜਿਹੇ ਆਪਣੀ ਪਹਿਲੀ ਹਾਲੀਵੁੱਡ ਫ਼ਿਲਮ 'ਸਿੰਗੂਲੈਰਿਟੀ' ਦੀ ਸ਼ੂਟਿੰਗ ਦੌਰਾਨ ਬਿਪਾਸ਼ਾ ਬਸੁ ਦੀਆਂ ਸ਼ਿਕਾਇਤਾਂ ਦੀ ਸੂਚੀ ਖਤਮ ਹੀ ਨਹੀਂ ਹੋ ਰਹੀ ਸੀ। ਮੱਧ ਪ੍ਰਦੇਸ਼ ਦੇ ਓਰਛਾ 'ਚ ਇਸ ਫ਼ਿਲਮ ਦੀ ਸ਼ੂਟਿੰਗ ਕੀਤੀ ਜਾਣੀ ਸੀ। ਇਥੇ ਝਾਂਸੀ ਦੇ ਨੇੜੇ ਪਿੰਡ 'ਚ ਸ਼ੂਟਿੰਗ ਲਈ ਪਹੁੰਚਦਿਆਂ ਹੀ ਬਿਪਾਸ਼ਾ ਨੇ ਸ਼ਿਕਾਇਤਾਂ ਦੀ ਪਿਟਾਰੀ ਖੋਲ੍ਹਣੀ ਸ਼ੁਰੂ ਕਰ ਦਿੱਤੀ। ਉਸ ਨੇ ਪਿੰਡ 'ਚ ਗੰਦਗੀ ਨੂੰ ਲੈ ਕੇ ਨੱਕ ਬੁੱਲ੍ਹ ਵੱਟਣੇ ਸ਼ੁਰੂ ਕਰ ਦਿੱਤੇ। ਉਸ ਨੇ ਸ਼ਿਕਾਇਤ ਕੀਤੀ ਕਿ ਉਥੇ ਮੱਛਰ ਬਹੁਤ ਹਨ ਤੇ ਫਿਰ ਉਥੇ ਵੱਖ-ਵੱਖ ਸਹੂਲਤਾਂ ਦੀ ਘਾਟ ਦਾ ਰੋਣਾ ਸ਼ੁਰੂ ਕਰ ਦਿੱਤਾ। ਬਿਪਾਸ਼ਾ ਨਾਲ ਫ਼ਿਲਮ ਦੀ ਸ਼ੂਟਿੰਗ 'ਤੇ ਬੈਠੇ ਵਿਦੇਸ਼ੀ ਕਰੂ ਦੇ ਮੈਂਬਰ ਜਿਥੇ ਪਿੰਡ ਦੇ ਸ਼ਾਂਤ ਮਾਹੌਲ ਤੇ ਸੁਆਦੀ ਭੋਜਨ ਦੇ ਮੁਰੀਦ ਹੋ ਗਏ, ਉਥੇ ਬਿਪਾਸ਼ਾ ਬਸੁ ਦੀਆਂ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਸ਼ਿਕਾਇਤਾਂ ਜਾਰੀ ਰਹੀਆਂ।


PUNJABI AMERICAN HERITAGE SOCIETY (PAHS) YUBA CITY PRESENTS...
17th Annual
Punjabi American
FESTIVAL ਮੇਲਾ
RDB
rhythm dhol bass
NINDY KAUR
SIKH FILM FESTIVAL - YUBA CITY
SUNDAY MAY 29TH, 2011
featuring the following movies, and join us to talk to the film makers...
AAO JI (Music Video)
By King Gurcharan Mall
THE REUNION
By Angad Bhai
WAGAH
By Supriyo Sen
RIDING THE TIGER
By Michael Singh
THE PRISONER'S SONG
By Michael Singh
The Sikh Arts & Film Festival
Sikhlens.com & PAHS
KAMAL
Winner of SAREGAMAPA
NINDY KAUR
MANJ
MAY 29th 2011 • 11AM TO 8PM
PTC PUNJABI
Yuba Sutter Fairgrounds
442 Franklin Ave, Yuba City, CA 95991
OVER 50 BOOTHS
Featuring: Arts & Crafts, Traditional Clothing, Children's Games, Punjabi Cuisine, Mehndi Jewelry, Henna Tatoos and More!
MR. & MISS PUNJABI TALENT CONTEST
Competition will be aired on PTC Punjabi & Crossing TV throughout North America.
Top North American Bhangra & Giddha Teams
Documentaries, Ethnic Dancers, comedy skits and much more...
Tickets: General Admission & VIP $100 chairs near stage & photo opportunity with artist
Avaliable at local Punjabi Stores | Children under 5 Free
Information / Booths / Participation / Sponsorship: 530.844.0247
www.PUNJABIHERITAGE.ORG
PAHS can't guarantee performance of advertised artists in case of circumstances beyond our control.

# ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ।

## ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਓ ਗ੍ਰੰਥ।



## ਜਾਗੋ ਅਤੇ ਸੱਚ ਨੂੰ ਪਛਾਣੋ



★ ਅੰਮ੍ਰਿਤ ਛਕੋ।
★ ਸਿੰਘ ਸਜੋ।
★ ਨਾਮ ਜਪੋ।
★ ਕਿਰਤ ਕਰੋ।
★ ਵੰਡ ਛਕੋ ।



★ ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।
★ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ ਕਰਵਾਓ।
★ ਅਕਾਲ ਤਖਤ ਸਾਹਿਬ ਤੋਂ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਤੇ ਪਹਿਰਾ ਦਿਓ।
★ ਤਖਤ ਸਾਹਿਬਾਨਾਂ ਦੀ ਮਰਯਾਦਾ ਨੂੰ ਕਾਇਮ ਰਖੋ।
★ ਸਿੱਖ ਕੌਮ ਦੀ ਹੋਂਦ ਨੂੰ ਬਚਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲਵੋ।

## ੭ ਮਈ ਅਤੇ ੮ ਮਈ ੨੦੧੧ ਨੂੰ ਗੁਰ ਨਾਨਕ ਮਿਸ਼ਨ ਬੇਕਰਸਫੀਲਡ ਵਿਖੇ ਹੋਏ ਇਤਿਹਾਸਿਕ ਕੀਰਤਨ ਦਰਬਾਰ ਦੀਆਂ ਕੁਝ ਝਲਕੀਆਂ

